TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
□ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 17, April 24, 2010 20451 N Plum Grove Rd. Palatine, IL 60074 Ph:847-359-0746, Fax:847-705-9388



ਸਟਾਕਟਨ ਦਾ ਨਗਰ ਕੀਰਤਨ (ਤਸਵੀਰ-ਸਨਸ਼ਾਈਨ ਵੀਡੀਓ)

## ਸਟਾਕਟਨ ਦੀ ਧਰਤੀ 'ਤੇ ਖਾਲਸਾਈ ਪ੍ਰਕਾਸ਼ ਦਾ ਜਲੌਅ

**ਸਟਾਕਟਨ (ਹਰਜਿੰਦਰ ਸਿੰਘ ਪੰਧੇਰ, ਪੰਜਾਬ ਟਾਈਮਜ਼ ਬਿਊਰੋ):** ਸਿੱਖ ਸੰਗਤਾਂ ਦੇ ਮਨਾਂ ਵਿਚ ਖਾਲਸੇ ਦੇ ਸਿਰਜਣਾ ਦਿਹਾੜੇ ਵਿਸਾਖੀ ਲਈ ਕਿੰਨਾ ਚਾਅ ਅਤੇ ਉਤਸ਼ਾਹ ਹੈ, ਇਸ ਗੱਲ ਦਾ ਪ੍ਰਤੱਖ ਪ੍ਰਮਾਣ ਲੰਘੇ ਐਤਵਾਰ ਦੀ ਸਵੇਰ ਇਸ ਗੱਲ ਤੋਂ ਮਿਲ ਰਿਹਾ ਸੀ ਕਿ ਗਦਰੀ ਬਾਬਿਆਂ ਦੀ ਇਸ ਧਰਤੀ ਉਤੇ ਕੀਤੇ ਗਏ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਸਿੱਖ ਸੰਗਤਾਂ ਦੂਰੋਂ-ਨੇੜਿਓਂ ਕਿਸੇ ਮਿਕਨਾਤੀਸੀ ਖਿਚ ਨਾਲ ਧੂਹੀਆਂ ਚਲੀਆਂ ਆ ਰਹੀਆਂ ਸਨ। 20ਵੀਂ ਸਦੀ ਦੇ ਆਰੰਭ ਵਿਚ ਗਦਰੀ ਬਾਬਿਆਂ ਵਲੋਂ ਬਣਾਏ ਗਏ ਇਸ ਗੁਰੂਘਰ ਦੇ ਇਰਦ-ਗਿਰਦ ਦੂਰ ਦੂਰ ਤਕ ਸਿੱਖ ਸੰਗਤਾਂ ਹੀ ਨਜ਼ਰ ਆ ਰਹੀਆਂ ਸਨ। ਨੀਲੇ ਨਿਖਰੇ ਅਸਮਾਨ ਹੇਠ ਕੇਸਰੀ, ਲਾਲ, ਨੀਲੀਆਂ

(ਬਾਕੀ ਸਫਾ 4 'ਤੇ)

## ਯੂਰਪ ਨੂੰ ਜਵਾਲਾਮੁਖੀ ਦੀ ਰਾਖ ਨੇ ਘੇਰਿਆ

**ਪੰਜਾਬ ਟਾਈਮਜ਼ ਬਿਊਰੋ**

**ਪੈਰਿਸ:** ਆਈਲੈਂਡ ਵਿਚ ਜਵਾਲਾਮੁਖੀ ਫਟਣ ਨਾਲ ਫੈਲੀ ਰਾਖ ਕਾਰਨ ਤਕਰੀਬਨ ਪੰਜ ਦਿਨ ਬੰਦ ਰਹਿਣ ਤੋਂ ਬਾਅਦ ਮੰਗਲਵਾਰ ਸਵੇਰੇ ਤੋਂ ਯੂਰਪੀ ਆਕਾਸ਼ ਦੀਆਂ ਕੁਝ ਪੱਟੀਆਂ ਹਵਾਈ ਉਡਾਨਾਂ ਲਈ ਖੋਲ੍ਹ ਦਿੱਤੀਆਂ ਗਈਆਂ ਹਨ, ਜਦੋਂਕਿ ਕੁਝ ਪੱਟੀਆਂ ਅਜੇ 'ਨੋ ਫਲਾਈ ਜ਼ੋਨ' ਬਣੀਆਂ ਰਹਿਣਗੀਆਂ। ਕੁਝ ਇਲਾਕਿਆਂ ਵਿਚ ਸੀਮਤ ਉਡਾਨਾਂ ਦੀ ਇਜਾਜ਼ਤ ਦਿੱਤੀ ਗਈ ਹੈ।

ਯਾਦ ਰਹੇ ਬੀਤੀ 14 ਅਪ੍ਰੈਲ ਨੂੰ ਆਈਲੈਂਡ ਵਿਚ ਫੁੱਟੇ ਜਵਾਲਾਮੁਖੀ ਕਾਰਨ ਨਿਕਲੀ ਗਰਮ ਸਵਾਹ ਅਤੇ ਜ਼ਹਿਰੀਲੇ ਧੂੰਏਂ ਦੇ ਬੱਦਲਾਂ ਨੇ ਪੂਰੇ ਯੂਰਪ ਦੇ ਆਕਾਸ਼ ਵਿਚ ਫੈਲ ਕੇ ਹਵਾਈ ਟ੍ਰੈਫਿਕ ਨੂੰ ਠੱਪ ਕਰ ਦਿੱਤਾ ਸੀ। ਉਧਰ ਮੰਦੇ ਤੋਂ ਉੱਭਰਨ ਲਈ ਹੱਥ-ਪੈਰ ਮਾਰ ਰਹੀਆਂ ਹਵਾਈ ਕੰਪਨੀਆਂ ਨੇ ਇਸ ਦਰਮਿਆਨ ਉਡਾਨਾਂ ਭਰਨ ਦੀ ਪਾਬੰਦੀ ਦਾ ਜ਼ੋਰਦਾਰ ਵਿਰੋਧ ਕੀਤਾ, ਜਿਸ ਕਾਰਨ 19 ਅਪ੍ਰੈਲ ਨੂੰ 27 ਯੂਰਪੀ ਦੇਸ਼ਾਂ ਦੇ ਟਰਾਂਸਪੋਰਟ ਮੰਤਰੀਆਂ ਨੇ ਵੀਡੀਓ ਕਾਨਫਰੰਸਿੰਗ ਤੋਂ ਬਾਅਦ ਪਾਬੰਦੀਆਂ ਵਿਚ ਢਿੱਲ ਦਿੱਤੀ। ਪਰ ਇਸੇ ਦੌਰਾਨ ਜਦੋਂ ਨਾਟੋ ਦੇ ਐਫ. 16 ਜਹਾਜ਼ ਨੇ ਟਰਾਇਲ ਦੇ ਤੌਰ 'ਤੇ ਜਵਾਲਾਮੁਖੀ ਦੇ ਧੂੰਏਂ ਦੇ ਵਿਚਾਲੇ ਉਡਾਨ ਭਰੀ ਤਾਂ ਉਸ ਦਾ ਇੰਜਣ ਨੁਕਸਾਨਿਆ ਗਿਆ।

ਇਸ ਦੌਰਾਨ ਹਵਾਈ ਜਹਾਜ਼ ਕੰਪਨੀਆਂ ਨੇ ਉਡਾਨਾਂ ਭਰਨ ਉਤੇ ਲਗਾਈ ਗਈ ਪਾਬੰਦੀ ਦੇ ਇਵਜ਼ ਵਿਚ ਯੂਰਪੀਅਨ ਯੂਨੀਅਨ ਅਤੇ ਆਪਣੇ-ਆਪਣੇ ਦੇਸ਼ਾਂ ਦੀਆਂ ਸਰਕਾਰਾਂ ਤੋਂ ਹਰਜਾਨੇ ਦੀ ਮੰਗ ਕੀਤੀ ਹੈ। ਪਾਬੰਦੀਆਂ ਢਿੱਲੀਆਂ ਹੁੰਦੇ ਹੀ ਇਟਲੀ, ਜਰਮਨੀ, ਹਾਲੈਂਡ, ਇਸਤੋਨੀਆ, ਫਿਨਲੈਂਡ, ਹੰਗਰੀ, ਤੁਰਕੀ, ਆਸਟਰੀਆ ਆਦਿ ਦੇਸ਼ਾਂ ਨੇ ਆਪਣੇ ਹਵਾਈ ਅੱਡੇ ਮੁੜ ਖੋਲ੍ਹ ਦਿੱਤੇ ਹਨ ਪਰ ਭਾਰਤ ਸਰਕਾਰ ਨੇ ਅਜੇ ਵੀ ਯਾਤਰੀਆਂ ਨੂੰ ਯੂਰਪ ਯਾਤਰਾ ਨੂੰ ਟਾਲਣ ਲਈ ਕਿਹਾ ਹੈ, ਜਦੋਂਕਿ ਭਾਰਤ ਵਿਚ ਯੂਰਪ ਜਾਣ ਵਾਲੇ 41 ਹਜ਼ਾਰ ਮੁਸਾਫਿਰ ਫਸੇ ਹੋਏ ਹਨ, ਹਾਲਾਂਕਿ ਏਅਰ ਇੰਡੀਆ ਅਤੇ ਜੈੱਟ ਏਅਰਵੇਜ਼ ਨੇ ਬਦਲਵੇਂ ਰੂਟਾਂ ਰਾਹੀਂ ਅਮਰੀਕਾ, ਕੈਨੇਡਾ ਲਈ ਉਡਾਨਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਯੂਰਪੀ ਅੰਬਰ ਦਾ ਇਕ ਤਿਹਾਈ ਹਿੱਸਾ ਅਜੇ ਵੀ 'ਨੋ ਫਲਾਈ ਜ਼ੋਨ ਹੈ'।



ਯਾਦ ਰਹੇ ਬੀਤੇ ਸੋਮਵਾਰ, ਜਿਉਂ ਹੀ ਯੂਰਪ

(ਬਾਕੀ ਸਫਾ 8 'ਤੇ)

Delo
Mobil Delvac
GILL EXPRESS
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖ਼ਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com







ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਕੈਂਪਸ ਵਿਚ 'ਸਿੱਖ ਸਟੂਡੈਂਟ ਐਸੋਸੀਏਸ਼ਨ' ਵਲੋਂ ਮਨਾਏ ਗਏ ਦਸਤਾਰ ਦਿਵਸ ਮੌਕੇ ਦਸਤਾਰਾਂ ਸਜਾਉਂਦੇ ਵਿਦਿਆਰਥੀ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕ। ਇਸ ਪ੍ਰੋਗਰਾਮ ਨੂੰ ਗੁਰਦੁਆਰਾ ਸੈਨ ਹੋਜ਼ੇ ਵਲੋਂ ਸਪਾਂਸਰ ਕੀਤਾ ਗਿਆ ਸੀ।।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



INDIA CALL ਕਾਲ ਕਰਨ ਲਈ ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ
ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕੋਰ





SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ ਕੰਪਨੀ ਨੂੰ ਟੌਲ ਫਰੀ ਨੰਬਰ 'ਤੇ ਕਾਲ ਕਰੋ
1-800-914-1013



Attention NRI's
The Crusaders in Academics & Life Skills
CT Public School
Pre Nry. to 10+2 (Affiliated to CBSE)
Greater Kailash, G.T. Road Bye Pass, Maqsudan, Jalandhar - 144 008






Teaching & Caring Together !
AIR CONDITIONED HOSTELS





Learning Centre
For Sessional & Educational Gap of the NRI Students




Skating Horse Riding Gym





Swimming Pool

PIVOTAL FEATURES
* Personalized attention
* Dedicated Teaching Faculty
* Well equipped Labs for Maths, Science & Performing Arts
* Hi-Tech Language Labs
* Complimenting learning with co-scholastic activities
* Regular Swimming and Skating classes
* International Standards
* 100% Board Results
* International tours & excursions
* NRI Students pick up Indian Values
* Visit and your search ends

ASSOCIATE CT INSTITUTIONS
Engineering ✧ Pharmacy ✧ Management & I.T.
✧ Education (B.Ed.) ✧ Polytechnic
✧ Hotel Management ✧ PGDM ✧ Bio Tech

S. Charanjit Singh 'Channi' Chairman, CT Group of Institutions
Mrs. Lakhvinder Kaur Principal, CTPS
+91-0181-5009553, 5009555, 5009568
+91-98149-20839, 98780-59093
www.ctpublicschool.com www.ctgroup.in
E-mail : ctps_school@yahoo.co.in

Its Worth A Visit !
ਜਲੰਧਰ (ਪੰਜਾਬ) ਵਿੱਚ ਅੰਤਰਰਾਸ਼ਟਰੀ ਪੱਧਰ ਦਾ ਭਾਰਤੀ ਕਦਰਾਂ ਕੀਮਤਾਂ ਵਾਲਾ ਨਵੇਕਲਾ ਸਕੂਲ
Printed by :Gracious - 98140-43872



Punjabi Heritage Organization
BAKERSFIELD
Proudly Presents
6ਵਾਂ ਸਾਲਾਨਾ ਸੱਭਿਆਚਾਰਕ ਮੇਲਾ 2010
6th Annual Cultural Day
PUNJABI HERITAGE ORGANIZATION
ਕਮੇਡੀ ਕਿੰਗ
Bhotu Shah
ਟੌਹਰੀ ਪੱਗ ਵਾਲਿਆ
Ravinder Grewal
ਮਣਕੇ ਟੁੱਟਦੇ ਜਾਂਦੇ ਆ
Deepak Dhillon
ਵਿਰਸੇ ਦਾ ਵਾਰਿਸ
Mangal Hathoor
ਨਿਸ਼ਾਨਾ ਫੇਮ
Jatinder Jargia
Show Host by :
Asha Sharma
2:00 PM TO 3:00 PM FREE ENTRY
Kids Under 8 Free, General Admission $10
Ticket Available at the door, All India Sweet & Spices or ticketmaster.com
No Re-entry
Multi Cultural Event
Sunday, May 2nd, 2010
Multi Cultural Event
@ Rabobank Convention Center,
1001 Truxtun Ave, Bakersfield CA 93301
Full Day Family Fun Bangra & Giddha
For more Information
Tight Security, No Video Recording Allowed
Pinder Dhillon 661-301-7870
Nindy Dosanjh 661-333-3530
Shiara S Dhindsa 661-703-6664 (Omni Video)
Babbu Gurpal 510-557-9670
DOOR OPEN AT 2:00 PM @ Rabobank Convention Center
Designed & Printed by
Quik Signs
www.quiksigns.us
*661-703-8795 *661-900-7357
singh_tanjit@yahoo.com or manmit5020@yahoo.com

# ਸਟਾਕਟਨ ਦੀ ਧਰਤੀ 'ਤੇ ਖਾਲਸਾਈ ਪ੍ਰਕਾਸ਼ ਦਾ ਜਲੌਅ

ਦਸਤਾਰਾਂ, ਚੁੰਨੀਆਂ, ਅਤੇ ਪਟਕਿਆਂ ਦਾ ਜਿਵੇਂ ਹੜ੍ਹ ਹੀ ਆ ਗਿਆ ਸੀ। ਸੰਗਤਾਂ ਦੇ ਚਿਹਰਿਆਂ ਤੋਂ ਨੂਰ ਡੁਲ-ਡੁਲ ਪੈ ਰਿਹਾ ਸੀ। ਇਸ ਧਰਤੀ ਦੀ ਫਿਜ਼ਾ ਵਿਚ ਇਕ ਇਲਾਹੀ ਨਾਦ ਗੂੰਜ ਰਿਹਾ

ਚਲ ਰਹੇ ਸਨ ਜੋ ਸਿੱਖ ਕੌਮ ਦੀ ਇਸ ਦੇਸ਼ ਦੀ ਧਰਤੀ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਸਨ। ਇਸ ਉਪਰੰਤ ਕੇਸਰੀ ਪਹਿਰਾਵੇ ਵਿਚ ਸਜੇ ਪੰਜ ਸਿੰਘਾਂ ਦਾ ਨਿਸ਼ਾਨਚੀ ਜਥਾ ਅਤੇ ਉਨ੍ਹਾਂ ਦੇ ਪਿਛੇ ਖਾਲਸਾਈ





ਸੀ। ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਦੇ ਅੰਦਰ ਕਿਧਰੇ ਤਿਲ ਧਰਨ ਨੂੰ ਥਾਂ ਨਹੀਂ ਸੀ ਅਤੇ ਸ਼ਰਧਾਲੂਆਂ ਨੂੰ ਗੁਰੂ ਦਰਬਾਰ ਵਿਚ ਨਤਮਸਤਕ ਹੋਣ ਲਈ ਲੰਬੇ ਸਮੇਂ ਦੀ ਉਡੀਕ ਕਰਨੀ ਪੈ ਰਹੀ ਸੀ। ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿਚ ਸਿੱਖੀ ਸੰਘਰਸ਼ ਦਾ ਪ੍ਰਮਾਣ ਪੇਸ਼ ਕਰਦੇ ਚਿਤਰ ਸਿੱਖ ਇਤਹਾਸ ਦੀ ਕਹਾਣੀ ਕਹਿ ਰਹੇ ਸਨ।

ਅਜਿਹੇ ਮਾਹੌਲ ਵਿਚ ਗੁਰਦੁਆਰਾ ਸਾਹਿਬ ਦੇ ਮੁਖ ਗ੍ਰੰਥੀ ਸੈਂਕੜੇ ਸ਼ਰਧਾਲੂਆਂ ਸਮੇਤ ਫੁਲਾਂ ਦੀ ਵਰਖਾ ਅਤੇ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਜੋਤਿ ਨੂੰ ਇਕ ਡਬਲ ਡੈਕਰ ਬੱਸ ਨੂੰ ਸਜਾ ਕੇ ਬਣਾਈ ਗਈ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕਰਨ ਲਈ ਸਹਿਜ ਕਦਮੀਂ ਅੱਗੇ ਵਧਦੇ ਨਜ਼ਰ ਆਏ। ਕਿਸੇ ਇਲਾਹੀ ਰੰਗ ਵਿਚ ਰੰਗੀਆਂ ਸੰਗਤਾਂ ਇਸ ਨਜ਼ਾਰੇ ਨੂੰ ਤੱਕਣ ਲਈ ਇਕ ਦੂਜੇ ਦੇ ਮੋਢਿਆਂ ਤੋਂ ਉਲਰ ਰਹੀਆਂ ਸਨ। ਇਸ ਪਾਲਕੀ ਨੂੰ ਹਾਰਾਂ ਦੀਆਂ ਲੜੀਆਂ ਅਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਸਜਾਇਆ ਗਿਆ ਸੀ।

ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਆਰੰਭ ਹੋਇਆ ਤਾਂ ਸਭ ਤੋਂ ਅੱਗੇ ਝਾੜੂਬਰਦਾਰ ਹੱਥਾਂ ਵਿਚ ਲੰਬੇ ਝਾੜੂ ਫੜੀ ਸੜਕਾਂ ਦੀ ਸਫਾਈ ਅਤੇ ਪਾਣੀ ਦਾ ਛਿੜਕਾਓ ਕਰ ਰਹੇ ਸਨ। ਇਸ ਤੋਂ ਬਾਅਦ ਅਮਰੀਕੀ ਝੰਡਾ ਅਤੇ ਕੈਲੀਫੋਰਨੀਆ ਸਟੇਟ ਦਾ ਝੰਡਾ ਲਈ ਸੇਵਾਦਾਰ

ਅਸਤਰ-ਬਸਤਰ ਧਾਰੀ ਪੰਜ ਪਿਆਰੇ ਗੁਰੂ ਮਹਾਰਾਜ ਦੀ ਪਾਲਕੀ ਦੀ ਅਗਵਾਨੀ ਕਰ ਰਹੇ ਸਨ। ਗੁਰੂ ਮਹਾਰਾਜ ਦੀ ਪਾਲਕੀ ਤੋਂ ਰਾਗੀ ਸਿੰਘਾਂ ਵਲੋਂ ਕੀਤੇ ਜਾ ਰਹੇ ਇਲਾਹੀ ਬਾਣੀ ਦੇ ਕੀਰਤਨ ਦੀਆਂ ਧੁਨਾਂ ਸ਼ਹਿਰ ਦੀ ਫਿਜ਼ਾ ਵਿਚ ਘੁਲ ਰਹੀਆਂ



ਸਨ। ਪਿਛੇ ਪਿਛੇ ਦੂਰੋਂ-ਨੇੜਿਓਂ ਆਈਆਂ ਸੰਗਤਾਂ ਅਤੇ ਵਖ ਵਖ ਗੁਰੂਘਰਾਂ ਤੇ ਜਥੇਬੰਦੀਆਂ ਦੇ ਫਲੋਟ ਚਲ ਰਹੇ ਸਨ। ਇਨ੍ਹਾਂ ਵਿਚ ਗੁਰੂ ਨਾਨਕ ਖਾਲਸਾ ਸਕੂਲ ਸਟਾਕਟਨ, ਸਾਊਥ ਸੈਕਰਾਮੈਂਟੋ ਸਿੱਖ

ਸੁਸਾਇਟੀ, ਗੁਰਦੁਆਰਾ ਬਰਾਡਸ਼ਾਹ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ ਸ਼ਾਮਲ ਸਨ। ਅਸੀਵਿਆਂ ਦੇ ਸਿੱਖ ਸੰਘਰਸ਼ ਨੂੰ ਦਰਸਾਉਂਦਾ ਫਲੋਟ ਹਮੇਸ਼ਾਂ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਇਆ ਕਰਦਾ ਸੀ ਪਰ ਇਸ ਵਾਰ ਅਜਿਹਾ ਕੋਈ ਫਲੋਟ ਸ਼ਾਮਲ ਨਹੀਂ ਸੀ। ਇਸ ਵਾਰ ਅਕਾਲੀ ਦਲ (ਬਾਦਲ) ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਫਲੋਟ ਵੀ ਨਜ਼ਰ ਨਹੀਂ ਆਏ, ਸ਼ਾਇਦ ਯੂਬਾ ਸਿਟੀ ਨਗਰ ਕੀਰਤਨ ਵਿਚ ਹੋਈ ਕਸ਼ਮਕਸ਼ ਦਾ ਇਹ ਪਰਛਾਵਾਂ ਸੀ।

ਗਤਕਾ ਦਲਾਂ ਦੇ ਨੌਜਵਾਨ ਗਤਕੇ ਦੇ ਜੌਹਰ ਦਿਖਾ ਕੇ ਜਿਥੇ ਸਿੱਖ ਸੰਗਤਾਂ ਦਾ ਧਿਆਨ ਖਿਚ ਰਹੇ ਸਨ ਉਤੇ ਸੜਕਾਂ ਤੇ ਖੜੇ ਅਮਰੀਕੀ ਮੂਲ ਧਾਰਾ ਦੇ ਲੋਕਾਂ ਨੂੰ ਵੀ ਆਚੰਭਿਤ ਕਰ ਰਹੇ ਸਨ। ਜਥੇਦਾਰ ਜਸਪ੍ਰੀਤ ਸਿੰਘ ਲਵਲਾ ਵਲੋਂ ਤਿਆਰ ਕੀਤੇ ਗਏ ਸੌ ਦੇ ਕਰੀਬ ਬੱਚਿਆਂ ਨੇ ਗਤਕੇ ਦੇ ਨਿਰਾਲੇ ਜੌਹਰ ਦਿਖਾਏ। ਛੋਟੇ ਛੋਟੇ ਬੱਚੇ ਵੀ ਗਤਕਾ ਖੇਡਦਿਆਂ ਕਮਾਲ ਦੀ ਫੁਰਤੀ ਵਿਖਾ ਰਹੇ ਸਨ।



ਸਵੇਰੇ ਕੋਈ 11 ਵਜੇ ਆਰੰਭ ਹੋਇਆ ਨਗਰ ਕੀਰਤਨ ਸ਼ਹਿਰ ਦੀਆਂ ਵਖ ਵਖ ਸੜਕਾਂ ਤੋਂ ਹੁੰਦਾ ਹੋਇਆ ਕੋਈ ਪੰਜ ਮੀਲ ਦਾ ਰਾਸਤਾ ਤੈਅ ਕਰ ਕੇ ਸ਼ਾਮੀ ਪੰਜ ਵਜੇ ਗੁਰੂਘਰ ਵਾਪਿਸ ਆ ਕੇ ਸਮਾਪਤ ਹੋਇਆ।

ਨਗਰ ਕੀਰਤਨ ਲਈ ਸਮਾਗਮ ਕੋਈ ਦੋ ਹਫਤੇ ਪਹਿਲਾਂ ਤੋਂ ਹੀ ਆਰੰਭ ਹੋ ਗਏ ਸਨ। ਇਸ ਦੌਰਾਨ ਵਖ ਵਖ ਰਾਗੀ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ। ਭਾਈ ਪਿੰਦਰਪਾਲ ਸਿੰਘ ਪਿਛਲੇ ਤਿੰਨ ਹਫਤਿਆਂ ਤੋਂ ਕਥਾ ਪ੍ਰਵਾਹ ਚਲਾ ਰਹੇ ਸਨ। ਭਾਈ ਸੁਰਿੰਦਰ ਸਿੰਘ ਜੋਧਪੁਰੀ ਅਤੇ ਹਜ਼ੂਰੀ ਰਾਗੀ ਜਥਾ ਭਾਈ ਸੁਖਜੀਵਨ ਸਿੰਘ ਨੇ ਵੀ ਕੀਰਤਨ ਪ੍ਰਵਾਹ ਚਲਾਇਆ।

ਨਗਰ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਸਥਾਨਕ ਅਮਰੀਕਨ ਆਗੂਆਂ ਅਤੇ ਸਿੱਖ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਇਨ੍ਹਾਂ ਵਿਚ ਸਟਾਕਟਨ ਸਿਟੀ ਦੀ ਮੇਅਰ ਐਨ ਜੌਹਨਸਨ, ਚੀਫ ਸ਼ੈਰਿਫ ਸਟੀਵ ਮੂਰ ਸ਼ਾਮਲ ਸਨ। ਪੁਲਿਸ ਮੁਖੀ ਸਥਾਨਕ ਕਾਂਗਰਸਮੈਨ ਅਤੇ ਸਿਟੀ ਸੁਪਰਵਾਈਜਰ ਵੀ ਹਾਜਰੀ ਭਰਨ ਲਈ ਪਹੁੰਚੇ। ਉਨ੍ਹਾਂ ਨੂੰ ਜੀ ਆਇਆਂ ਕਹਿਣ ਦੀ ਜਿੰਮੇਵਾਰੀ ਲੈਥਰੌਪ ਸਿਟੀ ਦੇ ਕੌਂਸਲ ਮੈਂਬਰ ਸੁਖ ਧਾਲੀਵਾਲ ਨੇ ਨਿਭਾਈ। ਸਨਿਚਰਵਾਰ ਦੀ ਸ਼ਾਮ ਪੰਥਕ ਵਿਚਾਰਾਂ ਹੋਈਆਂ। ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ ਨੇ ਮੌਜੂਦਾ ਪੰਥਕ ਹਾਲਾਤ ਬਾਰੇ ਤਕਰੀਰ ਕੀਤੀ। ਅਕਾਲੀ ਦਲ (ਮਾਨ) ਦੇ ਸਕੱਤਰ ਸ. ਅਜੀਤ ਸਿੰਘ ਆਲੋਅਰਖ ਨੇ ਸ. ਸਿਮਰਨਜੀਤ ਸਿੰਘ ਮਾਨ ਦਾ ਸੁਨੇਹਾ ਸੰਗਤਾਂ ਤਕ ਪਹੁੰਚਦਾ ਕੀਤਾ। ਸ. ਜਸਵੰਤ ਸਿੰਘ ਹੋਠੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਰਵਾਇਤੀ ਤੌਰ 'ਤੇ ਇਸ ਨਗਰ ਕੀਰਤਨ ਮੌਕੇ ਹਾਜਰ ਹੁੰਦੇ ਕੈਲੀਫੋਰਨੀਆ ਦੇ ਬਹੁਤੇ ਸਿੱਖ ਆਗੂ ਇਸ ਵਾਰ ਨਜ਼ਰ ਨਹੀਂ ਆਏ।

ਸੇਵਾਦਾਰਾਂ ਵਿਚ ਸਿੱਖੀ ਰਵਾਇਤ ਅਨੁਸਾਰ ਸੰਗਤਾਂ ਲਈ ਭਾਂਤ-ਸੁਭਾਂਤੇ ਭੋਜਨ-ਪਦਾਰਥਾਂ ਨਾਲ ਸੇਵਾ ਕਰਨ ਦੀ ਭਾਵਨਾ ਦੇਖਿਆਂ ਹੀ ਬਣਦੀ ਸੀ। ਕਿਧਰੇ ਗੰਨੇ ਦਾ ਰਸ ਪਰੋਸਿਆ ਜਾ ਰਿਹਾ ਸੀ ਤਾਂ ਕਿਧਰੇ ਪੂੜੀਆਂ ਛੋਲੇ, ਕਚੌਰੀਆਂ, ਕੜੀ-ਚੌਲ, ਪੀਜ਼ਾ ਵਰਤਾਏ ਜਾ ਰਹੇ ਸਨ। ਗਰਮਾ-ਗਰਮ ਪਕੌੜਿਆਂ ਅਤੇ ਜਲੇਬੀਆਂ ਦੇ ਨਾਲ ਚਾਹ ਪਰੋਸੀ ਜਾ ਰਹੀ ਸੀ। ਇਨ੍ਹਾਂ ਭਾਂਤ-ਸੁਭਾਂਤੇ ਪਦਾਰਥਾਂ ਦਾ ਅਨੰਦ ਸਿੱਖ ਸੰਗਤਾਂ ਹੀ ਨਹੀਂ ਸਗੋਂ ਆਮ ਅਮਰੀਕਨ ਵੀ ਮਾਣ ਰਹੇ ਸਨ। ਲੰਗਰ ਦੀ ਸੇਵਾ ਵਿਚ ਸੰਸਾਰ ਰੈਸਟੋਰੈਂਟ, ਮਾਈਕ ਐਂਡ ਪਾਰਟੀ, 76 ਟਰੱਕ ਸਟਾਪ, ਮਾਉਂਟੇਨ ਮਾਈਕ ਪੀਜ਼ਾ ਦੇ ਬਲਬੀਰ ਸਿੰਘ ਸੇਖੋਂ, ਗੈਰੀ ਸਿੰਘ ਅਤੇ ਗੁਰਮੇਲ ਸਿੰਘ ਖੇਲਾ ਨੇ ਹਿੱਸਾ ਪਾਇਆ। ਗੰਨੇ ਦੇ ਰਸ ਦੀਆਂ ਛਬੀਲਾਂ ਲੱਛਰ ਭਰਾਵਾਂ ਵਲੋਂ ਲਾਈਆਂ ਗਈਆਂ।

ਗੁਰੂ ਮਹਾਰਾਜ ਦੀ ਪਾਲਕੀ ਦੀ ਸਜਾਵਟ ਭਾਈ ਬਲਦੇਵ ਸਿੰਘ ਦੀ ਦੇਖ-ਰੇਖ ਹੇਠ ਬੀਬੀ ਸਿਮਰਨ ਕੌਰ ਅਟਵਾਲ, ਬੀਬੀ ਹਰਜੀਤ ਕੌਰ, ਬੀਬੀ ਨਵਜੋਤ ਕੌਰ ਅਤੇ ਉਨ੍ਹਾਂ ਦੀਆਂ ਸਹਿਯੋਗਣਾਂ ਨੇ ਬੜੀ ਮਿਹਨਤ ਨਾਲ ਕੀਤੀ।

ਨਗਰ ਕੀਰਤਨ ਦੇ ਇਸ ਸਮੁਚੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਗੁਰੂਘਰ ਦੇ ਮੁਖ ਸੇਵਾਦਾਰ ਭਾਈ ਮਨਜੀਤ ਸਿੰਘ ਉਪਲ, ਸਕੱਤਰ ਭਾਈ ਅਮਰਜੀਤ ਸਿੰਘ ਤੂੰਗ ਤੋਂ ਇਲਾਵਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਣਥੱਕ ਮਿਹਨਤ ਕੀਤੀ। ਕਮੇਟੀ ਨੂੰ ਸ. ਹਰਨੇਕ ਸਿੰਘ ਨੇਕੀ, ਗੁਲਭਿੰਦਰ ਸਿੰਘ ਭਿੰਦਾ, ਕੁਲਜੀਤ ਸਿੰਘ ਨਿੱਜਰ, ਬਲਵਿੰਦਰ ਸਿੰਘ ਮਿੱਠੂ, ਰਮਿੰਦਰ ਸਿੰਘ, ਜੱਸਾ ਗਰੁਪ, ਨਰਿੰਦਰ ਸਿੰਘ ਕਾਹਲੋਂ ਅਤੇ ਹੋਰ ਕਈ ਨੌਜਵਾਨਾਂ ਨੇ ਭਰਵਾਂ ਸਹਿਯੋਗ ਦਿਤਾ। ਕਾਰਾਂ ਦੀ ਪਾਰਕਿੰਗ ਅਤੇ ਸਕਿਓਰਟੀ ਲਈ ਖਾਸ ਪ੍ਰਬੰਧ ਕੀਤੇ ਗਏ ਸਨ।

*ਤਸਵੀਰਾਂ-ਸਨਸ਼ਾਈਨ ਵੀਡੀਓ*
*ਫੋਨ:209-981-0212*

## ਮੈਰੀ ਬੈਥ ਵਲੋਂ ਫੰਡਰੇਜ਼ਰ ਸਮਾਗਮ

**ਬੇਕਰਜ਼ਫੀਲਡ (ਮਨਦੀਪ ਮਾਨ):** ਕਰਨ ਕਾਉਂਟੀ ਦੀ ਕਾਉਂਟੀ ਸੁਪਰਵਾਈਜ਼ਰ ਦੀਆਂ ਪ੍ਰਾਇਮਰੀ ਚੋਣਾਂ ਵਿਚ ਉਮੀਦਵਾਰ ਮੈਰੀ ਬੈਥ ਵਲੋਂ ਇਕ ਫੰਡਰੇਜ਼ਰ ਸਮਾਗਮ ਇਥੇ ਵਾਈਨ ਸ਼ਾਪ ਵਿਚ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮੈਰੀ ਬੈਥ ਨੇ ਕਿਹਾ ਕਿ ਉਹ ਚੋਣ ਜਿੱਤਣ ਉਪਰੰਤ ਆਪਣੇ ਡਿਸਟ੍ਰਿਕਟ ਦੇ ਸਮੂਹ ਵੋਟਰਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਮੈਰੀ ਬੈਥ ਕਰਨ ਕਾਉਂਟੀ ਦੇ ਡਿਸਟ੍ਰਿਕਟ 2 ਤੋਂ ਚੋਣ ਲੜ ਰਹੇ ਹਨ ਅਤੇ ਬੇਕਰਜ਼ਫੀਲਡ ਕਰਨ ਕਾਉਂਟੀ ਦਾ ਮਹੱਤਵਪੂਰਨ ਸ਼ਹਿਰ ਹੈ ਜਿਥੇ ਪੰਜਾਬੀਆਂ ਦੀ ਚੋਖੀ ਵਸੋਂ ਹੈ।

ਇਸ ਫੰਡਰੇਜ਼ਰ ਮੌਕੇ ਪੰਜਾਬੀ ਭਾਈਚਾਰੇ ਦੀ ਤਰਫੋਂ ਡਾ ਗੁਰਚਰਨ ਸਿੰਘ ਢਿਲੋਂ, ਚੇਅਰਮੈਨ ਜਤਿੰਦਰ ਗਿੱਲ, ਪਲਵਿੰਦਰ ਸ਼ੇਰਗਿੱਲ, ਪਰਮਜੀਤ ਦੁਸਾਂਝ ਅਤੇ ਅਜੀਤ ਸਿੰਘ ਭੱਠਲ ਆਦਿ ਆਗੂ ਸ਼ਾਮਲ ਸਨ। ਮੈਰੀ ਬੈਥ ਨੇ ਪੰਜਾਬੀ ਭਾਈਚਾਰੇ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਤੁਹਾਡੇ ਸਹਿਯੋਗ ਨਾਲ ਮੇਰੀ ਜਿੱਤ ਹੋਵੇਗੀ।



## ਫਿਲਮ ਗੁਰੂ ਮਾਨਿਓ ਗ੍ਰੰਥ ਅਗਸਤ ਮਹੀਨੇ ਰਿਲੀਜ਼ ਹੋਵੇਗੀ

**ਸੈਕਰਾਮੈਂਟੋ:** ਅਟਾਰਨੀ ਜਸਪ੍ਰੀਤ ਸਿੰਘ ਵਲੋਂ ਬਣਾਈ ਜਾ ਰਹੀ ਟੈਲੀ ਫਿਲਮ 'ਗੁਰੂ ਮਾਨਿਓ ਗ੍ਰੰਥ' ਆਉਂਦੇ ਅਗਸਤ ਮਹੀਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਰਿਲੀਜ਼ ਕਰਨਗੇ। ਇਹ ਜਾਣਕਾਰੀ ਦਿੰਦਿਆਂ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਥੇ ਵੈਸਟ ਸੈਕਰਾਮੈਂਟੋ ਗੁਰੂ ਘਰ ਵਿਚ ਲੰਗਰ ਹਾਲ ਦਾ ਉਦਘਾਟਨ ਕਰਨ ਲਈ ਪਹੁੰਚੇ ਗਿਆਨੀ ਗੁਰਬਚਨ ਸਿੰਘ ਉਨ੍ਹਾਂ ਦੇ ਗ੍ਰਹਿ ਵੀ ਪਹੁੰਚੇ ਜਿਥੇ ਉਨ੍ਹਾਂ ਨਾਲ ਪੰਥਕ ਵਿਚਾਰਾਂ ਹੋਈਆਂ। ਇਸੇ ਮੁਲਾਕਾਤ ਦੌਰਾਨ ਹੀ ਜਥੇਦਾਰ ਸਾਹਿਬ ਨੇ ਇਹ ਫਿਲਮ ਅਗਸਤ ਮਹੀਨੇ ਰਿਲੀਜ਼ ਕਰਨ ਦਾ ਸੱਦਾ ਪ੍ਰਵਾਨ ਕੀਤਾ।

ਸ੍ਰੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਸੇ ਦੌਰਾਨ 'ਗੁਰੂ ਮਾਨਿਓ ਗ੍ਰੰਥ' ਫਿਲਮ ਦੀ ਆਖਰੀ ਪੜਾਅ ਦੀ ਸੂਟਿੰਗ ਸੈਲਮਾ ਵਿਚ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸਹਿਯੋਗ ਨਾਲ ਨਗਰ ਕੀਰਤਨ ਮੌਕੇ ਮੁਕੰਮਲ ਕੀਤੀ ਗਈ। ਫਿਲਮ ਦੇ ਨਿਰਮਾਤਾ, ਲੇਖਕ ਅਤੇ ਗੀਤਕਾਰ ਖੁਦ ਜਸਪ੍ਰੀਤ ਸਿੰਘ ਹਨ ਜਦੋਂਕਿ ਕਲਾਕਾਰਾਂ ਵਿਚ ਧਰਮਿੰਦਰ, ਬਲਜੀਵਨ, ਇੰਦਰਜੀਤ ਬੱਲੂ, ਵਿਕਰਮ ਪਾਸੀ, ਮਾਲਾ ਸੇਠੀ, ਦਿਲ ਨਿੱਜਰ, ਨਰਿੰਦਰਪਾਲ ਹੁੰਦਲ, ਪਰਦੀਪ ਬਾਤਿਸ਼, ਜਤਿੰਦਰ ਜਰਗੀਆ, ਗੁਰਮੁਖ ਸਿੰਘ ਭੁਲਰ, ਦਰਸ਼ਨ ਸਿੰਘ ਕਹਿਲ, ਜੋਗਿੰਦਰ ਸਿੰਘ, ਕੁਲਦੀਪ ਸਿੰਘ ਖਾਲਸਾ, ਹਰਮੇਸ਼ ਸਿੰਘ ਸਿੱਧੂ, ਜਸਵਿੰਦਰ ਭਾਣਾ, ਪੋਪੀ, ਡਿੰਪਲ ਅਤੇ ਸੁਰਿੰਦਰ ਸਿੰਘ ਸ਼ਾਮਲ ਹਨ। ਸੰਗੀਤ ਮਲਕੀਤ ਸਿੰਘ ਦਾ ਹੈ।

*To Advertise with us*
*call: 847-359-0746*
*Fax:847-705-9388*
*e-mail:*
*punjabtimes1@sbcglobal.net*
*www.punjabtimesusa.com*



# ਪੰਜਾਬੀ ਭਾਈਚਾਰਾ ਦਾਨ ਇਕੱਠਾ ਕਰਨ ਵਾਲੇ ਢੌਂਗੀ ਲੋਕਾਂ ਤੋਂ ਖਬਰਦਾਰ ਰਹੇ: ਜੱਸੀ ਬੰਗਾ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਉਘੇ ਸਮਾਜ ਸੇਵਕ ਅਤੇ ਪ੍ਰੋਮੋਟਰ ਸ੍ਰੀ ਜੱਸੀ ਬੰਗਾ ਨੇ ਪੰਜਾਬੀ ਭਾਈਚਾਰੇ ਅਤੇ ਖਾਸ ਕਰ ਕੇ ਰਵਿਦਾਸ ਭਾਈਚਾਰੇ ਨੂੰ ਕੁਝ ਉਨ੍ਹਾਂ ਲੋਕਾਂ ਤੋਂ ਖਬਰਦਾਰ ਰਹਿਣ ਲਈ ਆਖਿਆ ਹੈ ਜੋ ਕਦੀ ਡਾ. ਅੰਬੇਦਕਰ ਦੇ ਨਾਂ ਤੇ, ਕਦੀ ਬਾਬੂ ਕਾਸ਼ੀ ਰਾਮ ਤੇ ਕਦੇ ਬੀਬੀ ਮਾਇਆਵਤੀ ਦੇ ਨਾਂ ਉਤੇ ਅਤੇ ਕਦੇ ਗੁਰੂ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਤੇ ਪੰਜਾਬ ਵਿਚ ਹੋਣ ਵਾਲੇ ਨਗਰ ਕੀਰਤਨਾਂ ਉਪਰ ਹੈਲੀਕਾਪਟਰਾਂ ਨਾਲ ਫੁਲਾਂ ਦੀ ਵਰਖਾ ਕਰਨ ਦੇ ਬਹਾਨੇ ਪੈਸੇ ਬਟੋਰਦੇ ਰਹਿੰਦੇ ਹਨ ਪਰ ਇਕੱਠਾ ਕੀਤਾ ਪੈਸਾ ਆਪਣੀ ਜੇਬ ਵਿਚ ਪਾਉਣ ਤੋਂ ਇਲਾਵਾ ਕੁਝ ਨਹੀਂ ਕਰਦੇ।



*ਸ੍ਰੀ ਜੱਸੀ ਬੰਗਾ*

ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਸ੍ਰੀ ਜੱਸੀ ਬੰਗਾ ਨੇ ਆਖਿਆ ਹੈ ਕਿ ਡਾ. ਅੰਬੇਦਕਰ ਦੇ ਨਾਂ ਉਤੇ ਆਪਣਾ ਨਾਂ ਰਖ ਕੇ ਅਤੇ ਆਪਣੇ ਗਲੇ ਵਿਚ ਡਾ. ਅੰਬੇਦਕਰ ਦੀ ਤਸਵੀਰ ਪਾ ਕੇ ਅਜਿਹਾ ਹੀ ਇਕ ਆਗੂ ਆਪਣੇ ਆਪ ਨੂੰ ਰਵਿਦਾਸ ਭਾਈਚਾਰੇ ਦਾ ਵਡਾ ਖੈਰਖਵਾਹ ਗਰਦਾਨਦਾ ਫਿਰਦਾ ਹੈ। ਇਹ ਸ਼ਖਸ ਧਾਰਮਕ ਸੀਡੀਆਂ ਦੀਆਂ ਕਾਪੀਆਂ ਕਰ ਕੇ ਪਾਇਰੇਸੀ ਰਾਹੀਂ ਆਪਣੀ ਜੇਬ ਭਰਦਾ ਰਹਿੰਦਾ ਹੈ ਅਤੇ ਇਸ ਅਖਾਉਤੀ ਆਗੂ ਨੇ ਹਾਲ ਹੀ ਵਿਚ ਅਮਰੀਕਾ ਅਤੇ ਹੋਰਨਾਂ ਮੁਲਕਾਂ ਦੇ ਦਾਨੀ ਸੱਜਣਾਂ ਤੋਂ ਇਹ ਆਖ ਕੇ ਦਾਨ ਇਕੱਠਾ ਕੀਤਾ ਕਿ ਇੰਡੀਆ ਵਿਚ ਗੁਰੂ ਰਵਿਦਾਸ ਜੀ ਦੇ ਨਗਰ ਕੀਰਤਨ 'ਤੇ ਪਿੰਡਾਂ ਵਿਚ ਫੁਲਾਂ ਦੀ ਵਰਖਾ ਕਰਾਉਣੀ ਹੈ ਅਤੇ ਮੈਨੂੰ ਵੀ ਆਖਿਆ ਕਿ ਜੇ ਤੁਸੀਂ ਆਪਣੇ ਪਿੰਡ ਇਹ ਵਰਖਾ ਕਰਾਉਣੀ ਹੈ ਤਾਂ 250 ਡਾਲਰ ਲਗਣਗੇ। ਸ੍ਰੀ ਬੰਗਾ ਅਨੁਸਾਰ ਉਨ੍ਹਾਂ ਨੇ ਇਸ ਆਗੂ ਨੂੰ ਕਿਹਾ ਕਿ ਸਾਡੇ ਪਿੰਡ ਤਾਂ ਨਗਰ ਕੀਰਤਨ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਤੋਂ ਬਾਅਦ ਹੀ ਨਿਕਲਦਾ ਹੈ, ਇਸ ਲਈ ਫਿਲੌਰ ਨਗਰ ਕੀਰਤਨ ਤੇ ਫੁਲਾਂ ਦੀ ਵਰਖਾ ਕਰਵਾ ਦਿਓ ਅਤੇ ਪੈਸੇ ਲੈ ਜਾਓ। ਪਰ ਉਹ ਕਦੇ ਪੈਸੇ ਲੈਣ ਨਾ ਆਇਆ, ਕਾਰਨ ਇਹ ਕਿ ਜੇ ਪੈਸੇ ਲਏ ਅਤੇ ਫੁਲਾਂ ਦੀ ਵਰਖਾ ਨਾ ਹੋਈ ਤਾਂ ਸਾਰੇ ਡਰਾਮੇ ਦਾ ਪਾਜ਼ ਖੁਲ੍ਹ ਜਾਵੇਗਾ। ਇਸ ਸ਼ਖਸ ਦਾ ਕਹਿਣਾ ਸੀ ਕਿ ਇਕ ਹੀ ਹੈਲੀਕਾਪਟਰ ਸਾਰੇ ਪਿੰਡਾਂ ਵਿਚ ਫੁਲਾਂ ਦੀ ਵਰਖਾ ਕਰੇਗਾ ਜੋ ਕਿ ਸੰਭਵ ਹੀ ਨਹੀਂ। ਪਰ ਇਸ ਸ਼ਖਸ ਅਤੇ ਇਸਦੇ ਇਕ ਹਮਾਇਤੀ ਅਖਬਾਰਨਵੀਸ ਨੇ ਕਈ ਲੋਕਾਂ ਤੋਂ ਪੈਸੇ ਲੈ ਕੇ ਆਪਣੀਆਂ ਜੇਬਾਂ ਭਰ ਲਈਆਂ ਅਤੇ ਫਿਰ ਨਿਊ ਯਾਰਕ ਤੋਂ ਛਪਦੇ ਇਕ ਅਖਬਾਰ ਵਿਚ ਕੰਪਿਊਟਰ ਰਾਹੀਂ ਫੋਟੋਆਂ ਜੋੜ ਕੇ ਫੁਲਾਂ ਦੀ ਵਰਖਾ ਦੀ ਤਸਵੀਰ ਦਿਖਾ ਦਿੱਤੀ ਜੋ ਕਿ ਸਰਾਸਰ ਝੂਠ ਹੈ। ਜਿਹੜਾ ਹੈਲੀਕਾਪਟਰ ਦਿਖਾਇਆ ਗਿਆ ਹੈ, ਉਹ ਭਾਰਤੀ ਹਵਾਈ ਸੈਨਾ ਦਾ ਹੈ ਅਤੇ ਤਸਵੀਰ ਦਿੱਲੀ ਵਿਚ 26 ਜਨਵਰੀ ਦੀ ਪਰੇਡ ਵੇਲੇ ਫੁਲਾਂ ਦੀ ਵਰਖਾ ਦੀ ਹੈ।

ਸ੍ਰੀ ਜੱਸੀ ਬੰਗਾ ਨੇ ਆਪਣੇ ਇਸ ਬਿਆਨ ਵਿਚ ਇਹ ਵੀ ਆਖਿਆ ਹੈ ਕਿ ਇਹ ਅਖਾਉਤੀ ਆਗੂ ਆਪਣੀਆਂ ਗੱਡੀਆਂ ਉਤੇ ਜਾਤ ਅਭਿਮਾਨੀ ਨਾਅਰੇ ਲਿਖਣ ਅਤੇ ਜਾਤ-ਪਾਤ ਦੀਆਂ ਵੰਡੀਆਂ ਪਾਉਣ ਦਾ ਪ੍ਰਚਾਰ ਕਰਦਾ ਰਹਿੰਦਾ ਹੈ। ਇਹ ਸ਼ਖਸ ਨਿਊ ਯਾਰਕ ਤੋਂ ਨਿਕਲਦੇ ਅਖਬਾਰ ਦਾ ਆਪਣੇ ਆਪ ਨੂੰ ਨੁਮਾਇੰਦਾ ਅਖਵਾਉਂਦਾ ਹੈ। ਡਾ. ਅੰਬੇਦਕਰ ਦੇ ਨਾਂ ਨੂੰ ਵਰਤ ਕੇ ਕੱਢੀ ਗਈ ਇਹ ਅਖਬਾਰ ਪਹਿਲਾਂ ਹੀ ਵੰਡੀਆਂ ਤਿਖੀਆਂ ਕਰ ਚੁਕੀ ਹੈ। ਸ੍ਰੀ ਬੰਗਾ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਅਜਿਹੇ ਢੌਂਗੀ ਲੋਕਾਂ ਨੂੰ ਮੂੰਹ ਨਾ ਲਾਇਆ ਜਾਵੇ। ਉਨ੍ਹਾਂ ਇਹ ਵੀ ਆਖਿਆ ਕਿ ਜੇ ਇਨ੍ਹਾਂ ਲੋਕਾਂ ਬਾਰੇ ਕਿਸੇ ਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਉਨ੍ਹਾਂ ਨਾਲ ਫੋਨ 916-796-5003 'ਤੇ ਜਾਂ ਈਮੇਲ jlbanga1@yahoo.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸੈਨ ਹੋਜ਼ੇ ਵਲੋਂ ਦਾਇਰ ਨਾਲਿਸ਼ ਮੁਕੱਦਮੇ ਵਿਰੁਧ ਅੰਮ੍ਰਿਤਸਰ ਟਾਈਮਜ਼ ਦੀ ਮੋਸ਼ਨ ਰੱਦ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਉਤਰੀ ਅਮਰੀਕਾ ਦੇ ਸਭ ਤੋਂ ਵਡੇ ਗੁਰੂਘਰ ਸਿੱਖ ਗੁਰਦੁਆਰਾ ਸੈਨ ਹੋਜੇ ਨੂੰ ਬੇ-ਏਰੀਆ ਤੋਂ ਛਪਦੇ ਪੰਜਾਬੀ ਅਖਬਾਰ ਅੰਮ੍ਰਿਤਸਰ ਟਾਈਮਜ਼ ਦੇ ਪ੍ਰਕਾਸ਼ਕਾਂ ਅੰਮ੍ਰਿਤਸਰ ਪਬਲੀਕੇਸ਼ਨ ਐਂਡ ਮੀਡੀਆ ਗਰੁਪ ਵਿਰੁਧ ਹੱਤਕ-ਇਜੱਤ (ਲਾਇਬੈਲ) ਮੁਕੱਦਮੇ ਵਿਚ ਉਸ ਸਮੇਂ ਇਕ ਅਹਿਮ ਜਿੱਤ ਹਾਸਲ ਹੋਈ ਜਦੋਂ ਲੰਘੀ 14 ਅਪਰੈਲ ਨੂੰ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਂਟਾ ਕਲਾਰਾ ਕਾਉਂਟੀ ਦੇ ਜੱਜ ਮਾਰਕ ਐਚ ਪੀਅਰਸ ਨੇ ਅੰਮ੍ਰਿਤਸਰ ਟਾਈਮਜ਼ ਵਲੋਂ ਕੈਲੀਫੋਰਨੀਆ ਐਂਟੀ ਸਲੈਪ ਕਾਨੂੰਨ ਤਹਿਤ ਦਾਇਰ ਕੀਤੀ ਮੋਸ਼ਨ ਰੱਦ ਕਰ ਦਿਤੀ। ਸਿੱਖ ਗੁਰਦੁਆਰਾ ਸੈਨ ਹੋਜੇ ਦੇ ਮੁਖ ਵਕੀਲ ਸਟੀਵਨ ਟਿਡਰਿਕ (ਟਿਡਰਿਕ ਲਾਅ ਫਰਮ) ਅਨੁਸਾਰ ਐਂਟੀ ਸਲੈਪ ਕਾਨੂੰਨ ਬੋਲਣ ਦੀ ਆਜਾਦੀ ਦੇ ਹੱਕ ਸਮੇਤ ਸੰਵਿਧਾਨਕ ਹੱਕਾਂ ਦੀ ਵਰਤੋਂ ਨੂੰ ਠੇਸ ਪਹੁੰਚਾਉਣ ਲਈ ਕੀਤੇ ਜਾਂਦੇ ਮੁਕੱਦਮਿਆਂ ਨੂੰ ਰੋਕਣ ਲਈ ਬਣਾਇਆ ਗਿਆ ਕਾਨੂੰਨ ਹੈ। ਸ੍ਰੀ ਟਿਡਰਿਕ ਅਨੁਸਾਰ ਅਸੀਂ ਅਦਾਲਤ ਵਿਚ ਇਸ ਗੱਲ ਦੇ ਠੋਸ ਸਬੂਤ ਪੇਸ਼ ਕੀਤੇ ਕਿ ਅਖਬਾਰ ਅੰਮ੍ਰਿਤਸਰ ਟਾਈਮਜ਼ ਵਿਚ ਛਪੇ ਬਿਆਨ ਝੂਠੇ ਅਤੇ ਬਦਨੀਅਤੀ ਵਾਲੇ ਹਨ। ਅਦਾਲਤ ਵਲੋਂ ਦਿਤੇ ਗਏ ਇਸ ਫੈਸਲੇ ਤੋਂ ਬਾਅਦ ਕੇਸ ਦੇ ਟਰਾਇਲ ਤੇ ਜਾਣ ਲਈ ਰਾਹ ਪੱਧਰਾ ਹੋ ਗਿਆ ਹੈ।

ਅਖਬਾਰ ਅੰਮ੍ਰਿਤਸਰ ਟਾਈਮਜ਼ ਦਾ ਦਾਅਵਾ ਹੈ ਕਿ ਇਹ ਕੈਲੀਫੋਰਨੀਆ, ਨਿਊਯਾਰਕ, ਨਿਊਜਰਸੀ, ਸਿਆਟਲ, ਪੋਰਟਲੈਂਡ, ਸ਼ਿਕਾਗੋ, ਮਿਲਵਾਕੀ, ਮਿਸ਼ੀਗਨ, ਫੀਨਿਕਸ, ਡੈਲਸ ਅਤੇ ਹਿਊਸਟਨ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਖਬਾਰ ਹੈ ਅਤੇ ਇਸ ਦੇ ਪਾਠਕਾਂ ਦੀ ਗਿਣਤੀ ਇਕ ਲੱਖ ਤੋਂ ਵੀ ਵੱਧ ਹੈ।

ਗੁਰਦੁਆਰਾ ਸੈਨ ਹੋਜੇ ਦੀ ਤਰਫੋਂ ਦਾਇਰ ਕੀਤੇ ਗਏ ਨਾਲਿਸ਼ ਦੇ ਇਸ ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਅੰਮ੍ਰਿਤਸਰ ਟਾਈਮਜ਼ ਨੇ ਆਪਣੇ 3-10 ਸਤੰਬਰ 2008 ਦੇ ਅੰਕ ਤੋਂ ਲੈ ਕੇ ਗੁਰਦੁਆਰਾ ਸੈਨ ਹੋਜੇ ਬਾਰੇ ਕਈ ਰਿਪੋਰਟਾਂ ਅਤੇ ਲਿਖਤਾਂ ਛਾਪੀਆਂ, ਜਿਨ੍ਹਾਂ ਵਿਚ "ਅਖਾਉਤੀ ਚੋਣ ਗੁਰੂ ਘਰ ਦੇ ਸੰਵਿਧਾਨ ਦੀ ਸ਼ਰੇਆਮ ਉਲੰਘਣਾ", "ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਇਮਾਰਤ ਦੇ ਦੂਜੇ ਪੜਾਅ ਦੀ ਉਸਾਰੀ ਸੰਕਟ 'ਚ," ਸੁਰਖੀਆਂ ਵਾਲੀਆਂ ਲਿਖਤਾਂ ਤੋਂ ਇਲਾਵਾ ਹੋਰ ਲੇਖ ਸ਼ਾਮਲ ਹਨ। ਮੁਕੱਦਮੇ ਅਨੁਸਾਰ ਅੰਮ੍ਰਿਤਸਰ ਟਾਈਮਜ਼ ਵਲੋਂ ਛਾਪੇ ਗਏ ਇਨ੍ਹਾਂ ਲੇਖਾਂ ਦੇ ਕਈ ਹਿੱਸੇ ਝੂਠੇ ਅਤੇ ਬੇਬੁਨਿਆਦ ਹਨ। ਮੁਕੱਦਮੇ ਵਿਚ ਕਿਹਾ ਗਿਆ ਹੈ ਕਿ ਮਿਸਾਲ ਵਜੋਂ ਇਨ੍ਹਾਂ ਵਿਚ ਇਹ ਬਿਆਨ ਸ਼ਾਮਲ ਹਨ, "ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ 31 ਅਗਸਤ 2008 ਨੂੰ ਕੀਤੀ ਗਈ ਚੋਣ ਗੁਰੂ ਘਰ ਦੇ ਸੰਵਿਧਾਨ ਅਤੇ ਨਿਯਮਾਂ ਦੀ ਉਲੰਘਣਾ ਹੈ", "ਸਿੱਖ ਗੁਰਦੁਆਰਾ ਸੈਨ ਹੋਜ਼ੇ ਦਾ ਉਸਾਰੀ ਪ੍ਰਾਜੈਕਟ ਮਾਲੀ ਸੰਕਟ ਵਿਚ ਹੈ", "ਵਿਤੋਂ ਬਾਹਰਾ ਖਰਚਾ ਹੋਣ ਦੀ ਸੂਰਤ ਵਿਚ ਗੁਰੂ ਘਰ ਲੰਮੇ ਸਮੇਂ ਲਈ ਗਹਿਣੇ ਪੈਣ ਦੇ ਆਸਾਰ" ਅਤੇ "ਸਿੱਖ ਗੁਰਦੁਆਰਾ ਸੈਨ ਹੋਜੇ ਦੀ ਸੰਗਤ ਨੂੰ ਪ੍ਰਬੰਧਕਾਂ ਵਲੋਂ ਝੂਠੇ ਪ੍ਰਾਪੇਗੰਡੇ ਨਾਲ ਗੁਮਰਾਹ ਕੀਤਾ ਜਾ ਰਿਹਾ ਹੈ।"

ਇਸ ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਅਖਬਾਰ ਅੰਮ੍ਰਿਤਸਰ ਟਾਈਮਜ਼ ਨੇ ਗੁਰਦੁਆਰਾ ਸੈਨ ਹੋਜੇ ਬਾਰੇ ਖਬਰਾਂ ਤੇ ਲੇਖ ਮੰਦਭਾਵਨਾ, ਨਫਰਤ ਅਤੇ ਬਦਨੀਅਤੀ ਨਾਲ ਛਾਪੇ ਅਤੇ ਗੁਰੂਘਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਮੁਕੱਦਮੇ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਅੰਮ੍ਰਿਤਸਰ ਟਾਈਮਜ਼ ਵਲੋਂ ਹੱਤਕ ਭਰੇ ਲੇਖ ਛਾਪੇ ਜਾਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦਾ ਬਹੁਤ ਉਚਾ ਮਾਣ-ਸਤਿਕਾਰ ਸੀ ਅਤੇ ਇਨ੍ਹਾਂ ਲੇਖਾਂ ਨਾਲ ਗੁਰਦੁਆਰਾ ਸਾਹਿਬ ਦੇ ਮਾਣ-ਸਤਿਕਾਰ ਨੂੰ ਨੁਕਸਾਨ ਪਹੁੰਚਿਆ ਹੈ ਤੇ ਨਮੋਸ਼ੀ ਹੋਈ ਹੈ ਜਿਸ ਨਾਲ ਮਾਲੀ ਚੜ੍ਹਾਵੇ ਵਿਚ ਕਮੀ ਆਉਣ ਦੀ ਸੰਭਾਵਨਾ ਹੈ।

ਅਖਬਾਰ ਅੰਮ੍ਰਿਤਸਰ ਟਾਈਮਜ਼ ਦੀ ਮੋਸ਼ਨ ਰੱਦ ਕਰਦਿਆਂ ਜੱਜ ਪੀਅਰਸ ਨੇ ਆਪਣੇ ਫੈਸਲੇ ਵਿਚ ਲਿਖਿਆ ਹੈ ਕਿ "ਗੁਰਦੁਆਰਾ ਸੈਨ ਹੋਜੇ ਨੇ ਇਹ ਸਾਬਤ ਕੀਤਾ ਹੈ ਕਿ (ਅੰਮ੍ਰਿਤਸਰ ਟਾਈਮਜ਼ ਵਿਚ ਛਪੇ) ਕਈ ਬਿਆਨ ਜਾਹਰਾ ਤੌਰ 'ਤੇ ਤੱਥਾਂ ਪੱਖੋਂ ਝੂਠੇ ਹਨ," "ਸਿੱਖ ਗੁਰਦੁਆਰਾ ਸੈਨ ਹੋਜੇ ਨੇ ਮੁਢਲੇ ਰੂਪ ਵਿਚ ਇਹ ਸਾਬਤ ਕਰ ਦਿਤਾ ਹੈ ਕਿ (ਅੰਮ੍ਰਿਤਸਰ ਟਾਈਮਜ਼ ਵਿਚ) ਝੂਠੇ ਬਿਆਨ ਛਾਪੇ ਗਏ ਹਨ।" ਜੱਜ ਨੇ ਇਹ ਵੀ ਲਿਖਿਆ ਹੈ ਕਿ ਸਿੱਖ ਗੁਰਦੁਆਰਾ ਸੈਨ ਹੋਜੇ ਨੇ ਮੁਢਲੇ ਤੌਰ 'ਤੇ ਸਾਬਤ ਕਰਨ ਲਈ ਕਾਫੀ ਸਬੂਤ ਦੇ ਦਿਤੇ ਹਨ ਕਿ ਅੰਮ੍ਰਿਤਸਰ ਪਬਲੀਕੇਸ਼ਨ ਐਂਡ ਮੀਡੀਆ ਗਰੁਪ ਨੇ ਸਿੱਖ ਗੁਰਦੁਆਰਾ ਸੈਨ ਹੋਜੇ ਪ੍ਰਤੀ ਸੱਚਮੁਚ ਮੰਦਭਾਵਨਾ ਪਾਲੀ। ਫੈਸਲੇ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਸਿੱਖ ਗੁਰਦੁਆਰਾ ਸੈਨ ਹੋਜੇ ਨੇ ਆਪਣਾ ਦਾਅਵਾ ਕਾਮਯਾਬ ਕਰਨ ਲਈ ਵਾਜ਼ਬ ਸੰਭਾਵਨਾ ਸਾਬਤ ਕੀਤੀ ਹੈ।

ਸਿੱਖ ਗੁਰਦੁਆਰਾ ਸੈਨ ਹੋਜੇ ਨੇ ਇਸ ਮੁਕੱਦਮੇ ਵਿਚ ਅਣਦੱਸੇ ਹਰਜਾਨੇ ਦੀ ਮੰਗ ਕੀਤੀ ਹੈ ਜਿਸ ਵਿਚ ਨੁਕਸਾਨ ਪੂਰਤੀ ਹਰਜਾਨਾ, ਸਜਾ ਵਜੋਂ ਹਰਜਾਨਾ ਅਤੇ ਮੁਕੱਦਮੇ ਦਾ ਖਰਚਾ ਸ਼ਾਮਲ ਹੈ। ਇਹ ਮੁਕੱਦਮਾ ਕੈਲੀਫੋਰਨੀਆ ਸੁਪੀਰੀਅਰ ਕੋਰਟ ਸੈਨ ਹੋਜੇ ਵਿਚ 3 ਸਤੰਬਰ 2009 ਨੂੰ ਦਾਇਰ ਕੀਤਾ ਗਿਆ ਸੀ ਅਤੇ ਇਸਦਾ ਮੁਕੱਦਮਾ ਨੰਬਰ 1-09-ਸੀ ਵੀ-151510 ਹੈ।

ਮੁਕੱਦਮੇ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਸਿੱਖ ਗੁਰਦੁਆਰਾ ਸੈਨ ਹੋਜੇ ਦੇ ਇਸ ਮੁਕੱਦਮੇ ਦੇ ਮੁਖ ਵਕੀਲ ਸਟੀਵਨ ਟਿਡਰਿਕ, ਦੀ ਟਿਡਰਿਕ ਲਾਅ ਫਰਮ, ਓਕਲੈਂਡ, ਕੈਲੀਫੋਰਨੀਆ ਨਾਲ ਫੋਨ 510-381-3832 ਜਾਂ ਈਮੇਲ sgt@tidricklaw.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



Punjabi Literature Publication Trust America (Regd.)

ਪੰਜਾਬੀ ਸਾਹਿਤ ਪਬਲੀਕੇਸ਼ਨ ਟਰਸਟ ਅਮਰੀਕਾ (ਰਜਿ:)

## ਸਾਲਾਨਾ ਕਵੀ ਦਰਬਾਰ

ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਸਵਰਗਵਾਸੀ ਸਰਦਾਰ ਜੰਗ ਸਿੰਘ ਗਿਆਨੀ ਅਤੇ ਮਾਣਯੋਗ ਆਜ਼ਾਦ ਜਲੰਧਰੀ ਹੋਰਾਂ ਦੇ ਸਾਂਝੇ ਉਦਮ ਨਾਲ 2005 ਵਿਚ ਸਥਾਪਤ ਕੀਤਾ ਗਿਆ ਸੀ। ਇਸ ਦਾ ਮੂਲ ਮਨੋਰਥ ਹਰ ਸਾਲ ਪੰਜਾਬੀ ਦਾ ਪੁਰਾਣਾ ਅਤੇ ਨਵਾਂ ਸਾਹਿਤ ਛਾਪ ਕੇ ਪਾਠਕਾਂ ਨੂੰ ਭੇਟ ਕਰਨਾ ਹੈ।

ਇਹ ਟਰੱਸਟ ਹਰ ਸਾਲ ਵਾਂਗ ਇਸ ਸਾਲ ਵੀ ਇਕ ਕਵੀ ਦਰਬਾਰ ਕਰਾ ਰਿਹਾ ਹੈ ਜਿਸ ਵਿਚ ਆਜ਼ਾਦ ਜਲੰਧਰੀ, ਹਰਭਜਨ ਸਿੰਘ ਬੈਂਸ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਸਿੰਘ ਕੰਗ, ਸੁਖਵਿੰਦਰ ਕੰਬੋਜ਼, ਕੁਲਵਿੰਦਰ, ਸੁਰਿੰਦਰ ਸੀਰਤ, ਰੇਸ਼ਮ ਸਿੱਧੂ, ਜਗਜੀਤ ਨੌਸ਼ਹਿਰਵੀ, ਸ਼ਸ਼ੀ ਸਮੁੰਦਰਾ, ਈਸ਼ਰ ਸਿੰਘ ਮੋਮਨ, ਫਾਰੂਖ਼ ਤਰਾਜ਼, ਕਰਮ ਸਿੰਘ ਮਾਨ, ਹਰਿਭਜਨ ਢਿੱਲੋਂ, ਭੁਪਿੰਦਰ ਦੁਲੇਰ, ਨੀਲਮ ਸੈਣੀ, ਤਾਰਾ ਸਾਗਰ, ਕੰਵਲ ਬੰਗਾ, ਚਰਨਜੀਤ ਸਿੰਘ ਪੰਨੂੰ ਅਤੇ ਹੋਰ ਕਵੀ ਭਾਗ ਲੈ ਰਹੇ ਹਨ। ਗੀਤ-ਸੰਗੀਤ ਦੀ ਮਹਿਫਲ ਸੁਖਦੇਵ ਸਾਹਿਲ, ਹਰਭਜਨ ਸਿੰਘ ਭਜਨ ਅਤੇ ਤ੍ਰਲੋਕ ਸਿੰਘ ਸਜਾਉਣਗੇ। ਅਸੀਂ ਉਮੀਦ ਕਰਦੇ ਹਾਂ ਕਿ ਹਰੇਕ ਸਾਲ ਵਾਂਗ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਵਿਚ ਤੁਸੀਂ ਸਾਡੀ ਮਦਦ ਕਰੋਗੇ। ਚਾਹ ਅਤੇ ਰੋਟੀ-ਪਾਣੀ ਦਾ ਉਚੇਚਾ ਇੰਤਜ਼ਾਮ ਹੋਵੇਗਾ। ਸਭ ਸੱਜਣਾਂ ਨੂੰ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।



*ਆਜ਼ਾਦ ਜਲੰਧਰੀ ਅਤੇ ਸਵਰਗੀ ਜੰਗ ਸਿੰਘ ਗਿਆਨੀ ਦੀ ਇਕ ਯਾਦਗਾਰੀ ਤਸਵੀਰ*

**ਕਵੀ ਦਰਵਾਰ ਦੀ ਤਾਰੀਖ, ਥਾਂ ਅਤੇ ਸਮਾਂ**

ਤਾਰੀਖ: 25 ਅਪਰੈਲ, 2010

ਥਾਂ: Raja Sweets and Indian Cuisine
31853 Alvarado Blvd.
Union City, CA. 94587, Phone: 510-489-9100

ਸਮਾਂ: ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ

**ਏਜੰਡਾ:**

ਦੁਪਹਿਰ ਇਕ ਵਜੇ: ਇਕ-ਦੂਜੇ ਨਾਲ ਮਿਲਣੀ ਅਤੇ ਜਾਣ ਪਛਾਣ

1:30 ਵਜੇ: ਕਵੀ ਦਰਵਾਰ

*ਅਸੀਂ ਇਨ੍ਹਾਂ ਸਪਾਂਸਰਾਂ ਦੇ ਧੰਨਵਾਦੀ ਹਾਂ:*
*ਰਾਮ ਸਰੋਏ, ਸਰੋਏ ਇਨਵੈਸਟਮੈਂਟ ਰਿਐਲਟੀ 510-742-8120, ਪੌਰ ਰਾਏ ਅਤੇ ਗੁਰਦਾਵਰ ਮਾਨ ਤਾਜ ਇੰਸ਼ੋਰੈਂਸ ਫੋਨ 510-739-1700 ਅਤੇ ਗੁਰਚਰਨ ਮਾਨ ਦੋਆਬਾ ਇੰਸ਼ੋਰੈਂਸ ਫੋਨ 510-797-7989*

**ਪ੍ਰਬੰਧਕੀ ਕਮੇਟੀ, ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ**

# ਗਲੈਨਰਾਕ ਗੁਰੂ ਘਰ ਚੋਣ:ਸਖਤ ਟੱਕਰ 'ਚ ਗੁਰਦੁਆਰਾ ਸੁਧਾਰ ਕਮੇਟੀ ਜੇਤੂ

**ਗਲੈਨਰਾਕ, ਨਿਊ ਜਰਸੀ (ਵਿਸ਼ੇਸ਼ ਪ੍ਰਤੀਨਿਧ):** ਇਸ ਸਟੇਟ ਦੇ ਪੁਰਾਣੇ ਅਤੇ ਚਰਚਿਤ ਗੁਰੂਘਰ ਗਲੈਨਰਾਕ ਦੀ ਪ੍ਰਬੰਧਕ ਕਮੇਟੀ ਦੀ 18 ਅਪਰੈਲ ਨੂੰ ਹੋਈ ਚੋਣ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਜੇਤੂ ਰਹੀ ਅਤੇ ਸਿੱਖ ਯੂਥ ਆਫ ਅਮੈਰਿਕਾ ਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੈਲੀਫੋਰਨੀਆ ਵਿਚ ਯੂਬਾ ਸਿਟੀ ਅਤੇ ਫਰੀਮਾਂਟ ਗੁਰੂਘਰ ਦੀਆਂ ਚੋਣਾਂ ਪਿਛੋਂ ਇਥੇ ਵੀ ਜਿੱਤ ਦਰਜ ਕਰਨ ਦੀ ਮਨਸ਼ਾ ਪੂਰੀ ਨਾ ਹੋ ਸਕੀ। ਇਨ੍ਹਾਂ ਚੋਣਾਂ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦੇ ਨੁਮਾਇੰਦੇ ਡਾ. ਨਿਹਾਲ ਸਿੰਘ ਸੰਧੂ 1120 ਵੋਟਾਂ ਲੈ ਕੇ ਪ੍ਰਧਾਨ ਦੇ ਅਹੁਦੇ ਲਈ ਚੁਣੇ ਗਏ, ਜਦੋਂਕਿ ਇਸ ਅਹੁਦੇ ਲਈ ਮੌਜੂਦਾ ਪ੍ਰਬੰਧਕਾਂ ਸਿੱਖ ਯੂਥ ਆਫ ਅਮੈਰਿਕਾ ਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਲਾ ਅਫਗਾਨਾ ਧੜੇ ਦੇ ਨੁਮਾਇੰਦੇ ਗੁਰਮੀਤ ਸਿੰਘ ਨੂੰ 1101 ਵੋਟਾਂ ਮਿਲੀਆਂ।

ਜ਼ਿਕਰਯੋਗ ਹੈ ਕਿ ਇਸ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਸਿਧਿਆਂ ਸੰਗਤ ਵਲੋਂ ਕੀਤੀ ਜਾਂਦੀ ਹੈ। ਬਾਕੀ ਅਹੁਦੇਦਾਰਾਂ ਵਿਚ ਸ. ਚਰਨ ਸਿੰਘ ਕਲਸੀ 1090 ਵੋਟਾਂ ਲੈ ਕੇ ਮੀਤ ਪ੍ਰਧਾਨ, ਸੋਹਣ ਸਿੰਘ ਕਲੋਟੀਆ 1101 ਵੋਟਾਂ ਲੈ ਕੇ ਸਕੱਤਰ, ਕੁਲਵੰਤ ਸਿੰਘ 1087 ਵੋਟਾਂ ਲੈ ਕੇ ਖਜਾਨਚੀ ਚੁਣੇ ਗਏ ਜਦੋਂਕਿ ਨਿਰਲੇਪ ਕੌਰ 1094 ਵੋਟਾਂ ਅਤੇ ਜਤਿੰਦਰ ਸਿੰਘ ਕਲਸੀ 1091 ਵੋਟਾਂ ਨਾਲ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ। ਇਸ ਤੋਂ ਇਲਾਵਾ 5 ਟਰੱਸਟੀ ਵੀ ਚੁਣੇ ਗਏ ਜਿਨ੍ਹਾਂ ਵਿਚ ਜਸਪਾਲ ਸਿੰਘ ਚੰਨੀ-1099 ਵੋਟਾਂ, ਦਰਸ਼ਨ ਸਿੰਘ ਚੀਮਾ-1099 ਵੋਟਾਂ, ਨਵਤੇਜ ਸਿੰਘ ਖੁਰਾਣਾ-1094 ਵੋਟਾਂ, ਹਰਿੰਦਰ ਸਿੰਘ-1087 ਵੋਟਾਂ ਅਤੇ ਜਗਜੀਤ ਸਿੰਘ-1086 ਵੋਟਾਂ ਲੈ ਕੇ ਸੱਤਾਧਾਰੀ ਧੜੇ ਨੂੰ ਹਰਾਉਣ ਵਿਚ ਕਾਮਯਾਬ ਰਹੇ।

ਇਸੇ ਤਰ੍ਹਾਂ ਚੋਣ ਕਮੇਟੀ ਲਈ 3 ਉਮੀਦਵਾਰ ਬੀਬੀ ਕੁਲਵੰਤ ਕੌਰ-1096, ਸੱਚਦੇਵ ਸਿੰਘ ਬਰਾੜ-1095 ਅਤੇ ਬੀਬੀ ਬਲਜਿੰਦਰ ਕੌਰ ਚੀਮਾ-1094 ਵੋਟਾਂ ਨਾਲ ਆਪਣੇ ਨਿਕਟ ਵਿਰੋਧੀਆਂ ਮਹਿੰਦਰਪਾਲ ਸਿੰਘ ਸੱਚਰ ਅਤੇ ਦਵਿੰਦਰ ਸਿੰਘ ਬੈਂਸ ਨੂੰ ਹਰਾਉਣ ਵਿਚ ਕਾਮਯਾਬ ਰਹੇ। ਆਡੀਟਰ ਦੇ ਅਹੁਦਿਆਂ ਲਈ ਖੜੇ ਸੁਰਿੰਦਰ ਸਿੰਘ ਦੂਆ-1095 ਅਤੇ ਬੀਬੀ ਹਰਪ੍ਰਕਾਸ਼ ਕੌਰ-1086 ਵੋਟਾਂ ਲੈ ਕੇ ਜੇਤੂ ਰਹੇ, ਜਦੋਂਕਿ ਸੱਤਾਧਾਰੀ ਧੜੇ ਦੇ ਬੀਬੀ ਸਤਿਜੋਤ ਕੌਰ ਸਾਹਨੀ ਅਤੇ ਰੁਪਿੰਦਰ ਸਿੰਘ ਖਾਲਸਾ ਜਿੱਤ ਦਰਜ ਨਾ ਕਰਵਾ ਸਕੇ।

ਇਸ ਵਾਰ ਕੁਲ 2776 ਵੋਟਾਂ ਦਰਜ ਹੋਈਆਂ ਸਨ ਜਿਨ੍ਹਾਂ ਵਿਚੋਂ 2226 ਵੋਟਾਂ ਪੋਲ ਹੋਈਆਂ। ਯੂਬਾ ਸਿਟੀ ਅਤੇ ਫਰੀਮਾਂਟ ਵਾਂਗ ਚੋਣਾਂ ਦਾ ਕੰਮ ਇਥੇ ਵੀ ਟਰੂ ਬੈਲਟ ਨਾਂ ਦੀ ਏਜੰਸੀ ਵਲੋਂ ਭੁਗਤਾਇਆ ਗਿਆ ਸੀ। ਇਸ ਸੰਦਰਭ ਵਿਚ ਚੋਣ ਮੁਹਿੰਮ ਦੀ ਅਗਵਾਈ ਕਰਦੇ ਸ. ਅਮਰ ਸਿੰਘ ਗਿੱਲ, ਸ. ਦਵਿੰਦਰ ਸਿੰਘ ਬੈਨੀਪਾਲ ਅਤੇ ਸ. ਬਰਜਿੰਦਰ ਸਿੰਘ ਬਰਾੜ ਨੇ ਕਿਹਾ ਕਿ ਗੁਰਦੁਆਰਾ ਗਲੈਨਰਾਕ ਦੇ ਵਿਧਾਨ ਮੁਤਾਬਕ ਪ੍ਰਬੰਧਕ ਕਮੇਟੀ ਦੀ ਚੋਣ ਹਰ ਸਾਲ ਹੋਣੀ ਚਾਹੀਦੀ ਹੈ ਪਰ ਸਿੱਖ ਯੂਥ ਆਫ ਅਮੈਰਿਕਾ ਦੇ ਗਲਬੇ ਵਾਲੇ ਪ੍ਰਬੰਧਕਾਂ ਨੇ ਗੁਰਦੁਆਰਾ ਸੰਵਿਧਾਨ ਦੀਆਂ ਧੱਜੀਆਂ ਉਡਾਉਂਦਿਆਂ ਸੰਨ 2005 ਤੋਂ ਬਾਅਦ ਪ੍ਰਬੰਧ ਉਤੇ ਆਪਣਾ ਕਬਜ਼ਾ ਬਹਾਲ ਰਖਣ ਲਈ ਵਿਧਾਨ ਅਨੁਸਾਰ ਚੋਣਾਂ ਨਾ ਕਰਵਾਈਆਂ ਅਤੇ ਆਪਣੇ ਹੀ ਬੰਦੇ ਚੁਣ ਕੇ ਚੋਣਾਂ ਹੋ ਗਈਆਂ ਦਾ ਢਕਵੰਜ ਵਰਤਦੇ ਰਹੇ। ਇਹ ਵੀ ਦਿਲਚਸਪ ਗੱਲ ਹੈ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਵਿਚ ਹੁਣ ਸਰਗਰਮ ਬਹੁਤੇ ਵਿਅਕਤੀ ਪੁਰਾਣੇ ਪ੍ਰਬੰਧਕਾਂ ਵਲੋ ਕੀਤੀਆਂ ਨਿਯੁਕਤੀਆਂ ਦਾ ਬਾਈਕਾਟ ਹੀ ਕਰਦੇ ਆਏ ਹਨ।

ਇਸ ਗੁਰੂਘਰ ਦੇ ਵਿਧਾਨ ਮੁਤਾਬਕ ਨਿਊ ਜਰਸੀ ਸਟੇਟ ਵਿਚ ਰਹਿੰਦਾ ਕੋਈ ਵੀ ਸਿੱਖ ਜੋ ਕਿਸੇ ਹੋਰ ਗੁਰੂਘਰ ਦਾ ਮੈਂਬਰ ਨਹੀਂ ਹੈ, ਗਲੈਨਰਾਕ ਗੁਰੂਘਰ ਦਾ ਮੈਂਬਰ ਬਣ ਸਕਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ 1983 ਦੇ ਕਰੀਬ ਜਦੋਂ ਇਹ ਗੁਰੂਘਰ ਬਣਿਆ ਸੀ ਤਾਂ ਉਸ ਸਮੇਂ ਨਿਊ ਜਰਸੀ ਵਿਚ ਦੋ ਹੀ ਗੁਰੂਘਰ ਸਨ। ਦੂਜਾ ਗੁਰੂਘਰ ਬਰਿਜਵਾਟਰ ਵਿਚ ਸੀ। ਵਕਤ ਮੁਤਾਬਕ ਉਸ ਸਮੇਂ ਵੋਟਰਾਂ ਦਾ ਘੇਰਾ ਪੂਰੀ ਸਟੇਟ ਨੂੰ ਰਖਣਾ ਯੋਗ ਲਗਦਾ ਹੋਵੇਗਾ ਪਰ ਅਜ ਜਦੋਂ ਇਸ ਸਟੇਟ ਵਿਚ 9 ਗੁਰੂਘਰ ਹਨ ਤਾਂ "ਕੌਣ ਮੈਂਬਰ, ਕੌਣ ਨਹੀਂ?" ਦੇ ਸਵਾਲ ਉਠਣੇ ਸੁਭਾਵਿਕ ਹਨ। ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦਾ ਇਹ ਦੋਸ਼ ਰਿਹਾ ਹੈ ਕਿ ਸਿੱਖ ਯੂਥ ਆਫ ਅਮੈਰਿਕਾ ਦੇ ਗਲਬੇ ਵਾਲੇ ਪ੍ਰਬੰਧਕ ਉਨ੍ਹਾਂ ਨੂੰ ਵੀ ਮੈਂਬਰ ਬਣਾ ਲੈਂਦੇ ਰਹੇ ਹਨ, ਜਿਨ੍ਹਾਂ ਦੇ ਸਾਰਾ ਸਾਲ ਗੁਰੂਘਰ ਕਦੇ ਦਰਸ਼ਨ ਨਹੀਂ ਹੋਏ ਹੁੰਦੇ ਅਤੇ ਉਹ ਹੋਰ ਗੁਰੂਘਰਾਂ ਦੇ ਮੈਂਬਰ ਵੀ ਹੁੰਦੇ ਹਨ। ਇਸ ਪੱਖੋਂ ਇਹ ਗੁਰੂਘਰ ਵੀ ਹੋਰ ਕਈ ਗੁਰੂਘਰਾਂ ਵਾਂਗ ਵਿਧਾਨਕ ਸੰਕਟ ਦਾ ਸ਼ਿਕਾਰ ਹੋ ਚੁਕਾ ਸੀ।



*ਚੋਣ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦੇ ਜੇਤੂ ਉਮੀਦਵਾਰ ਸਮਰਥਕਾਂ ਨਾਲ*

**ਵਿਧਾਨ ਵਿਚਾਰੇ ਕੀ ਕਰਨ:** ਇਤਿਹਾਸ ਗਵਾਹ ਹੈ ਕਿ ਵਿਧਾਨ ਨੂੰ ਨਾ ਮੰਨਣ ਵਾਲੇ ਜੇ ਚਾਹੁਣ ਤਾਂ ਕਿਸੇ ਵੀ ਸੁਨਹਿਰੀ ਵਿਧਾਨ ਨਾਲ ਖਿਲਵਾੜ ਕਰ ਸਕਦੇ ਹਨ। ਕਸੂਰ ਵਿਧਾਨਾਂ ਦਾ ਨਹੀਂ ਹੈ, ਸਗੋਂ ਕੁਝ ਕੁ ਲੋਕਾਂ ਦੀਆਂ ਕਬਜ਼ਾ ਕਰੂ ਨੀਤੀਆਂ ਵਿਧਾਨ ਨੂੰ ਆਪਣੇ ਹੱਕ ਵਿਚ ਵਰਤਣ ਦਾ ਰਾਹ ਲਭ ਲੈਂਦੀਆ ਹਨ। ਇਹੋ ਕਾਰਨ ਹੈ ਕਿ ਚੋਣਾਂ ਜਿੱਤਣ ਲਈ ਗੁਰਘਰ ਦੇ ਕਾਇਦੇ-ਕਾਨੂੰਨ ਨੂੰ ਛਿੱਕੇ ਟੰਗ ਕੇ ਉਹ ਲੋਕ ਵੀ ਮੈਂਬਰ ਬਣਾ ਲਏ ਜਾਂਦੇ ਹਨ, ਜਿਨ੍ਹਾਂ ਦਾ ਗੁਰੂਘਰ ਨਾਲ ਵਾਸਤਵ ਵਿਚ ਕੋਈ ਸਬੰਧ ਨਹੀਂ ਹੁੰਦਾ। ਸਿੱਖ ਯੂਥ ਆਫ ਅਮੈਰਿਕਾ ਦੇ ਆਗੂਆਂ ਯਾਦਵਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਉਤੇ ਵੀ ਅਜਿਹੇ ਹੀ ਦੋਸ਼ ਲਗਦੇ ਰਹੇ ਹਨ।

**ਫਰੀਮਾਂਟ ਬਨਾਮ ਗਲੈਨਰਾਕ:** ਅਗਰ ਇਨ੍ਹਾਂ ਦੋਹਾਂ ਗੁਰੂਘਰਾਂ ਦੇ ਹਾਲਾਤ 'ਤੇ ਨਜ਼ਰ ਮਾਰੀਏ ਤਾਂ ਸੰਗਤ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਵਿਚ ਕਾਫੀ ਸਮਾਨਤਾ ਹੈ। ਦੋਹਾਂ ਗੁਰੂਘਰਾਂ ਦੇ ਪ੍ਰਬੰਧ ਉਤੇ ਸਿੱਖ ਯੂਥ ਆਫ ਅਮੈਰਿਕਾ ਅਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਕੁਨਾਂ ਦਾ ਲੰਬਾ ਸਮਾਂ ਕਬਜ਼ਾ ਰਿਹਾ ਹੈ। ਫਰੀਮਾਂਟ ਗੁਰੂਘਰ ਉਤੇ ਸਿੱਖ ਯੂਥ ਆਫ ਅਮੈਰਿਕਾ ਦੇ ਜਸਜੀਤ ਸਿੰਘ ਚੇਲਾ-ਜਸਵਿੰਦਰ ਸਿੰਘ ਜੰਡੀ ਧੜੇ ਦਾ 1996 ਤੋਂ 2004 ਤਕ ਕਬਜ਼ਾ ਰਿਹਾ। ਇਹ ਪ੍ਰਬੰਧਕ ਚੋਣਾਂ ਕਰਵਾਉਣ ਤੋਂ ਇਸ ਬਹਾਨੇ ਇਨਕਾਰੀ ਰਹੇ ਕਿ ਸਿੱਖ ਧਰਮ ਵਿਚ ਚੋਣਾਂ ਦਾ ਨਹੀਂ ਸਿਲੈਸ਼ਨ ਦਾ ਵਿਧਾਨ ਹੈ। ਅਖੀਰ ਅਦਾਲਤ ਦੇ ਹੁਕਮਾਂ ਨਾਲ ਹੀ ਚੋਣਾਂ ਹੋ ਸਕੀਆਂ। ਨਿਊ ਜਰਸੀ ਦੇ ਗੁਰਦੁਆਰਾ ਗਲੈਨਰਾਕ ਵਿਚ ਸੰਨ 2005 ਤੋਂ ਬਾਅਦ 18 ਅਪਰੈਲ 2010 ਨੂੰ ਹੀ ਚੋਣਾਂ ਹੋ ਸਕੀਆਂ। ਗਲਤ ਤਰੀਕੇ ਨਾਲ ਵੋਟਾਂ ਫਰੀਮਾਂਟ ਵਿਚ ਵੀ ਬਣੀਆਂ ਅਤੇ ਅਜਿਹੇ ਹੀ ਦੋਸ਼ ਗਲੈਨਰਾਕ ਗੁਰੂਘਰ ਦੇ ਸਿਲਸਿਲੇ ਵਿਚ ਲਗਦੇ ਆ ਰਹੇ ਹਨ। ਦੋਹਾਂ ਹੀ ਥਾਵਾਂ 'ਤੇ ਇਨ੍ਹਾਂ ਸੱਜਣਾਂ ਦੀ ਸਲੇਟ ਦਾ ਨਾਂ ਸਾਧ ਸੰਗਤ ਸਲੇਟ ਹੀ ਹੈ। ਸਿੱਖ ਯੂਥ ਆਫ ਅਮੈਰਿਕਾ ਦੇ ਵਿਰੁਧ ਵੱਖ ਵੱਖ ਧੜਿਆਂ ਦੇ ਗਠਜੋੜ ਨੂੰ ਇਹ ਹਮੇਸ਼ਾ ਗੈਰ ਸਿਧਾਂਤਕ ਗਠਜੋੜ ਕਹਿ ਕੇ ਛੁਟਿਆਉਂਦੇ ਰਹਿੰਦੇ ਹਨ ਪਰ ਆਪ ਲੋੜ ਪੈਣ 'ਤੇ ਕਿਸੇ ਸਿਧਾਂਤ ਨੂੰ ਚੇਤੇ ਨਹੀਂ ਰੱਖਦੇ। ਗਲਤ ਵੋਟਾਂ ਬਣਾਏ ਜਾਣ ਦੇ ਦੋਸ਼ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦੇ ਸਿੱਖ ਯੂਥ ਆਫ ਅਮੈਰਿਕਾ ਦੀ ਅਗਵਾਈ ਹੇਠਲੇ ਪ੍ਰਬੰਧਕਾਂ ਉਪਰ ਵੀ ਲਗਦੇ ਆ ਰਹੇ ਹਨ ਅਤੇ ਮਾਮਲਾ ਹੁਣ ਅਦਾਲਤ ਵਿਚ ਹੈ। ਇਨ੍ਹਾਂ ਤਿੰਨਾਂ ਹੀ ਗੁਰੂਘਰਾਂ ਦੇ ਸਿਲਸਿਲੇ ਵਿਚ ਇਕ ਗੱਲ ਹੋਰ ਸਾਂਝੀ ਇਹ ਹੈ ਕਿ ਚੋਣ ਲਈ ਏਜੰਸੀ ਟਰੂ ਬੈਲਟ ਹੀ ਰਹੀ।

ਸਿੱਖ ਯੂਥ ਆਫ ਅਮੈਰਿਕਾ ਦੇ ਇਸ ਧੜੇ ਦੀ ਇਕ ਹੋਰ ਖੂਬੀ ਪ੍ਰਚਾਰ ਸਾਧਨਾਂ ਦੀ ਪ੍ਰਾਪੇਗੰਡਾ ਦੇ ਪੱਧਰ ਤੇ ਜਾ ਕੇ ਕਾਮਯਾਬੀ ਨਾਲ ਵਰਤੋਂ ਕਰ ਕੇ ਵਿਰੋਧੀਆਂ ਨੂੰ ਬੱਦੂ ਕਰਨ ਵਿਚ ਹੈ। ਇਸ ਢੰਗ ਦੀ ਵਰਤੋਂ ਹਾਲ ਹੀ ਵਿਚ ਇਸ ਧੜੇ ਨੇ ਫਰੀਮਾਂਟ ਵੀ ਬੜੀ ਕਾਮਯਾਬੀ ਨਾਲ ਕੀਤੀ। ਜਿਨ੍ਹਾਂ ਲੋਕਾਂ ਉਤੇ ਕਲ੍ਹ ਤਕ ਇਹ ਖੁਦ ਗੁਰੂਘਰ ਦੀਆਂ ਸਪਾਂਸਰਸ਼ਿਪਾਂ ਦੀ ਵਰਤੋਂ ਕਰ ਕੇ ਕਬੂਤਰਬਾਜੀ ਕਰਨ ਦੇ ਦੋਸ਼ ਲਾਉਂਦੇ ਰਹੇ ਹਨ, ਚੋਣ ਜਿੱਤਣ ਬਾਅਦ ਆਪ ਹੀ ਉਨ੍ਹਾਂ ਦਾ ਮਾਣ-ਸਨਮਾਨ ਕਰ ਰਹੇ ਹਨ। ਸਿੱਖ ਯੂਥ ਆਫ ਅਮੈਰਿਕਾ ਦੇ ਇਸ ਧੜੇ ਦੀ ਇਕ ਸਮਾਨਤਾ ਇਹ ਵੀ ਹੈ ਕਿ ਇਸਦੇ ਬਹੁਤੇ ਨੀਤੀਘਾੜੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ, ਪਟਿਆਲਾ ਨਾਲ ਸਬੰਧਤ ਹਨ, ਜਿਨ੍ਹਾਂ ਵਿਚ ਜਸਜੀਤ ਸਿੰਘ ਚੇਲਾ ਫਰੀਮਾਂਟ ਅਤੇ ਗੁਰਿੰਦਰ ਸਿੰਘ ਮਾਨਾ ਨਿਊ ਜਰਸੀ ਵਿਸ਼ੇਸ਼ ਹਨ।

**ਗਲੈਨਰਾਕ ਦੇ ਮੁੱਦੇ:** ਸਾਧ ਸੰਗਤ ਸਲੇਟ ਉਤੇ ਹਮੇਸ਼ਾਂ ਹਿਸਾਬ-ਕਿਤਾਬ ਨਾ ਦੇਣ ਦਾ ਦੋਸ਼ ਲਗਦਾ ਰਿਹਾ ਹੈ। ਇਸ ਤੋਂ ਬਿਨਾ ਜਬਰੀ ਕਬਜ਼ਾ ਕਰਨ, ਗੁਰੂਘਰ ਦਾ ਸੋਨਾ ਵੇਚਣ, ਆਪਣੇ ਸੱਕੇ ਸਬੰਧੀਆਂ ਅਤੇ ਚਹੇਤਿਆਂ ਨੂੰ ਸਪਾਂਸਰਸ਼ਿਪਾ ਭੇਜ ਕੇ ਇਥੇ ਲਿਆਉਣ ਅਤੇ ਸੰਗਤ ਨੂੰ ਗੁਮਰਾਹ ਕਰਨ ਦੇ ਦੋਸ਼ ਲਗਦੇ ਰਹੇ ਹਨ। ਹੁਣ ਸੱਤਾ ਖੁਸਣ ਤੋਂ ਬਾਅਦ ਗੁਰੂ ਘਰ ਦਾ ਰਿਕਾਰਡ ਨਾ ਦੇ ਕੇ ਜਾਣ ਦਾ ਦੋਸ਼ ਲੱਗਣਾ ਵੀ ਬਹੁਤੀ ਦੂਰ ਦੀ ਗੱਲ ਨਹੀਂ। ਸੰਗਤ ਨੂੰ ਲੁਭਾਉਣ ਲਈ ਸੱਤਾਧਾਰੀ ਧੜੇ ਨੇ ਗੁਰੂਘਰ ਦੇ ਕਿਚਨ, ਬਾਥਰੂਮ ਤੇ ਮੇਨ ਹਾਲ ਨੂੰ ਸੁਧਾਰਨ ਦਾ ਨਾਅਰਾ ਪੰਜ ਸਾਲ ਪਹਿਲਾਂ ਦਿਤਾ ਸੀ ਪਰ ਇਨ੍ਹਾਂ ਸਾਲਾਂ ਵਿਚ ਕੰਮ ਕੋਈ ਨਹੀਂ ਕੀਤਾ ਗਿਆ। ਅਖੀਰ ਸਾਧ ਸੰਗਤ ਸਲੇਟ ਨੂੰ ਸੰਗਤ ਨੇ ਪ੍ਰਬੰਧ ਤੋਂ ਲਾਹ ਲਾਂਭੇ ਕੀਤਾ। ਇਸ ਧੜੇ ਨੂੰ ਹਮੇਸ਼ਾ ਆਪਣੇ ਕੀਤੇ ਕੰਮਾਂ ਉਤੇ ਮਾਣ ਰਿਹਾ ਹੈ ਪਰ ਇਸ ਵਾਰ ਸੰਗਤ ਨੇ ਸ਼ਾਇਦ ਇਨ੍ਹਾਂ ਦੇ ਕੀਤੇ ਕੰਮਾਂ ਨੂੰ ਪਛਾਣ ਲਿਆ ਕਿ ਉਨ੍ਹਾਂ ਪੰਥ ਦੀ ਚੜ੍ਹਦੀ ਕਲਾ ਲਈ ਕਿਹੜੇ ਕਿਹੜੇ ਕੰਮ ਕੀਤੇ ਹਨ ਅਤੇ ਉਨ੍ਹਾਂ ਵਿਚ ਗੁਰੂ ਘਰਾਂ ਦੇ ਪ੍ਰਬੰਧ ਵਿਚ ਪਾਰਦਰਸ਼ਤਾ ਅਤੇ ਪ੍ਰਬੰਧ ਚਲਾਉਣ ਦੀ ਕਿੰਨੀ ਕੁ ਕਾਬਲੀਅਤ ਹੈ। ਸ਼ਾਇਦ ਉਨ੍ਹਾਂ ਨੂੰ "ਮੌਸਮੀ ਡੱਡੂਆਂ" ਦਾ ਪ੍ਰਚਾਰ ਲੈ ਡੁੱਬਾ।

**ਮੌਕਾਪ੍ਰਸਤੀ ਦਾ ਨੰਗਾ ਨਾਚ:** ਇਹ ਵੀ ਜ਼ਿਕਰਯੋਗ ਹੈ ਕਿ ਸਿੱਖ ਯੂਥ ਆਫ ਅਮੈਰਿਕਾ ਦਾ ਇਹ ਧੜਾ ਹਮੇਸ਼ਾਂ ਆਪਣੇ ਆਪ ਨੂੰ ਸਿੱਖ ਸਿਧਾਂਤਾਂ ਦਾ ਵਡਾ ਪਹਿਰੇਦਾਰ ਕਹਿੰਦਾ ਆਇਆ ਹੈ ਪਰ ਖੁਦ ਸਿੱਖ ਸਿਧਾਂਤਾਂ ਦੀ ਪੁਜ ਕੇ ਖਿਲੀ ਉਡਾਈ ਹੈ। ਇਹੋ ਨਜ਼ਾਰਾ ਗਲੈਨਰਾਕ ਗੁਰੂਘਰ ਦੀ ਚੋਣ ਵਿਚ ਸਾਹਮਣੇ ਆਇਆ ਜਦੋਂ ਕਾਲਾ ਅਫਗਾਨਾ ਨੂੰ ਸਿੱਖ ਸਿਧਾਂਤਾਂ ਦਾ ਕਾਤਲ ਗਰਦਾਨਣ ਵਾਲੇ ਇਨ੍ਹਾਂ ਹੀ ਲੋਕਾਂ ਨੇ ਕਾਲਾ ਅਫਗਾਨਾ ਧੜੇ ਦੇ ਪੰਜ ਵਿਅਕਤੀਆਂ ਨੂੰ ਆਪਣੇ ਉਮੀਦਵਾਰ ਬਣਾਇਆ ਜਿਨ੍ਹਾਂ ਵਿਚ ਸ. ਦਲਜੀਤ ਸਿੰਘ, ਰਿਸ਼ੀਪਾਲ ਸਿੰਘ, ਲਵਲੀਨ ਸਿੰਘ ਸਾਹਨੀ, ਸਤਿਯੋਗ ਸਿੰਘ ਦਾ ਜ਼ਿਕਰ ਆਉਂਦਾ ਹੈ। ਫਰੀਮਾਂਟ ਦੀ ਚੋਣ ਵਿਚ ਵੀ ਇਸ ਧੜੇ ਨੇ ਚੋਣ ਜਿੱਤਣ ਲਈ ਅਕਾਲੀ ਦਲ (ਬਾਦਲ) ਸਮੇਤ ਹਰ ਧੜੇ ਨਾਲ ਸਾਂਝ ਪਾਈ ਪਰ ਜਦੋਂ ਵਿਰੋਧੀਆਂ ਨੇ ਅਕਾਲੀ ਦਲ (ਬਾਦਲ) ਦੀ ਹਮਾਇਤ ਲਈ ਤਾਂ ਇਸ ਨੂੰ ਗੈਰਸਿਧਾਂਤਕ ਗਠਜੋੜ ਆਖਿਆ।

# ਟਾਇਰਾ ਬਿਊਨਾ ਗੁਰੂ ਘਰ ਦੇ ਪ੍ਰਬੰਧਕਾਂ ਦੀ ਅਪੀਲ ਰੱਦ

**ਯੂਬਾ ਸਿਟੀ (ਵਿਸ਼ੇਸ਼ ਪ੍ਰਤੀਨਿਧ):** ਹਰ ਸਾਲ ਨਵੰਬਰ ਮਹੀਨੇ ਨਿਕਲਦੇ ਨਗਰ ਕੀਰਤਨ ਕਰ ਕੇ ਦੁਨੀਆਂ ਭਰ ਵਿਚ ਪ੍ਰਸਿਧ ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕੀ ਖਿਚੋਤਾਣ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਵਿਰੋਧੀ ਧਿਰ ਦੇ ਇਕ ਡਾਇਰੈਕਟਰ ਸ. ਸੁਖਰਾਜ ਸਿੰਘ ਪੰਮਾ ਵਲੋਂ ਦਾਇਰ ਕੀਤੇ ਗਏ ਇਕ ਕੇਸ ਵਿਚ ਹੇਠਲੀ ਅਦਾਲਤ ਵਲੋਂ ਦਿਤੇ ਗਏ ਫੈਸਲੇ ਵਿਰੁਧ ਸਿੱਖ ਯੂਥ ਆਫ ਅਮੈਰਿਕਾ ਦੀ ਅਗਵਾਈ ਹੇਠਲੇ ਪ੍ਰਬੰਧਕਾਂ ਦੀ ਅਪੀਲ ਅਦਾਲਤ ਨੇ ਰੱਦ ਕਰ ਦਿੱਤੀ। ਸ. ਸੁਖਰਾਜ ਸਿੰਘ ਪੰਮਾ ਨੇ ਅਦਾਲਤ ਵਿਚ ਅਰਜੀ ਪਾਈ ਸੀ ਕਿ ਉਸਨੂੰ ਮੌਜੂਦਾ ਬੋਰਡ ਆਫ ਡਾਇਰੈਕਟਰ ਦੇ ਮੈਂਬਰਾਂ ਬਾਰੇ ਸੰਪਰਕ ਜਾਣਕਾਰੀ ਅਤੇ ਗੁਰੂਘਰ ਦਾ ਹਿਸਾਬ-ਕਿਤਾਬ ਜਾਨਣ ਦਾ ਹੱਕ ਦਿਵਾਇਆ ਜਾਵੇ।

ਅਦਾਲਤ ਵਿਚ ਕੀਤੇ ਆਪਣੇ ਕੇਸ ਵਿਚ ਸ. ਪੰਮਾ ਨੇ ਕਿਹਾ ਸੀ ਕਿ ਉਨ੍ਹਾਂ ਨੇ ਮੌਜੂਦਾ ਪ੍ਰਬੰਧਕਾਂ ਨੂੰ ਵਾਰ ਵਾਰ ਬੇਨਤੀ ਕੀਤੀ ਸੀ ਕਿ ਡਾਇਰੈਕਟਰ ਹੋਣ ਨਾਤੇ ਬਾਕੀ ਡਾਇਰੈਕਟਰਾਂ ਦੇ ਅਤੇ-ਪਤੇ ਦੀ ਜਾਣਕਾਰੀ ਉਨ੍ਹਾਂ ਨੂੰ ਦਿਤੀ ਜਾਵੇ ਤਾਂ ਜੋ ਉਹ ਗੁਰੂਘਰ ਦੇ ਕਾਰਜਾਂ ਸਬੰਧੀ ਉਨ੍ਹਾਂ ਨਾਲ ਗੱਲ ਕਰ ਸਕੇ, ਪਰ ਪ੍ਰਬੰਧਕਾਂ ਨੇ ਕੋਈ ਪੱਲਾ ਨਹੀਂ ਫੜਾਇਆ। ਅਦਾਲਤ ਵਿਚ ਮੌਜੂਦਾ ਪ੍ਰਬੰਧਕ ਬੋਰਡ ਦੇ 51 ਮੈਂਬਰਾਂ ਨੇ ਪ੍ਰਾਈਵੇਸੀ ਐਕਟ ਦੀ ਓਟ ਲੈਂਦਿਆਂ ਆਪਣੀ ਸੰਪਰਕ ਜਾਣਕਾਰੀ ਨਾ ਦੇਣ ਦਾ ਪੈਂਤੜਾ ਲਿਆ। ਦੋਹਾਂ ਧਿਰਾ ਦਾ ਪੱਖ ਸੁਣਨ ਬਾਦ ਜੱਜ ਨੇ ਫੈਸਲਾ ਸ. ਪੰਮਾ ਦੇ ਹੱਕ ਵਿਚ ਦਿਤਾ ਅਤੇ ਕਿਹਾ ਕਿ ਬੋਰਡ ਆਫ ਡਾਇਰੈਕਟਰ ਇਕ ਜਨਤਕ ਅਦਾਰੇ ਦੇ ਮੈਂਬਰ ਹਨ ਅਤੇ ਉਨ੍ਹਾਂ ਵਲੋਂ ਆਪਣੀ ਸੰਪਰਕ ਜਾਣਕਾਰੀ ਬਾਕੀ ਡਾਇਰੈਕਟਰਾਂ ਨਾਲ ਸਾਂਝੀ ਕਰਨ ਨਾਲ ਪ੍ਰਾਈਵੇਸੀ ਐਕਟ ਦੀ ਕੋਈ ਉਲੰਘਣਾ ਨਹੀਂ ਹੁੰਦੀ। ਪ੍ਰਬੰਧਕਾਂ ਨੇ ਅਦਾਲਤ ਦੇ ਇਸ ਫੈਸਲੇ ਵਿਰੁਧ ਉਪਰਲੀ ਅਦਾਲਤ ਵਿਚ ਅਪੀਲ ਕੀਤੀ ਜੋ ਪਿਛਲੇ ਦਿਨੀਂ ਰੱਦ ਕਰ ਦਿਤੀ ਗਈ।

ਜਾਣਕਾਰ ਸੂਤਰ ਅਨੁਸਾਰ ਸ. ਸੁਖਰਾਜ ਸਿੰਘ ਪੰਮੇ ਵਾਲੀ ਅਦਾਲਤੀ ਪਟੀਸ਼ਨ ਪਿਛੇ ਦਰਅਸਲ ਇਕ ਗੁੱਝੀ ਭਾਵਨਾ ਕੰਮ ਕਰਦੀ ਹੈ। ਸ. ਦੀਦਾਰ ਸਿੰਘ ਬੈਂਸ ਧੜਾ ਜਿਸ ਦੀ ਨੁਮਾਇੰਦਗੀ ਸ. ਸੁਖਰਾਜ ਸਿੰਘ ਪੰਮਾ ਕਰਦੇ ਹਨ, ਇਹ ਸਮਝਦਾ ਹੈ ਕਿ 2008 ਦੀ ਇਲੈਕਸ਼ਨ ਵਿਚ ਕੁਝ ਅਜਿਹੇ ਡਾਇਰੈਕਟਰ ਚੁਣੇ ਗਏ ਸਨ ਜੋ ਦਰਅਸਲ ਸਟਰ ਕਾਉਟੀ ਦੇ ਵਸਨੀਕ ਨਹੀਂ। ਉਨ੍ਹਾਂ ਵਿਚੋਂ ਇਕ ਤਾਂ ਸਿਆਟਲ ਵਾਸ਼ਿੰਗਟਨ ਨਿਵਾਸੀ ਹੈ ਅਤੇ 4 ਸੈਕਰਾਮੈਂਟੋ ਦੇ ਵਸਨੀਕ ਹਨ। ਗੁਰੂ ਘਰ ਦੇ ਵਿਧਾਨ ਅਨੁਸਾਰ ਮੈਂਬਰ ਦਾ ਸਟਰ ਕਾਊਂਟੀ ਦਾ ਵਸਨੀਕ ਹੋਣਾ ਜ਼ਰੂਰੀ ਹੈ। ਬੈਂਸ ਧੜਾ ਅਸਲ ਵਿਚ ਇਨ੍ਹਾਂ ਡਾਇਰੈਕਟਰਾਂ ਦੀ ਮੈਂਬਰੀ ਨੂੰ ਚੁਣੌਤੀ ਦੇਣ ਦੇ ਰਉਂ ਵਿਚ ਹੈ। ਇਹ ਗੱਲ ਪੱਕੀ ਹੈ ਕਿ ਅਗਰ ਬੈਂਸ ਧੜਾ ਲੋੜੀਂਦੇ ਸਬੂਤ ਭੁਗਤਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਘੱਟੋ ਘੱਟ ਪੰਜ ਮੈਂਬਰਾਂ ਨੂੰ ਮੈਂਬਰੀ ਤੋਂ ਹੱਥ ਧੋਣੇ ਪੈ ਸਕਦੇ ਹਨ।

ਸ. ਤੇਜਿੰਦਰ ਸਿੰਘ ਦੋਸਾਂਝ ਦੀ ਅਗਵਾਈ ਹੇਠਲੇ ਸਿੱਖ ਯੂਥ ਆਫ ਅਮੈਰਿਕਾ ਦੇ ਗਲਬੇ ਵਾਲੀ ਪ੍ਰਬੰਧਕ ਕਮੇਟੀ 'ਤੇ ਕਈ ਆਪਹੁਰਦੀਆਂ ਕਰਨ ਦੇ ਦੋਸ਼ ਹਨ। ਖ਼ਬਰ ਹੈ ਕਿ ਮੌਜੂਦਾ ਕਮੇਟੀ ਦੀ ਮਿਆਦ ਨਵੰਬਰ 2009 ਵਿਚ ਪੂਰੀ ਹੋ ਗਈ ਸੀ ਪਰ ਦੋਸਾਂਝ ਅਤੇ ਉਸ ਦੇ ਸਾਥੀਆਂ ਵਲੋਂ ਇਕ ਸਾਧਾਰਨ ਬਹੁਗਿਣਤੀ ਨਾਲ ਆਪਣੀ ਮਿਆਦ 4 ਸਾਲ ਲਈ ਵਧਾ ਲਈ ਗਈ ਹੈ। ਗੁਰੂਘਰ ਦੇ ਵਿਧਾਨ ਮੁਤਾਬਕ ਪ੍ਰਬੰਧਕਾਂ ਦੀ ਚੋਣ ਹਰ ਸਾਲ ਨਵੰਬਰ ਦੇ ਆਖਰੀ ਹਫਤੇ ਹੋਣੀ ਤੈਅ ਹੈ। ਆਮ ਰਾਜਸੀ ਹਲਕੇ ਸ. ਦੋਸਾਂਝ ਅਤੇ ਉਨ੍ਹਾਂ ਦੇ ਸਾਥੀਆਂ ਦੀ ਇਸ ਕਾਰਵਾਈ ਨੂੰ ਸਿੱਖ ਯੂਥ ਆਫ ਅਮਰੀਕਾ ਦੇ ਖਾਸੇ ਦਾ ਇਕ ਹਿੱਸਾ ਮੰਨਦੇ ਹਨ, ਜਿਸ ਤਹਿਤ ਇਸ ਜਥੇਬੰਦੀ ਵਲੋਂ ਗੁਰੂਘਰਾਂ ਦੇ ਵਿਧਾਨਾਂ ਦੀ ਤੋੜ-ਭੰਨ ਕਰਕੇ ਜਬਰੀ ਕਬਜ਼ੇ ਕੀਤੇ ਜਾਂਦੇ ਰਹੇ ਹਨ। ਅਜਿਹਾ ਹੀ ਕੁਝ ਫਰੀਮਾਂਟ ਅਤੇ ਨਿਊ ਜਰਸੀ ਦੇ ਗੁਰਦੁਆਰਾ ਗਲੈਨਰਾਕ ਵਿਚ ਹੋ ਚੁੱਕਾ ਹੈ।

ਬੈਂਸ ਧੜੇ ਦਾ ਕਹਿਣਾ ਹੈ ਕਿ ਮੌਜੂਦਾ ਪ੍ਰਬੰਧਕਾਂ ਦੀ ਮਿਆਦ ਪੁੱਗ ਚੁੱਕੀ ਹੈ। ਦਿਲਚਸਪ ਗੱਲ ਇਹ ਹੈ ਕਿ 2008 ਦੀ ਇਲੈਕਸ਼ਨ ਵਿਚ "ਟਰੂ ਬੈਲਟ" ਵੋਟ ਏਜੰਸੀ ਦੀ ਵਰਤੋਂ ਪਹਿਲਾ ਟਾਇਰਾ ਬਿਊਨਾ ਗੁਰੂਘਰ ਯੂਬਾ ਸਿਟੀ ਹੋਈ ਸੀ ਅਤੇ ਬਾਅਦ ਵਿਚ ਇਸ ਏਜੰਸੀ ਦੀਆਂ ਸੇਵਾਵਾਂ ਫਰੀਮਾਂਟ ਗੁਰੂਘਰ ਵਿਚ ਲਈਆਂ ਗਈਆਂ। ਦੋਵਾਂ ਹੀ ਗੁਰੂ ਘਰਾਂ ਵਿਚ ਦੋਸ਼ ਦੁਹਰਾਏ ਜਾ ਰਹੇ ਹਨ ਕਿ ਜਾਅਲੀ ਵੋਟਾਂ ਭੁਗਤਾਈਆਂ ਗਈਆਂ। ਦੋਵਾਂ ਗੁਰੂਘਰਾਂ ਦੇ ਜਾਣਕਾਰ ਸੂਤਰ ਦਸਦੇ ਹਨ ਕਿ ਫਰੀਮਾਂਟ ਅਤੇ ਯੂਬਾ ਸਿਟੀ ਗੁਰੂਘਰਾਂ ਵਿਚ ਦੂਰ-ਦੁਰਾਡਿਓਂ ਆਏ ਲੋਕ ਆ ਕੇ ਲੋਕ ਹੇਰਾ-ਫੇਰੀ ਨਾਲ ਵੋਟਾਂ ਪਾ ਕੇ ਚਲੇ ਗਏ। ਦੋਵਾਂ ਗੁਰੂਘਰਾਂ ਵਿਚ ਦਿਲਚਸਪ ਸਾਂਝ ਇਹ ਹੈ ਕਿ ਜਸਵਿੰਦਰ ਸਿੰਘ ਜੰਡੀ-ਜਸਜੀਤ ਸਿੰਘ ਚੇਲਾ ਅਤੇ ਸ. ਤੇਜਿੰਦਰ ਦੋਸਾਂਝ ਇਕੋ ਜਥੇਬੰਦੀ ਦੇ ਮੈਂਬਰ ਹਨ ਅਤੇ ਜਿੱਤਣ ਲਈ ਇਕ ਤਰੀਕੇ ਦੇ ਹੀ ਹੱਥਕੰਡੇ ਵਰਤਦੇ ਰਹੇ ਹਨ।

www.punjabtimesusa.com

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???

ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

# ਆਲਮੀ ਤਪਸ਼ ਕਾਰਨ ਕਣਕ ਦਾ ਝਾੜ ਘਟਿਆ

## ਆਕਾਲੀ ਦਲ ਤੇ ਕਾਂਗਰਸ ਵਲੋਂ ਕਿਸਾਨਾਂ ਲਈ ਰਾਹਤ ਦੀ ਮੰਗ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਆਲਮੀ ਤਪਸ਼ ਨੇ ਅਖੀਰ ਨੂੰ ਮਨੁੱਖੀ ਸਿਹਤ ਅਤੇ ਪੰਜਾਬ ਦੇ ਫਸਲੀ ਚੱਕਰ ਉਪਰ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਲੰਘੇ ਸਿਆਲ ਵਿਚ ਅਣਕਿਆਸੀ ਸਰਦੀ ਨੇ ਤਕਰੀਬਨ ਦੁਨੀਆਂ ਪੱਧਰ ਉੱਪਰ ਹੀ ਲੋਕਾਂ ਦੀ ਨਾਂਹ ਕਰਵਾ ਦਿੱਤੀ ਸੀ ਖਾਸ ਕਰਕੇ ਪੱਛਮੀ ਮੁਲਕਾਂ ਵਿਚ ਭਾਰੀ ਬਰਫਬਾਰੀ ਹੋਣ ਦੀਆਂ ਖ਼ਬਰਾਂ ਆਈਆਂ ਸਨ ਅਤੇ ਕੁਝ ਮੁਲਕਾਂ ਨੇ ਤਾਂ ਇਹ ਵੀ ਕਿਹਾ ਸੀ ਕਿ ਬਰਫਬਾਰੀ ਨੇ ਪਿਛਲੇ ਬਹੁਤ ਸਾਰੇ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਇਸ ਵਾਰ ਪੰਜਾਬ ਵਿਚ ਵਿਸ਼ੇਸ਼ ਤੌਰ 'ਤੇ ਮਾਰਚ ਦੇ ਅਖੀਰ ਵਿਚ ਅਤੇ ਅਪ੍ਰੈਲ ਦੇ ਮੁੱਢ ਵਿਚ ਹੀ ਏਨੀ ਤੇਜ਼ੀ ਨਾਲ ਗਰਮੀ ਵਧੀ ਕਿ ਹਾਲੇ ਹਰੀਆਂ ਖੜੀਆਂ ਤੇ ਪੱਕਣ 'ਤੇ ਆਈਆਂ ਫਸਲਾਂ ਇਕਦਮ ਲਾਲ ਹੋ ਗਈਆਂ। ਬਾਰਸ਼ ਨਾ ਹੋਣ ਕਾਰਨ ਕਣਕ ਦੀ ਫਸਲ ਇਕਦਮ ਪੱਕ ਗਈ। ਦੂਜੇ ਪਾਸੇ ਇਸ ਨੇ ਕਿਸਾਨਾਂ ਨੂੰ ਏਨਾ ਸਮਾਂ ਵੀ ਨਾ ਦਿੱਤਾ ਕਿ ਉਹ ਪੱਕਣ 'ਤੇ ਆਈ ਫਸਲ ਨੂੰ ਇਕ ਪਾਣੀ ਲਗਾ ਸਕਦੇ ਜਿਸ ਦੇ ਸਿੱਟੇ ਵਜੋਂ ਇਸ ਦਾ ਝਾੜ ਆਮ ਵਾਂਗ ਹੋ ਸਕਦਾ ਸੀ।

ਉਧਰ ਪੰਜਾਬ ਦੀਆਂ ਨਹਿਰਾਂ ਅਤੇ ਦਰਿਆ ਵੀ ਪਾਣੀ ਵਲੋਂ ਸੁੱਕੇ ਖੜੇ ਹਨ। ਧਰਤੀ ਹੇਠਲਾ ਪਾਣੀ ਹਰ ਆਏ ਦਿਨ ਨੀਵਾਂ ਜਾ ਰਿਹਾ ਹੈ। ਮਾਹਿਰਾਂ ਨੇ ਗਰਮੀ ਨੂੰ ਵੇਖਦਿਆਂ ਪਹਿਲਾਂ ਹੀ ਆਸ ਪ੍ਰਗਟ ਕਰ ਦਿੱਤੀ ਸੀ ਕਿ ਵਧੀ ਗਰਮੀ ਕਾਰਨ ਕਣਕ ਦੇ ਦਾਣੇ ਪਿਚਕ ਸਕਦੇ ਹਨ ਅਤੇ ਫਸਲ ਦਾ ਝਾੜ ਘਟ ਸਕਦਾ ਹੈ। ਸਿੱਟੇ ਸੰਭਾਵਤ ਦਿਸ਼ਾ ਵਿਚ ਹੀ ਸਾਹਮਣੇ ਆਏ ਹਨ। ਕਣਕ ਦਾ ਝਾੜ ਤਕਰੀਬਨ 23 ਫੀਸਦੀ ਘਟ ਗਿਆ ਹੈ। ਆਮ ਅੰਦਾਜ਼ੇ ਅਨੁਸਾਰ ਇਕ ਏਕੜ ਮਗਰ ਇਸ ਵਾਰ ਕਣਕ 2 ਤੋਂ 5 ਕੁਇੰਟਲ ਘੱਟ ਝਾੜ ਦੇ ਰਹੀ ਹੈ। ਨਵੀਂ ਸਥਿਤੀ ਨੂੰ ਵੇਖਦਿਆਂ ਬਾਦਲ ਪਰਿਵਾਰ ਦੀ ਨੂੰਹ ਅਤੇ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਕਿਸਾਨਾਂ ਨੂੰ ਇਸ ਕੁਦਰਤੀ ਆਫਤ ਦੇ ਸਿੱਟੇ ਵਜੋਂ 500 ਰੁਪਏ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਜਾਵੇ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਕਣਕ ਦਾ ਨਾ ਸਿਰਫ ਝਾੜ ਘਟ ਗਿਆ ਹੈ ਸਗੋਂ ਉਨ੍ਹਾਂ ਨੂੰ ਫਸਲ ਪਾਲਣ ਲਈ ਡੀਜ਼ਲ ਵੀ ਵਧੇਰੇ ਬਾਲਣਾ ਪਿਆ ਹੈ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਝੋਨੇ ਦੀ ਫਸਲ ਪਾਲਣ ਵੇਲੇ ਵੀ ਸਾਉਣ ਦਾ ਮਹੀਨਾ ਸੁੱਕਾ ਲੰਘ ਗਿਆ ਸੀ ਅਤੇ ਬਾਰਸ਼ਾਂ ਘੱਟ ਹੋਣ ਕਾਰਨ ਮਹਿੰਗਾ ਡੀਜ਼ਲ ਬਾਲ ਕੇ ਕਿਸਾਨਾਂ ਨੂੰ ਫਸਲ ਪਾਲਣੀ ਪਈ ਸੀ। ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਸੋਕੇ ਦੇ ਸੰਦਰਭ ਵਿਚ ਪੰਜਾਬ ਨੇ ਕੇਂਦਰ ਤੋਂ ਰਾਹਤ ਪੈਕੇਜ ਮੰਗਿਆ ਸੀ ਪਰ ਹਾਲੇ ਤੱਕ ਇਸ ਦਾ ਕੋਈ ਜਵਾਬ ਨਹੀਂ ਮਿਲਿਆ। ਇਸ ਦੌਰਾਨ ਪ੍ਰਸਿੱਧ ਸਮਾਜ ਸੇਵੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਾਤਾਵਰਣ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਹੈ ਕਿ ਗਲੋਬਲ ਵਾਰਮਿੰਗ ਮਨੁੱਖੀ ਜੀਵਨ 'ਤੇ ਅਸਰ ਕਰਨ ਲੱਗੀ ਹੈ। ਇਸ ਲਈ ਮਨੁੱਖ ਨੂੰ ਸਾਦੀ ਜ਼ਿੰਦਗੀ ਵਲ ਮੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਮੁਕਾਬਲੇ ਲਈ ਸਾਨੂੰ ਵਿਆਪਕ ਪੱਧਰ 'ਤੇ ਰੁੱਖ ਲਾਉਣੇ ਚਾਹੀਦੇ ਹਨ।



ਬਠਿੰਡਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਮਾਰਚ ਮਹੀਨੇ ਦੌਰਾਨ ਉੱਤਰੀ ਭਾਰਤ ਵਿਚ ਅਚਾਨਕ ਗਰਮੀ ਪੈਣ ਕਾਰਨ ਕਣਕ ਦੇ ਝਾੜ ਵਿਚ 23 ਫੀਸਦੀ ਦੀ ਕਮੀ ਆ ਗਈ ਹੈ, ਇਸ ਦੇ ਮੱਦੇਨਜ਼ਰ ਕਣਕ 'ਤੇ 500 ਰੁਪਏ ਪ੍ਰਤੀ ਕੁਇੰਟਲ ਬਨੋਸ ਦਾ ਤੁਰੰਤ ਐਲਾਨ ਕਰਨ ਤੋਂ ਇਲਾਵਾ ਭਾਰਤੀ ਰਿਜ਼ਰਵ ਬੈਂਕ ਨੂੰ ਖੇਤੀ ਕਰਜ਼ਿਆਂ ਦੀ ਵਸੂਲੀ 'ਤੇ ਵੀ ਰੋਕ ਲਾਉਣ ਲਈ ਆਦੇਸ਼ ਦਿੱਤੇ ਜਾਣ। ਖੇਤੀ ਖੇਤਰ ਵਿਚ ਇਸ ਗੈਰ-ਮਿਸਾਲੀ ਸੰਕਟ ਨੂੰ ਕੌਮੀ ਕੁਦਰਤੀ ਆਫਤ ਐਲਾਨੇ ਜਾਣ ਦੀ ਮੰਗ ਕਰਦਿਆਂ ਸ੍ਰੀਮਤੀ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਸਥਿਤੀ ਦੀ ਗੰਭਾਰਤਾ ਨੂੰ ਸਮਝਦਿਆਂ ਤੁਰੰਤ ਕਿਸਾਨਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਉਨ੍ਹਾਂ ਕਿਹਾ ਕਿ ਖੇਤੀ ਮਾਹਰਾਂ ਅਨੁਸਾਰ ਇਸ ਵਰ੍ਹੇ ਕਣਕ ਦਾ ਉਤਪਾਦਨ 160 ਲੱਖ ਟਨ ਤੋਂ ਵਧਣ ਦੀ ਸੰਭਾਵਨਾ ਸੀ, ਪਰ ਤਾਪਮਾਨ 44 ਡਿਗਰੀ ਸੈਲਸੀਅਸ ਪਹੁੰਚ ਜਾਣ ਕਾਰਨ ਕਣਕ ਦੇ ਦਾਣੇ ਸੁੰਗੜਨ ਨਾਲ ਇਹ ਉਤਪਾਦਨ 150 ਲੱਖ ਟਨ ਤੱਕ ਹੀ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਸਾਧਨਾਂ ਨਾਲ ਕਿਸਾਨਾਂ ਦੀ ਮੁਫਤ ਬਿਜਲੀ ਰਾਹੀਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਹ ਝਾੜ ਪਿਛਲੇ ਵਰ੍ਹੇ ਦੇ 20 ਕੁਇੰਟਲ ਪ੍ਰਤੀ ਏਕੜ ਦੇ ਮੁਕਾਬਲੇ ਇਸ ਵਾਰ 12 ਕੁਇੰਟਲ ਹੀ ਰਹਿ ਗਿਆ ਹੈ। ਸ੍ਰੀਮਤੀ ਬਾਦਲ ਨੇ ਝਾੜ ਦੀ ਕਮੀ ਦੇ ਮੱਦੇਨਜ਼ਰ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 1100 ਰੁਪਏ ਪ੍ਰਤੀ ਕੁਇੰਟਲ ਤੋਂ ਇਲਾਵਾ 500 ਰੁਪਏ ਪ੍ਰਤੀ ਕੁਇੰਟਲ ਬੋਨਸ ਵੀ ਤੁਰੰਤ ਐਲਾਨਣ ਦੀ ਮਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਤਪਾਦਨ ਵਿਚ ਕਮੀ ਕਾਰਨ ਕਿਸਾਨ ਆਪਣੇ ਖੇਤੀ ਕਰਜ਼ਿਆਂ ਨੂੰ ਅਦਾ ਕਰਨ ਵਿਚ ਸਮਰੱਥ ਨਹੀਂ ਹੋਣਗੇ।

ਉਨ੍ਹਾਂ ਪ੍ਰਧਾਨ ਮੰਤਰੀ ਨੂੰ ਇਹ ਵੀ ਬੇਨਤੀ ਕੀਤੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ 100 ਕਰੋੜ ਰੁਪਏ ਦੀ ਵਿਸ਼ੇਸ਼ ਗਰਾਂਟ ਜਾਰੀ ਕੀਤੀ ਜਾਵੇ। ਤਾਂ ਜੋ ਭਵਿੱਖ ਵਿਚ ਗਰਮੀ ਦਾ ਸਾਹਮਣਾ ਕਰਨ ਦੇ ਸਮਰੱਥ ਕਣਕ ਦੇ ਨਵੇਂ ਬੀਜਾਂ ਨੂੰ ਵਿਕਸਤ ਕੀਤਾ ਜਾ ਸਕੇ।

ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਆਲਮੀ ਤਪਸ਼ ਤੋਂ ਬਚਣ ਤੇ ਇਸਦੇ ਪ੍ਰਭਾਵ ਨੂੰ ਘੱਟ ਕਰਨ ਦਾ ਇਹੋ ਹੀ ਤਰੀਕਾ ਹੈ ਕਿ ਅਸੀਂ ਆਪਣੇ ਰਹਿਣ ਸਹਿਣ ਵਿਚ ਸਾਦਗੀ ਲਿਆਈਏ ਤੇ ਧਰਤੀ ਦੇ ਚੱਪੇ-ਚੱਪੇ ਨੂੰ ਰੁੱਖਾਂ ਨਾਲ ਭਰ ਦੇਈਏ। ਸੰਤ ਸੀਚੇਵਾਲ ਨੇ ਕਿਹਾ ਕਿ ਆਲਮੀ ਤਪਸ਼ ਦੇ ਵਧਣ ਨਾਲ ਤਾਪਮਾਨ 'ਚ ਹੋ ਰਹੇ ਵਾਧੇ ਦਾ ਪ੍ਰਭਾਵ ਬਨਸਪਤੀ ਤੇ ਖਾਸ ਕਰਕੇ ਫਸਲਾਂ 'ਤੇ ਪੈ ਰਿਹਾ ਹੈ। ਇਸੇ ਪ੍ਰਭਾਵ ਦਾ ਹੀ ਨਤੀਜਾ ਹੈ ਕ ਐਤਕੀਂ ਕਣਕ ਦੀ ਫਸਲ ਦਾ ਪਹਿਲਾਂ ਦੇ ਮੁਕਾਬਲੇ ਝਾੜ ਘਟਿਆ ਹੈ। ਅਪਰੈਲ ਮਹੀਨੇ ਵਿਚ ਵਗ ਰਹੀਆਂ ਤੱਤੀਆਂ ਹਵਾਵਾਂ ਆਮ ਤੌਰ 'ਤੇ ਮਈ-ਜੂਨ ਮਹੀਨੇ 'ਚ ਵਗਦੀਆਂ ਹੁੰਦੀਆਂ ਸਨ। ਇਸ ਵਧੇ ਤਾਪਮਾਨ ਨੇ ਆਮ ਆਦਮੀ ਦੇ ਜਨਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਧਰਤੀ ਦੇ ਇਸ ਵਧੇ ਤਾਪਮਾਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਨੁੱਖ ਨੇ ਰਹਿਣ ਸਹਿਣ ਦੇ ਜੋ ਆਧੁਨਿਕ ਵਸੀਲੇ ਬਣਾਏ ਹਨ ਇਸ ਦਾ ਪ੍ਰਭਾਵ ਵੀ ਸਿੱਧੇ ਤੌਰ 'ਤੇ ਵਾਤਾਵਰਣ 'ਤੇ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਸੰਤ ਸੀਚੇਵਾਲ ਪਿਛਲੇ ਸਾਲ ਦਸੰਬਰ 'ਚ ਕੋਪਨਹੇਗਨ ਵਿਚ ਜਲਵਾਯੂ ਤਬਦੀਲੀ ਸਬੰਧੀ ਧਾਰਮਿਕ ਆਗੂਆਂ ਦੇ ਹੋਏ ਸ਼ਿਖਰ ਸੰਮੇਲਨ ਵਿਚ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਸਨ। ਸਾਰਕ ਦੇਸ਼ਾਂ ਵਲੋਂ ਵੀ ਹਾਲ ਹੀ 'ਚ ਉਨ੍ਹਾਂ ਨੂੰ 'ਸਾਰਕ ਵਾਤਾਵਰਣ ਐਵਾਰਡ 2010' ਨਾਲ ਸਨਮਾਨਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਵੀ ਉਨ੍ਹਾਂ ਨੂੰ ਪਿਛਲੇ ਸਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਹੈ।



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਯੂਰਪ ਨੂੰ ਜਵਾਲਾਮੁਖੀ ਦੀ ਰਾਖ ਨੇ ਘੇਰਿਆ

## ਪੰਜ ਦਿਨ ਬੰਦ ਰਿਹਾ ਹਵਾਈ ਟ੍ਰੈਫਿਕ
## ਯੂਰਪ ਨੇ ਸੀਮਤ ਰੂਪ ਵਿਚ ਖੋਲ੍ਹੀਆਂ ਹਵਾਈ ਸੇਵਾਵਾਂ

ਵਿਚ ਹਵਾਈ ਟਰੈਫਿਕ ਨੂੰ ਬੰਦ ਕੀਤਿਆਂ 5ਵਾਂ ਦਿਨ ਹੋਇਆ, ਇਸ ਸਨਅਤ ਨਾਲ ਜੁੜੀਆਂ ਕੰਪਨੀਆਂ ਦਾ ਘਾਟਾ 1 ਅਰਬ ਡਾਲਰ ਨੂੰ ਪਹੁੰਚ ਗਿਆ। ਇਸ ਦੇ ਨਾਲ ਹੀ ਏਅਰ ਲਾਈਨਾਂ ਨਾਲ ਸੰਬੰਧਿਤ ਕੰਪਨੀਆਂ ਨੇ ਯੂਰਪੀਨ ਸਰਕਾਰ ਤੋਂ ਰਾਹਤ ਮੰਗਣੀ ਸ਼ੁਰੂ ਕਰ ਦਿੱਤੀ ਅਤੇ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਕੰਪਨੀਆਂ ਦਾ ਆਖਣਾ ਹੈ ਕਿ ਯੂਰਪੀਨ ਸਰਕਾਰਾਂ ਵਲੋਂ ਉਡ ਰਹੀ ਸੁਆਹ ਦੀ ਘਣਤਾ ਨੂੰ ਮਾਪਣ ਲਈ ਵਿਗਿਆਨਕ ਤਰੀਕੇ ਨਹੀਂ ਅਪਣਾਏ ਗਏ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ ਦੇ ਮੁਖੀ ਸ੍ਰੀ ਜਿਓਵਾਨੀ ਬੀਸਿਗਨਾਨੀ ਨੇ ਯੂਰਪੀ ਸਰਕਾਰਾਂ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਹਰ ਆਏ ਦਿਨ ਹਵਾਈ ਕੰਪਨੀਆਂ ਦਾ ਘਾਟਾ ਵਧ ਰਿਹਾ ਹੈ ਅਤੇ ਯੂਰਪੀਨ ਸਰਕਾਰਾਂ ਕੁਝ ਵੀ ਨਹੀਂ ਕਰ ਰਹੀਆਂ। ਇਸ ਦੌਰਾਨ ਕਈ ਕੰਪਨੀਆਂ ਦੇ ਸ਼ੇਅਰ ਡਿੱਗਣੇ ਸ਼ੁਰੂ ਹੋ ਗਏ। ਹਵਾਈ ਕੰਪਨੀਆਂ ਦੀ ਇਸ ਕੌਮਾਂਤਰੀ ਐਸੋਸੀਏਸ਼ਨ ਦੇ ਆਗੂ ਨੇ ਕਿਹਾ ਕਿ ਸਰਕਾਰ ਵਲੋਂ ਇਸ ਮਾਮਲੇ ਵਿਚ ਕੋਈ ਅਗਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਤੱਦੀ ਵਿਖਾਈ ਗਈ ਹੈ। ਇੰਟਰਨੈਸ਼ਨਲ ਏਅਰ ਟਰਾਂਸਪੋਰਟ ਨੇ ਵਿਸ਼ੇਸ਼ ਤੌਰ 'ਤੇ ਸੁਆਹ ਦੀ ਬੱਦਲਵਾਈ ਸਬੰਧੀ ਅਪਣਾਈ ਗਈ ਕਿਤਾਬੀ ਪਹੁੰਚ ਦੀ ਆਲੋਚਨਾ ਕੀਤੀ ਹੈ।

ਸ੍ਰੀ ਬੀਸਿਗਨਾਨੀ ਨੇ ਕਿਹਾ ਕਿ ਅਸੀਂ ਲਾਵੇ ਕਾਰਨ ਪੈਦਾ ਹੋਈਆਂ ਅਜਿਹੀਆਂ ਸਮੱਸਿਆਵਾਂ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿਚ ਹੁੰਦੀਆਂ ਪਹਿਲਾਂ ਵੀ ਵੇਖੀਆਂ ਹਨ ਪਰ ਕਦੀ ਵੀ ਇਸ ਪੱਧਰ 'ਤੇ ਹਵਾਈ ਸਪੇਸ ਬੰਦ ਨਹੀਂ ਕੀਤੀ ਗਈ। ਜਦੋਂ 1980 ਵਿਚ ਅਮਰੀਕਾ ਦੇ ਮਾਊਂਟ ਸੇਂਟ ਹੇਂਨਜ਼ ਵਿਚ ਲਾਵਾ ਫੁੱਟਿਆ ਸੀ ਤਾਂ ਇਸ ਪੱਧਰ 'ਤੇ ਹਵਾਈ ਆਵਾਜਾਈ ਨਹੀਂ ਸੀ ਰੋਕੀ ਗਈ ਕਿਉਂਕਿ ਹਵਾਈ ਸਪੇਸ ਨੂੰ ਬੰਦ ਕਰਨਾ ਜਾਂ ਖੋਲ੍ਹਣਾ ਰਿਸਕ ਮੈਨੇਜਮੈਂਟ ਦਾ ਹਿੱਸਾ ਹੈ।

ਉਧਰ ਯੂਰਪੀਅਨ ਪ੍ਰਧਾਨ ਨੇ ਕਿਹਾ ਹੈ ਕਿ ਹਵਾਈ ਸਪੇਸ ਨੂੰ ਮੁੜ ਖੋਲ੍ਹਣ ਦਾ ਮਸਲਾ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਸਪੇਨੀ ਟਰਾਂਸਪੋਰਟ ਮਨਿਸਟਰ ਜੌਸ ਵਾਲਿੰਟੋ ਨੇ ਕਿਹਾ ਕਿ ਸਾਡੀ ਪ੍ਰਮੁੱਖ ਚਿੰਤਾ ਸੁਰੱਖਿਆ ਅਤੇ ਰੱਖ ਰਖਾਅ ਨਾਲ ਜੁੜੀ ਹੋਈ ਹੈ। ਯਾਦ ਰਹੇ ਯੂਰਪ ਦੀ ਮੌਜੂਦਾ ਪ੍ਰਧਾਨਗੀ ਵੀ ਸਪੇਨ ਕੋਲ ਹੀ ਹੈ। ਬੀਸਿਗਨਾਨੀ ਨੇ ਕਿਹਾ, "ਯੂਰਪੀਨ ਮੁਲਕਾਂ ਦੇ ਟਰਾਂਸਪੋਰਟ ਮੰਤਰੀਆਂ ਵਿਚਾਲੇ ਕਾਨਫਰੰਸ ਆਯੋਜਿਤ ਕਰਨ ਨੂੰ ਹੀ 5 ਦਿਨ ਲੱਗ ਗਏ ਜਦਕਿ ਸਾਡੀਆਂ ਕੰਪਨੀਆਂ 200 ਮਿਲੀਅਨ ਡਾਲਰ ਰੋਜ਼ਾਨਾ ਨੁਕਸਾਨ ਉਠਾ ਰਹੀਆਂ ਹਨ। ਸਾਰੀ ਦੁਨੀਆਂ ਵਿਚ 750000 ਮੁਸਾਫਿਰ ਰੁਕੇ ਹੋਏ ਹਨ। ਕੀ ਅਜਿਹਾ ਕਰਨ ਦੀ ਕੋਈ ਤੁਕ ਬਣਦੀ ਹੈ।"

ਇਥੇ ਜ਼ਿਕਰਯੋਗ ਹੈ ਕਿ ਆਈਸਲੈਂਡ ਵਿਚ 14 ਅਪ੍ਰੈਲ ਨੂੰ ਇਹ ਲਾਵਾ ਫੁੱਟਣਾ ਸ਼ੁਰੂ ਹੋਇਆ ਸੀ ਜਿਸ ਦੀ ਰਾਖ ਯੂਰਪ ਦੇ ਬਹੁਤ ਸਾਰੇ ਮੁਲਕਾਂ ਵਿਚ ਫੈਲ ਗਈ ਹੈ। ਕੈਨੇਡਾ ਦੇ ਵੀ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। ਆਇਰਲੈਂਡ, ਇੰਗਲੈਂਡ, ਫਰਾਂਸ, ਜਰਮਨੀ, ਆਸਟਰੀਆ, ਬੈਲਜੀਅਮ, ਨੀਂਦਰਲੈਂਡ ਸਵਿਟਜ਼ਰਲੈਂਡ, ਇਟਲੀ, ਸਪੇਨ, ਸਵੀਡਨ, ਡੈਨਮਾਰਕ, ਫਿਨਲੈਂਡ, ਨਾਰਵੇ, ਬੁਲਗਾਰੀਆ, ਪੋਲੈਂਡ, ਚੈਕ ਰਿਪਲਿਕ, ਸਲੋਵਾਕੀਆ, ਰੂਸ, ਕਰੋਸ਼ੀਆ, ਤੁਰਕੀ, ਰੋਮਾਨੀਆ, ਸਰਬੀਆ ਅਤੇ ਮਾਉਂਟਗਰੋ ਜਿਹੇ ਮੁਲਕ ਇਸ ਰਾਖ ਤੋਂ ਪ੍ਰਭਾਵਿਤ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਅਜਿਹੀ ਕਿਸੇ ਕੁਦਰਤੀ ਆਫਤ ਕਰਕੇ ਏਨਾ ਲੰਬਾ ਸਮਾਂ ਕਦੇ ਵੀ ਹਵਾਈ ਆਵਾਜਾਈ ਨਹੀਂ ਸੀ ਰੋਕੀ ਗਈ। ਆਈਸਲੈਂਡ ਨਾਂ ਦਾ ਇਹ ਛੋਟਾ ਜਿਹਾ ਟਾਪੂ ਨਿਊਯਾਰਕ ਸਿਟੀ ਤੋਂ 4200 ਕਿਲੋਮੀਟਰ ਅਤੇ ਸਕਾਟਲੈਂਡ ਤੋਂ 860 ਕਿਲੋਮੀਟਰ ਉੱਪਰ ਸਥਿਤ ਹੈ। ਯੂਰਪ ਵਿਚ ਇਹ ਦੂਜਾ ਸਭ ਤੋਂ ਵੱਡਾ ਆਈਸਲੈਂਡ ਹੈ ਜਿਹੜਾ ਕਿ ਗਰੀਨ ਲੈਂਡ ਦੇ ਪੂਰਬ ਵਿਚ ਸਥਿਤ ਹੈ।

ਇਥੇ ਦੱਸਣਯੋਗ ਹੈ ਕਿ 11 ਸਤੰਬਰ 2001 ਵਿਚ ਅਮਰੀਕਾ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਅਮਰੀਕੀ ਹਵਾਈ ਖੇਤਰ 3 ਦਿਨਾਂ ਲਈ ਬੰਦ ਕਰ ਦਿੱਤਾ ਗਿਆ ਸੀ ਤੇ ਯੂਰਪੀਨ ਏਅਰਲਾਈਨਜ਼ ਨੂੰ ਸਾਰੀਆਂ ਉਡਾਣਾਂ ਰੋਕਣੀਆਂ ਪਈਆਂ ਸਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਰਾਖ ਦਾ ਨਿਕਲਣਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ 6 ਮਹੀਨਿਆਂ ਲਈ ਹਵਾਈ ਟਰੈਫਿਕ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਬਰਤਾਨਵੀ ਏਅਰ ਨੈਵੀਗੇਸ਼ਨ ਸਰਵਿਸ ਪ੍ਰੋਵਾਈਡਰ ਤੇ ਯੂਰੋ ਕੰਟਰੋਲ ਵਲੋਂ ਦਿੱਤੀ ਸਲਾਹ ਤੋਂ ਬਾਅਦ ਏਅਰ ਇੰਡੀਆ, ਜੈਟ ਏਅਰਵੇਜ਼ ਤੇ ਕਿੰਗਫਿਸ਼ਰ ਏਅਰਲਾਈਨਜ਼ ਨੇ 17 ਅਪ੍ਰੈਲ ਨੂੰ ਲੰਦਨ, ਪੈਰਿਸ, ਬਰਸਲਜ਼, ਸ਼ਿਕਾਗੋ, ਫ੍ਰੈਂਕਫਰਟ, ਟੋਰਾਂਟੋ, ਨਿਊਯਾਰਕ ਨੂੰ ਆਣ ਤੇ ਜਾਣ ਵਾਲੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਸਨ। ਇਨ੍ਹਾਂ ਵਿਚ ਏਅਰ ਇੰਡੀਆ ਦੀ ਦਿੱਲੀ ਤੋਂ ਮੁੰਬਈ, ਮੁੰਬਈ ਤੋਂ ਨਿਊਯਾਰਕ ਦੀਆਂ ਨਾਨ ਸਟਾਪ ਉਡਾਣਾਂ ਵੀ ਸ਼ਾਮਿਲ ਸਨ। ਦਿੱਲੀ ਤੇ ਮੁੰਬਈ ਦੇ ਹਵਾਈ ਅੱਡਿਆਂ 'ਤੇ ਜਹਾਜ਼ ਖੜ੍ਹਾ ਕਰਨ ਲਈ ਜਗਾਹ ਨਹੀਂ ਰਹੀ ਸੀ, ਕਿਉਂਕਿ ਵਿਦੇਸ਼ੀ ਕੰਪਨੀਆਂ ਜਿਵੇਂ ਬ੍ਰਿਟਿਸ਼ ਏਅਰਵੇਜ਼, ਲੁਫਤਾਂਸਾ, ਵਰਜਿਨ ਐਟਲਾਂਟਿਕ, ਏਅਰ ਫਰਾਂਸ, ਡੈਲਟਾ ਤੇ ਕੁਝ ਹੋਰ ਕੰਪਨੀਆਂ ਦੇ ਜਹਾਜ਼ ਉਡਾਣਾਂ ਰੱਦ ਹੋਣ ਕਾਰਨ ਇਥੇ ਹੀ ਖੜ੍ਹੇ ਸਨ। ਇਸ ਕਰਕੇ ਵੀ ਏਅਰ ਟਰੈਫਿਕ ਪੂਰੀ ਤਰ੍ਹਾਂ ਠੱਪ ਹੋ ਗਿਆ ਸੀ।

# ਪੰਜਾਬ ਕਾਂਗਰਸ ਵਲੋਂ ਵੀ ਕਿਸਾਨਾਂ ਲਈ ਰਾਹਤ ਦੀ ਮੰਗ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਨੇ ਵੀ ਮੰਗ ਕੀਤੀ ਹੈ ਕਿ ਰਾਜ ਸਰਕਾਰ ਦੀ ਅਣਗਹਿਲੀ ਅਤੇ ਮੌਸਮ ਗਰਮ ਹੋਣ ਕਾਰਨ ਕਣਕ ਦਾ ਝਾੜ 4 ਕੁਇੰਟਲ ਤਕ ਘੱਟ ਨਿਕਲਿਆ ਹੈ।

ਇਸ ਲਈ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ 200 ਰੁਪਏ ਪ੍ਰਤੀ ਕੁਇੰਟਲ ਕਿਸਾਨਾਂ ਨੂੰ ਮੁਆਵਜ਼ਾ ਦੇਣ। ਕਾਂਗਰਸ ਦੇ ਸੀਨੀਅਰ ਨੇਤਾ ਸ. ਅਵਤਾਰ ਸਿੰਘ ਬਰਾੜ, ਸ. ਦਰਸ਼ਨ ਸਿੰਘ ਬਰਾੜ, ਸ. ਈਸ਼ਰ ਸਿੰਘ, ਸ. ਹਰਮਹਿੰਦਰ ਸਿੰਘ ਸ. ਸੁਖ ਸਰਕਾਰੀਆ, ਸ. ਅਮਰਜੀਤ ਸਿੰਘ ਸਮਰਾ, ਐਚ.ਐਸ. ਜੋਸਨ ਅਤੇ ਹਰਿੰਦਰ ਸਿੰਘ ਢੀਂਡਸਾ ਨੇ ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਕਿਸਾਨ ਹਿੱਤਾਂ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਪਹਿਲਾਂ ਤਾਂ ਸਰਕਾਰ ਨੇ ਨਹਿਰੀ ਪਾਣੀ ਦੀ ਸਪਲਾਈ ਲੋੜ ਅਨੁਸਾਰ ਸਮੇਂ ਸਿਰ ਨਾ ਦਿੱਤੀ ਅਤੇ ਦੂਜਾ ਕਿਸਾਨਾਂ ਨੂੰ ਟਿਊਵੈਲਾਂ ਲਈ ਦੋ-ਦੋ ਦਿਨ ਬਿਲਕੁਲ ਬਿਜਲੀ ਨਾ ਦਿੱਤੀ, ਜੇ ਦਿਤੀ ਵੀ ਗਈ ਤਾਂ 2 ਜਾਂ ਤਿੰਨ ਘੰਟੇ ਅਤੇ ਉਸ ਸਮੇਂ ਦੌਰਾਨ ਵੀ ਕਈ ਵਾਰ ਬਿਜਲੀ ਆਉਂਦੀ ਅਤੇ ਕਈ ਵਾਰ ਬੰਦ ਹੋ ਜਾਂਦੀ। ਕਿਸਾਨਾਂ ਨੂੰ ਮਹਿੰਗਾ ਡੀਜ਼ਲ ਬਾਲ ਕੇ ਕਣਕ ਪਾਲਣੀ ਪਈ। ਕਣਕ ਨੂੰ ਬਚਾਉਣ ਲਈ ਕਿਸਾਨਾਂ ਦਾ ਖ਼ਰਚਾ ਆਮ ਨਾਲੋਂ ਕਿਤੇ ਵਧ ਆਇਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕਣਕ ਦਾ ਝਾੜ ਘੱਟ ਨਿਕਲਣ ਲਈ ਸਰਕਾਰ ਦੋਸ਼ੀ ਹੈ ਜਿਸ ਨੇ ਸਮੇਂ ਸਿਰ ਬਿਜਲੀ, ਪਾਣੀ ਨਹੀਂ ਦਿਤਾ ਅਤੇ ਕਣਕ ਦਾ ਦਾਣਾ ਗਰਮੀ ਕਾਰਨ ਸੁੰਗੜ ਗਿਆ। ਇਸੇ ਕਾਰਨ ਝਾੜ ਘੱਟ ਗਿਆ। ਪ੍ਰਦੇਸ਼ ਕਾਂਗਰਸ ਵਲੋਂ ਨਿਯੁਕਤ ਕੀਤੇ ਗਏ ਮੰਡੀਆਂ ਦੇ ਮੁਖੀ ਪਰਮਿੰਦਰ ਸਿੰਘ ਨੇ ਦਸਿਆ ਕਿ ਕਾਂਗਰਸ ਪ੍ਰਧਾਨ ਨੇ ਕਣਕ ਦੀ ਖ਼ਰੀਦ ਦੀ ਨਿਗਰਾਨੀ ਲਈ ਜ਼ਿਲ੍ਹਾ ਕਮੇਟੀਆਂ ਦਾ ਗਠਨ ਕੀਤਾ ਸੀ।

# ਪੀ ਏ ਯੂ ਘੁਟਾਲੇ ਦੀਆਂ ਪਰਤਾਂ ਖੁੱਲ੍ਹੀਆਂ, ਮੁਲਾਜ਼ਮ ਵੀ ਸ਼ਾਮਲ

**ਲੁਧਿਆਣਾ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਅਕਾਊਂਟ ਸ਼ਾਖਾ ਵਿਚ ਹੋਏ ਲੱਖਾਂ ਰੁਪਏ ਦੇ ਘੁਟਾਲੇ ਮਾਮਲੇ 'ਚ ਯੂਨੀਵਰਸਿਟੀ ਦੇ ਇਕ ਮੁਲਾਜ਼ਮ ਦੀ ਕਥਿਤ ਤੌਰ 'ਤੇ ਸ਼ਮੂਲੀਅਤ ਨੂੰ ਲੈ ਕੇ ਸ਼ਨਾਖ਼ਤ ਕੀਤੇ ਜਾਣ ਦੀ ਖ਼ਬਰ ਹੈ।

ਸੂਤਰਾਂ ਮੁਤਾਬਕ ਦੋ ਚੈਕ ਲੱਖਾਂ ਰੁਪਏ ਦੀ ਰਕਮ ਦੇ ਪਾਸ ਹੋਣ ਉਪਰੰਤ ਵੀ ਉਕਤ ਸ਼ਾਖਾ ਦੇ ਹਰਕਤ ਵਿਚ ਨਾ ਆਉਣ ਦੀ ਵਜ੍ਹਾ ਕਾਰਨ ਇਕ ਚੈਕ ਹੋਰ ਐਸ ਬੀ ਆਈ ਬਠਿੰਡਾ ਤੋਂ ਪਾਸ ਹੋ ਕੇ ਚਲਾ ਗਿਆ ਹੈ। ਇਸ ਤਰ੍ਹਾਂ ਹੁਣ ਫਰਜ਼ੀ ਖ਼ਾਤਿਆਂ ਰਾਹੀਂ 4 ਲੱਖ ਤੋਂ ਵਧ ਰਕਮ ਨੂੰ ਖੋਰਾ ਲੱਗ ਚੁੱਕਾ ਹੈ। ਇਸ ਮਾਮਲੇ ਨੂੰ ਲੈ ਕੇ ਬੀਤੇ ਦਿਨੀਂ ਉਚ ਅਧਿਕਾਰੀਆਂ ਨਾਲ ਮੀਟਿੰਗਾਂ ਦਾ ਦੌਰ ਚਲਦਾ ਰਿਹਾ ਸੀ। ਉਪ ਕੁਲਪਤੀ ਨੇ ਗੰਭੀਰਤਾ ਪ੍ਰਗਟਾਉਂਦਿਆਂ ਅਸਟੇਟ ਅਫ਼ਸਰ ਨੂੰ ਜਾਂਚ ਦਾ ਕੰਮ ਸੌਂਪਿਆ ਹੈ। ਇਹ ਵੀ ਪਤਾ ਚੱਲਿਆ ਹੈ ਕਿ ਤਿੰਨ ਚੈਕਾਂ ਰਾਹੀਂ ਜੋ ਪੇਮੈਂਟ ਧੋਖੇ ਨਾਲ ਕਢਵਾਈ ਗਈ ਹੈ ਕੀ ਉਹ ਵੱਖ-ਵੱਖ ਨਾਵਾਂ ਅਤੇ ਵੱਖ-ਵੱਖ ਖਾਤਿਆਂ ਵਿਚ ਟਰਾਂਸਫਰ ਹੋਈ ਹੈ। ਇਸ ਗੱਲ ਦਾ ਖ਼ੁਲਾਸਾ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਹੁਣ ਤੱਕ ਦੀ ਕਰਵਾਈ ਜਾਂਚ ਦੌਰਾਨ ਹੋਇਆ ਹੈ ਪਰ ਇੰਨਾਂ ਕੁਝ ਹੋਣ ਦੇ ਬਾਵਜੂਦ ਕੋਈ ਐਫ ਆਈ ਆਰ ਦਰਜ ਨਹੀਂ ਕਰਵਾਈ ਗਈ ਬਲਕਿ ਯੂਨੀਵਰਸਿਟੀ ਪੱਧਰ 'ਤੇ ਹੀ ਜਾਂਚ ਜਾਰੀ ਹੈ।

ਸੂਤਰਾਂ ਨੇ ਦੱਸਿਆ ਕਿ ਘੁਟਾਲੇ ਦੇ ਬੇਪਰਦਾ ਹੋ ਜਾਣ ਦਾ ਨਜਲਾ ਇਕ ਦੋ ਮੁਲਾਜ਼ਮਾਂ ਉਪਰ ਵੀ ਡਿੱਗਿਆ ਹੈ, ਜਿਨ੍ਹਾਂ ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ। ਇਸ ਮਾਮਲੇ 'ਚ ਜਿਸ ਕਰਮਚਾਰੀ ਦੀ ਸ਼ਨਾਖਤ ਹੋ ਜਾਣ ਬਾਰੇ ਦੱਸਿਆ ਗਿਆ ਹੈ ਕਿ ਉਹ ਅਕਾਊਂਟ ਸ਼ਾਖਾ ਦਾ ਨਹੀਂ ਬਲਕਿ ਕਿਸੇ ਹੋਰ ਵਿਭਾਗ ਨਾਲ ਸਬੰਧਤ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸੀ ਪੀ ਐਫ ਘੁਟਾਲੇ ਮਾਮਲੇ 'ਚ ਵੀ ਜਾਂਚ ਅੰਦਰਖਾਤੇ ਹੀ ਚੱਲ ਰਹੀ ਹੈ, ਉਸ ਕੇਸ 'ਚ ਵੀ ਐਫ ਆਈ ਆਰ ਦਰਜ ਕਰਵਾਉਣੀ ਜ਼ਰੂਰੀ ਨਹੀਂ ਸਮਝੀ ਗਈ।

ਯਾਦ ਰਹੇ ਯੂਨੀਵਰਸਿਟੀ ਵਿਚ ਕੁਝ ਮਹੀਨੇ ਪਹਿਲਾਂ ਹੋਏ ਸੀ ਪੀ ਐਫ਼ ਘੁਟਾਲੇ ਦੀ ਜਾਂਚ ਰਿਪੋਰਟ ਅਜੇ ਮੁਕੰਮਲ ਨਹੀਂ ਹੋਈ ਕਿ ਇਕ ਹੋਰ ਲੱਖਾਂ ਰੁਪਏ ਦੇ ਸਕੈਂਡਲ ਨੇ ਯੂਨੀਵਰਸਿਟੀ ਦੀ ਅਕਾਊਂਟ ਸ਼ਾਖਾ ਨੂੰ ਕਟਹਿਰੇ 'ਚ ਲਿਆ ਖੜ੍ਹਾ ਕੀਤਾ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਯੂਨੀਵਰਸਿਟੀ ਪ੍ਰਸ਼ਾਸਕ ਨੇ ਬਠਿੰਡਾ ਅੰਦਰ ਪੀ ਏ ਯੂ ਦਾ ਖੋਜ ਕੇਂਦਰ ਹੋਣ ਕਰਕੇ ਉਥੋਂ ਦੇ ਐਸ ਬੀ ਆਈ ਬੈਂਕ 'ਚ ਖਾਤਾ ਖੁਲ੍ਹਵਾਇਆ ਹੋਇਆ ਹੈ। ਕੰਟਰੋਲਰ ਅਧੀਨ ਪੈਂਦੀ ਅਕਾਊਂਟ ਸ਼ਾਖਾ ਨੇ ਬਠਿੰਡਾ ਦੇ ਇਸ ਬੈਂਕ ਤੋਂ ਡਾਕ ਰਾਹੀਂ ਚੈਕ ਬੁੱਕਾਂ ਮੰਗਵਾਈਆਂ, ਜਿਨ੍ਹਾਂ ਦੀ ਗਿਣਤੀ ਦੋ ਤੋਂ ਚਾਰ ਦੱਸੀ ਜਾਂਦੀ ਹੈ। ਇਨ੍ਹਾਂ ਚੈਕ ਬੁੱਕਾਂ ਬਾਰੇ ਇਕ ਵਿਅਕਤੀ ਨੂੰ ਜਾਣਕਾਰੀ ਸੀ ਤੇ ਉਹ ਡਾਕਖਾਨੇ ਤੋਂ ਫੋਨ ਕਰਕੇ ਇਹ ਪੁੱਛਦਾ ਆ ਰਿਹਾ ਸੀ ਕਿ ਯੂਨੀਵਰਸਿਟੀ ਦੀਆਂ ਚੈਕ ਬੁੱਕਾਂ ਆਉਣੀਆਂ ਸਨ ਕੀ ਆ ਗਈਆਂ? ਇਕ ਦਿਨ ਡਾਕਘਰ ਵਾਲਿਆਂ ਨੇ ਲਗਾਤਾਰ ਪੁੱਛ ਪੜਤਾਲ ਕਰਦੇ ਆ ਰਹੇ ਇਸ ਵਿਅਕਤੀ ਨੂੰ ਇਹ ਸੂਚਨਾ ਦੇ ਦਿੱਤੀ ਕਿ ਚੈਕ ਬੁੱਕਾਂ ਆ ਗਈਆਂ ਹਨ, ਲੈ ਜਾਵੋ।

ਅੱਗੋਂ ਇਸ ਨੇ ਚਲਾਕੀ ਨਾਲ ਇਹ ਜਵਾਬ ਦਿੱਤਾ ਕਿ ਉਹ ਆਪਣੇ ਬੰਦੇ ਭੇਜ ਰਿਹਾ ਹੈ ਉਸ ਨੂੰ ਦੇ ਦੇਵੋ। ਜਦੋਂ ਇਹ ਬੰਦਾ ਡਾਕ ਘਰ ਤੋਂ ਚੈਕ ਬੁੱਕ ਲੈਣ ਲਈ ਪੁੱਜਦਾ ਹੈ ਤਾਂ ਉਹ ਚੈਕ ਬੁੱਕਾਂ ਸੌਂਪਦਿਆਂ ਹੋਰ ਆਈਆਂ ਚਾਰ ਰਜਿਸਟਰੀਆਂ ਨੂੰ ਵੀ ਲਿਜਾਣ ਲਈ ਕਹਿੰਦੇ ਹਨ। ਡਾਕਘਰ ਦੇ ਉਸ ਸਮੇਂ ਦੇ ਡਿਊਟੀ 'ਤੇ ਤੈਨਾਤ ਮੁਲਾਜ਼ਮ ਨੇ ਦਸਤਖ਼ਤ ਕਰਵਾ ਕੇ ਚੈਕ ਬੁੱਕਾਂ ਤੇ ਰਜਿਸਟਰੀਆਂ ਦੇ ਦਿੱਤੀਆਂ।

ਸੂਤਰਾਂ ਨੇ ਦੱਸਿਆ ਕਿ ਇਹ ਚੈਕ ਬੁੱਕਾਂ ਅਕਾਊਂਟ ਸ਼ਾਖਾ 'ਚ ਪੁੱਜਣ ਦੀ ਬਜਾਏ ਯੂ ਪੀ ਦੇ ਗੌਂਡਾ ਸ਼ਹਿਰ ਪੁੱਜ ਗਈਆਂ। ਉਥੋਂ ਦੇ ਇਕ ਬੈਂਕ 'ਚ ਫਰਜ਼ੀ ਖਾਤਾ ਖੁਲ੍ਹਵਾਇਆ ਗਿਆ। ਚੈਕਾਂ ਉਪਰ ਫਰਜ਼ੀ ਦਸਤਖ਼ਤ ਕਰ ਕੇ 1 ਲੱਖ 37 ਹਜ਼ਾਰ ਅਤੇ 1 ਲੱਖ 25 ਹਜ਼ਾਰ ਦੇ ਚੈਕ ਲਗਾਏ ਗਏ, ਜੋ ਬਠਿੰਡਾ ਦੀ ਐਸ ਬੀ ਆਈ ਸ਼ਾਖਾ ਤੋਂ ਪਾਸ ਹੋ ਗਏ। ਇਸ ਦੇ ਬਾਵਜੂਦ ਅਕਾਊਂਟ ਸ਼ਾਖਾ ਦੇ ਅਧਿਕਾਰੀਆਂ ਜਾਂ ਸਟਾਫ਼ ਚੈਕ ਬੁੱਕਾਂ ਨਾ ਮਿਲਣ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਨ੍ਹਾਂ ਦੀਆਂ ਅੱਖਾਂ ਤਾਂ ਉਦੋਂ ਖੁੱਲ੍ਹੀਆਂ, ਜਦੋਂ ਯੂਨੀਵਰਸਿਟੀ ਦੀ ਇੱਕ ਮਹਿਲਾ ਮੁਲਾਜ਼ਮ ਦੀ ਰਜਿਸਟਰੀ ਜੋ ਕਿ ਦਿੱਲੀ ਦੀ ਇਕ ਫ਼ਾਇਨਾਂਸ ਕੰਪਨੀ ਨੇ ਭੇਜੀ ਸੀ, ਨਾ ਮਿਲੀ। ਇਸ ਮਹਿਲਾ ਮੁਲਾਜ਼ਮ ਨੇ ਜਦੋਂ ਆਪਣੇ ਪੱਧਰ 'ਤੇ ਪਤਾ ਕੀਤਾ ਤਾਂ ਕੰਪਨੀ ਨੇ ਇਹ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ 13 ਲੱਖ ਦਾ ਡਰਾਫ਼ਟ ਭੇਜ ਦਿੱਤਾ ਹੈ। ਇਸ ਮੁਲਾਜ਼ਮ ਨੇ ਦਾਲ 'ਚ ਕੁਝ ਕਾਲਾ ਨਜ਼ਰ ਆਉਣ 'ਤੇ ਤੁਰੰਤ ਸਬੰਧਤ ਬੈਂਕ ਨੂੰ ਸੂਚਿਤ ਕਰਕੇ ਪੇਮੈਂਟ ਸਟਾਪ ਕਰਵਾ ਦਿੱਤੀ, ਜਿਸ ਕਾਰਨ 3 ਲੱਖ ਰੁਪਏ ਬਚ ਗਏ। ਪਰ ਹੈਰਾਨੀ ਦੀ ਗੱਲ ਹੈ ਕਿ ਕੋਈ ਵਿਅਕਤੀ ਯੂਨੀਵਰਸਿਟੀ ਨਾਲ ਸਬੰਧਤ ਵਿਭਾਗ ਦੀਆਂ ਚੈਕ ਬੁੱਕਾਂ ਧੋਖੇ ਨਾਲ ਚੋਰੀ ਕਰਨ ਉਪਰੰਤ ਦੇਸ਼ ਦੇ ਕਿਸੇ ਹੋਰ ਸੂਬੇ ਅੰਦਰ ਜਾ ਕੇ ਫ਼ਰਜ਼ੀ ਖ਼ਾਤਾ ਖੁਲਵਾਉਂਦਾ ਹੈ ਤੇ ਫ਼ਰਜ਼ੀ ਦਸਤਖ਼ਤ ਕਰਕੇ ਲੱਖਾਂ ਰੁਪਏ ਡਕਾਰ ਜਾਂਦਾ ਹੈ।

ਇਸੇ ਦੇ ਬਾਵਜੂਦ ਨਾ ਤਾਂ ਕੰਟੋਰਲਰ, ਨਾ ਅਕਾਊਂਟ ਸ਼ਾਖ਼ਾ ਦਾ ਸੁਪਰਡੈਂਟ ਅਤੇ ਨਾ ਹੀ ਹੋਰ ਸਬੰਧਤ ਕਿਸੇ ਅਧਿਕਾਰੀ ਨੇ ਅੱਜ ਤੱਕ ਕੋਈ ਸ਼ਿਕਾਇਤ ਦਰਜ ਕਰਵਾਈ ਹੈ। ਬਲਕਿ ਮਾਮਲੇ ਨੂੰ ਛੁਪਾਉਣ ਲਈ ਹੀ ਸਾਰਾ ਜ਼ੋਰ ਲੱਗਿਆ ਹੋਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਹ ਘੁਟਾਲਾ ਸ਼ਾਖਾ ਦੀ ਕਥਿਤ ਤੌਰ 'ਤੇ ਮਿਲੀਭੁਗਤ ਤੋਂ ਬਿਨਾਂ ਹੋ ਹੀ ਨਹੀਂ ਸਕਦਾ, ਕਿਉਂਕਿ ਬਾਹਰ ਦੇ ਕਿਸੇ ਵਿਅਕਤੀ ਨੂੰ ਇਹ ਕਿਵੇਂ ਜਾਣਕਾਰੀ ਹੋ ਸਕਦੀ ਹੈ ਕਿ ਫਲਾਣੇ ਵਿਭਾਗ ਦੀਆਂ ਚੈਕ ਬੁੱਕਾਂ ਜਾਂ ਰਜਿਸਟਰੀਆਂ ਜਾਂ ਫ਼ਿਰ ਹੋਰ ਕੋਈ ਡਾਕ ਆਉਣੀ ਹੈ। ਇਸ ਮਾਮਲੇ ਵਿਚ ਅਕਾਊਂਟ ਸ਼ਾਖ਼ਾ ਦੇ ਨਾਲ-ਨਾਲ ਡਾਕਘਰ ਤੇ ਬੈਂਕ ਦੀ ਕਾਰਜਗੁਜ਼ਾਰੀ ਵੀ ਸ਼ੱਕ ਦੇ ਘੇਰੇ ਵਿਚ ਆਉਂਦੀ ਹੈ। ਜਿਨ੍ਹਾਂ ਨੇ ਬਿਨਾਂ ਵੈਰੀਫਾਈ ਕੀਤਿਆਂ ਗੈਰ ਜ਼ਿੰਮੇਦਾਰਾਨਾ ਡਿਊਟੀ ਨਿਭਾਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਜੇ ਸਿੱਖਾਂ ਨੇ ਸੰਤ ਭਿੰਡਰਾਂਵਾਲਿਆਂ ਦੇ ਸਟਿਕਰ ਲਾਉਣੇ ਬੰਦ ਨਾ ਕੀਤੇ ਤਾਂ ਸ਼ਿਵ ਸੈਨਾ ਸੰਘਰਸ਼ ਤੇਜ ਕਰੇਗੀ**

-ਕਦੇ ਕਾਂਵਾਂ ਦੇ ਕਹੇ ਵੀ ਢੱਗੇ ਮਰੇ ਐ?

***'ਰੋਜ਼ਾਨਾ ਸਪੋਕਸਮੈਨ' ਵਿਰੁਧ ਤਾਜ਼ਾ ਹਮਲੇ ਦਾ ਕਾਰਨ ਹੁਣ ਚੰਗੀ ਤਰ੍ਹਾਂ ਸਮਝ ਆ ਗਿਆ-ਜੋਗਿੰਦਰ ਸਿੰਘ**

-ਸ਼ੁਕਰ ਐ ਥੋਡੇ ਵੀ ਖਾਨੇ 'ਚ ਕੋਈ ਗੱਲ ਪਈ।

***ਮੈਨੂੰ ਅਜੇ ਤੱਕ ਭਾਰਤ ਦਾ ਵੀਜ਼ਾ ਨਹੀਂ ਮਿਲਿਆ-ਫਾਤਿਮਾ ਭੁੱਟੋ**

-ਸੈਨ ਫਰਾਂਸਿਸਕੋ ਤੋਂ ਮਿਲਦੈ, 2200 ਡਾਲਰ 'ਚ!

***ਤਹਿਸੀਲਦਾਰ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ੀ ਸਿਮਰਜੀਤ ਬੈਂਸ ਨੂੰ ਜ਼ਮਾਨਤ ਮਿਲੀ, ਸਮਰਥਕਾਂ ਨੇ ਖੁਸ਼ੀ 'ਚ ਲੱਡੂ ਵੰਡੇ ਤੇ ਪਟਾਕੇ ਚਲਾਏ**

-ਬੜੇ ਧਰਮ ਕਰਮ ਦੇ ਕੰਮ 'ਚ ਹਿੱਸਾ ਪਾ ਕੇ ਆਇਆ ਨਾ!!!

***ਮੈਨੂੰ ਛੇਤੀ ਫਾਂਸੀ ਦੇਵੋ-ਬਲਵੰਤ ਸਿੰਘ ਰਾਜੋਆਣਾ**

-ਜਿਸ ਸ਼ਾਨ ਸੇ ਕੋਈ ਮਕਤਲ ਮੇ ਗਇਆ, ਵੋਹ ਸ਼ਾਨ ਸਲਾਮਤ ਰਹਿਤੀ ਹੈ।

ਇਸ ਜਾਨ ਕੀ ਕੋਈ ਬਾਤ ਨਹੀਂ, ਯੇ ਜਾਨ ਤੋਂ ਆਨੀ ਜਾਨੀ ਹੈ।

***ਪੰਜਾਬ 'ਚ ਮੁੜ ਖਾੜਕੂਵਾਦ ਨਹੀਂ ਆ ਸਕਦਾ-ਕੇ.ਪੀ.ਐਸ. ਗਿੱਲ**

-ਸਰਕਾਰ ਦੀ ਮਰਜ਼ੀ ਦੇ ਬਿਨਾ।

***ਭਾਰਤ ਉਪਰ ਹੋ ਸਕਦੇ ਹਨ ਅਤਿਵਾਦੀ ਹਮਲੇ-ਅਮਰੀਕਾ**

-ਬੁਝਾਰਤਾਂ ਕਿਉਂ ਪਾਉਣ ਡਹੇ ਓ, ਇਹ ਵੀ ਦੱਸ ਈ ਦਿਓ ਕਦੋਂ ਤੇ ਕਿਥੇ ਹੋਣੇ ਐ।

***ਖੇਡਾਂ ਦਾ ਮਕਸਦ ਖਿਡਾਰੀਆਂ ਨੂੰ ਚੰਗੇ ਇਨਸਾਨ ਬਣਾਉਣਾ-ਪ੍ਰਿ. ਸਰਵਣ ਸਿੰਘ**

-ਤੇ ਦਰਸ਼ਕਾਂ ਨੂੰ ਨਸ਼ੇ ਕਰਨ ਦੀ ਖੁੱਲ੍ਹੇ ਮੌਕੇ ਪ੍ਰਦਾਨ ਕਰਨਾ ਹੈ।

## ਹੁਣ ਪੰਜਾਬ 'ਚ ਜੜ੍ਹਾਂ ਫੈਲਾ ਰਹੇ ਹਨ ਨਕਸਲੀ-ਬਿੱਟੂ

**ਜਲੰਧਰ :** ਭਾਰਤ ਦੇ ਹੋਰਨਾਂ ਹਿੱਸਿਆਂ ਨੂੰ ਦਹਿਲਾਉਣ ਵਾਲੇ ਨਕਸਲੀ ਹੁਣ ਪੰਜਾਬ ਵਿਚ ਆਪਣੀਆਂ ਜੜ੍ਹਾਂ ਫੈਲਾ ਰਹੇ ਹਨ ਅਤੇ ਇਸ ਲਈ ਉਨ੍ਹਾਂ ਪੰਜਾਬ ਦੇ ਖਾੜਕੂਆਂ ਨਾਲ ਗੰਢ-ਸੰਢ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਵਿਚਾਰ ਪੰਜਾਬ ਯੂਥ ਕਾਂਗਰਸ ਪ੍ਰਧਾਨ ਅਤੇ ਸੰਸਦੀ ਮੈਂਬਰ ਰਵਨੀਤ ਬਿੱਟੂ ਨੇ ਪ੍ਰਗਟ ਕੀਤੇ। ਉਹ ਬੀਤੇ ਹਫਤੇ ਬੁੱਧਵਾਰ ਨੂੰ ਗੁਰੂ ਨਾਨਕ ਲਾਇਬ੍ਰੇਰੀ ਵਿਖੇ ਡਾ. ਬੀ.ਆਰ. ਅੰਬੇਡਕਰ ਦੇ ਜਨਮ ਉਤਸਵ ਨੂੰ ਸਮਰਪਿਤ ਇਕ ਸਮਾਰੋਹ ਵਿਚ ਹਿੱਸਾ ਲੈ ਰਹੇ ਸਨ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਦੇ ਖਾੜਕੂ ਫਿਲਹਾਲ ਨਕਸਲੀਆਂ ਨੂੰ ਸਰਹੱਦ ਪਾਰ ਤੋਂ ਆਉਣ ਵਾਲੇ ਹਥਿਆਰ ਪਹੁੰਚਾਉਣ ਦਾ ਖਤਰਨਾਕ ਕੰਮ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਪੰਜਾਬ ਵਿਚ ਗੋਲੀ-ਸਿੱਕਾ ਆਉਂਦਾ ਰਿਹਾ ਹੈ ਅਤੇ ਅਜੇ ਵੀ ਜਾਰੀ ਹੈ। ਪੁਲਸ ਨੂੰ ਇਨ੍ਹਾਂ ਸਭ 'ਤੇ ਤਿੱਖੀ ਨਜ਼ਰ ਰੱਖਣ ਦੀ ਲੋੜ ਹੈ ਕਿਉਂਕਿ ਜਦੋਂ ਵੀ ਪੰਜਾਬ ਵਿਚ ਭਾਰੀ ਮਾਤਰਾ ਵਿਚ ਹਥਿਆਰ ਅਤੇ ਗੋਲੀ-ਸਿੱਕਾ ਆਇਆ ਹੈ, ਉਦੋਂ ਹੀ ਪੰਜਾਬ ਵਿਚ ਹਾਲਾਤ ਵਿਗੜੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਇਕ ਨਕਸਲੀ ਨੇਤਾ ਪਟਿਆਲਾ ਦੇ ਨਾਲ ਲੱਗਦੇ ਪਿੰਡਾਂ ਵਿਚ ਆਪਣਾ ਪ੍ਰਚਾਰ ਕਰਨ ਗਿਆ ਸੀ. ਇਸ ਦੀ ਜਾਣਕਾਰੀ ਉਥੋਂ ਦੀ ਪੁਲਸ ਨੂੰ ਵੀ ਹੈ। ਅਜਿਹੀ ਸਥਿਤੀ ਵਿਚ ਸੂਬੇ ਦੀ ਅਮਨ-ਸ਼ਾਂਤੀ ਲਈ ਇਹ ਖਤਰੇ ਵਾਲੀ ਗੱਲ ਹੈ।

## ਖਾੜਕੂ ਵਲੋਂ ਸਮਰਪਣ

**ਸੰਗਰੂਰ:** ਲਗਪਗ ਦੋ ਹਫਤੇ ਪਹਿਲਾਂ ਸੁਨਾਮ ਦੇ ਇਕ ਪੱਤਰਕਾਰ ਦੇ ਕਤਲ ਦੇ ਦੋਸ਼ ਹੇਠ ਖਾਲਿਸਤਾਨ ਕਮਾਂਡੋ ਫੋਰਸ ਦੇ ਇਕ ਭਗੌੜੇ ਖਾੜਕੂ ਨੇ ਆਤਮ ਸਮਰਪਣ ਕਰ ਦਿੱਤਾ। ਆਤਮ ਸਮਰਪਣ ਕਰਨ ਵਾਲੇ ਉਕਤ ਖਾੜਕੂ ਜਗਦੀਪ ਸਿੰਘ 'ਤੇ 27 ਅਗਸਤ 1990 ਨੂੰ ਸੁਨਾਮ ਦੇ ਇਕ ਪੱਤਰਕਾਰ ਨਾਨਕ ਚੰਦ ਨਾਗਪਾਲ ਦੇ ਕਤਲ ਦਾ ਦੋਸ਼ ਸੀ। ਜਗਦੀਪ ਸਿੰਘ ਵਿਰੁੱਧ ਟਾਡਾ, ਆਈ.ਪੀ.ਸੀ. ਤੇ ਅਸਲਾ ਐਕਟ ਅਧੀਨ ਵੀ ਕਈ ਮਾਮਲੇ ਦਰਜ ਸਨ।

## ਭਗਤ ਸਿੰਘ ਦੇ ਨਾਮ ਵਾਲੀ ਗ਼ਲਤੀ ਸੁਧਾਰੀ


**ਭੁੱਚੋ ਮੰਡੀ :** ਆਖ਼ਿਰ ਭਾਰਤੀ ਮੁਦਰਾ ਟਕਸਾਲ ਨੇ ਆਪਣੀ ਗ਼ਲਤੀ ਸੁਧਾਰਦਿਆਂ ਸ਼ਹੀਦ- ਏ-ਆਜ਼ਮ ਭਗਤ ਸਿੰਘ ਦੇ ਨਾਮ ਦੀ ਦਰੁਸਤੀ ਕਰ ਹੀ ਦਿੱਤੀ। ਟਕਸਾਲ ਵਲੋਂ ਸ਼ਹੀਦ ਦੇ ਗ਼ਲਤ ਨਾਮ ਵਾਲੇ ਸਿੱਕੇ 'ਤੇ ਰੋਕ ਲਾ ਕੇ ਸਹੀ ਨਾਮ ਵਾਲੇ ਨਵੇਂ ਸਿੱਕੇ ਜਾਰੀ ਕਰ ਦਿੱਤੇ ਗਏ ਹਨ। ਇਸ 'ਤੇ ਸ਼ਹੀਦ ਭਗਤ ਸਿੰਘ ਨੂੰ ਚਾਹੁਣ ਵਾਲੇ ਲੱਖਾਂ ਲੋਕਾਂ ਸਮੇਤ ਭਾਸ਼ਾ ਪ੍ਰੇਮੀਆਂ ਨੇ ਵੀ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਹਾਲਾਂਕਿ ਟਕਸਾਲ ਵਲੋਂ ਇਸ ਅਤਿ ਸੰਵੇਦਨਸ਼ੀਲ ਮੁੱਦੇ ਤੋਂ ਵਧ ਵਾਰ ਕੀਤੀ ਗਈ ਗ਼ਲਤੀ ਨੂੰ ਉਸਾਰੂ ਸੋਚ ਦੇ ਧਾਰਨੀ ਲੋਕਾਂ ਨੇ ਸ਼ਹੀਦ ਦਾ ਘੋਰ ਅਪਮਾਨ ਕਰਾਰ ਦਿੱਤਾ। ਦੂਜੇ ਪਾਸੇ ਇਹ ਗ਼ਲਤੀ ਹਿੰਦੀ ਭਾਸ਼ਾ 'ਚ ਕੀਤੀ ਗਈ ਸੀ, ਇਸ ਲਈ ਰਾਸ਼ਟਰ ਪ੍ਰੇਮੀ ਅਤੇ ਭਾਸ਼ਾ ਪ੍ਰੇਮੀਆਂ ਵਿਚ ਵੀ ਇਸ ਮੁੱਦੇ ਨੂੰ ਲੈ ਕੇ ਕਾਫ਼ੀ ਰੋਸ ਪੈਦਾ ਹੋ ਗਿਆ ਸੀ। ਜਦੋਂ ਇਸ ਗੰਭੀਰ ਮੁੱਦੇ 'ਤੇ ਪ੍ਰਮੁੱਖਤਾ ਨਾਲ ਖ਼ਬਰਾਂ ਛਪੀਆਂ ਤਾਂ ਦੇਸ਼ ਦੀਆਂ ਖੁਫੀਆਂ ਏਜੰਸੀਆਂ ਨੇ ਵੀ ਕੰਨ ਚੁੱਕ ਲਏ। ਆਖਿਰ ਲੋਕਾਂ ਦਾ ਰੋਸ ਭਾਂਪਦਿਆਂ ਭਾਰਤੀ ਮੁਦਰਾ ਟਕਸਾਲ ਨੇ ਤੁਰੰਤ ਗਲਤ ਨਾਮ ਵਾਲੇ ਸਿੱਕਿਆਂ 'ਤੇ ਰੋਕ ਲਗਾ ਦਿੱਤੀ। ਇਸ ਤੋਂ ਕੁਝ ਅਰਸੇ ਬਾਅਦ ਆਪਣੀ ਗਲਤੀ 'ਚ ਸੁਧਾਰ ਕਰਦਿਆਂ ਟਕਸਾਲ ਨੇ ਸ਼ਹੀਦ ਭਗਤ ਸਿੰਘ ਦੇ ਸਹੀ ਨਾਮ ਵਾਲੇ ਚਾਂਦੀ ਦੇ ਯਾਦਗਾਰੀ ਸਿੱਕਿਆਂ ਦੀ ਸਪਲਾਈ ਉਨ੍ਹਾਂ ਲੋਕਾਂ ਨੂੰ ਭੇਜਣੀ ਸ਼ੁਰੂ ਕਰ ਦਿੱਤੀ, ਜਿਨ੍ਹਾਂ ਨੇ ਇਸ ਸਿੱਕੇ ਦੀ ਮੰਗ ਲਈ 10 ਜੁਲਾਈ 2009 ਤੋਂ 31 ਅਕਤੂਬਰ ਤੱਕ ਬੂਕਿੰਗ ਕਰਾਈ ਹੋਈ ਸੀ।




'ਤੇ ਕੀਤੀ ਗਈ ਬੱਜਰ ਗ਼ਲਤੀ ਸਬੰਧੀ ਮੁਆਫ਼ੀ ਨਾ ਮੰਗਣੀ ਰੜਕਵੀਂ ਗੱਲ ਹੈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਜ਼ਿੰਮੇਵਾਰ ਅਦਾਰੇ ਭਾਰਤ ਮੁਦਰਾ ਟਕਸਾਲ ਵਲੋਂ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਜੋ ਚਾਂਦੀ ਦਾ 100 ਰੁਪਏ ਵਾਲਾ ਸਿੱਕਾ ਜਾਰੀ ਕੀਤਾ ਗਿਆ ਹੈ, ਉਸ ਦੇ ਕਵਰ 'ਤੇ ਹਿੰਦੀ ਭਾਸ਼ਾ ਵਿਚ ਸ਼ਹੀਦ ਭਗਤ ਸਿੰਘ ਦਾ ਨਾਮ ਵਿਗਾੜ ਕੇ 'ਸ਼ਹੀਦ ਸਗਤ ਸਿੰਘ' ਲਿਖਿਆ ਗਿਆ ਹੈ। ਟਕਸਾਲ ਵਲੋਂ ਇਹ ਸਿੱਕਾ ਸ਼ਹੀਦ ਦੀ ਯਾਦਗਾਰ ਵਜੋਂ ਜਾਰੀ ਕੀਤਾ ਗਿਆ ਸੀ, ਜੋ ਕਿ ਇਕ ਦੁਰਲੱਭ ਵਸਤੂ ਵਜੋਂ ਸ਼ਹੀਦ ਦੇ ਚਾਹਵਾਨਾਂ ਕੋਲ ਵਿਰਾਸਤ ਵਜੋਂ ਰਹੇਗਾ। ਪ੍ਰੰਤੂ ਸਿੱਕੇ ਦੇ ਕਵਰ 'ਤੇ ਸ਼ਹੀਦ ਦੇ ਨਾਮ ਵਿਚ ਇਕ

ਟਕਸਾਲ ਨੇ ਭਾਵੇਂ ਆਪਣੀ ਇਹ ਗ਼ਲਤੀ ਤਾਂ ਸੁਧਾਰ ਲਈ ਹੈ, ਪ੍ਰੰਤੂ ਅਜੇ ਵੀ ਉਨ੍ਹਾਂ ਲੋਕਾਂ ਤੋਂ ਨਾ ਤਾਂ ਕੋਈ ਮਾਫੀ ਵਗੈਰਾ ਮੰਗਣ ਦੀ ਚਾਰਾਜੋਈ ਕੀਤੀ ਹੈ ਤੇ ਨਾ ਹੀ ਸਿੱਕੇ ਵਾਪਸ ਮੰਗਵਾ ਕੇ ਨਵੇਂ ਸਿੱਕੇ ਭਿਜਵਾਉਣ ਦਾ ਪ੍ਰਬੰਧ ਕੀਤਾ ਹੈ, ਜਿਨ੍ਹਾਂ ਕੋਲ ਪਹਿਲਾਂ ਗਲਤ ਨਾਮ ਵਾਲੇ ਸ਼ਹੀਦ ਦੇ ਯਾਦਗਾਰੀ ਸਿੱਕੇ ਪਹੁੰਚ ਗਏ ਸਨ। ਉਘੇ ਸਾਹਿਤਕਾਰ ਬੰਤ ਸਿੰਘ ਚੱਠਾ ਅਤੇ ਸ਼ਹੀਦ ਭਗਤ ਸਿੰਘ ਦਾ ਕਹਿਣਾ ਹੈ ਕਿ ਕੌਮੀ ਸ਼ਹੀਦਾਂ ਸਬੰਧੀ ਕੁਝ ਛਾਪਣ ਦੇ ਮਾਮਲੇ ਵਿਚ ਭਾਰਤੀ ਮੁਦਰਾ ਟਕਸਾਲ ਨੂੰ ਸੁਹਿਰਦਤਾ ਤੋਂ ਕੰਮ ਲੈਣਾ ਚਾਹੀਦਾ ਹੈ।

## ਢੀਂਡਸਾ, ਗਿੱਲ, ਅਸ਼ਵਨੀ ਤੇ ਖੰਨਾ ਵਲੋਂ ਪੰਜਾਬੀ 'ਚ ਸਹੁੰ



**ਨਵੀਂ ਦਿੱਲੀ :** ਸੰਸਦ ਦੇ ਉਪਰਲੇ ਸਦਨ ਰਾਜ ਸਭਾ ਵਿਚ 15 ਅਪ੍ਰੈਲ ਨੂੰ ਪੰਜਾਬੀ ਦਾ ਬੋਲਬਾਲਾ ਰਿਹਾ ਜਦੋਂ ਪੰਜਾਬ ਤੋਂ ਚੁਣ ਕੇ ਗਏ ਨਵੇਂ ਮੈਂਬਰਾਂ ਸ. ਸੁਖਦੇਵ ਸਿੰਘ ਢੀਂਡਸਾ, ਅਵਿਨਾਸ਼ ਰਾਏ ਖੰਨਾ, ਐਮ. ਐਸ. ਗਿੱਲ ਅਤੇ ਅਸ਼ਵਨੀ ਕੁਮਾਰ ਨੇ ਪੰਜਾਬੀ ਵਿਚ ਸਹੁੰ ਚੁੱਕੀ ਜਦਕਿ ਨਰੇਸ਼ ਗੁਜਰਾਲ ਨੇ ਅੰਗਰੇਜ਼ੀ ਵਿਚ ਹਲਫ ਲਿਆ। ਬਜਟ ਇਜਲਾਸ ਦੇ ਸ਼ੁਰੂ ਹੋਏ ਦੂਜੇ ਪੜਾਅ ਦੇ ਪਹਿਲੇ ਦਿਨ ਨਵੇਂ ਬਣੇ ਰਾਜ ਸਭਾ ਮੈਂਬਰਾਂ ਨੂੰ ਸਹੁੰ ਚੁਕਾਈ ਗਈ। ਰੱਖਿਆ ਮੰਤਰੀ ਏ. ਕੇ. ਐਂਟੋਨੀ, ਪ੍ਰਸਿੱਧ ਸ਼ਾਇਰ ਜਾਵੇਦ ਅਖ਼ਤਰ ਸਮੇਤ 17 ਚੁਣੇ ਹੋਏ ਤੇ ਮਨੋਨੀਤ ਮੈਂਬਰਾਂ ਨੇ ਰਾਜ ਸਭਾ ਮੈਂਬਰੀ ਦੀ ਸਹੁੰ ਚੁੱਕੀ। ਰਾਜ ਸਭਾ ਵਿਚ ਕੁਲ 19 ਨਵੇਂ ਮੈਂਬਰ ਬਣੇ ਹਨ। ਇਜਲਾਸ ਸ਼ੁਰੂ ਹੁੰਦੇ ਹੀ ਰਾਜ ਸਭਾ ਦੇ ਨਵੇਂ ਮੈਂਬਰਾਂ ਨੂੰ ਹਲਫ ਦਿਵਾਇਆ ਗਿਆ।



## ਬਾਦਲ ਨੂੰ ਵਿਦੇਸ਼ ਜਾਣ ਦੀ ਆਗਿਆ ਮਿਲੀ

ਮੋਹਾਲੀ: ਪੰਜਾਬ ਵਿਜੀਲੈਂਸ ਬਿਊਰੋ ਵਲੋਂ ਦਰਜ ਕੀਤੇ ਭ੍ਰਿਸ਼ਟਾਚਾਰ ਮਾਮਲੇ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵਿਦੇਸ਼ ਜਾਣ ਦੀ ਆਗਿਆ ਦਿੰਦੇ ਹੋਏ ਮੋਹਾਲੀ ਅਦਾਲਤ ਵਲੋਂ ਜ਼ਬਤ ਕੀਤਾ ਬਾਦਲ ਦਾ ਪਾਸਪੋਰਟ 16 ਅਪ੍ਰੈਲ ਨੂੰ ਰਿਲੀਜ਼ ਕਰ ਦਿੱਤਾ ਗਿਆ। ਇਸ ਸਬੰਧੀ ਸੀਨੀਅਰ ਯੂਥ ਅਕਾਲੀ ਆਗੂ ਕੁਲਦੀਪ ਸਿੰਘ ਬਿੱਟੂ ਕੁੰਭੜਾ ਦੇ ਪਿਤਾ ਨੰਬਰਦਾਰ ਗੁਰਚਰਨ ਸਿੰਘ ਵੱਲੋਂ ਆਪਣੀ 4 ਏਕੜ ਜ਼ਮੀਨ ਦਾ ਮੁਚੱਲਕਾ ਭਰਿਆ ਗਿਆ।


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

***ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ**

***ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ**

***ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ**

***2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ**



**Call For Special Price**

**Kashmir S. Thandi**
**Office: (866) 933-3038**
**Balhar S. Rana**
**Cell:916-502-7733**

**4585 Pell Dr. Secramento CA, 95838**



# Real Estate & Loans Under One Roof

**Call:Sam Chahal Tel: 916-612-5773**

*For Buying and Selling Residential, Commercial property and for Loans in Sacramento area*

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**

e-mail:sam@jassigill.com

**Reo-Bankowned Properties**
**Serving from Bay Area to Sacramento**

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

**ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।**

# Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਵਿਸਾਖੀ ਪ੍ਰੇਡ ਮੌਕੇ ਖਾਲਿਸਤਾਨੀ ਧਿਰਾਂ ਵਲੋਂ ਸ਼ਕਤੀ ਪ੍ਰਦਰਸ਼ਨ

**ਬਿੰਦਰ ਬਸਰਾ**

ਸਰੀ (ਕੈਨੇਡਾ) ਵਿਖੇ ਵਿਸਾਖੀ ਦੇ ਸੰਬੰਧ 'ਚ ਸਜਾਇਆ ਗਿਆ ਨਗਰ ਕੀਰਤਨ ਵਿਵਾਦਾਂ ਅਤੇ ਮੌਸਮ ਦੀ ਖਰਾਬੀ ਦੇ ਬਾਵਜੂਦ ਭਾਵੇਂ ਸ਼ਮੂਲੀਅਤ ਪੱਖੋਂ ਇਤਿਹਾਸਕ ਹੋ ਨਿਬੜਿਆ ਪਰ ਵਿਵਾਦਾਂ ਪੱਖੋਂ ਭਵਿੱਖ 'ਚ ਕੈਨੇਡਾ ਸਰਕਾਰ ਲਈ ਕਈ ਨਵੀਆਂ ਚੁਣੌਤੀਆਂ ਅਤੇ ਸਵਾਲ ਛੱਡ ਗਿਆ। ਨਗਰ ਕੀਰਤਨ ਵਿਚ ਖਾਲਿਸਤਾਨ ਪੱਖੀ ਝੰਡੇ ਅਤੇ ਨਾਅਰਿਆਂ ਦੀ ਗੂੰਜ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਉਸ ਚਿੰਤਾ ਦੀ ਪੁਸ਼ਟੀ ਕੀਤੀ ਹੈ, ਜਿਸ 'ਚ ਉਨ੍ਹਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਕੋਲ ਉਨ੍ਹਾਂ ਦੇ ਦੇਸ਼ ਤੋਂ ਚਲਾਈਆਂ ਜਾ ਰਹੀਆਂ ਭਾਰਤ ਵਿਰੋਧੀ ਗਤੀਵਿਧੀਆਂ 'ਤੇ ਨਿਗਰਾਨੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਸੀ।

ਉਧਰ ਕੈਨੇਡਾ ਦੇ ਸਾਬਕਾ ਸਿਹਤ ਮੰਤਰੀ ਉਜਲ ਦੁਸਾਂਝ ਨੇ ਭਾਰਤ ਸਰਕਾਰ ਨੂੰ ਕੈਨੇਡਾ ਵਿਚ ਖਾਲਿਸਤਾਨ ਪੱਖੀਆਂ ਦੇ ਮੁੜ ਸਰਗਰਮ ਹੋਣ ਸੰਬੰਧੀ ਖ਼ਬਰਦਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਵਿਸਾਖੀ ਪਰੇਡ ਦੇ ਪ੍ਰਬੰਧਕਾਂ ਨੇ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਉਜਲ ਦੁਸਾਂਝ ਅਤੇ ਵਿਧਾਇਕ ਡੇਵ ਹੇਅਰ ਨੂੰ ਧਮਕੀ ਦਿੱਤੀ ਸੀ ਕਿ ਜੇ ਉਹ ਪਰੇਡ ਵਿਚ ਸ਼ਾਮਲ ਹੋਏ ਤਾਂ ਆਪਣੀ ਸੁਰੱਖਿਆ ਦੇ ਖ਼ੁਦ ਜ਼ਿੰਮੇਵਾਰ ਹੋਣਗੇ। ਪ੍ਰਬੰਧਕਾਂ ਨੇ ਕਿਹਾ ਕਿ ਉਨ੍ਹਾਂ ਨੇ ਉਜਲ ਦੁਸਾਂਝ ਅਤੇ ਡੇਵ ਹੇਅਰ ਨੂੰ ਪਰੇਡ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ ਪਰ ਉਨ੍ਹਾਂ ਨੂੰ ਗੁਰਦੁਆਰਾ ਦਸਮੇਸ਼ ਦਰਬਾਰ ਵਲੋਂ ਲਗਾਈ ਗਈ ਸਟੇਜ 'ਤੇ ਆਉਣ ਤੋਂ ਰੋਕਿਆ ਗਿਆ ਸੀ ਕਿਉਂਕਿ ਇਨ੍ਹਾਂ ਨੇ ਹਮੇਸ਼ਾ ਸਿੱਖਾਂ ਨਾਲ ਸੰਬੰਧਤ ਮਸਲਿਆਂ ਦੀ ਵਿਰੋਧਤਾ ਕੀਤੀ ਹੈ। ਨਗਰ ਕੀਰਤਨ ਵਿਚ ਖਾਲਿਸਤਾਨ ਪੱਖੀ ਝੰਡੇ ਲਹਿਰਾਉਣ ਅਤੇ ਨਾਅਰੇ ਗੂੰਜਣ ਤੋਂ ਬਾਅਦ ਸ਼ਹਿਰ ਦੀ ਕੌਂਸਲ ਨੇ ਇਸ ਗੱਲ ਦੀ ਸਮੀਖਿਆ ਕਰਨ ਦਾ ਐਲਾਨ ਕੀਤਾ ਹੈ ਕਿ ਭਵਿੱਖ ਵਿਚ ਅਜਿਹੇ ਸਮਾਗਮ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਾ ਅਤੇ ਕੀ ਇਹ ਸਮਾਗਮ ਕੌਂਸਲ ਦੀ ਨੀਤੀ ਅਨੁਸਾਰ ਹੋਇਆ?

ਇਥੇ ਦੱਸਣਯੋਗ ਹੈ ਕਿ ਵਿਸਾਖੀ ਮੌਕੇ ਹੋਣ ਵਾਲੀ ਇਹ ਪਰੇਡ ਪਹਿਲਾਂ ਵੀ ਵਿਵਾਦਾਂ ਵਿਚ ਘਿਰ ਚੁੱਕੀ ਹੈ ਜਦੋਂ 2007 ਵਿਚ ਕੈਨੇਡਾ ਦੇ ਉੱਚ ਸਿਆਸੀ ਆਗੂਆਂ ਦੀ ਮੌਜੂਦਗੀ ਵਿਚ ਕਨਿਸ਼ਕ ਬੰਬ ਕਾਂਡ ਦੇ ਦੋਸ਼ੀ ਕੁਲਵਿੰਦਰ ਸਿੰਘ ਪਰਮਾਰ ਦੀ ਤਸਵੀਰ ਪ੍ਰਦਰਸ਼ਤ ਕੀਤੀ ਗਈ ਅਤੇ 2008 ਵਿਚ ਇੰਦਰਾ ਗਾਂਧੀ ਦੇ ਕਾਤਲਾਂ ਦੀਆਂ ਤਸਵੀਰਾਂ ਨੂੰ ਸ਼ਹੀਦਾਂ ਦੀਆਂ ਤਸਵੀਰਾਂ ਵਿਚ ਸ਼ਾਮਲ ਕੀਤਾ ਗਿਆ ਸੀ। ਇਥੇ ਜ਼ਿਕਰਯੋਗ ਹੈ ਕਿ ਉਸ ਸਮੇਂ ਤੋਂ ਸਿਆਸਤਦਾਨ ਨਗਰ ਕੀਰਤਨ ਵਿਚ ਸ਼ਾਮਲ ਹੋਣ ਤੋਂ ਕੰਨੀਂ ਕਤਰਾਉਂਦੇ ਹਨ। ਉੱਜਲ ਦੁਸਾਂਝ ਦੀ ਵਿਸਾਖੀ ਪਰੇਡ ਵਿਚ ਲਗਾਏ ਜਾਂਦੇ ਵੱਖਵਾਦੀ ਨਾਅਰਿਆਂ ਦਾ ਵਿਰੋਧ ਕਰ ਚੁੱਕੇ ਹਨ। ਖਾਲਿਸਤਾਨ ਪੱਖੀਆਂ ਵਲੋਂ ਸ਼ਾਇਦ ਇਸੇ ਵਿਰੋਧ ਦੇ ਚਲਦਿਆਂ ਦੁਸਾਂਝ ਤੇ ਡੇਵ ਹੇਅਰ ਨੂੰ ਵਿਸਾਖੀ ਦੀ ਪਰੇਡ ਵਿਚ ਸ਼ਾਮਲ ਨਾ ਹੋਣ ਦੀ ਧਮਕੀ ਦਿਤੀ ਗਈ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਮੰਤਰੀ ਗੋਰਡਨ ਕੈਂਪਬੈਲ ਨੇ ਇਹ ਸ਼ਰਤ ਰੱਖੀ ਸੀ ਕਿ ਉਹ ਉਦੋਂ ਤਕ ਸਰੀ ਵਿਖੇ ਹੋਣ ਵਾਲੀ ਵਿਸਾਖੀ ਪਰੇਡ ਵਿਚ ਸ਼ਾਮਲ ਨਹੀਂ ਹੋਣਗੇ ਜਦੋਂ ਤਕ ਪਰੇਡ ਦੇ ਪ੍ਰਬੰਧਕ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਉੱਜਲ ਦੁਸਾਂਝ ਅਤੇ ਵਿਧਾਇਕ ਡੇਵ ਹੇਅਰ ਤੋਂ ਮੁਆਫੀ ਨਹੀਂ ਮੰਗ ਲੈਂਦੇ। ਇਸ ਵਿਵਾਦ ਅਤੇ ਮੌਸਮ ਦੀ ਖਰਾਬੀ ਤੇ ਭਾਰੀ ਮੀਂਹ ਦੇ ਬਾਵਜੂਦ ਕੈਨੇਡਾ ਤੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਕ ਲੱਖ ਤੋਂ ਵਧ ਸੰਗਤਾਂ ਵਲੋਂ ਮਿਲੇ ਬੇਮਿਸਾਲ ਹੁੰਗਾਰੇ ਨੇ ਇਹ ਸਵਾਲ ਖੜੇ ਕੀਤੇ ਹਨ ਕਿ ਇਹ ਇਕੱਠ ਖਾਲਿਸਤਾਨ ਪੱਖੀਆਂ ਦਾ ਸੀ ਕਿ ਵਿਸਾਖੀ ਨੂੰ ਬਹੁ-ਸਭਿਆਚਾਰਕ ਅਤੇ ਖਾਲਸਾ ਪੰਥ ਦੇ ਸਾਜਨਾ ਦਿਵਸ ਵਜੋਂ ਮਨਾਉਣ ਵਾਲਿਆਂ ਦਾ।

ਵਿਸਾਖੀ ਪਰੇਡ ਵਿਵਾਦ ਦੇ ਚਲਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਾਸ਼ਿੰਗਟਨ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਕੋਲ ਕਨਿਸ਼ਕ ਬੰਬ ਕਾਂਡ ਦੀ 25ਵੀਂ ਬਰਸੀ ਤੋਂ ਪਹਿਲਾਂ ਚਿੰਤਾ ਪ੍ਰਗਟਾਈ ਕਿ ਉਨ੍ਹਾਂ ਦੇ ਦੇਸ਼ ਦੇ ਦੇਸ਼ ਤੋਂ ਭਾਰਤ ਵਿਰੋਧੀ ਅਤੇ ਖਾਲਿਸਤਾਨ ਪੱਖੀ ਚਲਾਈਆਂ ਜਾ ਰਹੀਆਂ ਖਾੜਕੂ ਜਥੇਬੰਦੀਆਂ ਦੀਆਂ ਸਰਗਰਮੀਆਂ 'ਤੇ ਨਿਗਰਾਨੀ ਰੱਖਣ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਕੈਨੇਡਾ ਵਿਚ ਰਹਿੰਦੇ ਖਾਲਿਸਤਾਨ ਪੱਖੀ ਖਾੜਕੂ ਪੰਜਾਬ ਵਿਚ ਮੁੜ ਖਾੜਕੂਵਾਦ ਨੂੰ ਸੁਰਜੀਤ ਕਰਨਾ ਚਾਹੁੰਦੇ ਹਨ ਜੋ ਸਾਡੇ ਲਈ ਵੱਡੀ ਚਿੰਤਾ ਦਾ ਕਾਰਨ ਹੈ। ਹਾਰਪਰ ਨੇ ਇਸ ਦੇ ਜਵਾਬ ਵਿਚ ਭਰੋਸਾ ਦਿਤਾ ਸੀ ਕਿ ਹਰ ਸੰਭਵ ਕਾਰਵਾਈ ਕੀਤੀ ਜਾਵੇਗੀ ਅਤੇ ਦੋਵੇਂ ਆਗੂ ਇਸ ਸੰਬੰਧੀ ਸੰਪਰਕ ਵਿਚ ਰਹਿਣਗੇ। ਜ਼ਿਕਰਯੋਗ ਹੈ ਕਿ 25 ਜੂਨ 1985 ਵਿਚ ਮਾਂਟਰੀਅਲ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਕਨਿਸ਼ਕ ਜਹਾਜ਼ ਹਵਾ ਵਿਚ ਹੀ ਧਮਾਕੇ ਨਾਲ ਤਬਾਹ ਹੋ ਗਿਆ ਸੀ ਜਿਸ ਵਿਚ ਸਵਾਰ 329 ਵਿਅਕਤੀ ਮਾਰੇ ਗਏ ਸਨ।

ਉਧਰ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਡਾ. ਮਨਮੋਹਨ ਸਿੰਘ ਵਲੋਂ ਅਮਰੀਕਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨਾਲ ਮੀਟਿੰਗ ਕਰਕੇ ਸਿੱਖਾਂ ਖਿਲਾਫ਼ 'ਖਾਲਿਸਤਾਨ ਮੁੱਦੇ' 'ਤੇ ਕੀਤੀ ਬਿਆਨਬਾਜ਼ੀ ਨੂੰ ਗੈਰ ਤਰਕ ਪੂਰਨ, ਗੈਰ ਇਖਲਾਕੀ, ਗੈਰ ਵਾਜਬ ਅਤੇ ਸ਼ਰਾਰਤਪੂਰਨ ਆਖਿਆ ਹੈ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਸਿੱਖੀ ਪਹਿਰਾਵੇ ਵਿਚ ਇਨਕਲਾਬੀ ਸਿੱਖਾਂ ਖਿਲਾਫ਼ ਵੱਡੀ ਸਾਜ਼ਿਸ਼ ਤਹਿਤ ਬਿਆਨਬਾਜ਼ੀ ਕੀਤੀ ਹੈ ਜੋ ਕਿ ਨਿੰਦਣਯੋਗ ਹੈ। ਸ. ਮਾਨ ਨੇ ਸ੍ਰੀ ਹਾਰਪਰ ਤੋਂ ਮੰਗ ਕੀਤੀ ਕਿ ਉਹ ਮਨਮੋਹਨ ਸਿੰਘ ਨੂੰ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਨ ਤੋਂ ਰੋਕਣ। ਸਿੱਖਾਂ ਖਿਲਾਫ਼ ਉਨ੍ਹਾਂ ਜੋ ਬਿਆਨਬਾਜ਼ੀ ਕੀਤੀ ਹੈ, ਉਹ ਹਿੰਦੁਸਤਾਨੀ ਤਾਕਤਾਂ ਨੂੰ ਖੁਸ਼ ਕਰਨ ਵਾਲੀ ਹੈ। ਸ. ਮਾਨ ਨੇ ਕਨਿਸ਼ਕ ਕਾਂਡ ਦੀ ਦੁਬਾਰਾ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਇਸ ਕਾਂਡ ਵਿਚ ਸਿੱਖਾਂ ਨੂੰ ਬਿਨਾਂ ਵਜ੍ਹਾ ਬਦਨਾਮ ਕੀਤਾ ਗਿਆ। ਉਨ੍ਹਾਂ ਕਿਹਾ ਕੈਨੇਡਾ ਦੀ ਸੁਪਰੀਮ ਕੋਰਟ ਵਲੋਂ ਇਸ ਕਾਂਡ ਵਿਚ ਸ਼ਾਮਲ ਕੀਤੇ ਗਏ ਬੇਕਸੂਰ ਸਾਰੇ ਸਿੱਖਾਂ ਨੂੰ ਬਾਇੱਜ਼ਤ ਬਰੀ ਕਰਕੇ ਇਹ ਸਿੱਧ ਕਰ ਦਿੱਤਾ ਗਿਆ ਹੈ ਕਿ ਸਿੱਖ ਬੇਕਸੂਰ ਲੋਕਾਂ ਦੇ ਕਤਲ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੇ। ਸ. ਮਾਨ ਨੇ ਕਿਹਾ ਕਿ ਉਸ ਸਮੇਂ ਦੀ ਹਿੰਦੂ ਹਕੂਮਤ ਨੇ 'ਖਾਲਿਸਤਾਨ' ਦੀ ਵਧ ਰਹੀ ਲਹਿਰ ਨੂੰ ਰੋਕਣ ਲਈ ਇਹ ਸ਼ੈਤਾਨੀ ਭਰੀ ਸਾਜ਼ਿਸ਼ ਰਚੀ ਅਤੇ ਇਸ ਘਿਨੌਣੇ ਜੁਰਮ ਵਿਚ ਬੇਕਸੂਰ ਸਿੱਖਾਂ ਨੂੰ ਬੇਵਜ੍ਹਾ ਫਸਾ ਕੇ ਖਾਲਿਸਤਾਨ ਲਹਿਰ ਨੂੰ ਸੱਟ ਮਾਰਨ ਲਈ ਘਟੀਆ ਹਥਕੰਡਾ ਵਰਤਿਆ।

ਖਾਲਿਸਤਾਨੀਆਂ ਦੀਆਂ ਧਮਕੀਆਂ ਦਾ ਸਾਹਮਣਾ ਕਰ ਰਹੇ ਉਜਲ ਦੁਸਾਂਝ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਦੋਹਾਂ ਨੂੰ ਖਾਲਿਸਤਾਨੀਆਂ ਦੇ ਮੁੜ ਸਰਗਰਮ ਹੋਣ ਬਾਰੇ ਚਿੰਤਾ ਕਰਨੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਖਾਲਿਸਤਾਨੀ ਵਿਚਾਰਧਾਰਾ ਵਾਲੇ ਲੋਕ ਨਵੀਆਂ ਪੀੜ੍ਹੀਆਂ ਦੇ ਮਨਾਂ ਵਿਚ ਜ਼ਹਿਰ ਘੋਲ ਰਹੇ ਹਨ। ਨਵੀਆਂ ਪੀੜੀਆਂ ਨੂੰ ਭਾਰਤ ਜਾਂ ਪੰਜਾਬ ਬਾਰੇ ਬਹੁਤ ਜਾਣਕਾਰੀ ਨਹੀਂ ਹੈ। ਜ਼ਿਕਰਯੋਗ ਹੈ ਕਿ ਉਜਲ ਦੁਸਾਂਝ ਨੂੰ 1980 ਦੇ ਦਹਾਕੇ ਵਿਚ ਖਾਲਿਸਤਾਨੀ ਪੱਖੀਆਂ ਦਾ ਵਿਰੋਧ ਕਰਨ 'ਤੇ ਲੋਹੇ ਦੀਆਂ ਰਾਡਾਂ ਨਾਲ ਕੁੱਟਿਆ ਗਿਆ ਸੀ ਜਦਕਿ ਡੇਵ ਹੇਅਰ ਦੇ ਪਿਤਾ ਤਾਰਾ ਸਿੰਘ ਹੇਅਰ ਨੂੰ ਕਨਿਸ਼ਕ ਬੰਬ ਕਾਂਡ ਮਾਮਲੇ 'ਚ ਪੇਸ਼ ਹੋਣ ਤੋਂ ਰੋਕਣ ਲਈ ਖਾਲਿਸਤਾਨ ਪੱਖੀਆਂ ਵਲੋਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਜਾਣਾ ਮੰਨਿਆ ਜਾਂਦਾ ਹੈ।

# ਪ੍ਰਧਾਨ ਮੰਤਰੀ ਦੀ ਅਮਰੀਕਾ ਅਤੇ ਬ੍ਰਾਜ਼ੀਲ ਦੀ ਫੇਰੀ

**ਹਰਜਾਪ ਸਿੰਘ ਔਜਲਾ**

ਅਪਰੈਲ ਦੀ ਦਸ ਤਾਰੀਖ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਵੀਂ ਦਿੱਲੀ ਤੋਂ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਦੇ ਚਾਰ ਦਿਨਾਂ ਅਤੇ ਬ੍ਰਾਜ਼ੀਲ ਦੇ ਤਿੰਨ ਦਿਨਾਂ ਦੇ ਦੌਰੇ 'ਤੇ ਰਵਾਨਾ ਹੋਏ। ਸਮੇਂ ਦੇ ਸਾਢੇ ਨੌਂ ਘੰਟੇ ਦੇ ਅੰਤਰ ਦੇ ਕਾਰਨ ਡਾ. ਮਨਮੋਹਨ ਸਿੰਘ ਸਨਿਚਰਵਾਰ 10 ਅਪਰੈਲ ਦੀ ਸ਼ਾਮ ਨੂੰ ਹੀ ਅਮਰੀਕਾ ਪੁੱਜ ਗਏ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, ਜਿਨ੍ਹਾਂ ਨੂੰ ਅਮਰੀਕਾ ਦੀ ਬਹੁਸੰਖਿਆ ਵਸੋਂ ਨੇ ਚੁਣ ਤਾਂ ਲਿਆ ਹੈ ਲੇਕਿਨ ਸਵੀਕਾਰ ਨਹੀਂ ਕੀਤਾ, ਉਨ੍ਹਾਂ ਨੂੰ ਮੁਦੱਬਰ ਅਤੇ ਸੁਹਿਰਦ ਮਿੱਤਰਾਂ ਦੀ ਲੋੜ ਹੈ। ਸਾਡੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਉਹ ਇਕ ਸੁਘੜ ਸਿਆਣਾ ਅਤੇ ਸੱਚਾ ਸੁੱਚਾ ਸਲਾਹਕਾਰ ਦਾਨਿਸ਼ਵਰ ਮੰਨਦੇ ਹਨ। ਇਸੇ ਹੀ ਕਾਰਨ ਐਤਵਾਰ 11 ਅਪਰੈਲ ਨੂੰ ਜਦੋਂ ਆਮ ਅਮਰੀਕਨ ਚਰਚਾਂ ਵਿਚ ਜਾਂਦੇ ਹਨ, ਬਰਾਕ ਓਬਾਮਾ ਨੇ ਡਾ. ਮਨਮੋਹਨ ਸਿੰਘ ਨੂੰ ਰਾਸ਼ਟਰਪਤੀ ਦੇ ਮਹਿਮਾਨਘਰ ਬਲੇਅਰ ਹਾਊਸ ਵਿਚ ਮੁਲਕਾਤ ਲਈ ਸੱਦ ਲਿਆ। ਇੰਜ ਡਾ. ਮਨਮੋਹਨ ਸਿੰਘ ਪਹਿਲੇ ਮਹੱਤਵਪੂਰਨ ਨੇਤਾ ਤਸੱਵਰ ਕੀਤੇ ਗਏ ਜਿਨ੍ਹਾਂ ਨਾਲ ਬਰਾਕ ਓਬਾਮਾ ਨੇ ਮਿਲਣੀ ਕੀਤੀ।

ਡਾ. ਮਨਮੋਹਨ ਸਿੰਘ ਨੇ ਅਨੇਕਾਂ ਤੱਥਾਂ ਤੋਂ ਬਰਾਕ ਓਬਾਮਾ ਨੂੰ ਸੁਚੇਤ ਕੀਤਾ। ਉਨ੍ਹਾਂ ਨੇ ਵਿਸ਼ਵ ਵਿਚ ਪ੍ਰਮਾਣੂ ਹਥਿਆਰਾਂ ਦੀ ਸੁਰੱਖਿਆ ਬਾਰੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਚਿੰਤਾ ਜ਼ਾਹਿਰ ਕੀਤੀ ਕਿ ਅਨੇਕਾਂ ਅਤਿਵਾਦੀ ਗਰੁੱਪ ਪ੍ਰਮਾਣੂ ਹਥਿਆਰਾਂ ਨੂੰ ਹਾਸਲ ਕਰਨ ਦੇ ਫਿਰਾਕ ਵਿਚ ਹਨ ਅਤੇ ਕਿਸੇ ਮੁਲਕ ਵਿਸ਼ੇਸ਼ ਦਾ ਨਾਂ ਲਏ ਬਗੈਰ ਉਨ੍ਹਾਂ ਦੱਸਿਆ ਕਿ ਕਈ ਦੇਸ਼ਾਂ ਵਿਚ ਅਸਥਿਰਤਾ ਵਾਲੀ ਸਥਿਤੀ ਬਣੀ ਹੋਈ ਹੈ, ਜਿਸ ਦਾ ਲਾਭ ਅਪਰਾਧੀ ਅਨਸਰ ਪ੍ਰਾਪਤ ਕਰਕੇ ਪ੍ਰਮਾਣੂ ਸਮੱਗਰੀ ਨੂੰ ਆਤੰਕਵਾਦ ਦਾ ਹਥਿਆਰ ਬਣਾ ਕੇ ਵਿਸ਼ਵ ਵਿਚ ਦਹਿਸ਼ਤ ਮਚਾਉਣੀ ਚਾਹੁੰਦੇ ਹਨ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਭਾਰਤ ਪ੍ਰਮਾਣੂ ਸਮੱਗਰੀ ਅਤੇ ਪ੍ਰਮਾਣੂ ਤਕਨੀਕ ਦੇ ਪਸਾਰ ਦੇ ਬਿਲਕੁਲ ਉਲਟ ਹੈ।

ਪ੍ਰਧਾਨ ਮੰਤਰੀ ਨੇ ਮੁੰਬਈ ਵਿਚ 26 ਸਤੰਬਰ 2008 ਨੂੰ ਹੋਏ ਆਤੰਕਵਾਦੀ ਘਟਨਾ ਚੱਕਰ ਦੇ ਮੁੱਖ ਸਾਜ਼ਿਸ਼ਕਾਰ ਡੇਵਿਡ ਕੋਲਮੈਨ ਹੈਡਲੀ ਦੀ ਭਾਰਤੀ ਅਧਿਕਾਰੀਆਂ ਵਲੋਂ ਪੁੱਛਗਿੱਛ ਵਾਸਤੇ ਉਸ ਦੇ ਹਵਾਲਗੀ ਦੀ ਵੀ ਬੇਨਤੀ ਕੀਤੀ। ਪ੍ਰਧਾਨ ਮੰਤਰੀ ਨੇ ਬਰਾਕ ਓਬਾਮਾ ਨੂੰ ਇਹ ਵੀ ਦੱਸਿਆ ਕਿ ਭਾਰਤ ਦੇ ਅਫਗਾਨਿਸਤਾਨ ਦੇ ਨਾਲ ਪੁਰਾਣੇ ਸਮੇਂ ਤੋਂ ਇਤਿਹਾਸਕ ਸੰਬੰਧ ਹਨ, ਜਿਨ੍ਹਾਂ ਦੀ ਭਾਰਤ ਕੁਰਬਾਨੀ ਕਰਨ ਵਾਸਤੇ ਤਿਆਰ ਨਹੀਂ ਹੈ। ਯਾਦ ਰਹੇ ਕਿ ਪਾਕਿਸਤਾਨ ਅਮਰੀਕਾ ਉੱਪਰ ਬਦਸਤੂਰ ਦਬਾਓ ਪਾਉਂਦਾ ਆ ਰਿਹਾ ਹੈ ਕਿ ਅਮਰੀਕਾ ਭਾਰਤ ਦੀ ਅਫਗਾਨਿਸਤਾਨ ਵਿਚ ਹੋਂਦ ਨੂੰ ਘਟਾਏ। ਲੇਕਿਨ ਡਾ. ਮਨਮੋਹਨ ਸਿੰਘ ਨੇ ਸਪੱਸ਼ਟ ਸ਼ਬਦਾਂ ਵਿਚ ਆਖ ਦਿੱਤਾ ਕਿ ਭਾਰਤ ਅਫਗਾਨਿਸਤਾਨ ਵਿਚੋਂ ਆਪਣੀ ਹੋਂਦ ਨੂੰ ਘਟਾਏਗਾ ਨਹੀਂ ਅਤੇ ਉੱਥੇ ਲੋਕ ਭਲਾਈ ਦੇ ਕਾਰਜ ਕਰਦਾ ਰਹੇਗਾ।

ਅਗਲੇ ਦੋ ਦਿਨਾਂ ਵਿਚ ਯਾਨੀ ਸੋਮਵਾਰ 12 ਅਪਰੈਲ ਅਤੇ ਮੰਗਲਵਾਰ 13 ਅਪਰੈਲ ਨੂੰ 47 ਦੇਸ਼ਾਂ ਦੀ ਪ੍ਰਮਾਣੂ ਸੁਰੱਖਿਆ ਸੰਬੰਧੀ ਬੈਠਕ ਸੀ। ਇਸ ਵਿਚ ਵੀ ਪ੍ਰਧਾਨ ਮੰਤਰੀ ਨੇ ਪ੍ਰਮਾਣੂ ਹਥਿਆਰਾਂ ਦੀ ਅਸੁਰੱਖਿਆ ਦੇ ਮਸਲੇ ਤੇ ਭਾਰਤ ਦੀ ਚਿੰਤਾ ਦਰਸਾਈ। ਪ੍ਰਧਾਨ ਮੰਤਰੀ ਨੇ ਨਵੀਂ ਦਿੱਲੀ ਵਿਚ ਪ੍ਰਮਾਣੂ ਹਥਿਆਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਇਕ ਇੰਸਟੀਚਿਊਟ ਬਣਾਉਣ ਦੀ ਵੀ ਪੇਸ਼ਕਸ਼ ਕੀਤੀ। ਇਸ ਕਾਨਫਰੰਸ ਦੌਰਾਨ ਉਹ ਅਨੇਕਾਂ ਮੁਲਕਾਂ ਦੇ ਸਰਬਰਾਹਾਂ ਨੂੰ ਮਿਲੇ। ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੇ ਸੰਬੰਧ ਵਿਚ ਭਾਰਤ ਨੇ ਸਾਫ ਤੌਰ 'ਤੇ ਸਖਤ ਬੰਦਿਸ਼ਾਂ ਦੀ ਵਿਰੋਧਤਾ ਕੀਤੀ ਅਤੇ ਗੱਲਬਾਤ ਦਾ ਰਸਤਾ ਹੀ ਕਾਰਗਰ ਦੱਸਿਆ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪ੍ਰਮਾਣੂ ਹਥਿਆਰ ਘਟਾਉਣ ਵਾਸਤੇ ਹਾਲ ਹੀ ਵਿਚ ਅਮਰੀਕਾ ਅਤੇ ਰੂਸ ਦੇ ਸਮਝੌਤੇ ਦੀ ਸਰਾਹਨਾ ਕੀਤੀ। ਪ੍ਰਧਾਨ ਮੰਤਰੀ ਨੇ ਇੱਛਿਆ ਜ਼ਾਹਿਰ ਕੀਤੀ ਕਿ ਸਾਰੇ ਮੁਲਕਾਂ ਨੂੰ ਹੀ ਆਪਣੇ ਪ੍ਰਮਾਣੂ ਹਥਿਆਰ ਘਟਾਉਣੇ ਚਾਹੀਦੇ ਹਨ। ਉਨ੍ਹਾਂ ਨੇ ਭਾਰਤ ਵਿਚ ਪ੍ਰਮਾਣੂ ਹਥਿਆਰਾਂ ਦੀ ਸਲਾਮਤੀ ਦੀ ਵੀ ਜ਼ਾਮਨੀ ਭਰੀ। ਸਭ ਮੁਲਕਾਂ ਦੇ ਪ੍ਰਤੀਨਿਧਾਂ ਨੇ ਪ੍ਰਧਾਨ ਮੰਤਰੀ ਅਤੇ ਭਾਰਤ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਇਸ ਕਾਨਫਰੰਸ ਵਿਚ ਪ੍ਰਧਾਨ ਮੰਤਰੀ ਨੂੰ ਸੰਕੇਤ ਮਿਲੇ ਕਿ ਅਮਰੀਕਾ ਪਾਕਿਸਤਾਨ ਦੀਆਂ ਗੈਰ ਜ਼ਿੰਮੇਦਾਰਾਨਾ ਕਾਰਵਾਈਆਂ ਨੂੰ ਬੜੀ ਉਦਾਰਤਾ ਨਾਲ ਸਵੀਕਾਰ ਕਰਦਾ ਜਾ ਰਿਹਾ ਹੈ। ਉਨ੍ਹਾਂ ਨੇ ਆਪਣੇ ਸੰਜੀਦਾ ਅੰਦਾਜ਼ ਵਿਚ ਇਸ ਤੇ ਚਿੰਤਾ ਵੀ ਪ੍ਰਗਟ ਕੀਤੀ।

ਬੁੱਧਵਾਰ 14 ਅਪਰੈਲ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬ੍ਰਾਜ਼ੀਲ ਦੀ ਰਾਜਧਾਨੀ ਬਰਾਜ਼ੀਲੀਆ ਵਾਸਤੇ ਵਾਸ਼ਿੰਗਟਨ ਡੀ ਸੀ ਤੋਂ ਰਵਾਨਾ ਹੋਏ। ਡਾ. ਮਨਮੋਹਨ ਸਿੰਘ ਅਤੇ ਬਰਾਜ਼ੀਲ ਦੇ ਸਰਬਰਾਹ ਦੇ ਆਪਸੀ ਸੰਬੰਧ ਦਿਨੋ ਦਿਨੀਂ ਹੋਰ ਵੀ ਸੰਘਣੇ ਹੁੰਦੇ ਜਾ ਰਹੇ ਹਨ। ਭਾਰਤ ਦੀ ਤਰ੍ਹਾਂ ਹੀ ਬਰਾਜ਼ੀਲ ਵੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਅਤੇ ਭਾਰਤ ਦੀ ਤਰ੍ਹਾਂ ਹੀ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦਾ ਪੱਕਾ ਮੈਂਬਰ ਬਣਨਾ ਚਾਹੁੰਦਾ ਹੈ। ਇਸੇ ਹੀ ਤਰ੍ਹਾਂ ਅਫਰੀਕਨ ਮਹਾਂਦੀਪ ਵਲੋਂ ਦੱਖਣੀ ਅਫਰੀਕਾ ਵੀ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ ਦਾ ਸਦੀਵੀ ਮੈਂਬਰ ਬਣਨ ਦਾ ਦਾਅਵੇਦਾਰ ਹੈ। 14 ਅਤੇ 15 ਅਪਰੈਲ ਨੂੰ ਭਾਰਤ, ਬਰਾਜ਼ੀਲ ਅਤੇ ਦੱਖਣੀ ਅਫਰੀਕਾ ਦੀਆਂ ਸਾਂਝੀਆਂ ਬੈਠਕਾਂ ਹੋਈਆਂ, ਜਿਨ੍ਹਾਂ ਵਿਚ ਵਿਸ਼ਵ ਦੇ ਪ੍ਰਮੁੱਖ ਮੁੱਦਿਆਂ ਬਾਰੇ ਰਾਵਾਂ ਸਾਂਝੀਆਂ ਕੀਤੀਆਂ ਗਈਆਂ। ਇਸ ਗੱਲਬਾਤ ਵਿਚ ਵੀ ਡਾ. ਮਨਮੋਹਨ ਸਿੰਘ ਦੀ ਕੇਂਦਰੀ ਭੂਮਿਕਾ ਸੀ।

16 ਅਪਰੈਲ ਨੂੰ ਬਰਾਜ਼ੀਲ, ਰੂਸ, ਭਾਰਤ ਅਤੇ ਚੀਨ ਦੀ ਚਤੁਰਭੁਜਾ ਗੱਲਬਾਤ ਹੋਈ। ਚਾਰ ਦੇਸ਼ਾਂ ਦੇ ਇਸ ਗਠਬੰਧਨ ਨੂੰ ਬਰਿਕ (ਬੀ-ਬਰਾਜ਼ੀਲ, ਰ-ਰੂਸ, ਆਈ-ਇੰਡੀਆ ਅਤੇ ਸੀ-ਚੀਨ) (BRIC) ਆਖਦੇ ਹਨ। ਇਸ ਵਿਚ ਚੀਨ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਨਹੀਂ ਪਾ ਸਕਿਆ, ਕਿਉਂਕਿ ਚੀਨ ਵਿਚ ਇਕ ਬੜਾ ਹੀ ਭਿਆਨਕ ਜ਼ਲਜ਼ਲਾ ਆਇਆ ਸੀ, ਜਿਸ ਵਿਚ ਸੈਂਕੜੇ ਮੌਤਾਂ ਹੋਈਆਂ ਹਨ। ਇਸ ਗਠਬੰਧਨ ਦੀ ਮਹੱਤਤਾ ਦਿਨ-ਬ-ਦਿਨ ਵਧ ਰਹੀ ਹੈ। ਹਾਲ ਵਿਚ ਹੀ ਚੀਨ ਦੀ ਆਰਥਿਕ ਸਥਿਤੀ ਤੇਜ਼ੀ ਨਾਲ ਮਜ਼ਬੂਤ ਹੋਈ ਹੈ, ਉਸ ਨੇ ਪਿਛਲੇ ਵਰ੍ਹੇ ਜਰਮਨੀ ਨੂੰ ਤੀਜੇ ਸਥਾਨ ਤੋਂ ਉਖਾੜ ਦਿੱਤਾ ਸੀ। ਐਸ ਸਾਲ ਚੀਨ ਨੇ ਜਾਪਾਨ ਨੂੰ ਵੀ ਪਛਾੜ ਕੇ ਦੂਜੇ ਅਸਥਾਨ ਤੇ ਕਬਜ਼ਾ ਜਮ੍ਹਾ ਲਿਆ ਹੈ। ਐਸ ਵਕਤ ਸਿਰਫ ਅਮਰੀਕਾ ਹੀ ਚੀਨ ਤੋਂ ਅੱਗੇ ਹੈ। ਜੇਕਰ ਅਸੀਂ ਬਰਾਜ਼ੀਲ, ਰੂਸ, ਭਾਰਤ ਅਤੇ ਚੀਨ ਦੀਆਂ ਆਰਥਿਕ ਸ਼ਕਤੀਆਂ ਦਾ ਗਠਬੰਧਨ ਬਣਾ ਲਈਏ ਤਾਂ ਇਸ ਦੀ ਸਮਰੱਥਾ ਅਮਰੀਕਾ ਅਤੇ ਯੂਰਪੀ ਸੰਘ ਤੋਂ ਵਧੇਰੇ ਹੋ ਜਾਂਦੀ ਹੈ। ਡਾ. ਮਨਮੋਹਨ ਸਿੰਘ ਦਾ ਮੰਨਣਾ ਹੈ ਕਿ ਜੇ ਇਹ ਚਾਰੇ ਦੇਸ਼ ਆਪਸੀ ਵਪਾਰ ਤੇਜ਼ੀ ਨਾਲ ਵਧਾ ਲੈਣ ਤਾਂ ਉਹ ਅਮਰੀਕਾ ਦੀ ਆਰਥਿਕ ਮੰਦਹਾਲੀ ਦੇ ਮਾੜੇ ਪ੍ਰਭਾਵਾਂ ਤੋਂ ਸੁਤੰਤਰ ਹੋ ਸਕਦੇ ਹਨ। ਇਸ ਬੈਠਕ ਵਿਚ ਫੈਸਲਾ ਲਿਆ ਗਿਆ ਕਿ ਆਪਸੀ ਵਪਾਰ ਨੂੰ ਉਗਾਸਾ ਦਿੱਤਾ ਜਾਏ। ਭਾਰਤ ਅਤੇ ਬਰਾਜ਼ੀਲ ਨੇ ਅਹਿਦ ਕੀਤਾ ਕਿ ਆਪਸੀ ਵਪਾਰ ਦਸ ਅਰਬ ਡਾਲਰ ਕੀਤਾ ਜਾਵੇ।

## ਜੈਸਿਕਾ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ :** ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਵਿਨੋਦ ਸ਼ਰਮਾ ਦੇ ਪੁੱਤਰ ਮਨੂ ਸ਼ਰਮਾ ਨੂੰ ਜੈਸਿਕਾ ਲਾਲ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਉਣ ਸਬੰਧੀ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਨੇ ਬਰਕਰਾਰ ਰੱਖਿਆ ਹੈ।

ਜਸਟਿਸ ਸੁਤੰਤਰ ਕੁਮਾਰ ਤੇ ਜਸਟਿਸ ਪੀ ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਦਿਆਂ ਕਿਹਾ ਕਿ ਮੁਦੱਈ ਧਿਰ ਨੇ ਅਪਰਾਧ ਦੇ ਸਮੇਂ ਮਨੂ ਸ਼ਰਮਾ ਦੀ ਹਾਜ਼ਰੀ ਸਾਬਤ ਕਰਨ ਦੇ ਨਾਲ-ਨਾਲ ਕਈ ਅਜਿਹੇ ਸਬੂਤ ਪੇਸ਼ ਕੀਤੇ ਹਨ, ਜਿਨ੍ਹਾਂ 'ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। ਮਾਮਲੇ ਦੀ ਸੁਣਵਾਈ ਕਰਨ ਵਾਲੇ ਬੈਂਚ ਨੇ ਮਨੂ ਤੋਂ ਇਲਾਵਾ ਉਤਰ ਪ੍ਰਦੇਸ਼ ਦੇ ਵਿਵਾਦਗ੍ਰਸਤ ਆਗੂ ਡੀ ਪੀ ਯਾਦਵ ਦੇ ਪੁੱਤਰ ਵਿਕਾਸ ਯਾਦਵ ਤੇ ਬਹੁਕੌਮੀ ਕੰਪਨੀ ਦੇ ਅਧਿਕਾਰੀ ਅਮਰਜੀਤ ਗਿੱਲ ਨੂੰ ਵੀ ਦੋਸ਼ੀ ਮੰਨਦਿਆਂ ਉਨ੍ਹਾਂ ਨੂੰ ਸੁਣਾਈ ਗਈ ਚਾਰ-ਚਾਰ ਸਾਲ ਦੀ ਸਜ਼ਾ ਬਰਕਰਾਰ ਰੱਖੀ ਹੈ। ਇਨ੍ਹਾਂ ਦੋਵਾਂ ਨੂੰ ਸਬੂਤ ਨਸ਼ਟ ਕਰਨ ਲਈ ਦੋਸ਼ੀ ਕਰਾਰ ਦਿੱਤਾ ਗਿਆ ਹੈ।



ਆਪਣੇ ਫ਼ੈਸਲੇ 'ਚ ਉਚ ਅਦਾਲਤ ਨੇ ਕਿਹਾ ਕਿ ਹੇਠਲੀ ਅਦਾਲਤ ਦੇ ਫੈਸਲੇ ਵਿਰੁਧ ਦਿੱਲੀ ਹਾਈ ਕੋਰਟ ਨੇ ਲੋੜੀਂਦੇ ਤੇ ਨਾਕਾਟਯੋਗ ਤਰਕ ਦਿੱਤੇ ਹਨ, ਜਿਸ ਲਈ ਉਹ ਪ੍ਰਸ਼ੰਸਾ ਦਾ ਪਾਤਰ ਹੈ। ਦੱਸਣਾ ਬਣਦਾ ਹੈ ਕਿ 29 ਅਪ੍ਰੈਲ 1999 'ਚ ਮਸ਼ਹੂਰ ਮਾਡਲ ਰਹੀ ਜੈਸਿਕਾ ਲਾਲ ਦਾ ਮਨੂ ਸ਼ਰਮਾ ਨੇ ਉਸ ਸਮੇਂ ਕਤਲ ਕਰ ਦਿੱਤਾ ਸੀ, ਜਦੋਂ ਉਸ ਨੇ ਮਨੂ ਤੇ ਉਸਦੇ ਦੋਸਤਾਂ ਨੂੰ ਸ਼ਰਾਬ ਪਰੋਸਣ ਤੋਂ ਮਨ੍ਹਾਂ ਕਰ ਦਿੱਤਾ ਸੀ। ਇਸ ਸੰਬੰਧ 'ਚ ਹੇਠਲੀ ਅਦਾਲਤ 'ਚ ਅਪੀਲ ਪਾਈ ਗਈ ਸੀ, ਜਿਸ ਦੀ ਸੁਣਵਾਈ ਕਰਦਿਆਂ ਇਸ ਅਦਾਲਤ ਨੇ 21 ਫਰਵਰੀ 2006 ਨੂੰ ਸਬੂਤਾਂ ਦੀ ਘਾਟ ਕਾਰਨ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ। ਇਸ ਉਪਰੰਤ ਮੀਡੀਆ ਦੇ ਦਬਾਅ ਹੇਠ ਦਿੱਲੀ ਪੁਲਿਸ ਨੇ ਹਾਈ ਕੋਰਟ 'ਚ ਅਪੀਲ ਦਾਇਰ ਕੀਤੀ। ਦਿੱਲੀ ਹਾਈ ਕੋਰਟ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਰੋਜ਼ਾਨਾ ਸੁਣਵਾਈ ਕੀਤੀ। 18 ਦਸੰਬਰ 2006 ਨੂੰ ਸੁਣਾਏ ਆਪਣੇ ਫੈਸਲੇ 'ਚ ਹਾਈ ਕੋਰਟ ਨੇ ਮਨੂ ਸ਼ਰਮਾ, ਵਿਕਾਸ ਯਾਦਵ ਤੇ ਅਮਰਜੀਤ ਸਿੰਘ ਗਿੱਲ ਉਰਫ਼ ਟੋਨੀ ਨੂੰ ਦੋਸ਼ੀ ਕਰਾਰ ਦਿੱਤਾ, ਜਦਕਿ ਆਲੋਕ ਖੰਨਾ, ਵਿਕਾਸ ਗਿੱਲ, ਹਰਵਿੰਦਰ ਸਿੰਘ ਚੋਪੜਾ, ਰਾਜ ਚੋਪੜਾ, ਸ਼ਿਆਮ ਸੁੰਦਰ ਸ਼ਰਮਾ ਤੇ ਯੋਗਰਾਜ ਸਿੰਘ ਨੂੰ ਬਰੀ ਕਰ ਦਿੱਤਾ।

ਹਾਈ ਕੋਰਟ ਦੇ ਇਸ ਫੈਸਲੇ ਵਿਰੁਧ ਮਨੂ ਸ਼ਰਮਾ ਤੇ ਹੋਰ ਦੋਸ਼ੀਆਂ ਨੇ 2 ਅਪ੍ਰੈਲ 2007 ਨੂੰ ਸੁਪਰੀਮ ਕੋਰਟ 'ਚ ਅਪੀਲ ਦਾਇਰ ਕੀਤੀ, ਜਿਸ ਬਾਰੇ ਸੁਪਰੀਮ ਕੋਰਟ ਨੇ ਬੀਤੀ 19 ਅਪ੍ਰੈਲ ਇਤਿਹਾਸਕ ਫੈਸਲਾ ਸੁਣਾਇਆ।

## ਭੂਚਾਲ ਅਤੇ ਤੂਫਾਨ ਨੇ ਲਈਆਂ ਸੈਂਕੜੇ ਜਾਨਾਂ

**ਬੀਜਿੰਗ:** ਚੀਨ ਦੇ ਉਤਰੀ-ਪੱਛਮੀ ਪ੍ਰਾਂਤ ਕਿੰਘਾਈ 'ਚ ਬੀਤੇ ਹਫਤੇ ਬੁੱਧਵਾਰ ਨੂੰ 7.1 ਦੀ ਤੀਬਰਤਾ ਨਾਲ ਆਏ ਭੂਚਾਲ ਦੇ ਜ਼ਬਰਦਸਤ ਝਟਕਿਆਂ ਨੇ ਭਾਰੀ ਤਬਾਹੀ ਮਚਾਈ, ਜਿਸ ਦੌਰਾਨ ਸੈਂਕੜੇ ਮਕਾਨ ਢਹਿ-ਢੇਰੀ ਹੋ ਗਏ। ਇਸ ਭੂਚਾਲ ਨਾਲ 400 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਕਰੀਬ ਅੱਠ ਹਜ਼ਾਰ ਲੋਕ ਜ਼ਖ਼ਮੀ ਹੋ ਗਏ। ਭੂਚਾਲ ਤੋਂ ਬਾਅਦ ਮਿੱਟੀ ਤੇ ਲੱਕੜੀ ਨਾਲ ਬਣੇ ਘਰ ਹਿੱਲਣ ਲੱਗ ਪਏ ਤੇ ਡਰ ਕਾਰਨ ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ। ਤੇਜ਼ ਗਤੀ ਵਾਲੇ ਭੂਚਾਲ ਤੋਂ ਬਾਅਦ ਕਿੰਘਈ ਤਿੱਬਤ ਪਠਾਰ 'ਚ ਰੁਕ-ਰੁਕ ਕੇ ਭੁਚਾਲ ਦੇ ਝਟਕੇ ਮਹਿਸੂਸ ਹੁੰਦੇ ਰਹੇ। ਚੀਨ ਦੇ ਭੂਚਾਲ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਭੁਚਾਲ ਨਾਲ ਪ੍ਰਭਾਵਤ ਇਲਾਕਿਆਂ 'ਚ ਟੈਲੀਫੋਨ ਦੀਆਂ ਲਾਈਨਾਂ ਠੱਪ ਹੋ ਗਈਆਂ, ਜਿਸ ਨਾਲ ਬਚਾਅ ਕਾਰਜਾਂ 'ਚ ਦਿੱਕਤਾਂ ਪੇਸ਼ ਆ ਰਹੀਆਂ ਹਨ।

**ਬੰਗਾਲ ਤੇ ਬਿਹਾਰ 'ਚ ਤੂਫਾਨ ਨਾਲ 110 ਮੌਤਾਂ :** ਪੱਛਮੀ ਬੰਗਾਲ ਦੇ ਉਤਰੀ ਦਿਨਾਜਪੁਰ ਜ਼ਿਲ੍ਹੇ ਅਤੇ ਇਸ ਦੇ ਨਾਲ ਲਗਦੇ ਬਿਹਾਰ ਦੇ ਚਾਰ ਜ਼ਿਲ੍ਹਿਆਂ 'ਚ 125 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਆਏ ਭਿਆਨਕ ਤੂਫ਼ਾਨ 'ਚ ਘੱਟ ਤੋਂ ਘੱਟ 110 ਲੋਕਾਂ ਦੀ ਮੌਤ ਅਤੇ 200 ਤੋਂ ਵਧ ਜ਼ਖ਼ਮੀ ਹੋ ਗਏ। ਸਰਕਾਰੀ ਸੂਤਰਾਂ ਅਨੁਸਾਰ ਉਤਰੀ ਦਿਨਾਜਪੁਰ ਜ਼ਿਲ੍ਹੇ ਦੇ 4 ਬਲਾਕਾਂ 'ਚ ਬੀਤੀ ਦੇਰ ਰਾਤ ਆਏ ਭਿਆਨਕ ਤੂਫ਼ਾਨ 'ਚ 31 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 100 ਹੋਰ ਜ਼ਖ਼ਮੀ ਹੋ ਗਏ।

## ਮਿਲਾਵਟ ਕਰਨ ਵਾਲਿਆਂ ਨੂੰ ਹੋਵੇਗੀ ਉਮਰ ਕੈਦ

**ਨਵੀਂ ਦਿੱਲੀ:** ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਰੋਕਣ ਲਈ ਬਣਾਏ ਗਏ ਨਵੇਂ ਕਾਨੂੰਨ ਤਹਿਤ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਅਤੇ 10 ਲੱਖ ਰੁਪਏ ਤਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਰਾਜ ਸਭਾ ਵਿਚ ਪ੍ਰਸ਼ਨਕਾਲ ਦੌਰਾਨ ਪੂਰਕ ਪ੍ਰਸ਼ਨਾਂ ਦਾ ਜਵਾਬ ਦਿੰਦਿਆਂ ਕੇਂਦਰੀ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਦਸਿਆ ਕਿ ਭੋਜਨ ਸੁਰੱਖਿਆ ਅਤੇ ਮਿਆਰ ਐਕਟ ਅਗਲੇ ਕੁੱਝ ਮਹੀਨਿਆਂ ਵਿਚ ਲਾਗੂ ਕਰ ਦਿਤਾ ਜਾਵੇਗਾ। ਉਨ੍ਹਾਂ ਇਸ ਗੱਲ ਨੂੰ ਮੰਨਿਆ ਕਿ ਦੇਸ਼ ਵਿਚ ਖਾਣ-ਪੀਣ ਵਾਲੀਆਂ ਵਸਤਾਂ 'ਚ ਮਿਲਾਵਟ ਦੀ ਸਮੱਸਿਆ ਕੈਂਸਰ ਵਾਂਗ ਹੈ। ਜਦੋਂ ਤਕ ਸਾਡੀ ਖੁਰਾਕ ਸ਼ੁੱਧ ਨਹੀਂ ਹੋਵੇਗੀ, ਉਦੋਂ ਤਕ ਸੱਭ ਕੁੱਝ ਬੇਕਾਰ ਹੈ।

ਮੰਤਰੀ ਦੇ ਐਨਾ ਕਹਿਣ ਤੋਂ ਬਾਅਦ ਭਾਜਪਾ ਮੈਂਬਰਾਂ ਨੇ ਮੰਗ ਕੀਤੀ ਕਿ ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਦਾ ਮੁੱਦਾ ਬੇਹੱਦ ਗੰਭੀਰ ਹੈ ਅਤੇ ਇਸ ਬਾਰੇ ਸਦਨ ਵਿਚ ਵਖਰੀ ਬਹਿਸ ਕਰਵਾਈ ਜਾਵੇ। ਇਸ 'ਤੇ ਚੇਅਰਮੈਨ ਹਾਮਿਦ ਅੰਸਾਰੀ ਨੇ ਕਿਹਾ ਕਿ ਵਖਰੀ ਬਹਿਸ ਕਰਵਾਉਣ ਲਈ ਸੰਸਦ ਮੈਂਬਰਾਂ ਨੂੰ ਪਹਿਲਾਂ ਨੋਟਿਸ ਦੇਣਾ ਹੋਵੇਗਾ। ਆਜ਼ਾਦ ਨੇ ਕਿਹਾ ਕਿ ਮਿਲਾਵਟ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਸੂਬਾ ਸਰਕਾਰਾਂ ਵਲੋਂ ਜੋ ਪਹਿਲ ਹੋਣੀ ਚਾਹੀਦੀ ਸੀ, ਉਹ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਨਵੇਂ ਐਕਟ ਵਿਚ 101 ਧਾਰਾਵਾਂ ਹਨ ਜਿਨ੍ਹਾਂ ਵਿਚੋਂ 43 ਅਧਿਸੂਚਤ ਕੀਤੀਆਂ ਜਾ ਚੁੱਕੀਆਂ ਹਨ ਜਦਕਿ ਬਾਕੀ ਕੀਤੀਆਂ ਜਾਣੀਆਂ ਹਨ। ਨਵੇਂ ਐਕਟ ਤਹਿਤ ਦੇਸ਼ ਦੇ ਨਾਗਰਿਕਾਂ ਨੂੰ ਸੁਰੱਖਿਅਤ ਭੋਜਨ ਮਿਲਣਾ ਯਕੀਨੀ ਬਣਾਇਆ ਜਾਵੇਗਾ। ਨਵਾਂ ਕਾਨੂੰਨ ਖਾਣ-ਪੀਣ ਵਾਲੀਆਂ ਵਸਤਾਂ ਦੇ ਨਿਰਮਾਤਾਵਾਂ ਅਤੇ ਵਪਾਰੀਆਂ ਉਪਰ ਸੁਰੱਖਿਅਤ ਅਤੇ ਸਿਹਤਮੰਦ ਭੋਜਨ ਵੇਚਣ ਦੀ ਜ਼ੁੰਮੇਵਾਰੀ ਤੈਅ ਕਰਦਾ ਹੈ।

## ਵਿਦੇਸ਼ੀ ਹਥਿਆਰਾਂ ਦੇ ਸ਼ੌਕੀਨ ਹਨ ਸਾਡੇ ਸਿਆਸਤਦਾਨ

**ਪਟਿਆਲਾ:** ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ, ਕਾਂਗਰਸ ਜਨਰਲ ਸਕੱਤਰ ਜਨਾਰਦਨ ਦਿਵੇਦੀ, ਫਿਲਮ ਅਭਿਨੇਤਾ ਅਤੇ ਸਾਬਕਾ ਐੱਮ.ਪੀ. ਵਿਨੋਦ ਖੰਨਾ, ਲੋਕ ਦਲ ਨੇਤਾ ਅਜੇ ਚੌਟਾਲਾ, ਸਾਬਕਾ ਰਾਜਪਾਲ ਮੁਹੰਮਦ ਫਜ਼ਲ ਉਨ੍ਹਾਂ ਪ੍ਰਮੁੱਖ ਆਗੂਆਂ ਵਿਚ ਸ਼ਾਮਲ ਹਨ ਜੋ ਵਿਦੇਸ਼ੀ ਹਥਿਆਰਾਂ ਦੇ ਸੌਕੀਨ ਹਨ। 100 ਤੋਂ ਵੱਧ ਐੱਮ.ਪੀਜ਼ ਨੇ ਪਿਛਲੇ 10 ਸਾਲਾਂ ਵਿਚ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ ਹੋਏ ਕਰੋੜਾਂ ਰੁਪਏ ਦੇ ਵਿਦੇਸ਼ੀ ਹਥਿਆਰ ਖਰੀਦੇ ਹਨ। ਜ਼ਬਤ ਹੋਏ ਵਿਦੇਸ਼ੀ ਹਥਿਆਰ ਖਰੀਦਣ ਲਈ ਐੱਮ.ਪੀਜ਼ ਦੀਆਂ ਲਾਈਨਾਂ ਲੱਗੀਆਂ ਹੋਈਆਂ ਹਨ ਅਤੇ ਇਸ ਦਾ ਕਾਰਨ ਸਸਤੇ ਭਾਅ ਵਿਚ ਇਹ ਹਥਿਆਰ ਮਿਲਣਾ ਹੈ। ਪ੍ਰਨੀਤ ਕੌਰ ਨੇ 0.357 ਮੈਗਨਮ ਰਿਵਾਲਵਰ 34065 'ਚ ਹਾਸਲ ਕੀਤੀ, ਉਸ ਦੀ ਕੌਮਾਂਤਰੀ ਕੀਮਤ 56700 ਰੁਪਏ ਹੈ, ਜਦਕਿ ਵਿਨੋਦ ਖੰਨਾ ਨੇ ਅਜਿਹੀ ਹੀ ਰਿਵਾਲਵਰ 23500 ਰੁਪਏ ਵਿਚ ਹਾਸਲ ਕੀਤੀ ਹੈ। ਡਾ: ਕੁਮਕੁਮ ਰਾਏ ਨੇ ਜਿਹੜੀ ਕੋਲਟ ਪਿਸਤੌਲ 58 ਹਜ਼ਾਰ ਰੁਪਏ ਖਰੀਦੀ ਹੈ ਉਸਦੀ ਵਿਦੇਸ਼ੀ ਬਾਜ਼ਾਰ ਵਿਚ ਕੀਮਤ 1.36 ਲੱਖ ਰੁਪਏ ਹੈ ਅਤੇ ਅਤੀਕ ਅਹਿਮਦ ਨੇ ਜਿਹੜੀ 30.06 ਐੱਮ.,ਐੱਮ. ਰਾਈਫਲ 3.15 ਲੱਖ ਰੁਪਏ ਵਿਚ ਖਰੀਦੀ ਹੈ ਉਸ ਕੀਮਤ 3.60 ਲੱਖ ਦੱਸੀ ਗਈ ਹੈ। ਹਾਲਾਂਕਿ ਮਹਿਲਾ ਐੱਮ.ਪੀਜ਼ ਨੇ ਇਨ੍ਹਾਂ ਵਿਦੇਸ਼ੀ ਹਥਿਆਰਾਂ ਵਿਚ ਘੱਟ ਦਿਲਚਸਪੀ ਦਿਖਾਈ ਹੈ। ਸਿਰਫ 5 ਮਹਿਲਾ ਐੱਮ.ਪੀਜ਼ ਪ੍ਰਨੀਤ ਕੌਰ, ਕੁਮਕੁਮ ਰਾਏ, ਪ੍ਰੇਰਣਾ ਕਰਿਅੱਪਾ, ਕੁਮਾਰੀ ਦੇਵੀ ਅਤੇ ਇਕ ਹੋਰ ਮਹਿਲਾ ਐੱਮ.ਪੀਜ਼ ਨੇ ਜ਼ਬਤ ਹਥਿਆਰ ਖਰੀਦੇ ਹਨ। ਵਿਦੇਸ਼ੀ ਹਥਿਆਰਾਂ ਨਾਲ ਸੰਬੰਧਿਤ ਨੀਤੀ ਦਾ ਫਾਇਦਾ ਉਠਾਉਣ ਵਾਲਿਆਂ ਵਿਚ ਕੁਝ ਬਾਹੁਬਲੀ ਐੱਮ. ਪੀ ਵੀ ਸ਼ਾਮਿਲ ਹਨ, ਜਿਨ੍ਹਾਂ ਵਿਚ ਅਫਜ਼ਲ ਅੰਸਾਰੀ, ਅਤੀਕ ਅਹਿਮਦ, ਮੁਹੰਮਦ ਸ਼ਹਾਬੂਦੀਨ ਪ੍ਰਮੁੱਖ ਹਨ। ਸੂਚਨਾ ਦੇ ਅਧਿਕਾਰ ਕਾਨੂੰਨ ਅਧੀਨ ਹਿਸਾਰ ਸਥਿਤ ਸੋਸ਼ਲ ਵਰਕਰ ਰਮੇਸ਼ ਵਰਮਾ ਨੇ ਪਿਛਲੇ 10 ਸਾਲਾਂ ਦੌਰਾਨ ਵਿਦੇਸ਼ਾਂ ਤੋਂ ਨਜਾਇਜ਼ ਢੰਗ ਨਾਲ ਲਿਆਂਦੇ ਜਾਣ ਵਾਲੇ ਜ਼ਬਤ ਹਥਿਆਰ ਖਰੀਦਣ ਵਾਲੇ ਐੱਮ.ਪੀਜ਼ ਦਾ ਵੇਰਵਾ ਮੰਗਿਆ ਸੀ। ਮਿਲੀ ਜਾਣਕਾਰੀ ਅਨੁਸਾਰ ਪਿਛਲੇ 10 ਸਾਲਾਂ ਦੌਰਾਨ 103 ਐੱਮ. ਪੀਜ਼ ਨੇ ਅਜਿਹੇ ਜ਼ਬਤ ਹਥਿਆਰ ਖਰੀਦੇ ਜਿਨ੍ਹਾਂ ਵਿਚ ਕਾਂਗਰਸ, ਭਾਜਪਾ, ਸਪਾ, ਸ਼ਿਵ ਸੈਨਾ, ਬਸਪਾ, ਤੇਲਗੂ ਦਸਮ, ਐੱਮ.ਡੀ. ਐੱਮ.ਕੇ., ਪੀ.ਐੱਮ.ਕੇ., ਇਨੈਲੋ ਅਤੇ ਬੀਜਦ ਕਈ ਪਾਰਟੀਆਂ ਦੇ ਐੱਮ. ਪੀਜ਼ ਸ਼ਾਮਲ ਹਨ।

## ਪਾਰਟੀ ਵਿਧਾਨ ਬਾਰੇ ਅਕਾਲੀ ਦਲ ਨੇ ਸਪਸ਼ਟ ਕੀਤਾ

**ਚੰਡੀਗੜ੍ਹ :** ਸ਼ੋਸ਼ਲਿਸਟ ਜਨਤਾ ਪਾਰਟੀ ਦੇ ਕੌਮੀ ਉਪ ਪ੍ਰਧਾਨ ਅਤੇ ਮਾਲਟਾ ਕਿਸ਼ਤੀ ਕਾਂਡ ਜਾਂਚ ਕਮਿਸ਼ਨ ਦੇ ਚੇਅਰਮੈਨ ਸ. ਬਲਵੰਤ ਸਿੰਘ ਖੇੜਾ ਵਲੋਂ ਦਿੱਲੀ ਹਾਈਕੋਰਟ ਅਤੇ ਹੁਸ਼ਿਆਰਪੁਰ ਦੀ ਜ਼ਿਲ੍ਹਾ ਅਦਾਲਤ ਵਿਚ ਪਟੀਸ਼ਨਾਂ ਪਾਈਆਂ ਗਈਆਂ ਹਨ -ਜਿਨ੍ਹਾਂ ਦੀ ਸੁਣਵਾਈ ਕਰਮਵਾਰ 21 ਜੁਲਾਈ ਅਤੇ 28 ਜੁਲਾਈ ਨੂੰ ਹੋਣੀ ਹੈ। ਇਸ ਕਾਰਨ ਸ਼੍ਰੋਮਣੀ ਅਕਾਲੀ ਦਲ ਬਾਦਲ ਭੰਬਲਭੂਸੇ ਵਿਚ ਫਸ ਗਿਆ ਹੈ ਕਿਉਂਕਿ ਭਾਰਤ ਦੇ ਚੋਣ ਕਮਿਸ਼ਨ ਅਤੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਵੱਖ-ਵੱਖ ਵਿਧਾਨ ਪੇਸ਼ ਕੀਤੇ ਗਏ ਹਨ।

ਸ. ਖੇੜਾ ਨੇ ਦਸਿਆ ਕਿ ਹੁਸ਼ਿਆਰਪੁਰ ਦੀ ਜ਼ਿਲ੍ਹਾ ਅਦਾਲਤ ਵਿਚ ਦਰਜ ਕੇਸ ਦੀ ਬੀਤੀ 17 ਅਪ੍ਰੈਲ ਨੂੰ ਸੁਣਵਾਈ ਸੀ ਪਰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਸ. ਗੁਰਜੰਟ ਸਿੰਘ ਦੇ ਛੁੱਟੀ 'ਤੇ ਹੋਣ ਕਰ ਕੇ ਅਗਲੀ ਸੁਣਵਾਈ 28 ਜੁਲਾਈ 'ਤੇ ਪੈ ਗਈ ਹੈ। ਇਸ ਪਟੀਸ਼ਨ ਵਿਚ ਸ. ਖੇੜਾ ਨੇ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਲ ਦੇ ਹੋਰ ਅਹੁਦੇਦਾਰਾਂ ਜਨਰਲ ਸਕੱਤਰ ਸੁਖਦੇਵ ਸਿੰਘ ਢੀਂਡਸਾ, ਡਾ. ਦਲਜੀਤ ਸਿੰਘ ਚੀਮਾ ਤੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਪਾਰਟੀ ਬਣਾਇਆ ਹੈ। ਪਟੀਸ਼ਨ ਵਿਚ ਮੁੱਖ ਨੁਕਤਾ ਇਹ ਉਠਾਇਆ ਹੈ ਕਿ ਬਾਦਲ ਅਕਾਲੀ ਦਲ ਪਿਛਲੇ 60 ਸਾਲਾਂ ਤੋਂ ਲੋਕਾਂ ਨਾਲ ਧੋਖਾ ਕਰਦਾ ਆ ਰਿਹਾ ਹੈ ਅਤੇ ਧਰਮ ਨੂੰ ਸਿਆਸਤ ਲਈ ਵਰਤਦਾ ਆ ਰਿਹਾ ਹੈ। ਦਲ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਖੰਡੇ ਦੇ ਨਿਸ਼ਾਨ ਵਾਲਾ ਧਾਰਮਕ ਵਿਧਾਨ ਦਿਤਾ ਹੋਇਆ ਹੈ ਜਦੋਂਕਿ ਅਸੈਂਬਲੀ ਤੇ ਲੋਕ ਸਭਾ ਚੋਣਾਂ ਵਾਸਤੇ ਭਾਰਤ ਦੇ ਚੋਣ ਕਮਿਸ਼ਨ ਨੂੰ ਇਕ ਸੈਕੂਲਰ ਵਿਧਾਨ ਪੇਸ਼ ਕੀਤਾ ਗਿਆ ਹੈ । ਸ. ਖੇੜਾ ਅਨੁਸਾਰ ਪੁਰਾਣੇ ਵਿਧਾਨ ਮੁਤਾਬਕ ਇਕ ਅੰਮ੍ਰਿਤਧਾਰੀ ਸਿੱਖ ਹੀ ਇਸ ਪਾਰਟੀ ਦਾ ਮੈਂਬਰ ਬਣ ਸਕਦਾ ਹੈ ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿੱਸਾ ਲੈਂਦਾ ਹੈ। ਜਦੋਂ ਕਿ ਉਹੀ ਦਲ ਭਾਰਤ ਦੇ ਚੋਣ ਕਮਿਸ਼ਨ ਰਾਹੀਂ ਕਰਵਾਈਆਂ ਜਾ ਰਹੀਆਂ ਅਸੈਂਬਲੀ ਜਾਂ ਲੋਕ ਸਭਾ ਚੋਣਾਂ ਵਿਚ ਕਿਵੇਂ ਹਿੱਸਾ ਲੈ ਸਕਦਾ ਹੈ? ਸ. ਖੇੜਾ ਅਨੁਸਾਰ ਜਿਹੜਾ ਦਲ ਗੁਰੂ ਦੀ ਗੋਲਕ, ਗੁਰਦਵਾਰਿਆਂ ਦੀ ਵਰਤੋਂ ਕਰ ਕੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਸਟਾਫ਼ ਦੀ ਵਰਤੋਂ ਸਿਆਸਤ ਵਾਸਤੇ ਕਰਦਾ ਹੈ, ਉਹ ਧਰਮ ਨਿਰਪੱਖ ਕਿਵੇਂ ਰਹਿ ਸਕਦਾ ਹੈ।

ਇਨ੍ਹਾਂ ਕੇਸਾਂ ਬਾਰੇ ਟਿਪਣੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਦਲਜੀਤ ਸਿੰਘ ਚੀਮਾ ਨੇ ਦਸਿਆ ਕਿ ਹਰ ਪਾਰਟੀ ਦਾ ਅਧਿਕਾਰ ਹੈ ਕਿ ਉਹ ਅਪਣੇ ਵਿਧਾਨ ਨੂੰ ਸਮੇਂ ਸਮੇਂ ਬਦਲ ਸਕਦੀ ਹੈ ਜੋ ਬਾਦਲ ਦਲ ਨੇ ਕੀਤਾ ਹੈ।

## Matrimonials



Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact-bains1956@yahoo.com

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

## Public Notice

**Change of Name**

I Yadvinder Singh S/O Amarjit Singh, resident of HN. 63, street no. 6, Guru Nanak Nagar, Patiala, (Pb.) Pin 147001, now living at 476 W. Mcarthur Blvd., Oakland, CA 94609, have changed my name to Yadwinder Singh Kamal. All concerned please note.


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40





Emirates · Asiana Airlines · KOREAN AIR · SINGAPORE AIRLINES · CATHAY PACIFIC · Lufthansa · CHINA AIRLINES
We Also Offer Notary Service


B & Sons Travel
➤All Airlines ➤International and Domestic
➤Wholesale Fares Around the World
We Will Beat or Match any Fare !
Office Hours
Mon-Fri: 9am -6pm
Saturday 9am-5pm





CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate! SSF Campus 5 Consecutive Quarters January 1008 - March 2009
Affordable Payment Plans! Up to 10 years Repayment Terms on Approved Credit
Start your career now! Find a job fast using our Job Placement Office.
Full Time
Part Time
Day & Evening
Start Your Nursing Career Today!


12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus 257 Longford Drive #5 So. San Francisco, CA 94080 1.800.339.5145
East Bay Campus 21615 Hesperian Blvd, Ste A Hayward, CA 94541 1.800.611.4054
Choose which is right for you... Your career is a call away. Call today!
www.ncpcollegeofnursing.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com





Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਵਿਸਾਖੀ ਮੌਕੇ ਤਲਵੰਡੀ ਸਾਬੋ 'ਚ ਰਾਜਸੀ ਕਾਨਫਰੰਸਾਂ

# ਅਕਾਲੀ ਅਤੇ ਕਾਂਗਰਸੀ ਇਕ ਦੂਜੇ 'ਤੇ ਜੰਮ ਕੇ ਵਰ੍ਹੇ



ਤਲਵੰਡੀ ਸਾਬੋ ਵਿਖੇ ਅਕਾਲੀਆਂ ਦੀ ਕਾਨਫਰੰਸ ਦੌਰਾਨ ਬੈਠੇ ਸ. ਬਾਦਲ ਤੇ ਹੋਰ ਨੇਤਾ

**ਜਦੋਂ ਤਕ ਸਿੱਖਾਂ ਦੇ ਕਾਤਲ ਗ੍ਰਿਫਤਾਰ ਨਹੀਂ ਹੁੰਦੇ ਅਮਰੀਕਾ ਰਾਣਾ, ਹੈਡਲੀ ਭਾਰਤ ਨੂੰ ਨਾ ਸੌਂਪੇ-ਮਾਨ**

**ਵਿਦੇਸ਼ ਭੇਜਣ ਦੇ ਝਾਂਸੇਬਾਜਾਂ ਤੇ ਠੱਗ ਵਿਦੇਸ਼ੀ ਪਤੀਆਂ ਕਾਰਨ ਪੰਜਾਬ 'ਚ ਢਾਈ ਲੱਖ ਏਕੜ ਜ਼ਮੀਨ ਵਿਕ ਚੁੱਕੀ ਹੈ - ਰਾਮੂਵਾਲੀਆ**

**ਤਲਵੰਡੀ ਸਾਬੋ (ਬਠਿੰਡਾ) :** ਖਾਲਸੇ ਦੇ ਜਨਮ ਦਿਵਸ ਨੂੰ ਸਮਰਪਿਤ ਵਿਸਾਖੀ ਦਾ ਮੇਲਾ ਇਸ ਵਾਰ ਕੈਲੰਡਰਾਂ ਦੇ ਭੰਬਲਭੂਸੇ ਦਾ ਸ਼ਿਕਾਰ ਹੋ ਕੇ ਰਹਿ ਗਿਆ। ਦੱਸਣਾ ਬਣਦਾ ਹੈ ਕਿ ਸ਼ਰਧਾਲੂਆਂ ਦੀ ਵੱਡੀ ਗਿਣਤੀ 13 ਅਪ੍ਰੈਲ ਨੂੰ ਹੀ ਹਾਜ਼ਰੀ ਭਰ ਕੇ ਵਾਪਸ ਚਲੀ ਗਈ ਸੀ, ਜਦ ਕਿ 14 ਅਪ੍ਰੈਲ ਨੂੰ ਸਿਆਸੀ ਕਾਨਫਰੰਸਾਂ ਤੱਕ ਹੀ ਮੇਲਾ ਸੀਮਤ ਰਿਹਾ।

ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਭਾਈ ਡੱਲ ਸਿੰਘ ਦੀਵਾਨ ਹਾਲ 'ਚ ਕੀਤੀ ਗਈ ਕਾਨਫਰੰਸ ਦੌਰਾਨ ਹਮਲਾਵਰ ਰੁਖ਼ ਅਪਣਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਰਾਜ ਦੀਆਂ ਮੁਸੀਬਤਾਂ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦਿਆਂ ਪ੍ਰਾਪਤੀ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ।

ਅਕਾਲੀ ਦਲ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਬਿਜਲੀ ਦੇ ਸੰਕਟ ਲਈ ਕਾਂਗਰਸ ਨੂੰ ਦੋਸ਼ੀ ਕਰਾਰ ਦਿੰਦਿਆਂ ਕਿਹਾ ਕਿ ਇਸ ਪਾਰਟੀ ਨੇ ਆਪਣੀ ਹਕੂਮਤ ਦੌਰਾਨ ਇਕ ਵੀ ਅਜਿਹਾ ਪ੍ਰੋਜੈਕਟ ਸਥਾਪਤ ਨਹੀਂ ਕੀਤਾ ਜਿੱਥੋਂ ਬਿਜਲੀ ਪੈਦਾ ਹੋ ਸਕੇ। ਇਹ ਸਿਰਫ਼ ਅਕਾਲੀ ਸਰਕਾਰ ਹੀ ਹੈ, ਜਿਸਨੇ ਅਤੀਤ ਵਿਚ ਹੀ ਬਿਜਲੀ ਉਤਪਾਦਨ ਵਲ ਧਿਆਨ ਨਹੀਂ ਦਿੱਤਾ, ਬਲਕਿ ਮੌਜੂਦਾ ਸਮੇਂ ਦੌਰਾਨ ਵੀ ਕਈ ਅਜਿਹੇ ਵੱਡੇ ਪ੍ਰੋਜੈਕਟ ਸਥਾਪਤ ਕਰ ਰਹੀ ਹੈ, ਜਿਨ੍ਹਾਂ ਦੇ ਚਾਲੂ ਹੋਣ ਨਾਲ ਅਗਲੇ ਕਈ ਦਹਾਕਿਆਂ ਤੱਕ ਰਾਜ ਨੂੰ ਬਿਜਲੀ ਕੱਟਾਂ ਤੋਂ ਛੁਟਕਾਰਾ ਹਾਸਲ ਹੋ ਜਾਵੇਗਾ।

ਵਿੱਦਿਆ ਨੂੰ ਕਿਸੇ ਰਾਜ ਦੀ ਤਰੱਕੀ ਲਈ ਮੁਢਲੀ ਸ਼ਰਤ ਕਰਾਰ ਦਿੰਦਿਆਂ ਸ੍ਰ. ਬਾਦਲ ਨੇ ਦੋਸ਼ ਲਾਇਆ ਕਿ ਲੰਬਾ ਸਮਾਂ ਹਕੂਮਤ 'ਤੇ ਕਾਬਜ਼ ਰਹਿਣ ਦੇ ਬਾਵਜੂਦ ਕਾਂਗਰਸ ਪਾਰਟੀ ਨੇ ਇਸ ਦਿਸ਼ਾ ਵਲ ਕੋਈ ਸਾਰਥਕ ਕਦਮ ਨਹੀਂ ਚੁੱਕਿਆ। ਇਹ ਅਕਾਲੀ-ਭਾਜਪਾ ਸਰਕਾਰ ਹੀ ਹੈ, ਜੋ ਪੇਂਡੂ ਗਰੀਬ ਵਿਦਿਆਰਥੀਆਂ ਨੂੰ ਮਿਆਰੀ ਵਿੱਦਿਆ ਮੁਹੱਈਆ ਕਰਾਉਣ ਵਾਸਤੇ ਨਾ ਸਿਰਫ ਆਦਰਸ਼ ਸਕੂਲ ਖੋਲ੍ਹ ਰਹੀ ਹੈ, ਬਲਕਿ 35 ਹਜ਼ਾਰ ਅਧਿਆਪਕ ਭਰਤੀ ਕਰਨ ਦਾ ਵੀ ਫੈਸਲਾ ਲਿਆ ਹੈ। ਦਰਿਆਈ ਪਾਣੀਆਂ ਵਿਚ ਫੈਲੇ ਪ੍ਰਦੂਸ਼ਣ ਦਾ ਜ਼ਿਕਰ ਕਰਦਿਆਂ ਸ੍ਰ. ਬਾਦਲ ਨੇ ਕਿਹਾ ਕਿ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲਣ ਦਾ ਮੁੱਖ ਕਾਰਨ ਵੀ ਇਹੋ ਹੀ ਹੈ। ਉਨ੍ਹਾਂ ਦੱਸਿਆ ਕਿ ਸਤਲੁਜ, ਬਿਆਸ ਤੇ ਘੱਗਰ ਵਿਚ ਪੈ ਰਹੇ ਮਲਮੂਤਰ ਤੇ ਫੈਕਟਰੀਆਂ ਦੇ ਕਚਰੇ ਨੂੰ ਬੰਦ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਡੈਮਾਂ ਵਿਚ ਲਗਾਤਾਰ ਘਟ ਰਹੇ ਅਤੇ ਧਰਤੀ ਹੇਠਲੇ ਪਾਣੀ ਦੇ ਡੂੰਘਾ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਝੋਨੇ ਦੀ ਬਜਾਏ ਨਰਮਾ, ਕਪਾਹ ਜਾਂ ਗੁਆਰੇ ਵਰਗੀਆਂ ਫਸਲਾਂ ਬੀਜਣ।

ਕਾਂਗਰਸ ਪਾਰਟੀ 'ਤੇ ਤਾਬੜਤੋੜ ਹਮਲੇ ਕਰਦਿਆਂ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਨੇ ਜਿੱਥੇ ਇਹ ਦੋਸ਼ ਲਾਇਆ ਕਿ ਇਹ ਪਾਰਟੀ ਸਿੱਖ ਭਾਈਚਾਰੇ ਨੂੰ ਦੋਫਾੜ ਕਰਨ ਵਿਚ ਲੱਗੀ ਹੋਈ ਹੈ, ਉਥੇ ਦਿੱਲੀ ਦੇ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਨੂੰ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸਰਨੇ ਵਰਗੇ ਲੋਕਾਂ ਨੂੰ ਮੂਹਰੇ ਲਾ ਕੇ ਕਾਂਗਰਸ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਹੋਣ ਲਈ ਯਤਨਸ਼ੀਲ ਹੈ, ਜਿਸਨੂੰ ਸਿੱਖ ਭਾਈਚਾਰਾ ਕਿਸੇ ਵੀ ਸੂਰਤ ਵਿਚ ਸਫਲ ਹੋਣ ਦੀ ਇਜਾਜ਼ਤ ਨਹੀਂ ਦੇਵੇਗਾ। ਗਰਮੀ ਕਾਰਨ ਕਣਕ ਦਾ ਝਾੜ ਘਟਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਸਨੂੰ ਕੁਦਰਤੀ ਆਫਤ ਐਲਾਨ ਕੇ ਪ੍ਰਤੀ ਕੁਇੰਟਲ ਸੌ ਰੁਪਏ ਦਾ ਬੋਨਸ ਦਿੱਤਾ ਜਾਵੇ।

ਇਸ ਮੌਕੇ ਸ੍ਰ. ਬਲਵਿੰਦਰ ਸਿੰਘ ਭੂੰਦੜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਦੇਵ ਸਿੰਘ ਬਾਦਲ, ਜਥੇਦਾਰ ਤੋਤਾ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਆਦਿ ਨੇ ਵੀ ਸੰਬੋਧਨ ਕੀਤਾ।

ਦੂਜੇ ਪਾਸੇ ਕਾਂਗਰਸ ਦੀ ਕਾਨਫਰੰਸ ਦੌਰਾਨ ਅਕਾਲੀ-ਭਾਜਪਾ ਸਰਕਾਰ ਨੂੰ ਦਿਸ਼ਾਹੀਣ ਅਤੇ ਅਸਫਲ ਕਰਾਰ ਦਿੰਦਿਆਂ ਕਾਂਗਰਸੀ ਆਗੂਆਂ ਨੇ ਵਿਚਾਰ ਪ੍ਰਗਟ ਕੀਤਾ ਕਿ ਸੂਬਾ ਸਰਕਾਰ ਕੇਂਦਰ ਸਰਕਾਰ ਵਲੋਂ ਮੁਹੱਈਆ ਕਰਵਾਈ ਆਰਥਿਕ ਆਕਸੀਜਨ ਦੇ ਸਹਾਰੇ ਦਿਨ ਕਟੀ ਕਰ ਰਹੀ ਹੈ।

ਸੀਨੀਅਰ ਸੂਬਾਈ ਲੀਡਰਸਿਪ ਦੀ ਗੈਰ ਮੌਜੂਦਗੀ ਵਿਚ ਤਲਵੰਡੀ ਸਾਬੋ ਦੇ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੀ ਪਹਿਲ ਕਦਮੀ 'ਤੇ ਹੋਈ ਪ੍ਰਭਾਵਸ਼ਾਲੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਵਿਧਾਇਕ ਸ੍ਰ. ਦਰਸ਼ਨ ਸਿੰਘ ਬਰਾੜ ਨੇ ਦੋਸ਼ ਲਾਇਆ ਕਿ ਇਸ ਸਰਕਾਰ ਦੀਆਂ ਦਿਸ਼ਾਹੀਣ ਤੇ ਪਿੱਛਲਖੁਰੀ ਨੀਤੀਆਂ ਦਾ ਹੀ ਸਿੱਟਾ ਹੈ ਕਿ ਸਮਾਜ ਦਾ ਹਰ ਵਰਗ ਅੱਜ ਦੁਖੀ ਹੈ। ਦਲਿਤ ਵਿਦਿਆਰਥੀ ਵਜ਼ੀਫਿਆਂ, ਬੁੱਢੇ-ਬੁੱਢੀਆਂ ਤੇ ਵਿਧਵਾਵਾਂ ਪੈਨਸ਼ਨਾਂ ਅਤੇ ਨੌਜਵਾਨ ਨੌਕਰੀਆਂ ਲਈ ਤਰਸ ਰਹੇ ਹਨ। ਇਹ ਸਰਕਾਰ ਬਦਲਾਖੋਰੀ ਨੀਤੀ ਅਧੀਨ ਝੂਠੇ ਮੁਕੱਦਮੇ ਦਰਜ ਕਰਨ ਤੱਕ ਸੀਮਤ ਹੋ ਕੇ ਰਹਿ ਗਈ ਹੈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜੀਤਮਹਿੰਦਰ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਇਹ ਸਰਕਾਰ ਝੂਠੇ ਨੀਂਹ ਪੱਥਰ ਰੱਖਣ ਜੋਗੀ ਹੀ ਹੈ। ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਵਲੋਂ ਕੀਤੇ ਜਾ ਰਹੇ ਇਸ ਦਾਅਵੇ ਕਿ ਬਿਜਲੀ ਦੇ ਉਤਪਾਦਨ ਲਈ ਵੱਡੇ ਵੱਡੇ ਪ੍ਰੋਜੈਕਟਾਂ ਤੇ ਕੰਮ ਸ਼ੁਰੂ ਹੋ ਚੁੱਕਾ ਹੈ, ਨੂੰ ਅਧਾਰਹੀਣ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਅਗਰ ਉਹ ਸਿਰਫ਼ ਇਹ ਹੀ ਸਾਬਤ ਕਰ ਦੇਣ ਕਿ ਵਣਵਾਲਾ ਥਰਮਲ ਪਲਾਂਟ ਦੇ ਨਿਰਮਾਣ ਲਈ ਇੱਕ ਇੱਟ ਵੀ ਲੱਗੀ ਹੈ, ਤਾਂ ਉਹ ਸਿਆਸਤ ਤੋਂ ਸੰਨਿਆਸ ਲੈ ਲੈਣਗੇ। ਕਾਂਗਰਸ ਦੀ ਕਾਨਫਰੰਸ ਨੂੰ ਵਿਧਾਇਕ ਸ੍ਰੀ ਮੱਖਣ ਸਿੰਘ, ਮੰਗਤ ਰਾਮ ਬਾਂਸਲ ਵਿਧਾਇਕ, ਕੇ ਕੇ ਸਰਮਾ ਉਪ ਪ੍ਰਧਾਨ ਪੀ ਸੀ ਸੀ, ਸ੍ਰੀ ਨਰਿੰਦਰ ਭਲੇਰੀਆ, ਜ਼ਿਲ੍ਹਾ ਪ੍ਰਧਾਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੀਨੀਅਰ ਕਾਂਗਰਸੀ ਗੁਰਮੀਤ ਸਿੰਘ ਸਾਬਕਾ ਚੇਅਰਮੈਨ, ਪਵਨ ਕੁਮਾਰ ਮਾਨੀ ਤੇ ਜ਼ਿਲ੍ਹਾ ਪ੍ਰੈਸ ਸਕੱਤਰ ਰੁਪਿੰਦਰ ਬਿੰਦਰਾ ਵੀ ਮੌਜੂਦ ਸਨ। ਇਸੇ ਤਰ੍ਹਾਂ ਲੋਕ ਭਲਾਈ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਸ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਅਤੇ ਕਿਸਾਨੀ ਦਿਨੋ ਦਿਨ ਫਨਾਹ ਹੋ ਰਹੀ ਹੈ ਅਤੇ ਪਾਣੀ ਦਾ ਸੰਕਟ ਵਧਦਾ ਜਾ ਰਿਹਾ ਹੈ। ਸਿੱਟੇ ਵਜੋਂ ਪੰਜਾਬੀ ਪਰਿਵਾਰ ਅੰਦਰੋ-ਅੰਦਰੀ ਇਸ ਕਦਰ ਖੋਖਲੇ ਹੋ ਚੁੱਕੇ ਹਨ ਕਿ ਉਹ ਗਿੱਲੇ ਗੋਹੇ ਵਾਂਗ ਧੁਖ ਰਹੇ ਹਨ। ਇੱਥੇ ਆਪਣੀ ਪਾਰਟੀ ਵਲੋਂ ਸਰਕਾਰ ਜਗਾਓ, ਪੰਜਾਬ ਬਚਾਓ ਬੈਨਰ ਹੇਠ ਅਯੋਜਿਤ ਕੀਤੀ ਪ੍ਰਭਾਵਸ਼ਾਲੀ ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਮੂਵਾਲੀਆ ਨੇ ਦੋਸ਼ ਲਾਇਆ ਕਿ ਵਿਦੇਸ਼ ਭੇਜਣ ਦੇ ਝਾਂਸੇਬਾਜਾਂ ਅਤੇ ਠੱਗ ਵਿਦੇਸ਼ੀ ਪਤੀਆਂ ਕਾਰਨ ਪੰਜਾਬ ਵਿਚ ਢਾਈ ਲੱਖ ਏਕੜ ਜ਼ਮੀਨ ਵਿਕ ਚੁੱਕੀ ਹੈ ਅਤੇ ਪ੍ਰਤੀ ਦਿਨ ਕਿਸਾਨਾਂ ਹੱਥੋਂ 50 ਏਕੜ ਜ਼ਮੀਨ ਖੁਸ ਰਹੀ ਹੈ, ਜਿਸ ਨਾਲ ਸੌ ਪਰਿਵਾਰ ਬੇਜ਼ਮੀਨੇ ਮਜ਼ਦੂਰਾਂ ਵਿਚ ਤਬਦੀਲ ਹੋ ਰਹੇ ਹਨ।

ਇਸੇ ਤਰ੍ਹਾਂ ਅਕਾਲੀ ਦਲ ਅੰਮ੍ਰਿਤਸਰ ਵਲੋਂ ਕੀਤੀ ਗਈ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੁਰੰਤ ਨਾ ਕਰਵਾਈਆ ਗਈਆਂ ਤਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਨਾਈਟਿਡ ਨੇਸ਼ਨਜ਼ ਅਤੇ ਕਾਮਨ ਵੈਲਥ ਦੇਸ਼ਾਂ ਦੀ ਜਥੇਬੰਦੀ ਕੋਲ ਭਾਰਤ ਸਰਕਾਰ ਦੀ ਸ਼ਿਕਾਇਤ ਕਰੇਗਾ। ਇਸ ਕਾਨਫਰੰਸ ਨੂੰ ਦਲ ਨਾਲ ਸਬੰਧਤ ਯੂਥ ਵਿੰਗ ਦੇ ਕੌਮੀ ਪ੍ਰਧਾਨ ਸ੍ਰ. ਬਰਿੰਦਰ ਸਿੰਘ ਮਾਨ, ਸੀਨੀਅਰ ਉਪ ਪ੍ਰਧਾਨ ਧਿਆਨ ਸਿੰਘ ਮੰਡ ਅਤੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹ ਕੇ ਨੇ ਵੀ ਸੰਬੋਧਨ ਕੀਤਾ।

## ਅਕਾਲੀ ਵਰਕਰਾਂ ਵਲੋਂ ਲੋਪੋਕੇ ਖਿਲਾਫ ਧਰਨਾ

**ਅੰਮ੍ਰਿਤਸਰ :** ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਸਾਬਕਾ ਅਕਾਲੀ ਵਿਧਾਇਕ ਵੀਰ ਸਿੰਘ ਲੋਪੋਕੇ ਦੇ ਖਿਲਾਫ ਕਿਸਾਨ ਜਥੇਬੰਦੀਆਂ ਤੋਂ ਬਾਅਦ ਹੁਣ ਹਾਕਮ ਧਿਰ ਨਾਲ ਅਕਾਲੀ ਆਗੂਆਂ ਵਲੋਂ ਹੀ ਧਰਨਾ ਦਿੱਤਾ ਗਿਆ ਹੈ। ਇਹ ਧਰਨਾ ਪਿੰਡ ਕੋਟਲਾ ਡੂਮ ਦੀ 4 ਕਨਾਲ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਾਉਣ ਦੇ ਦੋਸ਼ ਹੇਠ ਜ਼ਿਲ੍ਹਾ ਅਕਾਲੀ ਦਲ ਦਿਹਾਤੀ ਦੇ ਮੀਡੀਆ ਇੰਚਾਰਜ ਪ੍ਰੋ. ਸਰਚਾਂਦ ਸਿੰਘ ਖਿਆਲਾ ਅਤੇ ਸਰਪੰਚ ਯੂਨੀਅਨ ਦੇ ਪ੍ਰਧਾਨ ਜਗੀਰ ਸਿੰਘ ਚੱਕ ਮਿਸ਼ਰੀ ਖਾਂ ਦੀ ਅਗਵਾਈ ਵਿਚ ਰਾਜਾਸਾਂਸੀ ਹਵਾਈ ਅੱਡਾ ਸੜਕ 'ਤੇ ਦਿੱਤਾ ਗਿਆ, ਜਿਸ ਨਾਲ ਆਵਾਜਾਈ ਵੀ ਪ੍ਰਭਾਵਿਤ ਹੋਈ। ਧਰਨੇ 'ਤੇ ਬੈਠੇ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਬਾਦਲ ਸਰਕਾਰ ਵਲੋਂ ਦਿੱਤੇ ਗਏ 'ਰਾਜ ਨਹੀਂ ਸੇਵਾ' ਦੇ ਮੰਤਵ ਨੂੰ ਬਦਨਾਮ ਨਹੀਂ ਹੋਣ ਦਿੱਤਾ ਜਾਵੇਗਾ।


**ਐਲ ਐਂਡ ਆਰ ਟਰੱਕਿੰਗ ਕੰਪਨੀ ਬੇਕਰਜ਼ਫੀਲਡ**

**ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।**

**ਕਾਲ ਕਰੋ: ਹਰਦਮ ਸਿੰਘ ਔਲਖ**

**ਫੋਨ: 661-496-2536**


## ਸਜ਼ਾ ਵਾਲੇ ਆਰਡੀਨੈਂਸ ਦੇ ਖਰੜੇ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ 15 ਅਪ੍ਰੈਲ 'ਪੰਜਾਬ ਪਰਵੈਂਸ਼ਨ ਆਫ ਡੈਮੇਜ਼ ਟੂ ਪਬਲਿਕ ਐਂਡ ਪ੍ਰਾਈਵੇਟ ਪ੍ਰਾਪਰਟੀ ਆਰਡੀਨੈਂਸ-2010' ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਆਰਡੀਨੈਂਸ ਮੁਜ਼ਾਹਰਿਆਂ ਦੌਰਾਨ ਜਨਤਕ/ਨਿੱਜੀ ਜਾਇਦਾਦ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਨੁਕਸਾਨ ਪਹੁੰਚਾਉਣ ਵਾਲੇ ਅਨਸਰਾਂ ਨੂੰ ਸਜ਼ਾ ਦਿਵਾਉਣ ਤੋਂ ਇਲਾਵਾ ਹੋਏ ਨੁਕਸਾਨ ਦੀ ਪੂਰਤੀ ਦੋਸ਼ੀਆਂ ਤੋਂ ਕਰਵਾਉਣ ਦੇ ਆਸ਼ੇ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜੋ ਕਿ ਗ੍ਰਹਿ ਵਿਭਾਗ ਦੇ ਵੀ ਮੰਤਰੀ ਹਨ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਹੁਣ ਇਹ ਆਰਡੀਨੈਂਸ ਰਾਜਪਾਲ ਨੂੰ ਭੇਜਿਆ ਜਾਵੇਗਾ ਅਤੇ ਉਨ੍ਹਾਂ ਦੀ ਪ੍ਰਵਾਨਗੀ ਉਪਰੰਤ ਇਹ ਆਰਡੀਨੈਂਸ ਪੂਰੇ ਰਾਜ ਅੰਦਰ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਹ ਕਾਨੂੰਨ ਜਨਤਕ ਮੁਜ਼ਾਹਰਿਆਂ ਅਤੇ ਧਰਨਿਆਂ ਦੌਰਾਨ ਮੁਜ਼ਾਹਰਾਕਾਰੀਆਂ ਦੇ ਰੋਹ ਦਾ ਸ਼ਿਕਾਰ ਬਣਦੀਆਂ ਜਨਤਕ ਅਤੇ ਨਿੱਜੀ ਜਾਇਦਾਦਾਂ ਦੀ ਸੁਰੱਖਿਆ ਦੇ ਮੰਤਵ ਨਾਲ ਲਿਆਂਦਾ ਗਿਆ ਹੈ। ਆਰਡੀਨੈਂਸ ਦੀ ਧਾਰਾ 2(ਏ) ਦੀ ਪਰਿਭਾਸ਼ਾ ਅਨੁਸਾਰ ਜਿਹੜਾ ਵਿਅਕਤੀ ਜਨਤਕ/ਨਿੱਜੀ ਜਾਇਦਾਦ ਨੂੰ ਨੁਕਸਾਨ ਪਹੁੰਚਾਏਗਾ ਉਸ ਨੂੰ ਪੰਜ ਸਾਲਾਂ ਤੱਕ ਦੀ ਸਖਤ ਸਜ਼ਾ ਅਤੇ 20,000 ਰੁਪਏ ਤੱਕ ਦਾ ਜੁਰਮਾਨਾ ਹੋ ਸਕੇਗਾ।ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਆਰਡੀਨੈਂਸ ਦੀ ਧਾਰਾ 4 ਤਹਿਤ ਅੱਗ ਜਾਂ ਵਿਸਫੋਟਕ ਸਮੱਗਰੀ ਨਾਲ ਅਜਿਹਾ ਜੁਰਮ ਕਰੇਗਾ ਤਾਂ ਉਸ ਨੂੰ 7 ਸਾਲ ਤੱਕ ਦੀ ਸਖਤ ਸਜ਼ਾ ਅਤੇ 50,000/- ਰੁਪਏ ਦਾ ਜੁਰਮਾਨਾ ਹੋ ਸਕੇਗਾ ਅਤੇ ਇਹ ਸਜ਼ਾ ਕਿਸੇ ਵੀ ਸੂਰਤ ਵਿਚ ਇਕ ਸਾਲ ਤੋਂ ਘੱਟ ਨਹੀਂ ਹੋਵੇਗੀ। ਆਰਡੀਨੈਂਸ ਦੇ ਵੇਰਵੇ ਦਿੰਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ ਜਿਹੜਾ ਵਿਅਕਤੀ ਆਰਡੀਨੈਂਸ ਦੀ ਧਾਰਾ 2(ਬੀ) ਵਿਚ ਪਰਿਭਾਸ਼ਤ ਨੁਕਸਾਨ ਪਹੁੰਚਣ ਦੀ ਕਾਰਵਾਈ ਦਾ ਦੋਸ਼ੀ ਸਾਬਤ ਹੁੰਦਾ ਹੈ ਉਸ ਨੂੰ ਸਜ਼ਾ ਤੋਂ ਇਲਾਵਾ ਉਸ ਕੋਲੋਂ ਜਨਤਕ/ਨਿੱਜੀ ਜਾਇਦਾਦ ਦੇ ਕੀਤੇ ਨੁਕਸਾਨ ਦੇ ਬਰਾਬਰ ਰਕਮ ਵੀ ਵਸੂਲ ਕੀਤੀ ਜਾਵੇਗੀ।

ਨੁਕਸਾਨ ਦੀ ਰਕਮ ਸਮਰੱਥ ਅਥਾਰਟੀ ਵਲੋਂ ਨਿਸ਼ਚਿਤ ਕੀਤੀ ਜਾਵੇਗੀ ਅਤੇ ਦੋਸ਼ੀ ਵਲੋਂ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਨੂੰ 2 ਸਾਲ ਹੋਰ ਵਧੇਰੇ ਕੈਦ ਕੱਟਣੀ ਪਵੇਗੀ। ਸ੍ਰੀ ਬਾਦਲ ਨੇ ਕਿਹਾ ਕਿ ਇਸ ਕਾਨੂੰਨ ਨੂੰ ਹੋਰ ਵਧੇਰੇ ਸਖਤ ਬਣਾਉਣ ਲਈ ਇਸ ਆਰਡੀਨੈਂਸ ਤਹਿਤ ਜੁਰਮ ਗੈਰ ਜ਼ਮਾਨਤੀ ਹੋਣਗੇ ਅਤੇ ਧਾਰਾ 4 ਅਤੇ 5 ਤਹਿਤ ਦੋਸ਼ੀ ਪਾਏ ਗਏ ਕਿਸੇ ਵੀ ਵਿਅਕਤੀ ਨੂੰ ਜ਼ਮਾਨਤ ਜਾਂ ਨਿੱਜੀ ਬ੍ਰਾਂਡ ਭਰਨ 'ਤੇ ਉਦੋਂ ਤੱਕ ਰਿਹਾਅ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਇਸਤਗਾਸਾ ਪੱਖ ਨੂੰ ਉਸ ਦੀ ਅਜਿਹੀ ਰਿਹਾਈ ਲਈ ਦਾਇਰ ਅਰਜ਼ੀ ਦਾ ਵਿਰੋਧ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ। ਆਰਡੀਨੈਂਸ ਦੇ ਲਾਗੂ ਹੋਣ ਉਪਰੰਤ ਸ਼ਾਂਤੀ ਪੂਰਨ ਮੁਜਾਹਰੇ ਲਈ ਇਜਾਜ਼ਤ ਲੈਣੀ ਪਵੇਗੀ।


**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।



RAJ SINGH
M.A., M.Ed Retd. Principal
Realtor & Financial Adviser
Lic#01776459 & OG22467

**Refinance, Home Loan, SBA Loan**
**(All at Best Rates)**

**RAJ SINGH**

Notary Free

**Cell:510-452-7370**

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd., Suite #111 Fremont, CA 94538
singhrajpaul@yahoo.com

# ਆਈ ਪੀ ਐਲ ਵਿਵਾਦ ਨੇ ਆਖਰ ਸ਼ਸ਼ੀ ਥਰੂਰ ਦੀ ਬਲੀ ਲਈ

**ਨਵੀਂ ਦਿੱਲੀ:** ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਦੇ ਮਾਮਲੇ 'ਤੇ ਕਾਂਗਰਸ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਘਰ ਬੀਤੀ 18 ਅਪ੍ਰੈਲ ਨੂੰ ਦੇਰ ਸ਼ਾਮ ਹੋਈ। ਕਾਂਗਰਸ ਪਾਰਟੀ ਦੇ ਉਚ ਸੂਤਰਾਂ ਮੁਕਾਬਕ ਇਸ ਬੈਠਕ ਵਿਚ ਉਨ੍ਹਾਂ ਨੂੰ ਮੰਤਰੀ ਅਹੁਦੇ ਤੋਂ ਹਟਾਉਣ ਦਾ ਫੈਸਲਾ ਲੈ ਲਿਆ ਗਿਆ।



ਇਸ ਮੀਟਿੰਗ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਇਲਾਵਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ, ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਰੱਖਿਆ ਮੰਤਰੀ ਏ ਕੇ ਐਂਟਨੀ ਨੇ ਭਾਗ ਲਿਆ। ਕੋਰ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਨੇ ਵੀ ਸ਼ਸੀ ਥਰੂਰ ਦੇ ਮੁੱਦੇ 'ਤੇ ਚਰਚਾ ਕੀਤੀ। ਇਸ ਤੋਂ ਪਹਿਲਾਂ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਆਪਣੇ ਵਲੋਂ ਪੂਰੇ ਮਾਮਲੇ ਬਾਰੇ ਸਫ਼ਾਈ ਦਿੱਤੀ। ਉਨ੍ਹਾਂ ਮੁਲਾਕਾਤ ਤੋਂ ਬਾਅਦ ਕਿਹਾ ਕਿ ਉਹ ਪ੍ਰਧਾਨ ਮੰਤਰੀ ਦੀ ਗੱਲ ਜ਼ਰੂਰ ਮੰਨਣਗੇ। ਦੂਜੇ ਪਾਸੇ ਮੁੱਖ ਵਿਰੋਧੀ ਧਿਰ ਭਾਜਪਾ ਨੇ ਸ਼ਸ਼ੀ ਥਰੂਰ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਕੇਂਦਰ ਸਰਕਾਰ 'ਤੇ ਹੋਰ ਦਬਾਅ ਬਣਾਇਆ।

ਦੱਸਣਾ ਬਣਦਾ ਹੈ ਕਿ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਆਈ ਪੀ ਐਲ ਦੀ ਕੋਚੀ ਫਰੈਂਚਾਈਜ਼ੀ ਵਲੋਂ ਆਪਣੀ ਮਹਿਲਾ ਮਿੱਤਰ ਸੁਨੰਦਾ ਪੁਸ਼ਕਰ ਨੂੰ 70 ਕਰੋੜ ਰੁਪਏ ਦੇ ਮੁਫ਼ਤ 'ਚ ਮਿਲੇ ਸ਼ੇਅਰ ਨੂੰ ਲੈ ਕੇ ਵਿਵਾਦਾਂ 'ਚ ਆਏ ਹਨ। ਹਾਲਾਂਕਿ ਉਨ੍ਹਾਂ ਆਪਣੇ 'ਤੇ ਲੱਗੇ ਦੋਸ਼ਾਂ ਦਾ ਕਈ ਵਾਰ ਖੰਡਨ ਵੀ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਆਪਣੇ ਜਾਂ ਆਪਣੀ ਮਹਿਲਾ ਮਿੱਤਰ ਲਈ ਕਿਸੇ ਵਿੱਤੀ ਲਾਭ ਦੀ ਕੋਈ ਮਨਸ਼ਾ ਨਹੀਂ ਸੀ। ਕੋਚੀ ਆਈ ਪੀ ਐਲ ਵਿਚ ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਅਤੇ ਖ਼ੁਦ ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ ਸੁਨੰਦਾ ਪੁਸ਼ਕਰ ਨੇ ਫਰੈਂਚਾਈਜ਼ੀ 'ਚ 70 ਕਰੋੜ ਰੁਪਏ ਦੀ ਇਕੁਇਟੀ ਛੱਡ ਦਿੱਤੀ ਹੈ।

ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ, ਜਦੋਂ ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਵਿਰੋਧੀ ਧਿਰ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਇਸ ਮੁੱਦੇ 'ਤੇ ਸ੍ਰੀ ਥਰੂਰ ਨੇ ਪ੍ਰਧਾਨ ਮੰਤਰੀ ਨਾਲ ਵੀ ਮੁਲਾਕਾਤ ਕਰਕੇ ਆਪਣਾ ਪੱਖ਼ ਰੱਖਿਆ। ਸੂਤਰਾਂ ਮੁਤਾਬਕ ਸੁਨੰਦਾ ਇਸ ਪੇਸ਼ਕਸ਼ ਬਾਰੇ ਸਿੱਧੇ ਤੌਰ 'ਤੇ ਆਈ ਪੀ ਐਲ ਅਧਿਕਾਰੀਆਂ ਦੇ ਨਾਲ ਸੰਪਰਕ ਵਿਚ ਨਹੀਂ ਸੀ। ਇਹ ਪੇਸ਼ਕਸ਼ ਰੌਂਦੇਵੂ ਸਪੋਰਟਸ ਵਰਲਡ ਦੇ ਜ਼ਰੀਏ ਕੀਤੀ ਗਈ।



ਰੌਂਦੇਵੂ ਸਪੋਰਟਸ ਵਰਲਡ ਦੇ ਨਵੇਂ ਮੁਖੀ ਹਰਸ਼ਦ ਮਹਿਤਾ ਇਸ ਸਬੰਧ ਵਿਚ ਆਈਪੀਐਲ ਅਧਿਕਾਰੀਆਂ ਦੇ ਸੰਪਰਕ ਵਿਚ ਹਨ। ਉਹ ਬੀਤੇ ਦਿਨੀਂ ਦੁਬਈ ਵਿਖੇ ਆਈ ਸੀ ਸੀ ਦੀ ਮੀਟਿੰਗ ਵਿਚ ਵੀ ਭਾਗ ਲੈਣ ਗਏ। ਉਨ੍ਹਾਂ ਨੇ ਆਈ ਪੀ ਐਲ ਕਮਿਸ਼ਨਰ ਲਲਿਤ ਮੋਦੀ ਨਾਲ ਵੀ ਮੁਲਾਕਾਤ ਕੀਤੀ, ਜਿਸ ਤੋਂ ਬਾਅਦ ਮੋਦੀ ਨੇ ਕਿਹਾ ਕਿ ਇਹ ਮਾਮਲਾ ਹੁਣ ਸੁਲਝਣ ਨੇੜੇ ਹੈ। ਦੂਜੇ ਪਾਸੇ ਵਕੀਲ ਮਹਿਤਾ ਨੇ ਕਿਹਾ ਕਿ ਇਹ ਸੁਨੰਦਾ ਦਾ ਨਿੱਜੀ ਫੈਸਲਾ ਹੈ ਅਤੇ ਇਸ ਮਾਮਲੇ ਦਾ ਸ਼ਸ਼ੀ ਥਰੂਰ ਨਾਲ ਕੋਈ ਵਾਸਤਾ ਨਹੀਂ ਹੈ। ਜ਼ਿਕਰਯੋਗ ਹੈ ਕਿ ਕੁਝ ਲੋਕਾਂ ਨੇ ਤਾਂ ਸ੍ਰੀ ਥਰੂਰ 'ਤੇ ਸੁਨੰਦਾ ਦੇ ਜ਼ਰੀਏ ਆਪਣਾ ਪੈਸਾ ਲਗਾਉਣ ਦਾ ਦੋਸ਼ ਲਗਾਇਆ ਸੀ।

ਉਧਰ ਇੰਡੀਅਨ ਪ੍ਰੀਮੀਅਮ ਲੀਗ (ਆਈ ਪੀ ਐਲ) ਦੀ ਕੋਚੀ ਫਰੈਂਚਾਈਜ਼ੀ ਨੇ ਦੋਸ਼ ਲਗਾਇਆ ਕਿ ਆਈ ਪੀ ਐਲ ਕਮਿਸ਼ਨਰ ਲਲਿਤ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਦਬਾਅ ਹੇਠ ਨਵੀਂ ਟੀਮ (ਕੋਚੀ ਟੀਮ) ਨੂੰ ਨਿਸ਼ਾਨਾ ਬਣਾ ਰਹੇ ਹਨ। ਦੱਸਣਾ ਬਣਦਾ ਹੈ ਕਿ ਕੋਚੀ ਦੀ ਟੀਮ 'ਤੇ ਕਥਿਤ ਤੌਰ 'ਤੇ ਦੁਬਈ 'ਚ ਰਹਿਣ ਵਾਲੀ ਉਸ ਕਸ਼ਮੀਰੀ ਵਪਾਰੀ ਸੁਨੰਦਾ ਪੁਸ਼ਕਰ ਨੂੰ ਮੁਫ਼ਤ 'ਚ ਸ਼ੇਅਰ ਦੇਣ ਦਾ ਦੋਸ਼ ਹੈ ਜੋ ਕਿ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਦੀ ਕਰੀਬੀ ਦੋਸਤ ਦੱਸੀ ਜਾਂਦੀ ਹੈ। ਫਰੈਂਚਾਈਜ਼ੀ ਦੇ ਬੁਲਾਰੇ ਸੱਤਿਆਜੀਤ ਗਾਇਕਵਾੜ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਕੰਮ ਨਾ ਕਰਨ ਲਈ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਅਡਵਾਨੀ ਸਮੂਹ ਤੇ ਨਰਿੰਦਰ ਮੋਦੀ ਦਾ ਆਈ ਪੀ ਐਲ ਦੀ ਬੋਲੀ 'ਚ ਸ਼ਾਮਲ ਅਹਿਮਦਾਬਾਦ ਟੀਮ ਵਿਚ ਹਿੱਸਾ ਸੀ ਤੇ ਜਿੱਤਣ ਤੋਂ ਬਾਅਦ ਸਾਡੀ ਟੀਮ ਦੇ ਨਿਵੇਸ਼ਕਾਂ ਨੇ ਬੀ ਸੀ ਸੀ ਆਈ ਦੇ ਸਾਬਕਾ ਪ੍ਰਧਾਨ ਸ਼ਰਦ ਪਵਾਰ ਤੋਂ ਟੀਮ ਲਈ ਸ਼ਹਿਰ ਦੀ ਚੋਣ ਬਾਰੇ ਪੁੱਛਿਆ, ਜਿਨ੍ਹਾਂ ਨਿਵੇਸ਼ਕਾਂ ਨੂੰ ਆਪਣੀ ਮਰਜ਼ੀ ਨਾਲ ਫ਼ੈਸਲਾ ਲੈਣ ਦੀ ਗੱਲ ਕਹੀ। ਸ਼ਰਦ ਪਵਾਰ ਵਲੋਂ ਛੋਟ ਦੇਣ ਤੋਂ ਬਾਅਦ ਅਸੀਂ ਕੋਚੀ ਨੂੰ ਚੁਣਿਆ। ਉਨ੍ਹਾਂ ਨਾਲ ਹੀ ਕਿਹਾ ਕਿ ਆਈ ਪੀ ਐਲ ਦੀ ਪਹਿਲੀ ਬੋਲੀ ਲਾਉਣ ਸਮੇਂ ਵਸੁੰਧਰਾ ਰਾਜੇ ਰਾਜਸਥਾਨ ਦੀ ਤੇ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ, ਜਿਨ੍ਹਾਂ ਲਲਿਤ 'ਤੇ ਟੀਮ ਅਹਿਮਦਾਬਾਦ ਨੂੰ ਦੇਣ ਦਾ ਦਬਾਅ ਪਾਇਆ ਸੀ। ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਗਾਇਕਵਾੜ ਨੇ ਮੰਗ ਕੀਤੀ ਕਿ ਹੁਣ ਲਲਿਤ ਮੋਦੀ ਨੂੰ ਹਰੇਕ ਟੀਮ ਦੇ ਮਾਲਕਾਂ ਦਾ ਖ਼ੁਲਾਸਾ ਕਰਨਾ ਚਾਹੀਦਾ ਹੈ।

ਯਾਦ ਰਹੇ ਲੋਕ ਸਭਾ ਵਿਚ ਵਿਰੋਧੀ ਪਾਰਟੀਆਂ ਅਤੇ ਸਰਕਾਰ ਨੂੰ ਬਾਹਰੋਂ ਸਮਰਥਨ ਦੇ ਰਹੀਆਂ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰਾਂ ਦੇ ਭਾਰੀ ਹੰਗਾਮੇ ਅਤੇ ''ਬਰਖ਼ਾਸਤ ਕਰੋ, ਬਰਖ਼ਾਸਤ ਕਰੋ'' ਦੀ ਨਾਹਰੇਬਾਜ਼ੀ ਦਰਮਿਆਨ ਥਰੂਰ ਨੇ ਨਿੱਜੀ ਤੌਰ 'ਤੇ ਦਿਤੇ ਬਿਆਨ ਵਿਚ ਕਿਹਾ ਸੀ ਕਿ ਕੁਝ ਸਮੇਂ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਮੇਰੇ ਬਾਰੇ ਜੋ ਜਨਤਕ ਵਿਵਾਦ ਖੜਾ ਕੀਤਾ ਗਿਆ, ਉਸ ਪਿਛੇ ਮੁੱਖ ਮਕਸਦ ਕੋਚੀ ਦੀ ਟੀਮ ਨੂੰ ਅਯੋਗ ਕਰਾਰ ਦੇਣਾ ਹੈ। ਵਿਰੋਧੀ ਮੈਂਬਰ ਇਸ ਮਾਮਲੇ ਬਾਰੇ ਮੇਰੇ 'ਤੇ ਜੋ ਦੋਸ਼ ਲਾ ਰਹੇ ਹਨ, ਉਹ ਬੇਬੁਨਿਆਦ ਹਨ। ਮੈਂ ਨਾ ਤਾਂ ਕਿਸੇ ਤੋਂ ਪੈਸਾ ਲਿਆ ਅਤੇ ਨਾ ਹੀ ਕਿਸੇ ਨੂੰ ਦਿਤਾ। ਥਰੂਰ ਨੇ ਕਿਹਾ, ''ਕੇਰਲ ਕਨਸੋਰਟੀਅਮ ਵਿਚ ਸਰਪ੍ਰਸਤ ਦੀ ਮੇਰੀ ਭੂਮਿਕਾ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਮੰਡਲ ਦੇ ਮੈਂਬਰ ਦੇ ਰੂਪ ਵਿਚ ਉਚਿਤ ਕਿਰਦਾਰ ਦੀਆਂ ਹੱਦਾਂ ਅੰਦਰ ਰਹੀ ਹੈ। ਇਸ ਮਾਮਲੇ ਦਾ ਮੇਰੇ ਮੰਤਰਾਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਮੈਂ ਮੰਤਰੀ ਦੇ ਰੂਪ ਵਿਚ ਬੋਲੀ ਦੇ ਨਤੀਜੇ ਤੋਂ ਦੂਰ ਅਤੇ ਉਸ ਦੀ ਪ੍ਰਕ੍ਰਿਆ ਨੂੰ ਪ੍ਰਭਾਵਤ ਕਰਨ ਦੀ ਹੈਸੀਅਤ ਵਿਚ ਨਹੀਂ ਸੀ।'' ਆਈ.ਪੀ.ਐਲ. ਕਮਿਸ਼ਨਰ ਲਲਿਤ ਮੋਦੀ ਨੂੰ ਕਰੜੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਕ੍ਰਿਕਟ ਅੱਜ ਕਲ ਦੇਸ਼ ਦੀ ਸਭ ਤੋਂ ਹਰਮਨ ਪਿਆਰੀ ਖੇਡ ਅਤੇ ਮਨੋਰੰਜਨ ਹੈ। ਇਹ ਖੇਡ ਅਤੇ ਇਸ ਤੋਂ ਹੋਣ ਵਾਲੇ ਲਾਭ ਸਿਰਫ਼ ਕੁਝ ਸਵਾਰਥੀ ਧੜਿਆਂ ਤਕ ਸੀਮਤ ਨਹੀਂ ਰਹਿਣੇ ਚਾਹੀਦੇ। ''ਕੇਰਲ ਨੂੰ ਫ਼ਰੈਂਚਾਇਜ਼ੀ ਦਿਵਾਉਣ ਵਿਚ ਮਦਦ ਕਰਨ 'ਤੇ ਮੈਨੂੰ ਮਾਣ ਹੈ। ਕੇਰਲਾ ਇਕ ਅਜਿਹਾ ਸੂਬਾ ਹੈ ਜੋ ਭਾਰਤ ਦੇ ਉਭਰਦੇ ਕ੍ਰਿਕਟ ਜਗਤ ਵਿਚ ਭਾਈਵਾਲੀ ਤੋਂ ਵਾਂਝਾ ਕਰ ਦਿਤਾ ਗਿਆ ਸੀ।

ਇਸੇ ਦੌਰਾਨ ਆਮਦਨ ਕਰ ਵਿਭਾਗ ਨੂੰ ਪਤਾ ਲੱਗਾ ਹੈ ਕਿ ਸ਼ਸ਼ੀ ਥਰੂਰ ਤੋਂ ਇਲਾਵਾ ਦੋ ਹੋਰ ਕੇਂਦਰੀ ਮੰਤਰੀਆਂ ਨੇ ਵੀ ਇੰਡੀਅਨ ਪ੍ਰੀਮੀਅਰ ਲੀਗ ਟੀਮਾਂ ਵਿਚ ਪੈਸਾ ਲਾਇਆ ਹੈ।

## ਆਈ ਪੀ ਐਲ ਸਿਰਫ਼ ਪੈਸੇ ਦੀ ਖੇਡ -ਮਨੋਹਰ ਸਿੰਘ ਗਿੱਲ

**ਨਵੀਂ ਦਿੱਲੀ :** ਕੇਂਦਰੀ ਖੇਡ ਮੰਤਰੀ ਸ੍ਰੀ ਐਮ ਐਸ ਗਿੱਲ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐਲ) ਸਰਗਰਮੀਆਂ ਦੀ ਗਹਿਰਾਈ ਨਾਲ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਬੀਤੀ 15 ਅਪ੍ਰੈਲ ਨੂੰ ਇਕ ਚੈਨਲ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਗਿੱਲ ਨੇ ਇਹ ਮੰਗ ਕੀਤੀ।

ਉਨ੍ਹਾਂ ਇਹ ਵੀ ਵਿਚਾਰ ਪ੍ਰਗਟਾਏ ਕਿ ਮੌਜੂਦਾ ਸਮੇਂ ਦੌਰਾਨ ਆਈ ਪੀ ਐਲ ਨਾਲ ਜੋ ਵੀ ਵਿਵਾਦ ਜੁੜ ਰਹੇ ਹਨ ਜਾਂ ਇਸ ਦੀਆਂ ਜੋ ਵੀ ਗਤੀਵਿਧੀਆਂ ਹਨ, ਉਨ੍ਹਾਂ ਦਾ ਖੇਡਾਂ ਨਾਲ ਕੋਈ ਸਬੰਧ ਨਹੀਂ ਹੈ। ਇਸ ਨੂੰ ਕ੍ਰਿਕਟ ਤਾਂ ਬਿਲਕੁਲ ਨਹੀਂ ਆਖਿਆ ਜਾ ਸਕਦਾ। ਉਨ੍ਹਾਂ ਇੱਥੋਂ ਤੱਕ ਕਹਿ ਦਿੱਤਾ ਕਿ ਉਨ੍ਹਾਂ ਦਾ ਇਹ ਵਿਸ਼ਵਾਸ ਪੱਕਾ ਹੋ ਗਿਆ ਹੈ ਕਿ ਆਈ ਪੀ ਐਲ ਟੂਰਨਾਮੈਂਟ ਸਿਰਫ਼ ਪੈਸੇ ਕਮਾਉਣ ਲਈ ਵਪਾਰਕ ਨਜ਼ਰੀਏ ਪੱਖੋਂ ਸ਼ੁਰੂ ਕੀਤਾ ਗਿਆ ਇਕ ਪ੍ਰੋਜੈਕਟ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਈ ਪੀ ਐਲ ਵਲੋਂ ਹਾਲ ਹੀ ਦੇ ਸਮੇਂ ਦੌਰਾਨ ਕ੍ਰਿਕਟ ਦੇ ਨਿਯਮ ਵੀ ਬਦਲ ਦਿੱਤੇ ਗਏ ਹਨ, ਜਿਨ੍ਹਾਂ ਤਹਿਤ ਬੱਲੇਬਾਜ਼ਾਂ ਨੂੰ ਗੇਂਦਬਾਜ਼ਾਂ ਦੇ ਮੁਕਾਬਲੇ ਜ਼ਿਆਦਾ ਫਾਇਦਾ ਹੋ ਰਿਹਾ ਹੈ। ਇਹ ਸਿਰਫ਼ ਮਨੋਰੰਜਨ ਮੁਹੱਈਆ ਕਰਵਾਉਣ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ।

ਸ੍ਰੀ ਗਿੱਲ ਨੇ ਇਹ ਵੀ ਕਹਿ ਦਿੱਤਾ ਕਿ ਆਈ ਪੀ ਐਲ ਦੀਆਂ ਕੁਝ ਟੀਮਾਂ 'ਚ ਹਿੱਸੇਦਾਰੀਆਂ ਰੱਖਣ ਵਾਲੇ ਵਿਅਕਤੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਵਿਚ ਉੱਚੇ ਅਹੁਦਿਆਂ 'ਤੇ ਬੈਠੇ ਹਨ।


ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



Wraich Transport LLS
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 9093-350-3310



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law
Law Offices Of Jaspreet Singh

| | | |
|---|---|---|
| 37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460 | 44790 S. Grimmer Blvd. #204 Fremont CA-94538 Ph:510-657-6444 Fax: 510-657-6443 | 2945 W. Capitol Ave, Sacramento CA-95691 Ph: 916-372-4448 Fax: 916-372-4440 |

# ਪੰਜਾਬ ਟਾਈਮਜ਼

ਸਨਿਚਰਵਾਰ, 24 ਅਪਰੈਲ, 2010

*ਲੋਕ ਸਮੂਹ ਦਾ ਜਨਮ ਇਸ ਵਿਚਾਰ ਨਾਲ ਹੋਇਆ ਕਿ ਸਾਰੇ ਮਨੁੱਖ ਬਰਾਬਰ ਹਨ -ਅਰਸਤੂ*

## ਸ਼ਸ਼ੀ ਥਰੂਰ ਵਾਲਾ ਵਿਵਾਦ

ਇੰਡੀਅਨ ਪ੍ਰੀਮੀਅਰ ਕ੍ਰਿਕਟ ਲੀਗ ਵਿਚ ਇਕ ਨਵੀਂ ਟੀਮ, ਕੋਚੀ ਟੀਮ 'ਚ ਹਿੱਸੇਦਾਰੀ ਨੂੰ ਲੈ ਕੇ ਵਿਦੇਸ਼ ਮੰਤਰੀ ਸ੍ਰੀ ਸ਼ਸ਼ੀ ਥਰੂਰ ਇਨ੍ਹੀਂ ਦਿਨੀਂ ਇਕ ਵਿਆਪਕ ਵਿਵਾਦ ਵਿਚ ਘਿਰੇ ਹੋਏ ਹਨ। ਰੱਟਾ ਅਸਲ ਵਿਚ ਇਹ ਹੈ ਕਿ ਕੋਚੀ ਟੀਮ ਨੂੰ ਕਾਇਮ ਕਰਨ ਅਤੇ ਇਸ ਦਾ ਪੱਖ ਪੂਰਨ ਲਈ ਸ਼ਸ਼ੀ ਦੀ ਇਕ ਦੋਸਤ ਸੁਨੰਦਾ ਪੁਸ਼ਕਰ ਨੂੰ 70 ਕਰੋੜ ਰੁਪਏ ਦੀ ਮੁਫ਼ਤ ਵਿਚ ਹਿੱਸੇਦਾਰੀ ਦਿੱਤੀ ਗਈ ਹੈ। ਭਾਵੇਂ ਸ੍ਰੀ ਸ਼ਸ਼ੀ ਥਰੂਰ ਸੁਨੰਦਾ ਪੁਸ਼ਕਰ ਨਾਲ ਆਪਣੇ ਸੰਬੰਧਾਂ ਨੂੰ ਸਵੀਕਾਰ ਕਰ ਰਹੇ ਹਨ ਪਰ ਉਹ ਸੰਬੰਧਤ ਟੀਮ ਵਿਚ ਮਿਲੀ ਹਿੱਸੇਦਾਰੀ ਵਿਚ ਆਪਣੀ ਕਿਸੇ ਵੀ ਕਿਸਮ ਦੀ ਭੂਮਿਕਾ ਤੋਂ ਇਨਕਾਰ ਕਰ ਰਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਕੋਚੀ ਟੀਮ ਦੀ ਕਾਇਮੀ ਵਿਚ ਉਨ੍ਹਾਂ ਦੀ ਦਿਲਚਸਪੀ ਸਿਰਫ ਇਸ ਕਰਕੇ ਹੈ ਕਿ ਉਹ ਆਪਣੇ ਪਿਤਰੀ ਰਾਜ ਕੇਰਲਾ ਵਿਚ ਕ੍ਰਿਕਟ ਦਾ ਪਸਾਰਾ ਚਾਹੁੰਦੇ ਹਨ ਅਤੇ ਇਸੇ ਕਰਕੇ ਉਹ ਕੋਚੀ ਟੀਮ ਦੀ ਕਾਇਮੀ ਦੀ ਹਮਾਇਤ ਕਰਦੇ ਹਨ।

ਦੂਜੇ ਪਾਸੇ ਆਈ.ਪੀ.ਐਲ. ਦੇ ਚੇਅਰਮੈਨ ਸ੍ਰੀ ਲਲਿਤ ਮੋਦੀ ਅਤੇ ਨਰਿੰਦਰ ਮੋਦੀ ਦਾ ਗਠਜੋੜ ਉਨ੍ਹਾਂ ਦਾ ਤਿੱਖਾ ਵਿਰੋਧ ਕਰ ਰਿਹਾ ਹੈ। ਲਲਿਤ ਮੋਦੀ ਨੇ ਕੋਚੀ ਟੀਮ ਵਿਚ ਲੱਗੇ ਪੈਸੇ ਦੇ ਭਾਈਵਾਲਾਂ ਦੀ ਸਮੁੱਚੀ ਲਿਸਟ ਨਾ ਸਿਰਫ ਮੰਗ ਲਈ ਸਗੋਂ ਜਨਤਕ ਵੀ ਕਰ ਦਿੱਤੀ। ਉਧਰ ਕਾਂਗਰਸੀ ਆਗੂ ਇਹ ਆਖ ਰਹੇ ਹਨ ਕਿ ਬਾਕੀ ਟੀਮਾਂ ਵਿਚ ਲੱਗੀ ਹਿੱਸੇਦਾਰੀ ਨੂੰ ਵੀ ਜਨਤਕ ਕੀਤਾ ਜਾਵੇ। ਅਸਲ ਹਕੀਕਤ ਇਹ ਜਾਪਦੀ ਹੈ ਕਿ ਇਕ ਪਾਸੇ ਤਾਂ ਸ੍ਰੀ ਸ਼ਸ਼ੀ ਥਰੂਰ ਨਵੀਂ ਟੀਮ ਨੂੰ ਕੇਰਲਾ ਲਿਜਾਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਨਰਿੰਦਰ ਮੋਦੀ ਇਸ ਨੂੰ ਅਹਿਮਦਾਬਾਦ ਖੜਨਾ ਚਾਹੁੰਦੇ ਹਨ। ਇਸ ਖਿੱਚ-ਧੂਹ ਨੇ ਹੀ ਮੌਜੂਦਾ ਮੁੱਦਾ ਪੈਦਾ ਕੀਤਾ ਹੈ। ਹਕੀਕਤ ਇਹ ਵੀ ਹੈ ਕਿ ਆਈ.ਪੀ.ਐਲ. ਨਾਲ ਪੈਸੇ ਦਾ ਬਹੁਤ ਵੱਡਾ ਬਿਜ਼ਨਸ ਜੁੜਿਆ ਹੋਇਆ ਹੈ ਅਤੇ ਇਸ ਵੱਡੇ ਬਿਜ਼ਨਸ ਕਾਰਨ ਹੀ ਵੱਡੇ ਰਾਜਨੀਤੀਵਾਨਾਂ ਦੀ ਇਸ ਵਿਚ ਦਿਲਚਸਪੀ ਜਾਗੀ ਹੈ। ਇਸੇ ਕਰਕੇ ਵੱਖੋ-ਵੱਖ ਰਾਜਨੀਤਕ ਪਾਰਟੀਆਂ ਨਾਲ ਸੰਬੰਧਤ ਰਾਜਨੀਤੀਵਾਨ ਇਸ ਉਪਰ ਕਬਜ਼ੇ ਲਈ ਤਰਲੋ-ਮੱਛੀ ਹੋ ਰਹੇ ਹਨ। ਇਸ ਖਿੱਚੋਤਾਣ ਨੇ ਅਖੀਰ ਨੂੰ ਸਿਆਸੀ ਖਿੱਚੋਤਾਣ ਦਾ ਰੂਪ ਧਾਰ ਲਿਆ। ਇਸੇ ਕਰਕੇ ਪਿਛਲੇ ਦਿਨੀਂ ਇਹ ਮਸਲਾ ਪਾਰਲੀਮੈਂਟ ਵਿਚ ਵੀ ਉਠਿਆ, ਜਿਸ ਦੌਰਾਨ ਭਾਜਪਾ, ਖੱਬੇਪੱਖੀ ਪਾਰਟੀਆਂ ਤੇ ਸਮਾਜਵਾਦੀ ਪਾਰਟੀ ਸ੍ਰੀ ਸ਼ਸ਼ੀ ਥਰੂਰ ਦੇ ਅਸਤੀਫ਼ੇ ਦੀ ਮੰਗ ਕਰਦੀਆਂ ਰਹੀਆਂ। ਇਨ੍ਹਾਂ ਪਾਰਟੀਆਂ ਦਾ ਆਖਣਾ ਹੈ ਕਿ ਕਾਂਗਰਸੀ ਆਗੂ ਦਾ ਆਈ.ਪੀ.ਐਲ. ਦੇ ਬਿਜ਼ਨਸ ਨਾਲ ਜੁੜਨਾ ਸ਼ਰਮਨਾਕ ਹੈ। ਖੱਬੇਪੱਖੀ ਪਾਰਟੀਆਂ ਨੇ ਥਰੂਰ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਕਿਹਾ ਕਿ ਇਕ ਮੰਤਰੀ ਲਈ ਇਹ ਬੇਹੱਦ ਅਣਉਚਿਤ ਹੈ ਕਿ ਉਹ ਆਈ.ਪੀ.ਐਲ. ਕ੍ਰਿਕਟ ਵਰਗੀ ਸ਼ੱਕੀ ਸੌਦੇਬਾਜ਼ੀ ਵਿਚ ਸ਼ਾਮਲ ਹੋਵੇ। ਸੀ.ਪੀ.ਐਮ. ਦੀ ਪੋਲਿਟ ਬਿਊਰੋ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਆਈ.ਪੀ.ਐਲ. ਸਿਰਫ ਖੇਡ ਮੁਕਾਬਲਾ ਨਹੀਂ ਸਗੋਂ ਇਕ ਵੱਡਾ ਵਪਾਰ ਬਣ ਗਿਆ, ਜਿਸ ਵਿਚ ਵੱਡੇ ਪੈਮਾਨੇ 'ਤੇ ਧਨ ਸ਼ਾਮਲ ਹੈ। ਪਾਰਟੀ ਨੇ ਮੰਗ ਕੀਤੀ ਕਿ ਥਰੂਰ ਲਈ ਇਹੋ ਉਚਿਤ ਹੈ ਕਿ ਉਹ ਇਸ ਮਾਮਲੇ 'ਚ ਆਪਣੇ ਅਣਉਚਿਤ ਵਰਤਾਅ ਦੇ ਦੋਸ਼ ਤੋਂ ਬਰੀ ਹੋਣ ਤਕ ਆਪਣੇ ਮੰਤਰੀ ਮੰਡਲ ਦੇ ਅਹੁਦੇ ਤੋਂ ਹਟ ਜਾਣ। ਇਸੇ ਤਰ੍ਹਾਂ ਸੀ.ਪੀ. ਆਈ. ਦੇ ਰਾਸ਼ਟਰੀ ਸਕੱਤਰ ਡੀ. ਰਾਜਾ ਨੇ ਵੀ ਸ੍ਰੀ ਥਰੂਰ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ।

ਇਸ ਦੌਰਾਨ ਭਾਜਪਾ ਦੇ ਸ੍ਰੀ ਯਸ਼ਵੰਤ ਸਿਨ੍ਹਾ ਨੇ ਵੀ ਸ਼ਸ਼ੀ ਥਰੂਰ ਦੀ ਜ਼ੋਰਦਾਰ ਆਲੋਚਨਾ ਕਰਦਿਆਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। 16 ਅਪਰੈਲ ਨੂੰ ਸ੍ਰੀ ਥਰੂਰ ਖਿਲਾਫ਼ ਪਾਰਲੀਮੈਂਟ ਵਿਚ ਇੰਨਾ ਰੱਟਾ ਪਿਆ ਕਿ ਸਦਨ ਨੂੰ ਮੁਲਤਵੀ ਕਰਨਾ ਪਿਆ। ਅਖ਼ੀਰ ਸ੍ਰੀ ਥਰੂਰ ਨੇ ਸਦਨ ਵਿਚ ਆਪਣਾ ਬਿਆਨ ਰੱਖਣਾ ਚਾਹਿਆ ਪਰ ਵਿਰੋਧੀ ਧਿਰ ਨੇ ਫਿਰ ਅਜਿਹਾ ਰੌਲਾ-ਰੱਪਾ ਪਾਇਆ ਕਿ ਉਹ ਆਪਣਾ ਪੱਖ ਵੀ ਨਾ ਰੱਖ ਸਕੇ। ਹਾਲਾਂਕਿ ਉਨ੍ਹਾਂ ਨੇ ਆਪਣਾ ਬਿਆਨ ਕਾਂਗਰਸ ਦੇ ਵੱਡੇ ਆਗੂਆਂ ਸ੍ਰੀ ਪ੍ਰਣਬ ਮੁਖਰਜੀ, ਰਾਜੀਵ ਸ਼ੁਕਲਾ, ਪ੍ਰਿਥਵੀ ਰਾਜ ਚੌਹਾਨ ਤੇ ਨਾਰਾਇਣ ਸਵਾਮੀ ਨਾਲ ਮੀਟਿੰਗ ਤੋਂ ਮਗਰੋਂ ਤਿਆਰ ਕੀਤਾ ਸੀ। ਇਸ ਮੁੱਦੇ ਨੂੰ ਲੈ ਕੇ ਕੁਝ ਵੱਡੇ ਕਾਂਗਰਸੀ ਆਗੂ ਅਤੇ ਵਿਦੇਸ਼ ਮੰਤਰੀ ਸ੍ਰੀ ਕ੍ਰਿਸ਼ਨਾ ਸ੍ਰੀਮਤੀ ਸੋਨੀਆ ਗਾਂਧੀ ਨੂੰ ਵੀ ਮਿਲੇ ਸਨ। ਉਧਰ ਇਸ ਮੁੱਦੇ ਦਾ ਉਭਰਵਾਂ ਹਿੱਸਾ ਬਣੀ ਸ੍ਰੀ ਸੁਨੰਦਾ ਪੁਸ਼ਕਰ ਨੇ ਕਿਹਾ ਹੈ ਕਿ ਉਹ ਆਪਣੇ ਦੋਸਤ ਅਤੇ ਵਿਦੇਸ਼ ਰਾਜ ਮੰਤਰੀ ਸ੍ਰੀ ਸ਼ਸ਼ੀ ਥਰੂਰ ਦੇ ਨੁਮਾਇੰਦੇ ਵਜੋਂ ਕੰਮ ਨਹੀਂ ਕਰ ਰਹੀ ਸਗੋਂ ਉਸ ਕੋਲ ਖ਼ੁਦ ਇੰਨੀ ਕੁ ਪੂੰਜੀ ਹੈ ਕਿ ਉਹ ਕਿਸੇ ਵੀ ਟੀਮ 'ਚ ਹਿੱਸੇਦਾਰੀ ਖਰੀਦ ਸਕਦੀ ਹੈ। ਇੰਜ ਮਸਲਾ ਸਮੁੱਚੇ ਰੂਪ ਵਿਚ ਸਿਆਸੀ ਰੂਪ ਅਖਤਿਆਰ ਕਰ ਗਿਆ ਹੈ, ਪ੍ਰਧਾਨ ਮੰਤਰੀ ਤੱਕ ਨੂੰ ਵੀ ਦਖ਼ਲ ਦੇਣਾ ਪਿਆ ਹੈ। ਇਸ ਮੁੱਦੇ 'ਤੇ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਹ ਇਸ ਸੰਬੰਧੀ ਗੈਰਪੁਸ਼ਟੀਸ਼ੁਦਾ ਰਿਪੋਰਟਾਂ ਮਗਰ ਨਹੀਂ ਜਾਣਗੇ ਬਲਕਿ ਸਾਰੇ ਤੱਥਾਂ ਦੀ ਜਾਂਚ ਮਗਰੋਂ ਹੀ ਬਣਦੀ ਕਾਰਵਾਈ ਕਰਨਗੇ। ਮਸਲੇ ਦੇ ਵਿਵਾਦ ਬਣਨ ਤੋਂ ਪਿਛੋਂ ਕੋਚੀ ਟੀਮ ਦੇ ਹਿੱਸੇਦਾਰਾਂ ਵਿਚ ਵੀ ਵਿਵਾਦ ਖੜ੍ਹਾ ਹੋ ਗਿਆ ਹੈ ਅਤੇ ਉਸ ਨੇ ਆਪਣੀ ਲੀਡਰਸ਼ਿਪ ਬਦਲ ਦਿੱਤੀ ਹੈ। ਉਧਰ ਲਲਿਤ ਮੋਦੀ ਦਾ ਆਖਣਾ ਹੈ ਕਿ ਉਨ੍ਹਾਂ ਨੇ ਕੋਚੀ ਟੀਮ ਦੇ ਹਿੱਸੇਦਾਰਾਂ ਦੀ ਲਿਸਟ ਮੰਗ ਕੇ ਕੋਈ ਗਲਤ ਨਹੀਂ ਕੀਤਾ ਸਗੋਂ ਇਹ ਉਨ੍ਹਾਂ ਦਾ ਅਧਿਕਾਰ ਹੈ। ਸਮੁੱਚੀ ਹਾਲਤ ਵਿਚ ਦਖਲ ਦਿੰਦਿਆਂ ਇਨਕਮ ਟੈਕਸ ਅਧਿਕਾਰੀਆਂ ਨੇ ਇੰਡੀਅਨ ਪ੍ਰੀਮੀਅਰ ਲੀਗ ਅਤੇ ਇਸਦੇ ਕਮਿਸ਼ਨਰ ਲਲਿਤ ਮੋਦੀ ਦੇ ਮੁੰਬਈ ਵਿਚ ਮੌਜੂਦ ਤਿੰਨ ਦਫ਼ਤਰਾਂ ਦਾ ਸਰਵੇ ਕੀਤਾ ਅਤੇ ਫੰਡਾਂ ਦੀ ਵਰਤੋਂ ਜਾਂ ਦੁਰਵਰਤੋਂ ਸੰਬੰਧੀ ਜਾਣਕਾਰੀ ਹਾਸਲ ਕੀਤੀ। ਇੰਜ ਸਮੁੱਚੇ ਮਸਲੇ ਨੇ ਭਾਵੇਂ ਰਾਜਨੀਤਕ ਮੋੜ ਅਖ਼ਤਿਆਰ ਕਰ ਲਿਆ ਹੈ ਪਰ ਇਸ ਘਟਨਾਕ੍ਰਮ ਨੇ ਇਹ ਤੱਥ ਬੇਪਰਦ ਕਰ ਦਿੱਤੇ ਹਨ ਕਿ ਆਈ. ਪੀ.ਐਲ. ਜਿਹੀ ਜੂਏਬਾਜ਼ੀ ਵਿਚ ਸਾਡੇ ਦੇਸ਼ ਨੂੰ ਚਲਾਉਣ ਵਾਲੇ ਸਿਆਸਤਦਾਨ ਕਿਸ ਕਦਰ ਗਲਤਾਨ ਹਨ ਅਤੇ ਆਪਣੀਆਂ ਸਿਆਸੀ ਜ਼ਿੰਮੇਵਾਰੀਆਂ ਨਿਭਾਉਣ ਨਾਲੋਂ ਪੈਸਾ ਇਕੱਠਾ ਕਰਨ ਦੀ ਲਲਕ ਉਨ੍ਹਾਂ ਵਿਚ ਕਿਸ ਕਦਰ ਭਾਰੂ ਹੈ।

## ਪ੍ਰਧਾਨ ਮੰਤਰੀ ਮਾਮਲੇ ਦੀ ਜਾਂਚ ਕਰਾਉਣ-ਥਰੂਰ

**ਨਵੀਂ ਦਿੱਲੀ:** ਆਈ ਪੀ ਐਲ ਦੀ ਕੋਚੀ ਫਰੈਂਚਾਇਜ਼ੀ ਨਾਲ ਜੁੜੇ ਵਿਵਾਦ ਦੇ ਚਲਦਿਆਂ ਵਿਦੇਸ਼ ਰਾਜ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਸ਼ਸ਼ੀ ਥਰੂਰ ਨੇ ਅੱਜ ਲੋਕ ਸਭਾ 'ਚ ਕਿਹਾ ਕਿ ਕੋਈ ਅਨੈਤਿਕ ਤੇ ਨਾਜਾਇਜ਼ ਕੰਮ ਨਾ ਕਰਨ ਦੇ ਬਾਵਜੂਦ ਉਨ੍ਹਾਂ ਨੇ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਧਿਆਨ ਰੱਖਦਿਆਂ ਆਪਣਾ ਅਹੁਦਾ ਛੱਡਿਆ ਹੈ।

ਸ੍ਰੀ ਥਰੂਰ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਆਪਣੇ ਖਿਲਾਫ਼ ਲੱਗੇ ਦੋਸ਼ਾਂ ਦੀ ਵਿਆਪਕ ਜਾਂਚ ਕਰਾਉਣ ਲਈ ਅਪੀਲ ਵੀ ਕੀਤੀ। ਲੋਕ ਸਭਾ 'ਚ ਬਿਆਨ ਦਿੰਦਿਆਂ ਉਨ੍ਹਾਂ ਕਿਹਾ ਕਿ ਮੈਂ ਕੁਝ ਵੀ ਗਲਤ, ਅਨੈਤਿਕ ਤੇ ਨਾਜਾਇਜ਼ ਨਹੀਂ ਕੀਤਾ। ਸਾਬਕਾ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਸਤੀਫਾ ਇਸ ਲਈ ਦਿੱਤਾ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਨਾਲ ਜੁੜੇ ਵਿਵਾਦ ਕਾਰਨ ਸਰਕਾਰ ਤੇ ਕਾਂਗਰਸ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਵੇ।

# ਫੌਜੀ ਨਹੀਂ ਸਿਆਸੀ ਹੈ ਨਕਸਲੀ ਸਮੱਸਿਆ ਦਾ ਹੱਲ

*'ਨਕਸਲੀ ਸਮੱਸਿਆ' ਰਾਤੋ-ਰਾਤ ਤਾਂ ਪੈਦਾ ਨਹੀਂ ਹੋ ਗਈ। ਇਸ ਨੂੰ ਉਭਰਦਿਆਂ ਘੱਟੋ-ਘੱਟ ਪੰਜ ਦਹਾਕੇ ਲੱਗੇ ਹਨ। 'ਨਕਸਲੀ' ਜਾਂ 'ਮਾਓਵਾਦੀ' ਮੁਕਾਮੀ ਕਬਾਇਲੀ ਲੋਕ ਹਨ ਜਿਨ੍ਹਾਂ ਨੂੰ ਵਿਕਾਸ ਦੇ ਸਮੁੱਚੇ ਅਮਲ ਤੋਂ ਬਾਹਰ ਰਖਿਆ ਗਿਆ ਹੈ। ਕਬੀਲਿਆਂ ਅਤੇ ਪਛੜੇ ਵਰਗਾਂ ਲਈ ਅਰਬਾਂ-ਖਰਬਾਂ ਰੁਪਏ ਦੀਆਂ ਢੋਲ-ਢਮੱਕਿਆਂ ਨਾਲ ਚਲਾਈਆਂ ਗਈਆਂ ਯੋਜਨਾਵਾਂ ਦਾ ਭੋਰਾ ਭਰ ਵੀ ਲਾਭ ਉਨ੍ਹਾਂ ਨੂੰ ਨਹੀਂ ਮਿਲ ਸਕਿਆ। ਉਨ੍ਹਾਂ ਲਈ ਰੋਟੀ, ਰੁਜ਼ਗਾਰ ਦਾ ਕੋਈ ਪ੍ਰਬੰਧ ਨਹੀਂ।*

**ਸੁਖਦੇਵ ਸਿੰਘ**

ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ 'ਨਕਸਲਬਾੜੀਆਂ' ਵਿਰੁਧ ਵਿਸਤ੍ਰਿਤ ਕਸਰਤਾਂ ਕਰ ਕੇ ਹਥਿਆਰਬੰਦ ਲੜਾਈ ਦੀ ਇਕ ਯੋਜਨਾ ਤਿਆਰ ਕੀਤੀ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਅਧਿਕਾਰਤ ਤੌਰ 'ਤੇ ਇਸ ਗੱਲੋਂ ਇਨਕਾਰ ਕੀਤਾ ਹੈ ਕਿ ਇਸ ਆਪ੍ਰੇਸ਼ਨ ਦਾ ਨਾਂ 'ਗਰੀਨ ਹੰਟ' ਰਖਿਆ ਗਿਆ ਹੈ। ਸ੍ਰੀ ਚਿਦੰਬਰਮ ਤਕਨੀਕੀ ਤੌਰ 'ਤੇ ਠੀਕ ਹੋ ਸਕਦੇ ਹਨ ਕਿਉਂਕਿ ਅਜਿਹੀਆਂ ਕਾਰਵਾਈਆਂ ਨੂੰ ਦਿੱਤਾ ਨਾਂ, ਵਧੇਰੇ ਕਰ ਕੇ ਜ਼ਬਾਨੀ-ਕਲਾਮੀ ਰਖਿਆ ਜਾਂਦਾ ਹੈ ਅਤੇ ਇਸ ਨੂੰ ਰਿਕਾਰਡ ਉਤੇ ਲਿਆਉਣ ਤੋਂ ਸੰਕੋਚ ਕੀਤਾ ਜਾਂਦਾ ਹੈ। ਉਂਜ 'ਗਰੀਨ ਹੰਟ' ਯੋਜਨਾ ਦਾ ਮੀਡੀਏ ਅੰਦਰ ਜ਼ਿਕਰ ਕਈ ਮਹੀਨਿਆਂ ਤੋਂ ਚਲ ਰਿਹਾ ਹੈ। ਫਿਰ ਵੀ ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੇਂਦਰ ਨੇ ਦੇਸ਼ ਦੇ ਨਕਸਲ ਪ੍ਰਭਾਵਤ ਇਲਾਕਿਆਂ ਵਿਚ ਹਥਿਆਰਬੰਦ ਯੁੱਧ ਦੀ ਪੂਰੀ ਤਿਆਰ ਕੀਤੀ ਹੋਈ ਹੈ। ਸਮੇਂ-ਸਮੇਂ 'ਤੇ, ਤਜਰਬੇ ਵਜੋਂ, ਕੇਂਦਰੀ ਬਲਾਂ ਦੀਆਂ ਟੁਕੜੀਆਂ ਵੱਖ-ਵੱਖ ਇਲਾਕਿਆਂ ਵਲ ਟੋਰੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਉਦੇਸ਼ ਵਿਸਾਰੇ ਹੋਏ ਇਲਾਕਿਆਂ ਅੰਦਰ ਰਾਜ-ਪ੍ਰਬੰਧ ਦੀ ਬਹਾਲੀ ਹੁੰਦਾ ਹੈ। ਛੱਤੀਸਗੜ੍ਹ ਦੇ ਦਾਂਤੇਵਾਲਾ ਜੰਗਲ ਵਿਚ ਛੇ ਅਪਰੈਲ ਨੂੰ ਹਥਿਆਰਬੰਦ ਨਕਸਲਬਾੜੀਆਂ ਅਤੇ ਕੇਂਦਰੀ ਰੀਜ਼ਰਵ ਬਲਾਂ ਵਿਚਕਾਰ ਹੋਈ ਖ਼ੂਨੀ ਝੜਪ ਜਿਸ ਵਿਚ ਕੇਂਦਰੀ ਬਲ ਦੇ 76 ਜਵਾਨ ਮਾਰੇ ਗਏ, ਦਾ ਪਿਛੋਕੜ ਵੀ ਇਹੀ ਸੀ ਕਿ ਵਿਸਾਰੇ ਖੇਤਰ ਉਤੇ ਅਧਿਕਾਰ ਜਮਾਉਣ ਲਈ ਹਾਲਾਤ ਟੋਹੇ ਜਾਣ। ਇਸ ਝੜਪ ਤੋਂ ਕੁਝ ਹੀ ਦਿਨ ਪਹਿਲਾਂ ਸ੍ਰੀ ਚਿਦੰਬਰਮ ਬੰਗਾਲ ਦੇ ਨਕਸਲ ਪ੍ਰਭਾਵਤ ਇਲਾਕਿਆਂ ਦੇ ਦੌਰੇ 'ਤੇ ਗਏ। ਉਥੇ ਉਨ੍ਹਾਂ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਦੇਵ ਭਟਾਚਾਰਜੀ ਦੀ ਝਾੜ-ਝੰਬ ਕੀਤੀ ਅਤੇ ਕਿਹਾ ਕਿ ਅਮਨ-ਕਾਨੂੰਨ ਦੇ ਵਿਗੜੇ ਹਾਲਾਤ ਲਈ ਹੋਰ ਕੋਈ ਨਹੀਂ, ਖ਼ੁਦ ਭਟਾਚਾਰਜੀ ਹੀ ਜ਼ਿੰਮੇਵਾਰ ਹਨ। ਸਿਰਫ਼ ਤਿੰਨ ਦਿਨ ਬਾਅਦ ਦਾਂਤੇਵਾੜਾ ਦੀ ਵਾਰਦਾਤ ਹੋ ਗਈ ਜਿਥੇ ਕੇਂਦਰੀ ਬਲ, ਕੇਂਦਰੀ ਗ੍ਰਹਿ ਵਿਭਾਗ ਦੀਆਂ ਹਦਾਇਤਾਂ 'ਤੇ ਗਏ ਸਨ। ਇਸ ਤੋਂ ਪਹਿਲਾਂ ਕਿਸੇ ਇਕਹਿਰੀ ਟੱਕਰ ਵਿਚ ਕੇਂਦਰੀ ਬਲਾਂ ਦੇ ਏਨੇ ਜਵਾਨਾਂ ਦੀਆਂ ਜਾਨਾਂ ਨਹੀਂ ਸਨ ਗਈਆਂ ਜਿੰਨੀਆਂ ਇਕੱਲੇ ਦਾਂਤੇਵਾੜਾ ਵਿਚ ਚਲੀਆਂ ਗਈਆਂ। ਪ੍ਰੇਸ਼ਾਨ ਹੋਏ ਗ੍ਰਹਿ ਮੰਤਰੀ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਕਬੂਲਦਿਆਂ, ਪ੍ਰਧਾਨ ਮੰਤਰੀ ਨੂੰ ਅਸਤੀਫਾ ਪੇਸ਼ ਕਰ ਦਿੱਤਾ ਜਿਸ ਨੂੰ, ਆਸ ਅਨੁਸਾਰ, ਉਨ੍ਹਾਂ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਪ੍ਰਧਾਨ ਮੰਤਰੀ ਅਤੇ ਸ੍ਰੀਮਤੀ ਸੋਨੀਆ ਗਾਂਧੀ, ਦੋਵੇਂ ਹੀ ਨਕਸਲੀ ਤਹਿਰੀਕ ਦੇ ਉਭਾਰ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਸਮਝਦੇ ਆ ਰਹੇ ਹਨ। ਦਰਅਸਲ ਸ੍ਰੀ ਚਿਦੰਬਰਮ ਤੋਂ ਵਿੱਤ ਵਿਭਾਗ ਲੈ ਕੇ ਗ੍ਰਹਿ ਵਿਭਾਗ ਦਿਵਾਉਣ ਵਿਚ ਸ੍ਰੀਮਤੀ ਸੋਨੀਆ ਗਾਂਧੀ ਦਾ ਹੀ ਹੱਥ ਹੈ। ਇਸ ਤਰ੍ਹਾਂ ਸਮੁੱਚੀ ਭਾਰਤ ਸਰਕਾਰ ਅਤੇ ਕਾਂਗਰਸ ਪਾਰਟੀ ਵਲੋਂ ਅੰਦਰੂਨੀ ਸੁਰੱਖਿਆ ਨੂੰ ਕਥਿਤ ਤੌਰ 'ਤੇ ਪੈਦਾ ਹੋਏ 'ਸਭ ਤੋਂ ਵੱਡੇ ਖਤਰੇ' ਨਾਲ ਨਜਿੱਠਣ ਲਈ ਸ੍ਰੀ ਚਿਦੰਬਰਮ ਨੂੰ ਮੁੱਖ ਜਰਨੈਲ ਵਜੋਂ ਮੈਦਾਨ ਵਿਚ ਠੇਲਿਆ ਗਿਆ ਹੈ।

ਇਹ ਸਾਰਿਆਂ ਨੂੰ ਪਤਾ ਹੀ ਹੈ ਕਿ 'ਨਕਸਲੀ ਸਮੱਸਿਆ' ਰਾਤੋ-ਰਾਤ ਤਾਂ ਪੈਦਾ ਨਹੀਂ ਹੋ ਗਈ। ਇਸ ਨੂੰ ਉਭਰਦਿਆਂ ਘੱਟੋ-ਘੱਟ ਪੰਜ ਦਹਾਕੇ ਲੱਗੇ ਹਨ। 'ਨਕਸਲੀ' ਜਾਂ 'ਮਾਓਵਾਦੀ' ਮੁਕਾਮੀ ਕਬਾਇਲੀ ਲੋਕ ਹਨ ਜਿਨ੍ਹਾਂ ਨੂੰ ਵਿਕਾਸ ਦੇ ਸਮੁੱਚੇ ਅਮਲ ਤੋਂ ਬਾਹਰ ਰਖਿਆ ਗਿਆ ਹੈ। ਕਬੀਲਿਆਂ ਅਤੇ ਪਛੜੇ ਵਰਗਾਂ ਲਈ ਅਰਬਾਂ-ਖਰਬਾਂ ਰੁਪਏ ਦੀਆਂ ਢੋਲ-ਢਮੱਕਿਆਂ ਨਾਲ ਚਲਾਈਆਂ ਗਈਆਂ ਯੋਜਨਾਵਾਂ ਦਾ ਭੋਰਾ ਭਰ ਵੀ ਲਾਭ ਉਨ੍ਹਾਂ ਨੂੰ ਨਹੀਂ ਮਿਲ ਸਕਿਆ। ਉਨ੍ਹਾਂ ਲਈ ਰੋਟੀ, ਰੁਜ਼ਗਾਰ ਦਾ ਕੋਈ ਪ੍ਰਬੰਧ ਨਹੀਂ।

ਸਿਹਤ ਸੇਵਾਵਾਂ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚਾਈਆਂ ਗਈਆਂ। ਵਿਦਿਆ ਦਾ ਨਾਮੋ-ਨਿਸ਼ਾਨ ਨਹੀਂ। ਹੋਰ ਤਾਂ ਹੋਰ, ਉਨ੍ਹਾਂ ਲਈ ਪੀਣ ਯੋਗ ਪਾਣੀ ਦੀ ਵੀ ਕੋਈ ਸਹੂਲਤ ਨਹੀਂ। ਸੜਕਾਂ 'ਤੇ ਆਵਾਜਾਈ ਦਾ ਬੁਨਿਆਦੀ ਢਾਂਚਾ ਤਾਂ ਬਹੁਤ ਦੂਰ ਦੀ ਗੱਲ ਹੈ। ਜ਼ਮੀਨੀ ਪੱਧਰ ਦੇ ਹਾਲਾਤ ਬਾਰੇ ਛੱਤੀਸਗੜ੍ਹ ਪ੍ਰਾਂਤ ਦੇ ਸਭ ਤੋਂ ਵੱਡੇ ਕਬੀਲੇ ਦੀ 12ਵੀਂ ਤਕ ਸਬੱਬ ਨਾਲ ਪੜ੍ਹੀ ਅਤੇ ਪੱਤਰਕਾਰ ਬਣੀ 28 ਸਾਲਾ ਬੀਬੀ ਪੁਸ਼ਪਾ ਰੋਕੜੇ ਨੇ 11 ਅਪਰੈਲ ਦੇ 'ਟਾਈਮਜ਼ ਆਫ ਇੰਡੀਆ' ਵਿਚ ਇਸ ਦੇ ਪੱਤਰਕਾਰ ਕੇਸ਼ਵ ਪ੍ਰਧਾਨ ਨਾਲ ਇਕ ਮੁਲਾਕਾਤ ਵਿਚ ਆਪਣੇ ਭਾਈਚਾਰੇ ਦੇ ਹਾਲਾਤ ਇਸ ਤਰ੍ਹਾਂ ਬਿਆਨ ਕੀਤੇ ਹਨ, "ਵਧੇਰੇ ਕਬਾਇਲੀ ਲੋਕ ਅਤਿ ਦੇ ਗਰੀਬ ਅਤੇ ਅਨਪੜ੍ਹ ਹਨ। ਉਨ੍ਹਾਂ ਨੂੰ ਤਾਂ ਆਪਣੀ ਉਮਰ ਦਾ ਵੀ ਕੋਈ ਹਿਸਾਬ ਨਹੀਂ। ਇਹ ਲੋਕ ਸਰਕਾਰ ਦੀ ਅਣਗਹਿਲੀ ਅਤੇ ਬੇਧਿਆਨੀ ਤੋਂ ਬਹੁਤ ਦੁਖੀ ਹਨ। ਸਾਡੇ ਲੋਕ ਮੁਸ਼ਕਲ ਨਾਲ ਦੋ ਵਾਰ ਕੁਝ ਨਾ ਕੁਝ ਖਾਂਦੇ ਹਨ। ਵਧੇਰੇ ਕਰ ਕੇ ਉਹ ਇਮਲੀ ਨਾਲ ਚਾਵਲ ਖਾਂਦੇ ਹਨ ਜਾਂ ਉਹ ਚਾਵਲ ਸਿਰਫ ਨਮਕ ਅਤੇ ਪਾਣੀ ਨਾਲ ਖਾ ਲੈਂਦੇ ਹਨ। ਉਹ ਮਾਓਵਾਦੀਆਂ ਦੇ ਪ੍ਰਭਾਵ ਹੇਠ ਹਨ... ਕਬਾਇਲੀ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਵਿਚੋਂ ਕੋਈ ਹਿੱਸਾ ਨਹੀਂ ਮਿਲਦਾ। ਸਾਰਾ ਪੈਸਾ ਅਫਸਰਾਂ ਅਤੇ ਠੇਕੇਦਾਰਾਂ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ। ਸਾਡੇ ਲਈ 'ਇਕ ਘਰ ਪਿੱਛੇ ਇਕ ਗਾਂ' ਦੀ ਯੋਜਨਾ ਬਣਾਈ ਗਈ। ਸਾਨੂੰ ਬੁੱਢੀਆਂ ਤੇ ਬੀਮਾਰ ਗਊਆਂ ਦੇ ਦਿੱਤੀਆਂ ਗਈਆਂ।" ਜਦ ਬੀਬੀ ਰੋਕੜੇ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਦੇ ਕਬੀਲੇ ਦੇ ਲੋਕਾਂ ਦਾ ਮਾਓਵਾਦੀਆਂ ਬਾਰੇ ਕੀ ਵਿਚਾਰ ਹੈ? ਤਾਂ ਉਸ ਦਾ ਜਵਾਬ ਸੀ, "ਮਾਓਵਾਦੀ ਉਹ ਲੋਕ ਹਨ ਜਿਹੜੇ (ਆਮ) ਲੋਕਾਂ ਨੂੰ ਨਹੀਂ ਮਾਰਦੇ। ਉਹ ਸਿਰਫ਼ ਦੋਸ਼ੀ ਸਰਕਾਰੀ ਅਫ਼ਸਰਾਂ ਨੂੰ ਸਜ਼ਾਵਾਂ ਦਿੰਦੇ ਹਨ...ਖ਼ੂਨ ਖ਼ਰਾਬਾ ਕਿਸੇ ਸਮੱਸਿਆ ਦਾ ਹੱਲ ਨਹੀਂ। ਹਾਲਾਤ ਸੁਧਰ ਸਕਦੇ ਹਨ ਜੇ ਵਿਦਿਆ ਤੇ ਨੌਕਰੀ ਜਿਹੀਆਂ ਸਾਡੀਆਂ ਮੁਢਲੀਆਂ ਲੋੜਾਂ ਪੂਰੀਆਂ ਕਰ ਦਿੱਤੀਆਂ ਜਾਣ... ਜੇ ਸਾਨੂੰ ਸਵੈਮਾਣ ਤੇ ਇੱਜ਼ਤ ਨਾਲ ਰਹਿਣ ਦਿੱਤਾ ਜਾਵੇ... ਜੇ ਸਾਡੇ ਨਾਲ ਫ਼ਰੇਬ ਨਾ ਹੋਵੇ... ਜੇ ਸਾਨੂੰ ਘ੍ਰਿਣਾ ਨਾਲ ਨਾ ਵੇਖਿਆ ਜਾਵੇ।"



ਪਰ ਸ੍ਰੀ ਚਿਦੰਬਰਮ ਅਤੇ ਉਨ੍ਹਾਂ ਦੀ ਸੋਚ ਵਾਲੇ ਲੋਕਾਂ ਦਾ ਵਿਸ਼ਵਾਸ ਕੁਝ ਹੋਰ ਹੀ ਹੈ। ਉਹ ਸਮਝਦੇ ਹਨ ਕਿ ਜੇ ਹਥਿਆਰਬੰਦ ਨਕਸਲਬਾੜੀਆਂ ਨੂੰ ਕਬਾਇਲੀਆਂ ਤੋਂ ਅਲੱਗ-ਥਲੱਗ ਕਰ ਦਿੱਤਾ ਜਾਵੇ, ਜੇ ਉਨ੍ਹਾਂ ਨੂੰ ਘੇਰਾ ਪਾ ਕੇ ਮਾਰ ਮੁਕਾਇਆ ਜਾਵੇ ਜਾਂ ਉਨ੍ਹਾਂ ਤੋਂ ਹਥਿਆਰ ਛੁਡਵਾਣ ਦਾ ਪ੍ਰਬੰਧ ਕਰ ਲਿਆ ਜਾਵੇ ਤਾਂ ਸਮੁੱਚੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਦਰਅਸਲ ਇਹ ਸੋਚ ਪੰਜਾਬ ਦੇ ਅਖੌਤੀ ਤਜ਼ਰਬੇ ਵਿਚੋਂ ਨਿਕਲੀ ਵਿਖਾਈ ਦਿੰਦੀ ਹੈ। ਪੰਜਾਬ ਉਹ ਪ੍ਰਾਂਤ ਹੈ ਜਿੱਥੋਂ ਦੀ ਫ਼ੌਜੀ ਸਥਿਤੀ ਮੁੱਢੋਂ ਹੀ ਵੱਖਰੀ ਹੈ। ਜਿਥੇ ਕੋਈ ਜੰਗਲੀ ਜਾਂ ਪਹਾੜੀ ਇਲਾਕਾ ਨਹੀਂ ਹੈ, ਹਰ ਪਿੰਡ ਸੜਕ ਨਾਲ ਜੁੜਿਆ ਹੋਇਆ ਹੈ, ਹਰ ਥਾਂ ਵੱਡੇ ਤੋਂ ਵੱਡਾ ਟੈਂਕ ਪਹੁੰਚ ਸਕਦਾ ਹੈ ਅਤੇ ਹਰ ਘਰ ਸਾਹਮਣੇ ਜੀਪ ਪਹੁੰਚ ਸਕਦੀ ਹੈ। ਪੰਜਾਬ ਵਿਚੋਂ ਖਾੜਕੂਵਾਦ ਦੇ ਸਫਾਏ ਲਈ ਇਹ ਭੂਗੋਲਿਕ ਲੱਛਣ ਵੀ ਜ਼ਿੰਮੇਵਾਰ ਹਨ। ਭਾਰਤੀ ਸਟੇਟ ਨੇ ਹਰ ਥਾਂ ਆਪਣੇ ਖਾੜਕੂ ਜਾਂ ਦਹਿਸ਼ਤ-ਵਿਰੋਧੀ ਮਾਡਲ ਨੂੰ ਪੰਜਾਬ ਦੇ ਆਧਾਰ 'ਤੇ ਢਾਲਿਆ ਹੋਇਆ ਹੈ। ਇਸੇ ਕਾਰਨ ਕੇ.ਪੀ.ਐਸ. ਗਿੱਲ ਜਿਹੇ ਸਾਧਾਰਣ ਪੁਲਿਸ ਅਫ਼ਸਰ ਨੂੰ ਸਤਵੇਂ ਅਸਮਾਨੀਂ ਚੜ੍ਹਾ ਦਿੱਤਾ ਗਿਆ ਹੈ। ਉਸ ਨੂੰ ਕਦੇ ਆਂਧਰਾ ਪ੍ਰਦੇਸ਼ ਭੇਜਿਆ ਗਿਆ, ਕਦੇ ਗੁਜਰਾਤ ਅਤੇ ਕਦੇ ਛੱਤੀਸਗੜ੍ਹ ਪਰ ਹਰ ਥਾਂ ਤੋਂ ਉਹ ਬੇਰੰਗ ਵਾਪਸ ਆਇਆ।

ਇਕ ਚਲਾਕ ਅਫਸਰ ਦੇ ਤੌਰ 'ਤੇ ਉਹ ਲੁਭਾਉਣੇ ਲੇਖ ਲਿਖਣ ਅਤੇ ਆਕਰਸ਼ਤ ਇਲਾਜ ਸੁਲਝਾਉਣ ਦਾ ਮਾਹਿਰ ਹੈ ਪਰ ਕਿਸੇ ਵੀ ਥਾਂ ਜੰਮ ਕੇ ਜ਼ਿੰਮੇਵਾਰੀ ਫੜਨ ਲਈ ਤਿਆਰ ਨਹੀਂ। ਇਸ ਦਾ ਕਾਰਨ ਉਪਰ ਦਿੱਤੀ ਗਈ ਭੂਗੋਲਿਕ ਸੱਚਾਈ ਹੈ। ਪਰ ਇਸ ਦੇ ਬਾਵਜੂਦ ਚਿਦੰਬਰਮ ਜਿਹੇ ਵਿਅਕਤੀ ਨੇ ਆਪਣੀ, ਉਸੇ ਸੋਚ ਨੂੰ ਘੁਟ ਕੇ ਜੱਫੀ ਪਾਈ ਹੋਈ ਹੈ ਜਿਸ ਅਨੁਸਾਰ ਪੰਜਾਬ ਅੰਦਰ ਬਲੂ-ਸਟਾਰ ਆਪ੍ਰੇਸ਼ਨ ਰਚਾਇਆ ਗਿਆ ਸੀ। ਸਬੱਬ ਨਾਲ ਇਹੀ ਚਿਦੰਬਰਮ ਬਲੂ-ਸਟਾਰ ਅਪ੍ਰੇਸ਼ਨ ਦੀ ਤਿਆਰੀ ਸਮੇਂ ਸੁਰੱਖਿਆ ਵਿਭਾਗ ਦਾ ਮਨਿਸਟਰ ਆਫ਼ ਸਟੇਟ ਸੀ ਅਤੇ ਉਹ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦਾ ਵਿਸ਼ਵਾਸਪਾਤਰ ਸੀ।

ਉਹ ਹੁਣ ਵੀ ਭਾਰਤ ਦੀ ਸੱਭ ਤੋਂ ਸ਼ਕਤੀਸ਼ਾਲੀ ਸ਼ਖਸੀਅਤ, ਬੀਬੀ ਸੋਨੀਆ ਗਾਂਧੀ ਕੋਲ ਆਪਣੀ ਹਾਜ਼ਰੀ ਭਰਦਾ ਹੈ। ਸਬੱਬ ਦੀ ਗੱਲ ਵੇਖੋ:ਆਪਣੀ ਚਰਚਿਤ ਕਿਤਾਬ ਵਿਚ ਲਾਲ ਕਿਸ਼ਨ ਅਡਵਾਨੀ ਨੇ ਐਲਾਨ ਕੀਤਾ ਕਿ ਉਸ ਨੇ 1984 ਵਿਚ ਇੰਦਰਾ ਗਾਂਧੀ ਨੂੰ ਬਲੂ-ਸਟਾਰ ਆਪ੍ਰੇਸ਼ਨ ਲਈ ਤਿਆਰ ਕੀਤਾ ਸੀ। ਹੁਣ ਵੀ ਇਹੀ ਚਿਦੰਬਰਮ ਹੈ ਜਿਸ ਨੂੰ ਅਖੌਤੀ 'ਨਕਸਲੀ ਸਮੱਸਿਆ ਦੇ ਹੱਲ' ਲਈ ਤਿਆਰ ਕੀਤੇ ਉਸ ਦੇ 'ਗਰੀਨ ਹੰਟ ਆਪ੍ਰੇਸ਼ਨ' ਲਈ ਭਾਰਤੀ ਜਨਤਾ ਪਾਰਟੀ ਤੋਂ ਐਲਾਨੀਆ ਡਟਵਾਂ ਸਮਰਥਨ ਮਿਲ ਰਿਹਾ ਹੈ।

ਪਰ ਪਿਛਲੀ ਸਦੀ ਦੇ ਅੱਸੀਵਿਆਂ ਦੀ ਸਥਿਤੀ ਨੂੰ ਘੋਖਿਆ ਜਾਵੇ ਅਤੇ ਇਸ ਦਾ ਟਾਕਰਾ ਅਜੋਕੇ ਹਾਲਾਤ ਨਾਲ ਕੀਤਾ ਜਾਵੇ ਤਾਂ ਕਾਫੀ ਫਰਕ ਵਿਖਾਈ ਦੇਵੇਗਾ। ਉਸ ਵੇਲੇ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਵਿਚਾਰਾਂ ਵਿਰੁਧ ਕੋਈ ਕਾਂਗਰਸੀ ਕੁਸਕਦਾ ਤਕ ਨਹੀਂ ਸੀ। ਅੱਜ ਕਾਂਗਰਸ ਲੀਡਰਸ਼ਿਪ ਅੰਦਰ ਚਿਦੰਬਰਮ ਜਿਹਿਆਂ ਦੀ 'ਆਪ੍ਰੇਸ਼ਨਾਂ' ਰਾਹੀਂ ਸਮਾਜਕ-ਰਾਜਨੀਤਕ ਸਮੱਸਿਆ ਸੁਲਝਾਉਣ ਦੀ ਫਾਸ਼ੀਵਾਦੀ ਨੀਤੀ ਵਿਰੁਧ ਚਿੰਤਾ ਹੈ। ਕੁਝ ਸਾਲ ਪਹਿਲਾਂ ਮੱਧ ਪ੍ਰਦੇਸ਼ ਵਿਚੋਂ ਹੀ ਛੱਤੀਸਗੜ੍ਹ ਵੱਖਰਾ ਪ੍ਰਾਂਤ ਬਣਾਇਆ ਗਿਆ। ਸਾਂਝੇ ਮੱਧ ਪ੍ਰਦੇਸ਼ ਦੇ 10 ਸਾਲ ਮੁੱਖ ਮੰਤਰੀ ਰਹੇ ਦਿਗਵਿਜੇ ਸਿੰਘ ਨੇ ਇਕ ਅਖ਼ਬਾਰੀ ਲੇਖ ਲਿਖ ਕੇ ਚਿਦੰਬਰਮ ਦੀ ਨਕਸਲਵਾਦ ਨਾਲ ਨਜਿੱਠਣ ਦੀ ਯੁੱਧ-ਚਾਲ ਦੀ ਭਰਪੂਰ ਨਿਖੇਧੀ ਕੀਤੀ ਹੈ। ਦਿਗਵਿਜੇ ਸਿੰਘ ਨੇ 'ਇਕਨਾਮਿਕ ਟਾਈਮਜ਼' ਵਿਚ ਲਿਖੇ ਆਪਣੇ ਲੇਖ ਵਿਚ ਕਿਹਾ: "ਚਿਦੰਬਰਮ, ਮਾਓਵਾਦੀ ਬਗਾਵਤ ਨੂੰ ਮਹਿਜ਼ ਅਮਨ ਕਾਨੂੰਨ ਦੀ ਸਥਿਤੀ ਵਜੋਂ ਲੈਂਦੇ ਹਨ। ਉਹ ਉਨ੍ਹਾਂ ਤੱਥਾਂ ਨੂੰ ਸਾਹਮਣੇ ਨਹੀਂ ਰਖਦੇ ਜਿਹੜੇ ਕਬਾਇਲੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਅਸੀਂ ਇਸ ਸਮੱਸਿਆ ਨੂੰ ਇਨ੍ਹਾਂ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਆਸਾਂ ਤੇ ਉਮੰਗਾਂ ਨੂੰ ਪਾਸੇ ਛੱਡ ਕੇ ਹੱਲ ਨਹੀਂ ਕਰ ਸਕਦੇ।" ਦਿਗਵਿਜੇ ਸਿੰਘ ਨੇ ਚਿਦੰਬਰਮ ਬਾਰੇ ਇਥੋਂ ਤੱਕ ਲਿਖਿਆ ਕਿ ਇਹ ਇਕ ਅੜੀਅਲ, ਇਕਪਾਸੜ ਅਤੇ ਕੁਲੱਕੜ ਸੋਚ ਦਾ ਮਾਲਕ ਵਿਅਕਤੀ ਹੈ। ਜਦ ਸਾਬਕਾ ਕੇਂਦਰੀ ਮੰਤਰੀ ਅਤੇ ਮੌਜੂਦਾ ਰਾਜ ਸਭਾ ਮੈਂਬਰ ਮਣੀ ਸ਼ੰਕਰ ਅਈਅਰ ਦਾ ਧਿਆਨ ਦਿਗਵਿਜੇ ਸਿੰਘ ਦੀ ਸੋਚ ਵਲ ਦਿਵਾਇਆ ਗਿਆ ਤਾਂ ਉਸ ਨੇ ਕਿਹਾ, "ਮੈਂ ਦਿਗਵਿਜੇ ਸਿੰਘ ਨਾਲ ਇਕ ਲੱਖ ਫ਼ੀਸਦੀ ਸਹਿਮਤ ਹਾਂ।" ਇਸੇ ਤਰ੍ਹਾਂ ਕਾਂਗਰਸ ਦੇ ਵਰਕਿੰਗ ਕਮੇਟੀ ਮੈਂਬਰ ਕੇ. ਕੇਸਵਾ ਰਾਉ ਨੇ ਕਿਹਾ, "ਮੈਂ ਦਿਗਵਿਜੇ ਸਿੰਘ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਵਿਕਾਸ ਦਾ ਮੁੱਦਾ ਪਹਿਲਾਂ ਆਉਣਾ ਚਾਹੀਦਾ ਹੈ... ਰਾਜਸੀ ਢੰਗ ਤਰੀਕੇ ਬਾਅਦ ਵਿਚ ਧਾਰੇ ਜਾ ਸਕਦੇ ਹਨ।"

ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਦਾ ਯਤਨ ਹੈ ਕਿ ਇਨ੍ਹਾਂ ਸਭਨਾਂ ਆਵਾਜ਼ਾਂ ਨੂੰ ਠੱਪ ਕਰਵਾਇਆ ਜਾਵੇ ਪਰ ਸੱਚਾਈ ਇਹ ਹੈ ਕਿ ਕਾਂਗਰਸ ਦਾ ਚੋਖਾ ਭਾਗ 'ਆਪ੍ਰੇਸ਼ਨਾਂ' ਦੀ ਭਾਸ਼ਾ ਤੋਂ ਤੰਗ ਆ ਚੁੱਕਾ ਹੈ ਜਿਸ ਦੇ ਮਾੜੇ ਸਿੱਟਿਆਂ 'ਤੇ ਕਾਬੂ ਪਾਉਣ ਲਈ ਪਾਰਟੀ ਹੁਣ ਤੱਕ ਜੂਝ ਰਹੀ ਹੈ।

# ਆਕਾ, ਉਦੋਂ ਤੁਸੀਂ ਕੀ ਕਰ ਰਹੇ ਸੀ

ਪ੍ਰੋ. ਕੁਲਵੰਤ ਸਿੰਘ ਰੋਮਾਣਾ

6 ਅਪਰੈਲ 2010 ਦੇ ਦਿਨ ਭਾਰਤ ਦੇ ਮਾਓਵਾਦੀ ਗੁਰੀਲਿਆਂ ਨੇ ਛਤੀਸ਼ਗੜ੍ਹ ਸੂਬੇ ਦੇ ਦਾਂਤੇਵਾੜ ਜ਼ਿਲ੍ਹੇ 'ਚ ਘਾਤ ਲਾ ਕੇ ਪ੍ਰੈਸ਼ਰ ਮਾਈਨਾਂ ਵਿਛਾ ਕੇ ਸੀ.ਆਰ.ਪੀ. ਐਫ ਦੇ 76 ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਦੀ ਸਭ ਪਾਸਿਉਂ ਭਰਪੂਰ ਨਿੰਦਾ ਹੋਈ ਹੈ, ਉਨ੍ਹਾਂ ਵਲੋਂ ਵੀ ਜਿਹੜੇ ਮਾਓਵਾਦੀਆਂ ਦੀ ਹਥਿਆਰਬੰਦ ਤਹਿਰੀਕ ਨਾਲ ਹਮਦਰਦੀ ਰਖਦੇ ਹਨ ਤੇ ਉਨ੍ਹਾਂ ਵਲੋਂ ਵੀ ਜੋ ਮਾਓਵਾਦੀਆਂ ਨੂੰ ਅਤਿਵਾਦੀ ਤੇ ਦੇਸ਼ ਦੇ ਦੁਸ਼ਮਣ ਸਮਝਦੇ ਹਨ। ਸਰਕਾਰ ਨੇ ਇਸ ਨੂੰ ਕਿੰਨੀ ਕੁ ਗੰਭੀਰਤਾ ਨਾਲ ਲਿਆ ਹੈ, ਉਸ ਦਾ ਪਤਾ ਇਸ ਤੋਂ ਲਗਦਾ ਹੈ ਕਿ ਇਸ ਹਵਾਲੇ ਨਾਲ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਆਪਣੇ ਅਹੁਦੇ ਤੋਂ ਅਸਤੀਫਾ ਹੀ ਦੇ ਦਿੱਤਾ ਸੀ ਜੋ ਮਨਮੋਹਨ ਸਿੰਘ ਤੇ ਸ੍ਰੀਮਤੀ ਸੋਨੀਆ ਗਾਂਧੀ ਨੇ ਮਨਜ਼ੂਰ ਨਹੀਂ ਕੀਤਾ। ਮਾਓਵਾਦੀਆਂ ਨਾਲ ਕਰਾਰੇ ਹੱਥੀਂ ਨਿਪਟਣ ਲਈ ਭਾਜਪਾ ਤੋਂ ਲੈ ਕੇ ਸੀ.ਪੀ.ਐਮ. ਤੱਕ ਤਮਾਮ ਪਾਰਲੀਮੈਂਟਰੀ ਪਾਰਟੀਆਂ ਸਰਕਾਰ ਦੇ ਨਾਲ ਚੱਟਾਨ ਵਾਂਗ ਖੜ੍ਹੀਆਂ ਹਨ। ਇਹ ਉਹੀ ਪਾਰਟੀਆਂ ਹਨ ਜੋ ਪ੍ਰਮਾਣੂ ਸਮਝੌਤੇ, ਸਿੱਖਿਆ ਬਿਲ ਅਤੇ ਔਰਤਾਂ ਬਾਰੇ ਬਿਲ ਤੇ ਸਰਕਾਰ ਦਾ ਵਿਰੋਧ ਕਰ ਰਹੀਆਂ ਸਨ। ਪਰ ਮਾਓਵਾਦੀਆਂ ਖਿਲਾਫ ਫੌਜ ਅਤੇ ਹਵਾਈ ਸੈਨਾ ਤੱਕ ਦੀ ਵਰਤੋਂ ਕਰਨ ਲਈ ਸਹਿਮਤੀ ਦੇ ਰਹੀਆਂ ਹਨ। ਭਾਵੇਂ ਹਵਾਈ ਸੈਨਾ ਦੇ ਮੁਖੀ ਨੇ ਸਾਫ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਵਾਜ਼ਬ ਨਹੀਂ ਲਗਦਾ ਕਿਉਂਕਿ ਉਨ੍ਹਾਂ ਨੂੰ ਆਪਣੇ ਹੀ ਇਲਾਕਿਆਂ 'ਚ ਖਾਸ ਤੇ ਥੋੜ੍ਹੀ ਜਗ੍ਹਾ 'ਤੇ ਹਮਲਾ ਕਰਨ ਦੀ ਬਰੀਕ ਟ੍ਰੇਨਿੰਗ ਨਹੀਂ ਹੈ।

ਗ੍ਰਹਿ ਮੰਤਰਾਲਾ ਇਸ ਦਰਦਨਾਕ ਘਟਨਾ ਦੀ ਪੜਤਾਲ ਕਰਵਾ ਰਿਹਾ ਹੈ ਪਰ ਇਕ ਵੱਡੇ ਸੁਰੱਖਿਆ ਅਫਸਰ ਦਾ ਕਹਿਣਾ ਹੈ ਕਿ ਇਹ ਪ੍ਰੈਸ਼ਰ ਮਾਈਨ ਬੜੀ ਖਤਰਨਾਕ ਚੀਜ਼ ਹੈ। ਜ਼ਰਾ ਕੁ ਦਬਾ ਆਉਣ ਨਾਲ ਹੀ ਫਟ ਜਾਂਦੀ ਹੈ ਤੇ ਭਾਣਾ ਵਾਪਰ ਜਾਂਦਾ ਹੈ। ਦੂਜੀ ਗੱਲ ਉਹ ਇਹ ਕਹਿੰਦਾ ਹੈ ਕਿ ਸੜਕ ਤੇ ਤਾਂ ਇਹ ਦਿਸ ਜਾਂਦੀ ਹੈ ਤੇ ਜਵਾਨ ਆਪਣਾ ਬਚਾ ਕਰ ਸਕਦੇ ਹਨ ਪਰ ਦਾਂਤੇਵਾੜਾ 'ਚ ਜਿੱਥੇ ਇਹ ਘਟਨਾ ਵਾਪਰੀ ਹੈ ਉਥੇ ਤਾਂ 45 ਕਿਲੋਮੀਟਰ ਦੇ ਏਰੀਏ 'ਚ ਪੰਜ ਕਿਲੋਮੀਟਰ ਵੀ ਸੜਕ ਨਹੀਂ ਹੈ। ਅਗਲੀ ਗੱਲ ਉਸ ਨੇ ਕਿਹਾ ਹੈ ਕਿ ਮਾਓਵਾਦ ਤੋਂ ਪ੍ਰਭਾਵਤ ਇਲਾਕਿਆਂ 'ਚ ਪਾਣੀ, ਪਖਾਨੇ, ਬਿਜਲੀ, ਹਸਪਤਾਲਾਂ, ਸੜਕਾਂ ਤੇ ਪੁਲਾਂ ਆਦਿ ਦੇ ਨਾ ਹੋਣ ਕਰਕੇ ਸੁਰੱਖਿਆ ਬਲਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ। ਹਰ ਕੰਮ ਲਈ ਉਨ੍ਹਾਂ ਨੂੰ ਆਪਣੇ ਕੈਂਪਾਂ ਤੋਂ ਦੂਰ ਜਾਣਾ ਪੈਂਦਾ ਹੈ ਤੇ ਮਾਓਵਾਦੀ ਉਨ੍ਹਾਂ ਨੂੰ ਅਗਵਾ ਜਾਂ ਕਤਲ ਕਰ ਸਕਦੇ ਹਨ। ਉਪਰੋਂ ਜੰਗਲ 'ਚ ਬੇਸ਼ੁਮਾਰ ਮੱਛਰ ਹੋਣ ਕਰਕੇ ਅਤੇ ਦਵਾ-ਦਾਰੂ ਦਾ ਠੀਕ ਪ੍ਰਬੰਧ ਨਾ ਹੋਣ ਕਰਕੇ ਬਹੁਤੇ ਸੁਰੱਖਿਆ ਕਰਮੀ ਮਲੇਰੀਏ ਦੀ ਮਾਰ ਹੇਠ ਆਏ ਹੋਏ ਨੇ। ਮਾਓਵਾਦੀ ਤੇ ਆਦਿਵਾਸੀ ਤਾਂ ਅਜਿਹੀਆਂ ਹਾਲਤਾਂ ਦੇ ਆਦੀ ਹਨ ਇਸ ਲਈ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਮਾਓਵਾਦੀਆਂ ਨੂੰ ਇਲਾਕੇ ਦੀ ਭਰਪੂਰ ਜਾਣਕਾਰੀ ਹੈ, ਉਨ੍ਹਾਂ ਕੋਲ ਗੁਰੀਲਾ ਟ੍ਰੇਨਿੰਗ ਹੈ ਅਤੇ ਲੋੜੀਂਦੇ ਹਥਿਆਰ ਹਨ। ਉਸ ਅਫਸਰ ਅਨੁਸਾਰ ਇਹ ਕੁਝ ਮੁਸ਼ਕਲਾਂ ਹਨ ਜੋ 'ਅਪਰੇਸ਼ਨ ਗਰੀਨ ਹੰਟ' 'ਚ ਹਾਕਮ ਧਿਰ ਦੇ ਨੁਕਸਾਨ ਦਾ ਬਾਇਸ ਬਣ ਰਹੀਆਂ ਹਨ।

ਸਰਕਾਰ ਨੇ ਚਲਾਏ ਜਾ ਰਹੇ ਮੌਜੂਦਾ ਅਪ੍ਰੇਸ਼ਨ ਗਰੀਨ ਹੰਟ ਦੀ ਲੰਬੇ ਸਮੇਂ ਤੋਂ ਤਿਆਰੀ ਵਿੱਢੀ ਹੋਈ ਸੀ। ਮਾਓਵਾਦੀਆਂ ਨੇ ਵੀ ਇਸ ਅਪਰੇਸ਼ਨ ਦੇ ਮੁਕਾਬਲੇ ਲਈ ਤਿਆਰੀ ਕੀਤੀ ਹੋਈ ਸੀ। ਜ਼ਾਹਿਰ ਹੈ ਕਿ ਇਹ ਭੇੜ ਭਿਆਨਕ ਹੋਵੇਗਾ ਭਾਵੇਂ ਇਸ ਯੁੱਧ ਵਿਚ ਕਿਸੇ ਧਿਰ ਦੀ ਵੀ ਹਾਰ ਜਾਂ ਜਿੱਤ ਯਕੀਨੀ ਨਹੀਂ ਹੈ ਪਰ ਇਨ੍ਹਾਂ ਦੋਵਾਂ ਧਿਰਾਂ ਦੀ ਕਰਾਸ-ਫਾਇਰਿੰਗ ਦੀ ਲਪੇਟ 'ਚ ਆਏ ਭੋਲੇ ਭਾਲੇ ਕਬਾਇਲੀ ਤੇ ਆਦਿਵਾਸੀਆਂ ਦੇ ਜਾਨ-ਮਾਲ ਦਾ ਬੇਪਨਾਹ ਨੁਕਸਾਨ ਹੋਣਾ ਤੈਅ ਹੈ, ਜਿਸ ਦੀ ਦੋਸ਼ੀ ਸਰਕਾਰ ਹੋਵੇਗੀ।

ਇਸ ਸਬੰਧ 'ਚ ਅਸੀਂ ਪਹਿਲਾਂ ਹੀ ਇਸ ਆਫਤ ਨੂੰ ਬਿਆਨਦਾ ਇਕ ਲੇਖ 'ਇਹ ਕੇਹੀ ਜੰਗ ਹੋਵੇਗੀ, ਜੋ ਆਪਣਿਆਂ ਦੇ ਹੀ ਸੰਗ ਹੋਵੇਗੀ' 'ਪੰਜਾਬ ਟਾਈਮਜ਼' ਦੇ ਪੰਨਿਆ 'ਤੇ ਪੜ੍ਹ ਚੁੱਕੇ ਹਾਂ। ਇਸ ਅਪ੍ਰੇਸ਼ਨ ਜਾਂ ਜੰਗ ਬਾਰੇ ਭਾਰਤ 'ਚ ਦੋ ਤਰ੍ਹਾਂ ਦੀਆਂ ਸੋਚਾਂ ਕੰਮ ਕਰ ਰਹੀਆਂ ਹਨ। ਇਕ ਧਿਰ ਦੀ ਸੋਚ ਸਰਕਾਰ ਦੀ ਸੋਚ ਹੈ ਜਿਸਨੂੰ ਮਾਓਵਾਦੀਆਂ ਤੇ ਉਨ੍ਹਾਂ ਦੀ ਤਹਿਰੀਕ ਤੋਂ ਆਪਣੇ ਸਰਮਾਏ ਅਤੇ ਹੱਕਾਂ ਨੂੰ ਵੱਡਾ ਖਤਰਾ ਹੈ, ਲਾਰੇ ਲੱਪੇ ਨਾਲ ਪ੍ਰਾਪਤ ਕੀਤੇ ਅਹੁਦਿਆਂ 'ਤੇ ਕੁਰਸੀਆਂ ਨੂੰ ਖਤਰਾ ਹੈ, ਗ਼ਲਤ ਢੰਗ ਨਾਲ ਕਮਾਏ ਐਸ਼ੋ ਅਰਾਮ ਦੇ ਸਾਧਨਾਂ ਨੂੰ ਖਤਰਾ ਹੈ। ਇਸ 'ਚ ਸਭ ਸਿਆਸੀ ਲੋਕ ਤੇ ਪਾਰਟੀਆਂ ਸ਼ਾਮਿਲ ਹਨ, ਇਸੇ ਲਈ ਉਹ ਸੱਭੇ ਕੁਰਸੀ ਦੀ ਆਪਸੀ ਲੜਾਈ ਛੱਡਕੇ ਇਸ ਸਿਆਸੀ ਸਿਸਟਮ ਨੂੰ ਬਚਾਉਣ ਤੇ ਮਾਓਵਾਦ ਦਾ ਨਾਮ-ਓ-ਨਿਸ਼ਾਨ ਮਿਟਾਉਣ ਲਈ ਪੱਬਾਂ ਭਾਰ ਹੋਏ ਵਿਖਾਈ ਦੇ ਰਹੇ ਹਨ। ਇਸ ਧਿਰ 'ਚ ਸਾਰੀਆਂ ਵੱਡੀਆਂ ਕੰਪਨੀਆਂ ਤੇ ਕਾਰਪੋਰੇਸ਼ਨਾਂ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਇਸ ਹਵਾਲੇ ਨਾਲ ਸਿਆਸੀ ਧਿਰ ਨਾਲੋਂ ਵੀ ਵੱਡਾ ਜੋਖਮ ਤੇ ਡਰ ਵਿਖਾਈ ਦਿੰਦਾ ਹੈ। ਦੁਨੀਆਂ ਦੇ ਚੋਣਵੇਂ ਅਮੀਰਾਂ 'ਚ ਸ਼ਾਮਿਲ ਇਨ੍ਹਾਂ ਲੋਕਾਂ ਨੂੰ ਸਭ ਕੁਝ ਹੜੱਪੇ ਜਾਣ ਦਾ ਡਰ ਹੈ। ਇਸ ਧਿਰ 'ਚ ਭਾਰਤ ਦਾ ਉਪਰਲਾ ਮਧ ਵਰਗ ਤੇ ਸੌਖਾ ਆਮ ਮਧਵਰਗ ਅਤੇ ਮੀਡੀਏ ਦਾ ਕਾਫੀ ਹਿੱਸਾ ਵੀ ਸ਼ਾਮਲ ਹੈ ਜੋ ਮਾਓਵਾਦੀਆਂ ਨੂੰ ਅਤਿਵਾਦੀ ਤੇ ਉਨ੍ਹਾਂ ਵਲੋਂ ਮਾਰੇ ਗਏ ਪੁਲਸੀਆਂ ਜਾਂ ਉਨ੍ਹਾਂ ਦੇ ਸੂਹੀਆਂ ਨੂੰ ਭੋਲੇ-ਭਾਲੇ ਭਾਰਤੀ ਕਹਿੰਦਾ ਨਹੀਂ ਥੱਕਦਾ। ਇਨ੍ਹਾਂ ਲੋਕਾਂ ਨੂੰ ਇਹ ਮਾਰ ਧਾੜ ਹੀ ਆਪਣੀ ਅਰਾਮਦਾਇਕ ਜੀਵਨ ਲਈ ਸਿਰਦਰਦੀ ਜਾਪਦੀ ਹੈ। ਭਾਵੇਂ ਇਹ ਲੋਕ ਮਾਓਵਾਦੀਆਂ ਖਿਲਾਫ ਸਭ ਤੋਂ ਵੱਧ ਬੁਲੰਦ ਆਵਾਜ਼ 'ਚ ਬੋਲਦੇ ਹਨ ਪਰ ਇਨ੍ਹਾਂ ਦੀ ਇਸ ਸੋਚ 'ਚ ਸਮਝ ਤੇ ਸਾਜ਼ਿਸ਼ ਨਾਲੋਂ ਸਵਾਰਥ ਤੇ ਲਾਈ-ਲੱਗਪੁਣਾ ਵੱਧ ਹੈ। ਇਹ ਸਭ ਲੋਕ ਮਾਓਵਾਦੀਆਂ ਦੇ ਜਲਦ ਤੋਂ ਜਲਦ ਸਫਾਏ ਦੀ ਖਵਾਹਿਸ਼ ਰੱਖਦੇ ਹਨ ਅਤੇ ਇਸ ਕੰਮ ਲਈ ਹਰ ਹਰਬਾ ਵਰਤੇ ਜਾਣ ਦੀ ਵਕਾਲਤ ਵੀ ਕਰਦੇ ਹਨ ਕਿਉਂਕਿ ਇਹ ਲੋਕ ਮਾਓਵਾਦ ਨੂੰ ਇਕ ਖਤਰਨਾਕ ਤੇ ਸਮਾਜ-ਵਿਰੋਧੀ ਰੁਝਾਨ ਮੰਨਦੇ ਹਨ।

ਦੂਜੀ ਧਿਰ ਉਹ ਹੈ ਜਿਸ ਨੂੰ ਸਰਕਾਰ ਮਾਓਵਾਦੀਆਂ ਦੇ ਹਮਦਰਦ ਕਹਿੰਦੀ ਹੈ। ਇਸ 'ਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੰਮ ਕਰ ਰਹੇ ਸਭ ਅਦਾਰੇ ਤੇ ਵਿਅਕਤੀ ਸ਼ਾਮਿਲ ਹਨ ਜੋ ਸਰਕਾਰੀ ਤੇ ਨਕਸਲੀ, ਦੋਵੇਂ ਕਿਸਮ ਦੀ ਹਿੰਸਾ ਦਾ ਵਿਰੋਧ ਕਰਦੇ ਹਨ, ਗੈਰ-ਅਦਾਲਤੀ ਕਤਲਾਂ ਦਾ ਵਿਰੋਧ ਕਰਦੇ ਹਨ, ਪੁਲਿਸ ਵਧੀਕੀਆਂ ਦੇ ਖਿਲਾਫ ਆਵਾਜ਼ ਉਠਾਉਂਦੇ ਹਨ, ਸਲਵਾ-ਜੂਡਮ ਦੇ ਸਰਕਾਰੀ ਗੁੰਡਿਆਂ ਵਲੋਂ ਆਦਿਵਾਸੀ ਇਲਾਕਿਆਂ 'ਚ ਕੀਤੇ ਜਾਂਦੇ ਜ਼ੁਲਮਾਂ ਨੂੰ ਨਸ਼ਰ ਕਰਦੇ ਹਨ। ਇਸ ਵਿਚ ਪੀ.ਯੂ.ਸੀ.ਐਲ., ਪੀ.ਯੂ. ਡੀ ਆਰ ਅਤੇ ਏ.ਪੀ.ਡੀ.ਆਰ. ਵਰਗੀਆਂ ਜਥੇਬੰਦੀਆਂ ਤੇ ਡਾ: ਵਿਨਾਇਕ ਸੈਨ, ਅਰੁੰਧਾਤੀ ਰਾਏ, ਹਿਮਾਂਸ਼ੂ ਕੁਮਾਰ, ਸੰਦੀਪ ਪਾਂਡੇ, ਪ੍ਰੋ: ਨੰਦਨੀ ਸੁੰਦਰ, ਬੇਲਾ ਭਾਟੀਆ, ਵਕੀਲ ਕੰਨਕ ਤਿਵਾੜੀ ਅਤੇ ਭਾਜੀ ਗੁਰਸ਼ਰਨ ਸਿੰਘ ਵਰਗੇ ਕਾਰਕੁੰਨ ਸ਼ਾਮਿਲ ਹਨ। ਸਰਕਾਰ ਤੇ ਪੁਲਿਸ ਇਨ੍ਹਾਂ ਨੂੰ ਚਿਕਨੇ-ਚੋਪੜੇ ਚਿਹਰਿਆਂ ਵਾਲੇ ਮਾਓਵਾਦੀ ਕਹਿੰਦੀ ਹੈ। ਇਸੇ ਕਰਕੇ ਦਿੱਲੀ ਪੁਲਿਸ ਨੇ ਕੋਬਾਦ ਗਾਂਧੀ ਚਾਰਜਸ਼ੀਟ 'ਚ ਪੀ.ਯੂ.ਸੀ.ਐਲ. ਨੂੰ ਵੀ ਸ਼ਾਮਿਲ ਕੀਤਾ ਹੈ ਤੇ ਦਾਂਤੇਵਾੜਾ ਦੀ ਪੁਲੀਸ ਨੇ ਅਰੁੰਧਾਤੀ ਰਾਏ ਤੇ ਵੀ ਛਤੀਸ਼ਗੜ੍ਹ ਸਪੈਸ਼ਲ ਪਾਵਰ ਐਕਟ ਅਧੀਨ ਇਕ ਕੇਸ ਬਣਾ ਰੱਖਿਆ ਹੈ। ਗਾਂਧੀਵਾਦੀ ਹਿਮਾਸ਼ੂ ਕੁਮਾਰ ਨੇ ਪੁਲਿਸ ਵਲੋਂ ਸ਼ਰੇਆਮ ਕਤਲ ਕੀਤੇ ਗਏ 9 ਪੇਂਡੂਆਂ ਦੇ 12 ਚਸ਼ਮਦੀਦ ਗਵਾਹਾਂ ਲਈ ਸੁਪਰੀਮ ਕੋਰਟ 'ਚੋਂ ਸੁਰੱਖਿਆ ਕੀ ਹਾਸਲ ਕੀਤੀ ਕਿ ਦਾਂਤੇਵਾੜਾ ਦੇ ਜੰਗਲਾਂ 'ਚ ਆਦਿਵਾਸੀਆਂ ਦੀ ਮੱਦਦ ਲਈ ਬਣਿਆ ਉਸ ਦਾ 'ਵਨਵਾਸੀ ਚੇਤਨਾ ਆਸ਼ਰਮ' ਢਹਿ ਢੇਰੀ ਕਰ ਦਿੱਤਾ ਗਿਆ ਤੇ ਉਸ ਨੂੰ ਉਸ ਰਾਤ ਆਪਣੀ ਜਾਨ ਬਚਾ ਕੇ ਭੱਜਣਾ ਪਿਆ।

ਇਨ੍ਹਾਂ ਲੋਕਾਂ ਨੇ 'ਆਪ੍ਰੇਸ਼ਨ ਗਰੀਨ ਹੰਟ' ਸ਼ੁਰੂ ਕਰਨ ਤੋਂ ਪਹਿਲਾਂ ਹੀ ਸਰਕਾਰ ਕੋਲ ਇਸਨੂੰ ਰੋਕਣ ਲਈ ਬਹੁਤ ਹਾਲ ਦੁਹਾਈ ਪਾਈ ਸੀ ਪਰ ਸਰਕਾਰ ਨੇ ਇਕ ਨਾ ਮੰਨੀ। ਇਨ੍ਹਾਂ ਲੋਕਾਂ ਦਾ ਤਰਕ ਸੀ ਕਿ ਇਸ ਆਪ੍ਰੇਸ਼ਨ ਨਾਲ ਮਸਲਾ ਸੁਲਝਣ ਨਾਲੋਂ ਵਿਗੜਨ ਦੇ ਆਸਾਰ ਵੱਧ ਹਨ। ਆਪਣੇ ਹੀ ਲੋਕਾਂ ਤੇ ਫੌਜੀ ਹਮਲਾ ਕਿਸੇ ਵੀ ਸਰਕਾਰ ਨੂੰ ਸ਼ੋਭਦਾ ਨਹੀਂ। ਫਿਰ ਜਦੋਂ ਮਾਓਵਾਦੀਆਂ ਨੇ ਆਪ੍ਰੇਸ਼ਨ ਤੋਂ ਪਹਿਲਾਂ 72 ਦਿਨਾਂ ਲਈ ਸ਼ਾਂਤੀ ਪ੍ਰਸਤਾਵ ਰੱਖਿਆ ਅਤੇ ਟੀ.ਐਮ.ਸੀ. ਦੇ ਐਮ.ਪੀ. ਕਬੀਰ ਸੁਮਨ ਤੇ ਅਰੁੰਧਾਤੀ ਰਾਏ ਦੇ ਨਾਂ ਆਪਣੇ ਵਲੋਂ ਬਤੌਰ ਸਾਲਸ ਵੀ ਤਜ਼ਵੀਜ਼ ਕੀਤੇ ਤਾਂ ਇਨ੍ਹਾਂ ਜਥੇਬੰਦੀਆਂ ਅਤੇ ਲੋਕਾਂ ਨੇ ਸਰਕਾਰ 'ਤੇ ਗੱਲਬਾਤ ਲਈ ਜ਼ੋਰ ਪਾਇਆ। ਪਰ ਸਰਕਾਰਾਂ ਦੇ ਸਲਾਹਕਾਰਾਂ ਨੂੰ ਇਸ ਵਿਚ ਮਾਓਵਾਦੀਆਂ ਦੇ ਕਮਜ਼ੋਰ ਹੋਣ ਦੀ ਝਲਕ ਵਿਖਾਈ ਦਿੱਤੀ ਤੇ ਉਨ੍ਹਾਂ ਨੇ ਆਪ੍ਰੇਸ਼ਨ ਸ਼ੁਰੂ ਕਰਵਾ ਦਿੱਤਾ ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ। ਆਦਿਵਾਸੀ ਇਲਾਕਿਆਂ 'ਚ ਜੋ ਕੁਝ ਭਿਆਨਕ ਵਾਪਰ ਰਿਹਾ ਹੈ। ਉਸ ਸਭ ਕੁਝ ਦੀਆਂ ਖਬਰਾਂ ਤਾਂ ਅਜੇ ਤੱਕ ਸਾਡੇ ਪਾਸ ਪਹੁੰਚੀਆਂ ਹੀ ਨਹੀਂ ਹਨ।

ਮਾਓਵਾਦੀਆਂ ਦੀ ਹਮਦਰਦ ਧਿਰ ਦਾ ਕਹਿਣਾ ਹੈ ਕਿ ਇਹ ਘੋਲ 60 ਸਾਲ ਤੋਂ ਲੁੱਟ ਦਾ ਸ਼ਿਕਾਰ ਤੇ ਹਰ ਮਨੁੱਖੀ ਖੁਸ਼ੀ ਅਤੇ ਸੁਖ ਤੋਂ ਮਹਿਰੂਮ ਕੀਤੇ ਹੋਏ ਲੋਕਾਂ ਦੀ ਆਪਣੇ ਹੱਕਾਂ ਲਈ ਲੜਾਈ ਹੈ। ਜਦੋਂ ਸਰਕਾਰ ਤੇ ਮੀਡੀਆ ਇਹ ਕਹਿੰਦੇ ਹਨ ਕਿ ਮਾਓਵਾਦੀ ਕੁਝ ਸ਼ਹਿਰੀ ਬੁੱਧੀਜੀਵੀ ਤੇ ਸਿਧਾਂਤਘਾੜੇ ਹਨ ਅਤੇ ਗਰੀਬ ਤੇ ਕਬਾਇਲੀ ਲੋਕਾਂ ਨੂੰ ਢਾਲ ਦੇ ਤੌਰ 'ਤੇ ਵਰਤ ਰਹੇ ਹਨ, ਤਾਂ ਇਨ੍ਹਾਂ ਹਮਦਰਦ ਲੋਕਾਂ ਦਾ ਤਰਕ ਹੈ ਕਿ ਇਸ ਤਰ੍ਹਾਂ ਮੰਨੀਏ ਤਾਂ ਇਹ ਖੁਦ ਨੂੰ ਖਤਰੇ 'ਚ ਪਾ ਕੇ ਵੀ ਗਰੀਬਾਂ ਦੀ ਲੜਾਈ ਲੜ ਰਹੇ ਹਨ ਜਿਨ੍ਹਾਂ ਨੂੰ ਸਰਕਾਰਾਂ ਤੇ ਕੰਪਨੀਆਂ 60 ਸਾਲਾਂ ਤੋਂ ਨਪੀੜ ਰਹੀਆਂ ਹਨ। ਹਮਦਰਦ ਧਿਰ ਮਾਓਵਾਦੀਆਂ ਨੂੰ ਅਤਿਵਾਦੀ ਵੀ ਨਹੀਂ ਮੰਨਦੀ ਕਿਉਂਕਿ ਨਾ ਤਾਂ ਇਹ ਭੀੜ ਵਾਲੀਆਂ ਥਾਵਾਂ ਤੇ ਬੰਬ ਰਖਦੇ ਹਨ ਨਾ ਹੀ ਬੱਸਾਂ ਗੱਡੀਆਂ 'ਚ ਆਮ ਲੋਕਾਂ ਨੂੰ ਕਤਲ ਕਰਦੇ ਹਨ। ਇਹ ਸਿਰਫ ਹਮਲਾਵਰਾਂ ਤੇ ਸੂਹੀਆਂ ਪ੍ਰਤੀ ਹੀ ਹਿੰਸਾ ਵਰਤਦੇ ਹਨ। ਅਤਿਵਾਦੀਆਂ ਵਾਂਗ ਸਾਫਟ ਟਾਰਗੈਟ ਨਹੀਂ ਚੁਣਦੇ। ਜਦੋਂ ਸਰਕਾਰ ਤੇ ਉਸ ਦੇ ਨਾਲ ਵਾਲੀ ਧਿਰ ਇਹ ਕਹਿੰਦੀ ਹੈ ਕਿ ਇਹ ਲੋਕ ਆਪਣੀਆਂ ਮੰਗਾਂ ਲਈ ਬੰਦੂਕ ਤੋਂ ਬਿਨਾਂ ਹੋਰ ਲੋਕਤੰਤਰੀ ਤਰੀਕਿਆਂ ਦੀ ਵਰਤੋਂ ਕਿਉਂ ਨਹੀਂ ਕਰਦੇ ਤਾਂ ਮਾਓਵਾਦੀ ਪੁਛਦੇ ਹਨ ਕਿ ਕੀ ਭੁਖ ਦੇ ਸਤਾਏ ਲੋਕ ਭੁੱਖ ਹੜਤਾਲ ਕਰਨ, ਉਥੇ ਰਸਤੇ ਜਾਮ ਕਰਨ ਜਿਥੇ ਨਾ ਕੋਈ ਸੜਕ ਹੈ ਤੇ ਨਾ ਕੋਈ ਬੱਸ ਗੱਡੀ ਚਲਦੀ ਹੈ ਜਾਂ ਸਕੂਲਾਂ ਕਾਲਜਾਂ 'ਚ ਹੜਤਾਲ ਕਰਨ ਜਿਥੇ ਐਸਾ ਕੁਝ ਵੀ ਨਹੀਂ ਹੈ। ਜਦੋਂ ਸਰਕਾਰ ਕਹਿੰਦੀ ਹੈ ਕਿ ਮਾਓਵਾਦੀ ਬੰਦੂਕ ਨਾਲ ਸਟੇਟ 'ਤੇ ਕਾਬਜ਼ ਹੋਣਾ ਚਾਹੁੰਦੇ ਹਨ ਤਾਂ ਮਾਓਵਾਦੀ ਪੱਖੀਆਂ ਦੀ ਦਲੀਲ ਹੈ ਕਿ ਕੀ ਹਿੰਦੂਤਵ ਤੇ ਕਾਰਪੋਰੇਟ ਲਾਬੀ ਭਾਰਤੀ ਸਟੇਟ ਤੇ ਕਬਜ਼ਾ ਕਰਨਾ ਨਹੀਂ ਚਾਹੁੰਦੀ। ਇਨ੍ਹਾਂ ਨੂੰ ਰੋਕਣ ਲਈ ਸਰਕਾਰ ਕੋਈ ਆਪ੍ਰੇਸ਼ਨ ਕਿਉਂ ਨਹੀਂ ਕਰ ਰਹੀ। ਸਰਕਾਰ ਇਹ ਵੀ ਪ੍ਰਚਾਰ ਕਰਦੀ ਹੈ ਕਿ ਮਾਓਵਾਦੀ ਜਾਣ ਬੁੱਝ ਕੇ ਕਬਾਇਲੀ ਇਲਾਕਿਆਂ 'ਚ ਤਰੱਕੀ ਦੇ ਕੰਮ ਨਹੀਂ ਹੋਣ ਦਿੰਦੇ। ਉਹ ਸਕੂਲਾਂ, ਸੜਕਾਂ ਤੇ ਪੁਲਾਂ ਨੂੰ ਬਣਨ ਤੋਂ ਪਹਿਲਾਂ ਹੀ ਉਡਾ ਦਿੰਦੇ ਹਨ। ਪਰ 10 ਸਾਲ ਤੋਂ ਆਦਿਵਾਸੀਆਂ 'ਚ ਰਹਿ ਰਿਹਾ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਕਹਿੰਦਾ ਹੈ ਸਰਕਾਰ ਸਕੂਲਾਂ ਦੇ ਨਾਂ 'ਤੇ ਅਸਲ 'ਚ ਸਲਵਾ ਜੂਡਮ ਤੇ ਸੀ.ਆਰ.ਪੀ. ਲਈ ਬੈਰਕਾਂ ਅਤੇ ਸੜਕਾਂ ਤੇ ਪੁਲ ਲੋਕਾਂ ਲਈ ਨਹੀਂ ਬਲਕਿ ਫੋਰਸਾਂ ਦੀ ਆਵਾਜਾਈ ਲਈ ਬਣਾਉਂਦੀ ਹੈ ਤਾਂ ਕਿ ਮਾਓਵਾਦੀਆਂ ਨੂੰ ਘੇਰਨ 'ਚ ਸੌਖ ਰਹੇ। ਮਾਓਵਾਦੀ ਆਪਣੇ ਬਚਾਅ ਲਈ ਇਨ੍ਹਾਂ ਨਾਮ ਨਿਹਾਦ' ਸਕੂਲਾਂ, ਸੜਕਾਂ ਤੇ ਪੁਲਾਂ ਨੂੰ ਉਡਾ ਦਿੰਦੇ ਹਨ।

ਅਸਲ 'ਚ ਹਿੰਦੋਸਤਾਨ 'ਚ ਇਕੋ ਸਮੇਂ ਦੋ ਭਾਰਤ ਵਸਦੇ ਹਨ। ਇਕ ਭਾਰਤ ਉਹ ਹੈ ਜੋ ਅਸੀਂ ਟੀ.ਵੀ. ਤੇ ਵੇਖਦੇ ਹਾਂ। ਚਮਕਦਾ, ਦਮਕਦਾ ਤੇ ਸਾਫ ਸੁਥਰਾ ਭਾਰਤ, ਧਰਤੀ ਤੇ ਨਿਤ ਨਵੀਆਂ ਮੱਲਾਂ ਮਾਰਦਾ ਭਾਰਤ ਅਤੇ ਅਸਮਾਨ 'ਚ ਨਿਤ ਨਵੇਂ ਗ੍ਰਹਿ ਦਾਗਦਾ ਭਾਰਤ। ਫਿਲਮ ਫੇਅਰਾਂ ਦੇ ਮੰਚਾਂ ਉਤਲਾ ਤੇ ਕ੍ਰਿਕਟ ਦੇ ਮੈਦਾਨ ਵਿਚਲਾ ਮਹਿਕਦਾ ਤੇ ਚਹਿਕਦਾ ਭਾਰਤ। ਵੱਡੇ ਵੱਡੇ ਉਦਘਾਟਨਾਂ ਤੇ ਲੱਛੇਦਾਰ ਭਾਸ਼ਣਾਂ ਨਾਲ ਲਬਰੇਜ਼ ਭਾਰਤ। ਇਹ ਰੰਗ ਬਰੰਗੇ ਫੁੱਲਦਾਰ ਕਾਰਪੈਟ ਵਾਲਾ ਡਰਾਇੰਗ ਰੂਮੀ ਭਾਰਤ ਹੈ। ਪਰ ਇਸ ਸੋਹਣੇ ਤੇ ਮਨਮੋਹਣੇ ਫੁੱਲਦਾਰ ਕਾਰਪੈਟ ਨੀਚੇ ਇਕ ਹੋਰ ਭਾਰਤ ਵਸਦਾ ਹੈ। ਸੱਠ ਸਾਲ ਅਸੀਂ ਆਪ ਤੇ ਪ੍ਰਾਹੁਣਿਆਂ ਨੂੰ ਇਹ ਫੁਲਦਾਰ ਭਾਰਤ ਹੀ ਵੇਖਦੇ ਤੇ ਵਿਖਾਉਂਦੇ ਰਹੇ। ਇਸ ਕਾਰਪੈਟ ਹੇਠ ਵਸਦੇ ਹਨੇਰੇ ਭਾਰਤ ਨੂੰ ਕਦੇ ਆਪ ਹੀ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ, ਆਏ ਗਏ ਨੂੰ ਤਾਂ ਵਿਖਾਉਣਾ ਹੀ ਕੀ ਸੀ। ਇਹ ਥੁੜ੍ਹਾਂ ਦੇ ਪੁੜਾਂ ਵਿਚ ਪਿਸਦਾ ਭਾਰਤ, ਸੜਕਾਂ-ਸਕੂਲਾਂ, ਬਿਜਲੀ-ਪਾਣੀ ਅਤੇ ਦਵਾ-ਦਾਰੂ ਤੋਂ ਵਾਂਝਾ ਭਾਰਤ ਜਿਸਨੂੰ ਮਿਹਨਤ ਲਈ ਖੁਰਲੀ ਦੇ ਖਾਣੇ ਤੋਂ ਵੱਧ ਕਦੇ ਕੁਝ ਨਹੀਂ ਮਿਲਿਆ, ਅੱਜ ਇਹ ਭਾਰਤ ਫੁੱਲਦਾਰ ਕਾਰਪੈਟ ਪਾੜਕੇ ਬਾਹਰ ਆ ਰਿਹਾ ਹੈ ਤਾਂ ਸਾਡੇ ਲਈ ਹੈਰਾਨੀ ਅਤੇ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ।


ਅੱਜ ਇਹ ਭਾਰਤ ਮਾਓਵਾਦੀਆਂ ਦੇ ਲਾਲ ਝੰਡੇ ਹੇਠ ਬੰਦੂਕ ਲਈ ਖੜਾ ਹੈ ਤੇ ਸਵਾਲ ਕਰਦਾ ਹੈ ਕਿ ਆਕਾ ਉਦੋਂ ਤੁਸੀਂ ਕੀ ਕਰ ਰਹੇ ਸੀ ਜਦੋਂ ਮੇਰੇ ਘਰ ਦੀ ਲੱਕੜ, ਲੋਹਾ ਤੇ ਕੋਲਾ ਲੁੱਟ ਲੁੱਟ ਕੇ ਤੁਸੀਂ ਤਜੌਰੀਆਂ ਭਰ ਰਹੇ ਸਓ ਤੇ ਇਹ ਕਾਰਪੈਟ ਹੇਠਲਾ ਭਾਰਤ ਭੁੱਖਾ ਨੰਗਾ ਵਿਲਕ ਰਿਹਾ ਸੀ। ਉਦੋਂ ਤੁਸੀਂ ਕੀ ਕਰ ਰਹੇ ਸਓ ਜਦੋਂ ਹਰ ਮਨੁੱਖੀ ਹੱਕ ਤੋਂ ਵਿਰਵਾ ਕਰਕੇ ਸਾਥੋਂ ਪਸ਼ੂਆਂ ਵਾਂਗ ਕੰਮ ਲਿਆ ਜਾ ਰਿਹਾ ਸੀ।

ਇਨ੍ਹਾਂ ਸਵਾਲਾ ਦਾ ਕਿਸੇ ਕੋਲ ਕੋਈ ਜਵਾਬ ਨਹੀਂ, ਇਸੇ ਲਈ ਭਾਰਤ ਦੇ ਵੱਡੀ ਗਿਣਤੀ 'ਚ ਲੋਕ ਸਰਕਾਰ ਨੂੰ 'ਆਪ੍ਰੇਸ਼ਨ ਗਰੀਨ ਹੰਟ' ਬੰਦ ਕਰਕੇ ਮਾਓਵਾਦੀਆਂ ਨਾਲ ਗੱਲਬਾਤ ਤੇ ਸੁਲ੍ਹਾ-ਸਫਾਈ ਦੀ ਸਲਾਹ ਦੇ ਰਹੇ ਹਨ। ਉਹ ਕਹਿੰਦੇ ਹਨ ਕਿ 60 ਸਾਲ ਦੁਖਾਂ ਤੇ ਤਕਲੀਫਾਂ ਦਾ ਜੀਵਨ ਜੀ ਰਹੇ ਲੋਕਾਂ ਨੂੰ ਜੇ ਤੁਸੀਂ ਆਪਣੇ ਹਾਣ ਦਾ ਨਹੀਂ ਵੀ ਬਣਾਉਣਾ ਤਾਂ ਘੱਟੋ ਘੱਟ ਆਪਣਾ ਤਾਂ ਬਣਾ ਲਓ। ਇਨ੍ਹਾਂ ਨੂੰ ਉਹ ਸਭ ਕੁਝ ਦਿਓ ਜੋ ਇਕ ਮਨੁੱਖ ਲਈ ਜ਼ਰੂਰੀ ਹੈ। ਇਨ੍ਹਾਂ ਨੂੰ ਆਪ੍ਰੇਸ਼ਨ ਦੀ ਨਹੀਂ ਅਪਣੱਤ ਅਤੇ ਹੱਕ ਦੀ ਜ਼ਰੂਰਤ ਹੈ। ਇਹ ਵੀ ਮਨੁੱਖ ਹਨ। ਇਨ੍ਹਾਂ ਨੂੰ ਵੀ ਫੁੱਲਾਂ 'ਚੋਂ ਖੁਸ਼ਬੂ ਆਉਂਦੀ ਹੈ। ਇਨ੍ਹਾਂ ਨੂੰ ਕਵਿਤਾ ਤੇ ਸੰਗੀਤ ਚੰਗੇ ਲਗਦੇ ਹਨ। ਇਨ੍ਹਾਂ ਲੋਕਾਂ ਦੀ ਸਲਾਹ ਦੀ ਕਿੰਨੀ ਕੁ ਸੁਣਵਾਈ ਹੁੰਦੀ ਹੈ ਇਹ ਅਜੇ ਵੇਖਣ ਵਾਲੀ ਗੱਲ ਹੈ। ਗ੍ਰਹਿ ਮੰਤਰੀ ਪੀ. ਚਿੰਦਬਰਮ ਵਲੋਂ 16 ਅਪਰੈਲ ਨੂੰ ਲੋਕ ਸਭਾ 'ਚ ਦਿੱਤੇ ਭਾਸ਼ਣ ਤੋਂ ਸਰਕਾਰ ਦਾ ਰਵੱਈਆ ਸਖਤ ਹੋਣ ਦੀ ਸੰਭਾਵਨਾ ਹੈ। ਉਸਨੇ 76 ਸੁਰੱਖਿਆ ਕਰਮੀਆਂ ਦੇ ਮਾਰੇ ਜਾਣ ਅਤੇ ਮਾਓਵਾਦੀਆਂ ਵਲੋਂ ਭਾਰਤ ਨੂੰ ਇਕ ਦੁਸ਼ਮਣ ਸਟੇਟ ਕਹੇ ਜਾਣ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਸਰਕਾਰ ਦੀ ਦ੍ਰਿੜਤਾ ਦੀ ਗੱਲ ਵੀ ਕਹੀ ਹੈ ਜਿਸ ਦਾ ਸਰਕਾਰੀ ਤੇ ਵਿਰੋਧੀ ਬੈਂਚਾਂ ਨੇ ਮੇਜ਼ ਥਪਥਪਾਕੇ ਖ਼ੈਰਮਕਦਮ ਕੀਤਾ ਹੈ।

# ਪਾਕਿਸਤਾਨ ਵਿਚ ਜਮਹੂਰੀ ਪ੍ਰਕਿਰਿਆ ਸਾਜਗਾਰ ਹੋਣ ਦੇ ਆਸਾਰ

ਸਈਅਦ ਤਲਤ ਹੁਸੈਨ

ਪਾਕਿਸਤਾਨ ਦੇ ਰਾਜਨੀਤਕ ਦ੍ਰਿਸ਼ ਉਪਰ ਇਨ੍ਹੀਂ ਦਿਨੀਂ ਜਿੱਤ ਦੀਆਂ ਭਾਵਨਾਵਾਂ ਦਾ ਜਲਵਾ ਛਾਇਆ ਹੋਇਆ ਹੈ। ਆਖਰ ਹੋਵੇ ਵੀ ਕਿਉਂ ਨਾ, ਪੂਰੀ ਤਰ੍ਹਾਂ ਵੰਡੇ ਹੋਏ ਸਿਆਸੀ ਮਾਹੌਲ ਵਿਚ ਇਕ ਦੋ ਨਹੀਂ ਪੂਰੀਆਂ 97 ਸੰਵਿਧਾਨਕ ਧਾਰਾਵਾਂ ਉਤੇ ਰਾਸ਼ਟਰੀ ਸਰਬਸੰਮਤੀ ਕਾਇਮ ਕਰਨਾ ਯਕੀਨਨ ਰੂਪ ਵਿਚ ਵੱਡੀ ਪ੍ਰਾਪਤੀ ਹੈ। ਲਿਹਾਜ਼ਾ ਖੁਸ਼ੀ ਦਾ ਪ੍ਰਦਰਸ਼ਨ ਗੈਰਵਾਜ਼ਿਬ ਨਹੀਂ ਹੈ। ਭਾਵੇਂ ਕਿ ਇਸ ਸਵਾਲ ਦਾ ਜਵਾਬ ਨਹੀਂ ਮਿਲਿਆ ਹੈ ਕਿ ਪਾਕਿਸਤਾਨ ਹੁਣ ਬਿਹਤਰ ਰੂਪ ਵਿਚ ਸ਼ਾਸ਼ਿਤ ਸੰਚਾਲਤ, ਜ਼ਿਆਦਾ ਸਮਰਿਧ ਅਤੇ ਘੱਟ ਗੜਬੜ ਗ੍ਰਸਤ ਮੁਲਕ ਹੋਵੇਗਾ। ਲੱਗਦਾ ਨਹੀਂ ਕਿ ਸੰਵਿਧਾਨਕ ਸੋਧਾਂ ਦੇ ਪਾਸ ਹੋਣ ਤੋਂ ਬਾਅਦ ਹੀ ਇਸ ਸਵਾਲ ਦਾ ਜਵਾਬ ਮਿਲੇਗਾ। ਅਜਿਹਾ ਇਸ ਲਈ ਹੈ ਕਿਉਂਕਿ ਅੱਜ ਪਾਕਿਸਤਾਨ ਵਿਚ ਜੋ ਹਾਲਾਤ ਹਨ ਉਹ ਮੁੱਖ ਰੂਪ ਵਿਚ ਹਕੂਮਤ ਦੀ ਕਾਰਜਸ਼ੈਲੀ ਅਤੇ ਸਰਕਾਰੀ ਨਾਲਾਇਕੀ ਦੀ ਵਜਾ ਕਰਕੇ ਹਨ। ਸਿਰਫ ਇਸ ਲਈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਅਹਿਮ ਨੀਤੀਗਤ ਮਾਮਲਿਆਂ ਵਿਚ ਲਗਭਗ ਸੰਪੂਰਨ ਪ੍ਰਸ਼ਾਸਨਿਕ ਅਤੇ ਰਾਜਨੀਤਕ ਕੰਟਰੋਲ ਹਾਸਲ ਹੋਵੇਗਾ। ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਅਤੇ ਉਨ੍ਹਾਂ ਦਾ ਮੰਤਰੀ ਮੰਡਲ ਰਾਤੋ ਰਾਤ ਪਹਿਲਾਂ ਨਾਲੋਂ ਜ਼ਿਆਦਾ ਕਾਰਜਕੁਸ਼ਲ ਅਤੇ ਨਿਸ਼ਾਨੇ ਦੇ ਪ੍ਰਤੀ ਸਮਰਪਿਤ ਹੋ ਜਾਣਗੇ। ਇਥੋਂ ਤੱਕ ਕਿ ਜਦੋਂ ਸੰਵਿਧਾਨਕ



ਰੂਪ ਵਿਚ ਦਖਲ ਦੇਣ ਵਾਲਾ ਇਕ ਰਾਸ਼ਟਰਪਤੀ ਮੌਜੂਦ ਸੀ ਤਦ ਵੀ ਉਨ੍ਹਾਂ ਬਹੁਤ ਸਾਰੇ ਖੇਤਰਾਂ ਵਿਚ ਜਿੱਥੇ ਪ੍ਰਧਾਨ ਮੰਤਰੀ ਯੂਸਫ ਗਿਲਾਨੀ ਦੇ ਅਧਿਕਾਰ ਸਾਫ ਤੌਰ 'ਤੇ ਪ੍ਰਭਾਵਿਤ ਸਨ, ਉਹ ਲਗਾਤਾਰ ਬਿਹਤਰ ਕੰਮ ਕਾਜ ਦਾ ਪ੍ਰਦਰਸ਼ਨ ਨਹੀਂ ਕਰ ਸਕੇ। ਕੇਂਦਰੀ ਮਹੱਤਵ ਦੇ ਲਈ ਮੰਤਰੀਆਂ ਦੀ ਚੋਣ ਵਿਚ ਖਾਸ ਤੌਰ 'ਤੇ ਕੋਈ ਅਕਲਮੰਦੀ ਨਹੀਂ ਦਿਖਾਈ ਗਈ। ਵਣਜ ਮੰਤਰਾਲੇ ਦੇ ਲਈ ਇਕ ਨਿਹਾਇਤ ਹੀ ਨਾਕਾਬਲ ਸ਼ਖਸ਼ ਨੂੰ ਚੁਣ ਲਿਆ ਗਿਆ। ਕੇਂਦਰੀ ਮੰਤਰੀ ਮੰਡਲ ਦੇ ਕਈ ਹੋਰ ਮੰਤਰੀ ਨਾਕਾਮ ਸਾਬਤ ਹੋਏ। ਇਹ ਇਸ ਦਲੀਲ ਦੀ ਹਵਾ ਕੱਢ ਦਿੰਦੇ ਹਨ ਕਿ ਪ੍ਰਧਾਨ ਮੰਤਰੀ ਇਸ ਲਈ ਕੰਮ ਨਹੀਂ ਕਰ ਸਕੇ ਕਿਉਂਕਿ ਉਨ੍ਹਾਂ ਦੇ ਹੱਥ ਕਮਜ਼ੋਰ ਜਾਂ ਸ਼ਕਤੀਹੀਣ ਸਨ। ਬੁਰੇ ਤੋਂ ਬੁਰੇ ਦੌਰ ਵਿਚ ਹੀ ਕੈਬਨਿਟ ਦੇ ਮੈਂਬਰਾਂ ਦੀ ਚੋਣ ਵਿਚ ਪ੍ਰਧਾਨ ਮੰਤਰੀ ਦਾ ਬੇਰੋਕ ਟੋਕ ਵਿਸ਼ੇਸ਼ ਅਧਿਕਾਰ ਰਿਹਾ ਹੈ। ਪਰ ਗਿਲਾਨੀ ਨੇ ਆਪਣੇ ਅਧਿਕਾਰ ਖੇਤਰ ਦੇ ਇਨ੍ਹਾਂ ਮਾਮਲਿਆਂ ਵਿਚ ਕੋਈ ਖਾਸ ਕਾਬਲੀਅਤ ਨਹੀਂ ਦਿਖਾਈ। ਟੀਮ ਦੀ ਚੋਣ ਵਿਚ ਅਗਵਾਈ ਦੇ ਗੁਣਾਂ ਦੀ ਮੌਜੂਦਗੀ ਹੋਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਦਿਖਾਵੇ ਲਈ ਭਾਵੇਂ ਕਿੰਨੀਆਂ ਕੋਸ਼ਿਸ਼ਾਂ ਕਰਨ ਪਰ ਉਨ੍ਹਾਂ ਦੀ ਸ਼ਖਸੀਅਤ ਵਿਚ ਅਗਵਾਈ ਦੇ ਗੁਣਾਂ ਦਾ ਭੰਡਾਰ ਨਹੀਂ। ਜ਼ਿਆਦਾ ਅਧਿਕਾਰ ਹਾਸਲ ਹੋਣ ਦਾ ਮਤਲਬ ਇਹ ਕਤੱਈ ਨਹੀਂ ਹੋਵੇਗਾ ਕਿ ਰਾਜ ਕਾਜ਼ ਦੇ ਤੌਰ ਤਰੀਕਿਆਂ ਵਿਚ ਵੀ ਕੋਈ ਸੁਧਾਰ



ਆ ਜਾਵੇਗਾ। ਉਸ ਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ ਕਿ ਪੀਪਲਜ਼ ਪਾਰਟੀ ਦੀ ਹਕੂਮਤ 'ਤੇ ਰਾਸ਼ਟਰਪਤੀ ਦਾ ਜ਼ਬਰਦਸਤ ਅਧਿਕਾਰ ਹੈ।

ਜਿਥੇ ਗਿਲਾਨੀ ਦੇ ਹੱਥਾਂ ਵਿਚ ਸੰਵਿਧਾਨਕ ਅਧਿਕਾਰ ਹੈ, ਉਥੇ ਪਾਰਟੀ ਦੇ ਸੱਤਾ ਸੂਤਰ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੇ ਕੰਟਰੋਲ ਵਿਚ ਹਨ। ਅਸਲੀ ਆਗੂ ਕੌਣ ਹੈ ਇਹ ਪਾਰਟੀ ਦੀ ਸੈਂਟਰਲ ਐਗਜ਼ੀਕਿਊਟਿਵ ਕਮੇਟੀ ਦੀ ਬੈਠਕ ਵਿਚ ਸਾਫ ਹੋ ਗਿਆ ਸੀ। ਇਸ ਵਿਚ ਪਾਰਟੀ ਦੇ ਹਰੇਕ ਸਿਆਸਤਦਾਨ ਨੂੰ, ਜਿਨ੍ਹਾਂ ਵਿਚ ਬੇਸ਼ੱਕ ਗਿਲਾਨੀ ਵੀ ਸ਼ਾਮਲ ਸਨ, ਰਾਸ਼ਟਰਪਤੀ ਜ਼ਰਦਾਰੀ ਦੀ ਅਗਵਾਈ ਵਿਚ ਵਿਸ਼ਵਾਸ ਦਾ ਐਲਾਨ ਕਰਨਾ ਪਿਆ। ਸੰਵਿਧਾਨਕ ਅਧਿਕਾਰਾਂ ਦੀ ਕਟੌਤੀ ਦੇ ਬਾਵਜੂਦ ਰਾਸ਼ਟਰਪਤੀ ਕਿਸ ਤਰ੍ਹਾਂ ਆਪਣੀ ਰਾਜਨੀਤਕ ਤਾਕਤ ਦਾ ਇਸਤੇਮਾਲ ਕਰ ਸਕਦੇ ਹਨ, ਇਹ ਤਦ ਜਾਹਰ ਹੋ ਗਿਆ ਜਦ ਉਨ੍ਹਾਂ ਨੇ ਸੰਸਦ ਦੇ ਸੰਯੁਕਤ ਸੰਮੇਲਨ ਵਿਚ ਆਪਣੇ ਭਾਸ਼ਣ ਦੇ ਦੌਰਾਨ ਸਾਵਧਾਨੀ ਦੇ ਨਾਲ ਚੁਣੇ ਗਏ ਸਾਫ ਲਫਜ਼ਾਂ ਵਿਚ ਕਾਨੂੰਨ ਮੰਤਰੀ

(ਬਾਕੀ ਸਫਾ 25 'ਤੇ)

# ਪੰਜਾਬ ਬਿਜਲੀ ਬੋਰਡ ਦੇ ਨਿਗਮੀਕਰਨ ਦੇ ਅਮਲ ਨੂੰ ਮਿਲੀ ਪ੍ਰਵਾਨਗੀ

***ਬਿਜਲੀ ਮੁਲਾਜ਼ਮਾਂ ਨੇ ਹੜਤਾਲ ਵਾਪਸ ਲਈ *ਕਿਸਾਨ ਸੰਗਠਨ ਸੰਘਰਸ਼ ਜਾਰੀ ਰੱਖਣਗੇ**

**ਚੰਡੀਗੜ੍ਹ:** ਬੀਤੀ 15 ਅਪ੍ਰੈਲ ਨੂੰ ਹੋਈ ਪੰਜਾਬ ਮੰਤਰੀ ਮੰਡਲ ਦੀ ਬੈਠਕ 'ਚ ਕੇਂਦਰੀ ਬਿਜਲੀ ਐਕਟ 2003 ਦੀ ਪਾਲਣਾ ਕਰਦਿਆਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਤੋੜਕੇ ਦੋ ਕੰਪਨੀਆਂ 'ਚ ਵੰਡਿਆ ਗਿਆ ਹੈ। ਇਕ ਪਾਵਰਕੌਮ ਤੇ ਦੂਜੀ ਟਰਾਂਸਕੋ ਕੰਪਨੀ। ਇਨ੍ਹਾਂ ਕੰਪਨੀਆਂ ਨੂੰ ਰਜਿਸਟਰੇਸ਼ਨ ਲਈ 6 ਹਫ਼ਤਿਆਂ ਦਾ ਸਮਾਂ ਲੱਗੇਗਾ ਤੇ ਉਦੋਂ ਤੱਕ ਕੰਮ ਕਰਨ ਲਈ ਇਕ ਐਡਹਾਕ ਕਮੇਟੀ ਬਣਾਈ ਗਈ ਹੈ, ਜਿਸ ਦਾ ਚੇਅਰਮੈਨ ਸੀਨੀਅਰ ਆਈ ਏ ਐਸ ਅਧਿਕਾਰੀ ਅਨੁਰਾਗ ਅਗਰਵਾਲ ਨੂੰ ਬਣਾਇਆ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ 17 ਅਪ੍ਰੈਲ ਨੂੰ ਇਥੇ ਪੰਜਾਬ ਭਵਨ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਪੰਜਾਬ ਦੇ ਮੁੱਖ ਸਕੱਤਰ ਐਸ ਸੀ ਅਗਰਵਾਲ ਨੇ ਕੀਤਾ। ਸ੍ਰੀ ਅਗਰਵਾਲ ਨੇ ਅੱਗੇ ਬੋਲਦਿਆਂ ਦੱਸਿਆ ਕਿ ਪੰਜਾਬ ਰਾਜ ਬਿਜਲੀ ਬੋਰਡ ਨੂੰ ਦੋ ਵੱਖ-ਵੱਖ ਕਾਰਪੋਰੇਸ਼ਨਾਂ 'ਚ ਵੰਡਿਆ ਗਿਆ ਹੈ। ਇਨ੍ਹਾਂ 'ਚੋਂ ਇਕ ਕਾਰਪੋਰੇਸ਼ਨ ਕੋਲ ਬਿਜਲੀ ਦੀ ਪੈਦਾਵਾਰ ਤੇ ਵੰਡ ਦਾ ਕੰਮ ਹੋਵੇਗਾ, ਜਦੋਂ ਕਿ ਦੂਜੀ ਕਾਰਪੋਰੇਸ਼ਨ ਬਿਜਲੀ ਦੇ ਸੰਚਾਰ ਦਾ ਕੰਮਕਾਜ ਦੇਖੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਕੰਪਨੀਆਂ ਦਾ ਪ੍ਰਬੰਧ ਸਰਕਾਰ ਕੋਲ ਹੋਵੇਗਾ। ਉਨ੍ਹਾਂ ਦੱਸਿਆ ਕਿ ਟਰਾਂਸਮਿਸ਼ਨ ਕੰਪਨੀ 'ਚ 3500 ਮੁਲਾਜ਼ਮ ਤੇ ਪਾਵਰ ਜਨਰੇਸ਼ਨ ਕੰਪਨੀ ਕੋਲ 65000 ਮੁਲਾਜ਼ਮ ਹੋਣਗੇ। ਉਨ੍ਹਾਂ ਕਿਹਾ





**ਨਿਗਮੀਕਰਨ ਦਾ ਐਲਾਨ ਕਰਦੇ ਸਰਕਾਰੀ ਅਧਿਕਾਰੀ ਤੇ ਤਰਨ-ਤਾਰਨ 'ਚ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਦੀ ਹੋਈ ਪੁਲਸ।**

ਕਿ ਬੋਰਡ ਦੇ 65000 ਮੁਲਾਜ਼ਮ ਪਾਵਰ ਜਨਰੇਸ਼ਨ ਕੰਪਨੀ 'ਚ ਲਏ ਜਾਣਗੇ ਤੇ ਸੰਚਾਰ ਕੰਪਨੀ 'ਚ ਲੋੜ ਅਨੁਸਾਰ ਮੁਲਾਜ਼ਮ ਡੈਪੂਟੇਸ਼ਨ 'ਤੇ ਜਾਣਗੇ। ਸ੍ਰੀ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਦੋਵੇਂ ਕੰਪਨੀਆਂ ਨੂੰ ਭਾਰਤ ਸਰਕਾਰ ਕੋਲ ਰਜਿਸਟਰੇਸ਼ਨ ਕਰਵਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਮੌਕੇ ਹਾਜ਼ਰ ਪੰਜਾਬ ਸਰਕਾਰ ਦੇ ਪਾਵਰ ਸਕੱਤਰ ਅਰੁਣ ਗੋਇਲ ਨੇ ਦੱਸਿਆ ਕਿ ਸਰਕਾਰ ਵਲੋਂ ਦੋਵੇਂ ਕੰਪਨੀਆਂ ਦੇ ਨਾਂ ਪੰਜਾਬ ਰਾਜ ਸੰਚਾਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਰਜਿਸਟਰੇਸ਼ਨ ਅਥਾਰਟੀ ਕੋਲ ਭੇਜੇ ਗਏ ਹਨ। ਪੁਨਰਗਠਨ ਸਬੰਧੀ ਸਰਕਾਰ ਦਾ ਸਪੱਸ਼ਟੀਕਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਪੁਨਰਗਠਨ ਦਾ ਮਤਲਬ ਨਿੱਜੀਕਰਨ ਬਿਲਕੁਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਕੰਪਨੀਆਂ 'ਚ ਕੋਈ ਨਿੱਜੀ ਹਿੱਸੇਦਾਰੀ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਦੋਵੇਂ ਕੰਪਨੀਆਂ ਦੇ ਇੱਕ-ਇੱਕ ਚੇਅਰਮੈਨ ਐਸ ਡੀ (ਸੀ ਐਮ ਡੀ) ਹੋਣਗੇ ਤੇ ਪਾਵਰ ਕਾਰਪੋਰੇਸ਼ਨ ਦੇ ਡਾਇਰੈਕਟਰ ਤੇ ਸੰਚਾਰ ਕੰਪਨੀ ਦੇ ਦੋ ਡਾਇਰੈਕਟਰ ਹੋਣਗੇ। ਸੀ ਐਮ ਡੀ ਤੇ ਡਾਇਰੈਕਟਰ ਸਰਕਾਰ ਵਲੋਂ ਨਿਯੁਕਤ ਕੀਤੇ ਜਾਣਗੇ ਤੇ ਇਹ ਤਕਨੀਕੀ ਮਾਹਿਰ ਹੋਣਗੇ। ਉਨ੍ਹਾਂ ਕਿਹਾ ਕਿ ਬੋਰਡ ਦੇ ਅਸਾਸੇ ਸਰਕਾਰ ਦੇ ਸਪੁਰਦ ਕੀਤੇ ਜਾਣਗੇ ਤੇ ਸਰਕਾਰ ਅੱਗੇ ਇਹ ਅਸਾਸੇ ਕੰਪਨੀਆਂ ਨੂੰ ਵੰਡੇਗੀ। ਇਨ੍ਹਾਂ ਅਸਾਸਿਆਂ 'ਚ ਬੋਰਡ ਸਿਰ ਚੜੇ 16000 ਕਰੋੜ ਦੇ ਕਰਜ਼ੇ ਵੀ ਕੰਪਨੀਆਂ ਸਪੁਰਦ ਕੀਤੇ ਜਾਣਗੇ।

ਸ੍ਰੀ ਅਗਰਵਾਲ ਨੇ ਕਿਹਾ ਕਿ ਪੰਜਾਬ ਰਾਜ ਬਿਜਲੀ ਬੋਰਡ ਜੋ ਕਿ ਇਸ ਸਮੇਂ 10 ਹਜ਼ਾਰ ਕਰੋੜ ਦੇ ਘਾਟੇ 'ਚ ਚੱਲ ਰਿਹਾ ਹੈ, ਦੇ ਪੁਨਰਗਠਨ ਤੋਂ ਬਾਅਦ ਕੰਪਨੀਆਂ ਸਪਸ਼ਟ ਬੈਲੇਂਸ ਸ਼ੀਟਾਂ ਰੱਖਣਗੀਆਂ ਕਿਉਂਕਿ ਉਨ੍ਹਾਂ ਦੀਆਂ ਸੰਪਤੀਆਂ ਅਸੀਮਤ ਹੋਣਗੀਆਂ ਜੋ ਕਿ ਵਧੀਆਂ ਸਪਲਾਈ ਤੇ ਸੇਵਾਵਾਂ ਲਈ ਬੈਂਕਾਂ ਤੇ ਵਿੱਤੀ ਸੰਸਥਾਵਾਂ ਤੋਂ ਵੱਧ ਫੰਡ ਪ੍ਰਾਪਤ ਕਰ ਸਕਣਗੀਆਂ। ਉਨ੍ਹਾਂ ਕਿਹਾ ਕਿ ਉਂਝ ਬੋਰਡ ਦੀ ਅੰਦਾਜਨ ਕੁਲ ਸੰਪਤੀ 30 ਹਜ਼ਾਰ ਕਰੋੜ ਦੀ ਹੈ, ਪਰ ਸੰਪਤੀ ਦਾ ਫਾਈਨਲ ਮੁਲਾਂਕਣ ਕਰਨ ਦਾ ਕੰਮ ਛੇ ਕੁ ਮਹੀਨੇ 'ਚ ਪੂਰਾ ਹੋ ਜਾਵੇਗਾ।

ਸਬਸਿਡੀ ਸਬੰਧੀ ਸਪਸ਼ਟੀਕਰਨ ਕਰਦਿਆਂ ਸ੍ਰੀ ਅਗਰਵਾਲ ਨੇ ਕਿਹਾ ਕਿ ਨਿਗਮੀਕਰਨ ਨਾਲ ਕਿਸਾਨਾਂ, ਗਰੀਬੀ ਰੇਖਾ ਤੋਂ ਹੇਠਾਂ ਅਤੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ ਤੇ ਨਾ ਹੀ ਬਿਜਲੀ ਬਿੱਲਾਂ 'ਚ ਕੋਈ ਵਾਧਾ ਹੋਵੇਗਾ। ਬੋਰਡ ਦੇ ਮੁਲਾਜ਼ਮਾਂ ਸਬੰਧੀ ਬੋਲਦਿਆਂ ਉਨ੍ਹਾਂ ਕਿਹਾ ਕਿ ਨਿਗਮੀਕਰਨ ਨਾਲ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ 'ਚ ਕੋਈ ਤਬਦੀਲੀ ਨਹੀਂ ਹੋਵੇਗੀ ਤੇ ਉਹ ਬਿਨਾਂ ਕਿਸੇ ਰੁਕਾਵਟ ਦੇ ਪੈਨਸ਼ਨ, ਗਰੈਚੁਟੀ, ਲੀਵ ਇਨਕੈਸ਼ਮੈਂਟ, ਮਹਿੰਗਾਈ ਭੱਤਾ ਤੇ ਸਾਲਾਨਾ ਇੰਕਰੀਮੈਂਟ ਸਮੇਤ ਮੌਜੂਦਾ ਲਾਭ ਪ੍ਰਾਪਤ ਕਰਦੇ ਰਹਿਣਗੇ। ਇਸ ਤੋਂ ਇਲਾਵਾ ਨਵੀਂ ਭਰਤੀ ਲਈ ਵੀ ਉਹੀ ਸਰਵਿਸ ਰੂਲ ਲਾਗੂ ਹੋਣਗੇ। ਉਨ੍ਹਾਂ ਦੱਸਿਆ ਕਿ ਮੌਜੂਦਾ ਮੁਲਾਜ਼ਮਾਂ ਤੋਂ ਇਲਾਵਾ ਬੋਰਡ ਦੇ ਸੇਵਾ ਮੁਕਤ ਮੁਲਾਜ਼ਮਾਂ ਦੇ ਲਾਭ 'ਚ ਵੀ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਸ੍ਰੀ ਅਗਰਵਾਲ ਨੇ ਦੱਸਿਆ ਕਿ ਇਨ੍ਹਾਂ ਕੰਪਨੀਆਂ ਦੇ ਸੀ ਐਮ ਡੀ ਤੇ ਡਾਇਰੈਕਟਰਾਂ ਦੀ ਨਿਯੁਕਤੀ ਸਰਕਾਰ ਵਲੋਂ ਇਸ਼ਤਿਹਾਰ ਦੇ ਕੇ ਕੀਤੀ ਜਾਵੇਗੀ। ਇਨ੍ਹਾਂ ਅਹੁਦਿਆਂ ਲਈ ਬੋਰਡ ਦੇ ਚੀਫ਼ ਇੰਜੀਨੀਅਰ ਜੋ ਇਨ੍ਹਾਂ ਅਸਾਮੀਆਂ ਦੀ ਯੋਗਤਾ ਪੂਰੀ ਕਰਦੇ ਹੋਣ ਵੀ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਡਾਇਰੈਕਟਰ ਜਾਂ ਸੀਐਮਡੀ ਲਈ ਉਮਰ 60 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ। ਯਾਦ ਰਹੇ ਬਿਜਲੀਬੋਰਡ ਦੇ ਨਿਗਮੀਕਰਨ ਨੂੰ ਲੈ ਕੇ ਬੀਤੀ 15- 16 ਅਪ੍ਰੈਲ ਨੂੰ ਬਿਜਲੀ ਬੋਰਡ ਦੇ ਮੁਲਾਜ਼ਮਾਂ ਨੇ ਦੋ ਦਿਨ ਦੀ ਹੜਤਾਲ ਕੀਤੀ ਸੀ । ਬੀਤੀ 16 ਅਪ੍ਰੈਲ ਨੂੰ 22 ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਨੇ ਰਾਜ ਦੇ 18 ਜ਼ਿਲ੍ਹਿਆਂ ਵਿਚ 22 ਥਾਵਾਂ 'ਤੇ ਧਰਨੇ ਦੇ ਕੇ ਸੜਕੀ ਆਵਾਜਾਈ ਰੋਕੀ ਸੀ। ਬਿਜਲੀ ਬੋਰਡ ਦੇ ਮੁਲਾਜ਼ਮਾਂ ਨੇ ਇਸ ਦਿਨ ਅੱਧੀ ਰਾਤ ਤੋਂ ਹੜਤਾਲ ਵਾਪਸ ਲੈ ਲਈ ਸੀ। ਇਸ ਤਰ੍ਹਾਂ 17 ਅਪ੍ਰੈਲ ਤੋਂ ਬਿਜਲੀ ਬੋਰਡ ਦਾ ਕੰਮ ਆਮ ਵਾਂਗ ਚਾਲੂ ਹੋ ਗਿਆ

ਉਧਰ ਕਿਸਾਨ ਆਗੂ ਬਲਕਾਰ ਸਿੰਘ ਅਤੇ ਹਰਦੇਵ ਸਿੰਘ ਸੰਧੂ ਨੇ ਅਪਣੇ ਵੱਖ-ਵੱਖ ਬਿਆਨਾਂ ਵਿਚ ਕਿਹਾ ਕਿ ਬਿਜਲੀ ਬੋਰਡ ਭੰਗ ਕਰਨ ਦੇ ਵਿਰੋਧ ਵਿਚ 22 ਕਿਸਾਨ ਜਥਬੰਦੀਆਂ ਦਾ ਸੰਘਰਸ਼ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਸਰਕਾਰ ਅਪਣਾ ਫ਼ੈਸਲਾ ਵਾਪਸ ਨਹੀਂ ਲੈ ਲੈਂਦੀ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਬਿਜਲੀ ਬੋਰਡ ਭੰਗ ਕਰ ਕੇ ਕਾਰਪੋਰੇਸ਼ਨਾਂ ਬਨਾਉਣਾ, ਬਿਜਲੀ ਦੇ ਨਿੱਜੀਕਰਨ ਵਲ ਪਹਿਲਾ ਕਦਮ ਹੈ। ਸਮਾਂ ਪੈਣ 'ਤੇ ਬਿਜਲੀ ਦਾ ਕੰਮ ਨਿੱਜੀ ਕੰਪਨੀਆਂ ਕੋਲ ਪੁੱਜ ਜਾਵੇਗਾ। ਕੰਪਨੀਆਂ ਅਪਣੇ ਮੁਨਾਫ਼ੇ ਨੂੰ ਪਹਿਲ ਦੇਣਗੀਆਂ ਨਾ ਕਿ ਲੋਕਾਂ ਦੀ ਭਲਾਈ ਬਾਰੇ ਸੋਚਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫ਼ੈਸਲਾ ਲੋਕਾਂ ਤੇ ਕਿਸਾਨ ਵਿਰੋਧੀ ਹੈ, ਇਸ ਲਈ ਉਹ ਅਪਣਾ ਸੰਘਰਸ਼ ਜਾਰੀ ਰਖਣਗੇ। ਦੋਹਾਂ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਸਮੇਂ ਕਿਸਾਨ ਕਣਕ ਦੀ ਵਾਢੀ ਵਿਚ ਰੁਝੇ ਹੋਏ ਹਨ। ਉਨ੍ਹਾਂ ਦੇ ਵਿਹਲੇ ਹੋਣ 'ਤੇ ਸੰਘਰਸ਼ ਤੇਜ਼ ਕੀਤਾ ਜਾਵੇਗਾ। ਕਿਸਾਨ ਜਥੇਬੰਦੀਆਂ ਦੇ ਵਰਕਰ ਪਿੰਡਾਂ ਵਿਚ ਸਰਕਾਰ ਦੇ ਪੁਤਲੇ ਸਾੜਨਗੇ। 27 ਅਪ੍ਰੈਲ ਨੂੰ ਜ਼ਿਲ੍ਹਾ ਪਧਰੀ ਧਰਨੇ ਤੇ ਰੈਲੀਆਂ ਹੋਣਗੀਆਂ।

# ਦੂਜੇ ਰਾਜਾਂ 'ਚ ਨਿਗਮੀਕਰਨ ਦੇ ਟੀਕੇ ਕੰਮ ਨਹੀਂ ਕਰ ਸਕੇ

**ਚੰਡੀਗੜ੍ਹ:** ਭਾਵੇਂ ਪੰਜਾਬ ਸਰਕਾਰ ਨੇ ਬੀਤੀ 15 ਅਪ੍ਰੈਲ ਨੂੰ ਪੰਜਾਬ ਰਾਜ ਬਿਜਲੀ ਬੋਰਡ ਦੇ ਸੁਧਾਰ ਦੇ ਨਾਂਅ 'ਤੇ ਬਿਜਲੀ ਐਕਟ-2003 ਨੂੰ ਲਾਗੂ ਕਰਨ ਲਈ ਨਿਗਮੀਕਰਨ ਦੀ ਨੀਤੀ ਅਪਣਾ ਲਈ ਹੈ ਪਰ ਦੂਸਰੇ ਪਾਸੇ ਇਸ ਦੇ ਵਿਰੁਧ ਹੜਤਾਲ 'ਤੇ ਗਏ ਮੁਲਾਜ਼ਮ ਆਪਣੇ ਲੰਮੇ-ਚੌੜੇ ਤਰਕਾਂ ਰਾਹੀਂ ਇਸ ਨੂੰ ਘਾਟੇ ਦਾ ਸੌਦਾ ਦੱਸ ਰਹੇ ਹਨ।

ਹੜਤਾਲ ਦੇ ਰਾਹ ਪਈਆਂ ਬਿਜਲੀ ਕਾਮਿਆਂ ਦੀਆਂ ਜਥੇਬੰਦੀਆਂ ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ), ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਏਟਕ (ਮਸੀਤਾਂ), ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਕਰਮ ਚੰਦ ਭਾਰਦਵਾਜ, ਸੁਰਿੰਦਰ ਸਿੰਘ ਪਹਿਲਵਾਨ, ਪਾਲ ਸਿੰਘ ਮੋਗਾ, ਹਰਭਜਨ ਸਿੰਘ, ਫਲਜੀਤ ਸਿੰਘ, ਸਵਰਨ ਸਿੰਘ ਅਤੇ ਵਿਜੈ ਕੁਮਾਰ ਦੇ ਅਧਾਰਤ ਬਣੇ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਵੀ ਇਸ ਤਰਕ 'ਤੇ ਕਾਇਮ ਹਨ ਕਿ ਬਿਜਲੀ ਬੋਰਡ ਦੇ ਸੰਗਠਿਤ ਢਾਂਚੇ (ਜਨਰੇਸ਼ਨ, ਸੰਚਾਰ ਅਤੇ ਵੰਡ) ਨੂੰ ਤੋੜ ਕੇ ਇਨ੍ਹਾਂ ਨੂੰ ਵੱਖ-ਵੱਖ ਕੰਪਨੀਆਂ 'ਚ ਵੰਡਣਾ ਇਸ ਅਹਿਮ ਅਦਾਰੇ ਨੂੰ "ਕਤਲ" ਕਰਨ ਦੇ ਤੁੱਲ ਹੈ। ਮੁਲਾਜ਼ਮ ਆਗੂਆਂ ਨੇ ਉੱਤਰ ਪ੍ਰਦੇਸ਼ ਆਂਧਰਾ ਪ੍ਰਦੇਸ਼, ਹਰਿਆਣਾ, ਕਰਨਾਟਕਾ, ਰਾਜਸਥਾਨ ਆਦਿ ਰਾਜਾਂ ਵਿਚ ਬਿਜਲੀ ਬੋਰਡਾਂ ਨੂੰ ਤੋੜ ਕੇ ਕੰਪਨੀਆਂ ਵਿਚ ਵੰਡਣ ਦੇ ਅਮਲ ਦੀਆਂ ਉਦਾਹਰਨਾਂ ਦਿੰਦਿਆਂ ਇਹ ਖਤਰੇ ਜ਼ਾਹਰ ਕੀਤੇ ਹਨ ਕਿ ਪੰਜਾਬ ਦੇ ਬਿਜਲੀ ਬੋਰਡ ਦੀ ਤੋੜ ਭੰਨ ਕਰਨ ਨਾਲ ਇਸ ਵਿਸ਼ਾਲ ਅਦਾਰੇ ਦਾ ਹਾਲ ਵੀ ਹੋਰ ਰਾਜਾਂ ਦੇ ਬੋਰਡਾਂ ਵਰਗਾ ਹੋਵੇਗਾ ਅਤੇ ਬਿਜਲੀ ਕਾਮਿਆਂ ਦਾ ਪੱਕਾ ਰੁਜ਼ਗਾਰ ਉਜਰਤੀ ਪ੍ਰਣਾਲੀ ਅਤੇ ਟਰੇਡ ਯੂਨੀਅਨ 'ਚ ਹੱਕ ਤਹਿਸ-ਨਹਿਸ਼ ਹੋ ਜਾਣਗੇ।

ਇਨ੍ਹਾਂ ਧਿਰਾਂ ਦਾ ਇਕ ਅਹਿਮ ਤਰਕ ਇਹ ਵੀ ਹੈ ਕਿ ਬਿਜਲੀ ਐਕਟ-1948 ਬਿਜਲੀ ਨੂੰ ਕਿਸੇ ਵੀ ਰਾਜ ਦੇ ਵਿਕਾਸ ਦਾ ਆਧਾਰ ਮੰਨਦਾ ਹੈ ਅਤੇ ਇਸ ਐਕਟ ਤਹਿਤ ਜਿਵੇਂ ਰਾਜ ਸਰਕਾਰ ਦੀ ਹਰੇਕ ਨਾਗਰਿਕ ਨੂੰ ਰੋਟੀ ਤੇ ਪਾਣੀ ਦੇਣ ਦੀ ਮੁੱਢਲੀ ਜ਼ਿੰਮੇਵਾਰੀ ਹੈ, ਉਸੇ ਤਰ੍ਹਾਂ ਬਿਜਲੀ ਮੁਹੱਈਆ ਕਰਨੀ ਵੀ ਇਕ ਜ਼ਿੰਮੇਵਾਰੀ ਮਿੱਥੀ ਗਈ ਹੈ ਜਦਕਿ ਨਵਾਂ ਬਿਜਲੀ ਕਾਨੂੰਨ ਲਾਗੂ ਹੋਣ ਨਾਲ ਬਿਜਲੀ ਦੀ ਪੈਦਾਵਾਰ ਅਤੇ ਵੰਡ ਦੇ ਅਧਿਕਾਰ ਪ੍ਰਾਈਵੇਟ ਕੰਪਨੀਆਂ ਦੇ ਹੱਥ ਵਿਚ ਜਾਣ ਨਾਲ ਬਿਜਲੀ ਦੀਆਂ ਦਰਾਂ ਤੇ ਵੰਡ ਮਨਮਾਨੇ ਢੰਗ ਨਾਲ ਮਿਥੀਆਂ ਜਾਣਗੀਆਂ। ਨੇਤਾਵਾਂ ਅਨੁਸਾਰ ਇਸ ਨਾਲ ਕੇਵਲ ਮੁਲਾਜ਼ਮ ਹੀ ਨਹੀਂ ਸਗੋਂ ਖਪਤਕਾਰ ਵੀ ਨਵੀਆਂ ਮੁਸੀਬਤਾਂ ਵਿਚ ਫਸਣਗੇ।

ਟੀ.ਐਸ.ਯੂ. ਅਤੇ ਪੀ.ਐਸ.ਈ.ਬੀ. ਫੈਡਰੇਸ਼ਨ ਏਟਕ ਦੇ ਆਗੂਆਂ ਗੁਰਦਿਆਲ ਸਿੰਘ ਭੰਗਲ ਅਤੇ ਅਮਰੀਕ ਸਿੰਘ ਮਸੀਤਾਂ ਦਾ ਕਹਿਣਾ ਹੈ ਕਿ ਬਿਜਲੀ ਐਕਟ-2003 ਦੇ ਲਾਗੂ ਹੋਣ ਨਾਲ ਇਸ ਦੀ ਧਾਰਾ 131(8) ਅਨੁਸਾਰ ਬਿਜਲੀ ਬੋਰਡ ਦਾ ਮੌਜੂਦਾ ਢਾਂਚਾ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ ਅਤੇ ਬੋਰਡ ਦੀ ਸਾਰੀ ਜਾਇਦਾਦ, ਸਾਜੋ-ਸਾਮਾਨ, ਸਮੁੱਚਾ ਅਮਲਾ ਅਤੇ ਢਾਂਚਾ ਪਹਿਲਾਂ ਸਰਕਾਰ ਦੀ ਮਾਲਕੀ ਹੇਠ ਚਲਾ ਜਾਵੇਗਾ ਅਤੇ ਇਸ ਤੋਂ ਬਾਅਦ ਬੋਰਡ ਨੂੰ ਇਕ ਸਮਝੌਤੇ ਤਹਿਤ ਕੰਪਨੀਆਂ ਦੇ ਹੱਥ ਸੌਂਪ ਦਿੱਤਾ ਜਾਵੇਗਾ ਤੇ ਅਖੀਰ ਇਹ ਕੰਪਨੀਆਂ ਦਾ ਸਮੂਹ ਕੰਪਨੀ ਐਕਟ-1956 ਅਧੀਨ ਆ ਜਾਵੇਗਾ। ਇਸ ਦੇ ਨਾਲ ਹੀ ਕੰਪਨੀਆਂ 'ਚ ਨਿੱਜੀ ਹਿੱਸੇਦਾਰੀ ਦਾ ਪ੍ਰਵਾਹ ਚੱਲ ਪਵੇਗਾ।

ਦੂਸਰੇ ਪਾਸੇ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੇ ਆਗੂ ਮਨਜੀਤ ਸਿੰਘ ਚਾਹਲ ਅਨੁਸਾਰ ਜਿਹੜੇ ਰਾਜਾਂ ਵਿਚ ਬੋਰਡਾਂ ਦਾ ਨਿਗਮੀਕਰਨ ਹੋ ਚੁੱਕਾ ਹੈ, ਉਥੇ ਇਹ ਨਵਾਂ ਫਾਰਮੂਲਾ ਹਰੇਕ ਰਾਜ ਵਿਚ ਫੇਲ੍ਹ ਹੋਇਆ ਹੈ। ਹਰਿਆਣਾ, ਆਂਧਰਾ ਪ੍ਰਦੇਸ਼, ਕਰਨਾਟਕਾ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਨਿਗਮੀਕਰਨ ਲਾਗੂ ਹੋਣ ਨਾਲ ਉਲਟਾ ਬੋਰਡ ਘਾਟੇ ਵਿਚ ਗਏ ਹਨ। ਇਸ ਦੀ ਇਕ ਉਦਾਹਰਣ ਇੰਝ ਦੱਸੀ ਗਈ ਹੈ:

| ***ਤੋੜੇ ਬਿਜਲੀ ਬੋਰਡ*** | ***ਸਬਸਿਡੀਆਂ ਤੋਂ ਬਿਨਾਂ ਨੁਕਸਾਨ*** | | ***ਸਰਕਾਰਾਂ ਵਲੋਂ ਅਦਾ ਕੀਤੀਆਂ ਸਬਸਿਡੀਆਂ*** | |
|---|---|---|---|---|
| | ਬੋਰਡ ਦੀ ਮੌਜੂਦਗੀ ਵੇਲੇ **1966-97** | ਬੋਰਡ ਤੋੜਨ ਤੋਂ ਬਾਅਦ **2005-06** | ਬੋਰਡ ਦੀ ਮੌਜੂਦਗੀ ਵੇਲੇ **1996-97** | ਬੋਰਡ ਤੋੜਨ ਤੋਂ ਬਾਅਦ **2005-06** |
| ਹਰਿਆਣਾ | -635 | -1688 | 641 | 1252 |
| ਆਂਧਰਾ ਪ੍ਰਦੇਸ਼ | -747 | -1241 | 850 | 1537 |
| ਕਰਨਾਟਕਾ | -652 | -1141 | 705 | 1140 |
| ਰਾਜਸਥਾਨ | -498 | -151 | 560 | 1012 |
| ਉੱਤਰ ਪ੍ਰਦੇਸ਼ | -3378 | -3951 | 1557 | 915 |
| ਮੱਧ ਪ੍ਰਦੇਸ਼ | -464 | -952 | 300 | 270 |

ਜੁਆਇੰਟ ਫੋਰਮ ਦੇ ਆਗੂ ਸ੍ਰੀ ਚਾਹਲ ਅਨੁਸਾਰ ਹਰ ਰਾਜ ਵਿਚ ਨਿਗਮੀਕਰਨ ਤੇ ਨਿੱਜੀਕਰਨ ਤੋਂ ਬਾਅਦ ਬਿਜਲੀ ਖੇਤਰ ਵਿਚ ਕੋਈ ਵਿਕਾਸ ਨਹੀਂ ਹੋਇਆ। ਜਦਕਿ ਮੌਜੂਦਾ ਬਿਜਲੀ ਬੋਰਡਾਂ ਦੇ ਸਰੂਪ ਵਿਚ ਰਹਿ ਕੇ ਹੀ ਵੱਡੇ ਸੁਧਾਰ ਤੇ ਬਦਲਾਅ ਕਰਨ ਦੇ ਕਈ ਵਿਕਲਪ ਸਾਹਮਣੇ ਹਨ ਪਰ ਸਰਕਾਰ ਕਾਹਲ ਵਿਚ ਨਿਗਮੀਕਰਨ ਦੇ ਰਾਹ ਪੈ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਦੇ ਮਾਮਲੇ ਵਿਚ ਵੀ ਪੰਜਾਬ ਰਾਜ ਬਿਜਲੀ ਬੋਰਡ ਦੇ ਟੀ.ਐਂਡ. ਡੀ. ਲਾਸਿਜ਼ ਹਿੰਦੋਸਤਾਨ ਭਰ ਦੇ ਬੋਰਡਾਂ ਤੋਂ ਘੱਟ (20 ਤੋਂ 24 ਫੀਸਦੀ) ਹਨ ਜਦਕਿ ਹੋਰ ਰਾਜਾਂ ਵਿਚ ਇਹ ਔਸਤ 40 ਫੀਸਦੀ ਦੇ ਕਰੀਬ ਹੈ। ਜੋ ਇਸ ਤਰ੍ਹਾਂ ਹੈ:-

| **ਨਿਗਮੀਕਰਨ ਵਾਲੇ ਰਾਜ** | **ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਲਾਸਿਜ** | | |
|---|---|---|---|
| | 1996-97 | 2000-01 | 2004-05 |
| ਆਂਧਰਾ ਪ੍ਰਦੇਸ਼ | 33.09 | 36.63 | 23.96 |
| ਉਤਰ ਪ੍ਰਦੇਸ਼ | 25.06 | 36.94 | 34.39 |
| ਦਿੱਲੀ | 49.64 | 44.27 | 45.4 |
| ਰਾਜਸਥਾਨ | 25.88 | 29.76 | 44.68 |
| ਹਰਿਆਣਾ | 32.77 | 39.82 | 32.11 |
| ਕਰਨਾਟਕਾ | 18.86 | 34.93 | 26.08 |

ਦੱਸਣਯੋਗ ਹੈ ਕਿ ਸੰਚਾਰ ਤੇ ਵੰਡ ਦੇ ਲਾਸਿਜ਼ ਵਿਚ ਬਿਜਲੀ ਦੀਆਂ ਲਾਈਨਾਂ ਤੋਂ ਵੱਖ-ਵੱਖ ਕਾਰਨਾਂ ਕਰਕੇ ਵਿਅਰਥ ਹੁੰਦੀ ਬਿਜਲੀ ਦੇ ਅੰਕੜੇ ਹਨ, ਜਿਸ ਵਿਚ ਬਿਜਲੀ ਦੀ ਚੋਰੀ ਵੀ ਸ਼ਾਮਲ ਹੈ। ਸ੍ਰੀ ਚਾਹਲ ਨੇ ਦਾਅਵਾ ਕੀਤਾ ਕਿ ਬਿਜਲੀ ਬੋਰਡਾਂ ਨੂੰ ਤੋੜਨ ਵਾਲੇ ਰਾਜਾਂ ਵਿਚ ਇਸ ਖੇਤਰ 'ਚ ਘਾਟੇ ਵਧੇ ਹਨ ਅਤੇ ਪੈਦਾਵਾਰ ਵਿਚ ਵੀ ਖੜੋਤ ਪੈਦਾ ਹੋਈ ਹੈ। ਸ੍ਰੀ ਭੰਗਲ ਅਨੁਸਾਰ ਬਿਜਲੀ ਐਕਟ ਦੀ ਧਾਰਾ 131(2) ਵਿਚ ਸਾਫ ਅੰਕਿਤ ਕੀਤਾ ਹੈ ਕਿ ਕੰਪਨੀ ਬਣਨ ਤੋਂ ਬਾਅਦ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ ਨਵੇਂ ਸਿਰਿਓਂ ਮਿਥੀਆਂ ਜਾਣਗੀਆਂ ਅਤੇ ਮੁਲਾਜ਼ਮਾਂ ਨੂੰ ਨਵੇਂ ਸਿਰਿਓਂ ਪਰਖ ਸਮੇਂ ਵਿਚੋਂ ਗੁਜ਼ਰਨਾ ਪਵੇਗਾ ਅਤੇ ਉਨ੍ਹਾਂ ਨਾਲ ਆਰਜ਼ੀ ਮੁਲਾਜ਼ਮਾਂ ਵਾਲਾ ਵਿਵਹਾਰ ਕੀਤਾ ਜਾਵੇਗਾ। ਸਾਫ ਹੈ ਕਿ ਅਜਿਹੀ ਪ੍ਰਣਾਲੀ ਰਾਹੀਂ ਬਿਜਲੀ ਮੁਲਾਜ਼ਮਾਂ ਦੀਆਂ ਸੇਵਾਵਾਂ ਅਸੁਰੱਖਿਅਤ ਹੋ ਜਾਣਗੀਆਂ।

# 25 ਤੋਂ ਘੱਟ ਉਮਰ ਵਾਲਿਆਂ ਨੂੰ ਸ਼ਰਾਬ ਵੇਚਣ 'ਤੇ ਸਰਕਾਰ ਵਲੋਂ ਪਾਬੰਦੀ

**ਬਠਿੰਡਾ :** ਆਬਕਾਰੀ ਤੇ ਕਰ ਵਿਭਾਗ ਪੰਜਾਬ ਨੇ ਸੂਬੇ ਭਰ ਵਿਚ 25 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿਸ਼ੇਸ਼ ਕਰ ਸਕੂਲੀ ਬੱਚਿਆਂ ਨੂੰ ਸ਼ਰਾਬ ਵੇਚਣ ਜਾਂ ਪਰੋਸਣ 'ਤੇ ਪੂਰਨ ਪਾਬੰਦੀ ਦਾ ਐਲਾਨ ਕਰ ਦਿੱਤਾ ਹੈ। ਵਿਭਾਗ ਅਨੁਸਾਰ ਆਸਾਨੀ ਨਾਲ ਉਪਲਬਧ ਹੋ ਜਾਣ ਕਾਰਨ ਛੋਟੀ ਉਮਰ ਦੇ ਬੱਚੇ ਤੇਜ਼ੀ ਨਾਲ ਸ਼ਰਾਬ ਦੇ ਨਸ਼ੇ ਦਾ ਸ਼ਿਕਾਰ ਹੋ ਰਹੇ ਹਨ, ਜਿਸ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਭਾਗ ਨੇ ਪੰਜਾਬ ਆਬਕਾਰੀ ਐਕਟ-1914 ਦੀ ਧਾਰਾ 29 ਤਹਿਤ ਦਰਜ ਇਸ ਨੁਕਤੇ ਨੂੰ ਸਖਤੀ ਨਾਲ ਲਾਗੂ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਇਨ੍ਹਾਂ ਆਦੇਸ਼ਾਂ ਵਿਚ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਇਨ੍ਹਾਂ ਆਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ। ਜਾਣਕਾਰੀ ਅਨੁਸਾਰ ਸੂਬੇ ਵਿਚ ਲਗਾਤਾਰ ਵਧ ਰਹੀ ਸ਼ਰਾਬ ਦੀ ਖਪਤ ਨੂੰ ਦੇਖਦਿਆਂ ਵਿਭਾਗ ਵਲੋਂ ਜਿੱਥੇ ਠੇਕਿਆਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਰਿਹਾ ਹੈ, ਉਥੇ ਸ਼ਰਾਬ ਦਾ ਕੋਟਾ ਵੀ ਵਧਾਇਆ ਜਾ ਰਿਹਾ ਹੈ। ਸ਼ਰਾਬ ਖਰੀਦਣ ਵਾਲਿਆਂ ਵਿਚ 15 ਤੋਂ 25 ਸਾਲ ਦੇ ਨੌਜਵਾਨਾਂ ਦੀ ਗਿਣਤੀ ਵੀ ਪਿਛਲੇ ਕੁਝ ਸਮੇਂ ਦੌਰਾਨ ਤੇਜ਼ੀ ਨਾਲ ਵਧੀ ਹੈ। ਇਸ ਨੂੰ ਦੇਖਦਿਆਂ ਸੰਯੁਕਤ ਆਬਕਾਰੀ ਤੇ ਕਰ ਕਮਿਸ਼ਨਰ ਐਚ.ਐਮ.ਐਸ. ਰੋਸ਼ਾ ਨੇ ਆਦੇਸ਼ ਜਾਰੀ ਕਰਕੇ ਆਬਕਾਰੀ ਐਕਟ 1914 ਕੇ ਦੀ ਉਕਤ ਧਾਰਾ ਤਹਿਤ 25 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਸ਼ਰਾਬ ਨਾ ਵੇਚਣ ਦੇ ਪ੍ਰਵਾਧਾਨ ਨੂੰ ਸਖਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸੰਯੁਕਤ ਆਬਕਾਰੀ ਤੇ ਕਰ ਕਮਿਸ਼ਨਰ ਐਚ.ਐਮ. ਐਸ.ਰੋਸਾ ਵਲੋਂ ਜ਼ਿਲ੍ਹਾ ਆਬਕਾਰੀ ਤੇ ਕਰ ਕਮਿਸ਼ਨਰਾਂ, ਸਹਾਇਕ ਕਮਿਸ਼ਨਰਾਂ ਨੂੰ ਜਾਰੀ ਕੀਤੇ ਪੱਤਰ ਵਿਚ ਦੱਸਿਆ ਕਿ ਉਕਤ ਐਕਟ ਦੇ ਤਹਿਤ 25 ਸਾਲ ਤੋਂ ਘੱਟ ਉਮਰ ਦੇ ਲੋਕਾਂ ਖਾਸ ਕਰ ਸਕੂਲੀ ਬੱਚਿਆਂ ਨੂੰ ਸ਼ਰਾਬ ਦੀ ਵਿਕਰੀ ਕਰਨ ਅਤੇ ਪਰੋਸਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਲਿਖਿਆ ਹੈ ਕਿ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਜਾਂ ਸਕੂਲੀ ਬੱਚਿਆਂ ਨੂੰ ਸ਼ਰਾਬ ਵੇਚਣਾ, ਮੰਗਵਾਉਣਾ ਜਾਂ ਪਰੋਸਣਾ ਉਕਤ ਐਕਟ ਦੇ ਮੁਤਾਬਿਕ ਅਪਰਾਧ ਮੰਨਿਆ ਜਾਵੇਗਾ।

ਉਨ੍ਹਾਂ ਇਨ੍ਹਾਂ ਆਦੇਸ਼ ਨੂੰ ਸਖਤੀ ਨਾਲ ਲਾਗੂ ਕਰਵਾਉਣ ਤੇ ਉਲੰਘਣਾ ਕਰਨ ਵਾਲਿਆਂ ਖਿਲਾਫ ਵਿਭਾਗੀ ਕਾਰਵਾਈ ਕਰਨ ਦੀਆਂ ਵੀ ਹਦਾਇਤਾਂ ਦਿੱਤੀਆਂ ਹਨ। ਸੰਯੁਕਤ ਆਬਕਾਰੀ ਤੇ ਕਰ ਕਮਿਸ਼ਨਰ ਰੋਸ਼ਾ ਨੇ ਦੱਸਿਆ ਕਿ ਉਕਤ ਐਕਟ ਦੇ ਤਹਿਤ 25 ਸਾਲ ਦੀ ਉਮਰ ਤੋਂ ਘੱਟ ਵਿਅਕਤੀ ਨੂੰ ਸ਼ਰਾਬ ਦੀ ਵਿਕਰੀ ਨਾ ਕਰਨ ਸੰਬੰਧੀ ਸਾਰੇ ਠੇਕਿਆਂ, ਹੋਟਲਾਂ, ਰੈਸਟੋਰੈਂਟਾਂ ਤੇ ਬਾਜ਼ਾਰ ਆਦਿ ਵਿਚ ਸੂਚਨਾ ਬੋਰਡ ਲਗਾਏ ਜਾਣਗੇ, ਜਦਕਿ ਜ਼ਿਲ੍ਹਿਆਂ ਨਾਲ ਸੰਬੰਧਿਤ ਅਮਲਾ ਆਪਣੇ ਆਪਣੇ ਖੇਤਰ ਵਿਚ ਇਸ ਨਿਯਮ ਦੇ ਪ੍ਰਚਾਰ ਪ੍ਰਸਾਰ ਤੋਂ ਇਲਾਵਾ ਇਸ ਦੇ ਪਾਲਣ ਨੂੰ ਵੀ ਯਕੀਨੀ ਬਣਾਵੇਗਾ।

# ਕੈਲੀਫੋਰਨੀਆ ਟੈਕਸ ਕਰੈਡਿਟ ਪੈਸਾ ਛੇਤੀ ਮੁੱਕ ਜਾਏਗਾ

**ਜੱਸੀ ਗਿੱਲ**

ਪਤੇ ਦੀ ਗੱਲ

ਕੈਲੀਫੋਰਨੀਆ ਦੇ ਪਹਿਲੀ ਦਫਾ ਘਰ ਖਰੀਦਣ ਵਾਲੇ ਖਰੀਦਦਾਰਾਂ ਲਈ ਲੱਖੇ ਗਏ 100 ਮਿਲੀਅਨ ਡਾਲਰ 10 ਤੋਂ 20 ਦਿਨ ਅੰਦਰ ਹੀ ਮੁੱਕ ਜਾਣ ਦੀ ਸੰਭਾਵਨਾ ਹੈ। ਇਹ ਪੇਸ਼ੀਨਗੋਈ ਕੈਲੀਫੋਰਨੀਆ ਰਿਐਲਟਰ ਐਸੋਸੀਏਸ਼ਨ ਨੇ ਕੀਤੀ ਹੈ। ਕੈਲੀਫੋਰਨੀਆ ਦੇ ਫਰੈਂਚਾਈਜ਼ ਟੈਕਸ ਬੋਰਡ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲੇ ਖਰੀਦਦਾਰਾਂ ਅਤੇ ਨਵੇਂ ਨਕੋਰ ਘਰ ਖਰੀਦਣ ਵਾਲੇ ਖਰੀਦਦਾਰਾਂ ਨੂੰ ਮਿਲਣ ਵਾਲੇ 10 ਹਜ਼ਾਰ ਡਾਲਰ ਦੇ ਟੈਕਸ ਕਰੈਡਿਟ ਲਈ ਅਰਜੀਆਂ ਪਹਿਲੀ ਮਈ ਤੋਂ ਲਏ ਜਾਣ ਦੀ ਯੋਜਨਾ ਹੈ ਪ੍ਰੰਤੂ ਪਹਿਲੀ ਵਾਰ ਘਰ ਖਰੀਦਣ ਵਾਲੇ ਸਾਰੇ ਖਰੀਦਦਾਰਾਂ ਲਈ ਟੈਕਸ ਕਰੈਡਿਟ ਲਈ ਸੌ ਮਿਲੀਅਨ ਡਾਲਰ ਰੱਖਿਆ ਗਿਆ ਹੈ ਅਤੇ ਇੰਨਾ ਹੀ ਯਾਨਿ ਸੌ ਮਿਲੀਅਨ ਡਾਲਰ ਹੀ ਨਵੇਂ ਨਕੋਰ ਘਰ ਖਰੀਦਣ ਉਤੇ ਟੈਕਸ ਕਰੈਡਿਟ ਵਾਸਤੇ ਰੱਖਿਆ ਗਿਆ ਹੈ। ਇਹ ਟੈਕਸ ਕਰੈਡਿਟ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਉਤੇ ਦਿੱਤਾ ਜਾਵੇਗਾ।



ਜੱਸੀ ਗਿੱਲ

ਸੌ ਮਿਲੀਅਨ ਡਾਲਰ ਦਾ ਰਾਖਵਾਂ ਰੱਖਿਆ ਗਿਆ ਫੰਡ 10 ਤੋਂ 20 ਦਿਨਾਂ ਅੰਦਰ ਮੁੱਕ ਜਾਣ ਬਾਰੇ ਕੈਲੀਫੋਰਨੀਆ ਰਿਐਲਟਰ ਐਸੋਸੀਏਸ਼ਨ ਦੀ ਪੇਸ਼ੀਨਗੋਈ ਮਈ ਮਹੀਨੇ ਹੋਣ ਵਾਲੀ ਘਰਾਂ ਦੀ ਵਿਕਰੀ ਅਤੇ ਹੋਰ ਮਾਨਦੰਡਾਂ ਉਤੇ ਆਧਾਰਤ ਹੈ। ਇਸ ਪੇਸ਼ੀਨਗੋਈ ਵਿਚ ਇਸ ਸੰਭਾਵਨਾ ਨੂੰ ਨਹੀਂ ਲਿਆ ਗਿਆ ਕਿ ਕੁਝ ਖਰੀਦਦਾਰ ਟੈਕਸ ਕਰੈਡਿਟ ਦਾ ਲਾਭ ਲੈਣ ਲਈ ਆਪਣੀ ਕਲੋਜ਼ਿੰਗ ਅਪਰੈਲ ਮਹੀਨੇ ਕਰਨ ਦੀ ਥਾਂ ਮਈ ਮਹੀਨੇ ਵਿਚ ਲੈ ਜਾਣ। ਜੇ ਕਲੋਜ਼ਿੰਗ ਅਪਰੈਲ ਮਹੀਨੇ ਤੋਂ ਮਈ ਮਹੀਨੇ ਉਤੇ ਵੱਡੇ ਪੱਧਰ ਉਤੇ ਪਿਛੇ ਪਾਈ ਜਾਂਦੀ ਹੈ ਤਾਂ ਰਾਖਵਾਂ ਰੱਖਿਆ ਗਿਆ ਇਹ ਸੌ ਮਿਲੀਅਨ ਡਾਲਰ ਹੋਰ ਵੀ ਛੇਤੀ ਮੁੱਕ ਜਾਵੇਗਾ।

ਟੈਕਸ ਕਰੈਡਿਟ ਲਈ ਦਰਖਾਸਤਾਂ ਐਸਕਰੋ ਕਲੋਜ਼ ਹੋਣ ਪਿਛੋਂ ਫਰੈਂਚਾਈਜ਼ ਟੈਕਸ ਬੋਰਡ ਨੂੰ ਫੈਕਸ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਫਰੈਂਚਾਈਜ਼ ਟੈਕਸ ਬੋਰਡ 2010 ਦੀਆਂ ਦਰਖਾਸਤਾਂ ਅਤੇ ਹੋਰ ਜਾਣਕਾਰੀ ਉਪਲਬਧ ਹੋਣ ਪਿਛੋਂ ਆਪਣੀ ਵੈਬਸਾਈਟ ਨੂੰ ਅਪਡੇਟ ਕਰੇਗਾ।

ਰਿਐਲਟਰਾਂ ਨੂੰ ਇਹ ਗੱਲ ਚੇਤੇ ਕਰਵਾ ਦਈਏ ਕਿ ਉਹ ਆਪਣੇ ਗਾਹਕਾਂ ਨੂੰ ਟੈਕਸ ਜਾਂ ਕਾਨੂੰਨੀ ਸਲਾਹ, ਜਿਵੇਂ ਕਿ ਕੈਲੀਫੋਰਨੀਆ ਕਰੈਡਿਟ ਪ੍ਰੋਗਰਾਮ ਲਈ ਉਪਲਬਧ ਫੰਡਾਂ ਬਾਰੇ ਸਲਾਹ ਨਾ ਦੇਣ। ਰਿਐਲਟਰਾਂ ਨੂੰ ਇਹ ਤਾਕੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਗਾਹਕਾਂ ਨੂੰ ਕਿਸੇ ਅਕਾਊਂਟੈਂਟ, ਅਟਾਰਨੀ ਜਾਂ ਕਿਸੇ ਹੋਰ ਯੋਗ ਪੇਸ਼ੇਵਰ ਵਿਅਕਤੀ ਤੋਂ ਸਲਾਹ ਲੈਣ ਲਈ ਉਤਸ਼ਾਹਤ ਕਰਨ।

# ਸਾਹਨੇਵਾਲ ਤੋਂ ਘਰੇਲੂ ਉਡਾਣਾਂ

**ਸਾਹਨੇਵਾਲ :** ਹਵਾਈ ਅੱਡਾ ਸਾਹਨੇਵਾਲ ਤੋਂ ਮਈ ਦੇ ਪਹਿਲੇ ਹਫ਼ਤੇ ਨਿਯਮਤ ਰੂਪ ਵਿਚ ਘਰੇਲੂ ਉਡਾਣਾਂ ਸ਼ੁਰੂ ਹੋਣ ਨਾਲ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋਵੇਗੀ ਅਤੇ ਸਾਰੇ ਪੰਜਾਬ ਦਾ ਵਪਾਰ ਪ੍ਰਫੁੱਲਤ ਹੋਵੇਗਾ। ਇਹ ਐਲਾਨ ਸ਼ਰਨਜੀਤ ਸਿੰਘ ਢਿੱਲੋਂ ਚੇਅਰਮੈਨ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਨੇ ਬੀਤੀ 17 ਅਪ੍ਰੈਲ ਨੂੰ ਹਵਾਈ ਅੱਡਾ ਸਾਹਨੇਵਾਲ ਵਿਖੇ ਪਹਿਲੀ ਟੈਸਟ ਫਲਾਈਟ ਦੇ ਹਵਾਈ ਅੱਡੇ 'ਤੇ ਪਹੁੰਚਣ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਸ੍ਰੀ ਢਿੱਲੋਂ ਨੇ ਕਿਹਾ ਕਿ ਕਾਂਗਰਸ ਸਰਕਾਰ ਵਲੋਂ ਲੋੜੀਂਦੀ ਜ਼ਮੀਨ ਐਕਵਾਇਰ ਨਾ ਕਰਨ ਕਰਕੇ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਮਿਲਣ ਵਿਚ ਦੇਰੀ ਹੋਈ ਹੈ। ਉਨ੍ਹਾਂ ਦੱਸਿਆ ਕਿ ਹੁਣ ਪਵਾਂ, ਖਾਕਟ ਤੇ ਨੰਦਪੁਰ ਪਿੰਡਾਂ ਦੀ ਸਾਢੇ 7 ਏਕੜ ਜ਼ਮੀਨ ਐਕਵਾਇਰ ਕਰਕੇ ਏਅਰਪੋਰਟ ਅਥਾਰਟੀ ਨੂੰ ਦਿੱਤੀ ਜਾ ਰਹੀ ਹੈ, ਜਿਸ ਦੇ ਸਿੱਟੇ ਵਜੋਂ ਅੱਜ ਏਅਰ ਇੰਡੀਆ ਦੇ ਕਾਰਜਕਾਰੀ ਡਾਇਰੈਕਟਰ ਐਬਨ ਲਾਲ ਦੀ ਅਗਵਾਈ ਹੇਠ ਪਹਿਲੀ ਟਰਾਇਲ ਫਲਾਈਟ ਇੱਥੇ ਪੁੱਜੀ।

ਉਨ੍ਹਾਂ ਦੱਸਿਆ ਕਿ ਸਾਹਨੇਵਾਲ ਤੋਂ ਕੋਹਾੜਾ ਰੇਲਵੇ ਲਾਈਨ 'ਤੇ ਫਲਾਈ ਓਵਰ ਉਸਾਰਨ ਲਈ ਸਾਰੇ ਵਿਭਾਗਾਂ ਤੋਂ ਪ੍ਰਵਾਨਗੀ ਲੈਣ ਉਪਰੰਤ ਬੁਨਿਆਦੀ ਢਾਂਚਾ ਤੇ ਵਿਕਾਸ ਬੋਰਡ ਪੰਜਾਬ ਨੂੰ ਅੰਤਿਮ ਪ੍ਰਵਾਨਗੀ ਦੇ ਦਿੱਤੀ ਹੈ। 25 ਕਰੋੜ ਰੁਪਏ ਦੀ ਲਾਗਤ ਨਾਲ ਇਹ ਪੁੱਲ 1 ਸਾਲ ਦੇ ਅੰਦਰ-ਅੰਦਰ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਪੁੱਲ ਦੀ ਉਸਾਰੀ ਦਾ ਕੰਮ ਜੂਨ ਮਹੀਨੇ ਸ਼ੁਰੂ ਹੋ ਜਾਵੇਗਾ।











# ਸਿੱਖ ਯੂਥ ਸਿੰਪੋਜ਼ੀਅਮ 15 ਮਈ ਨੂੰ

**ਬੇਕਰਜ਼ਫੀਲਡ:** ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਲੋਂ ਇਕ ਹੋਰ ਸਿੱਖ ਯੂਥ ਸਿੰਪੋਜ਼ੀਅਮ ਆਉਂਦੀ 15 ਮਈ ਨੂੰ ਕਰਵਾਇਆ ਜਾਵੇਗਾ ਜਿਸ ਵਿਚ 6 ਤੋਂ 22 ਸਾਲ ਉਮਰ ਦੇ ਬੱਚੇ ਸਿੱਖ ਇਤਿਹਾਸ ਅਤੇ ਫਲਸਫੇ ਬਾਰੇ ਵੱਖ ਵੱਖ ਵਿਸ਼ਿਆਂ ਉਤੇ ਭਾਸ਼ਣ ਦੇ ਸਕਣਗੇ।

ਇਹ ਜਾਣਕਾਰੀ ਦਿੰਦਿਆਂ ਡਾ. ਮਨਬੀਰ ਸਿੰਘ ਨੇ ਦੱਸਿਆ ਕਿ ਵੱਡੀ ਉਮਰ ਦੇ ਨੌਜਵਾਨ ਗੁਰਦੁਆਰਾ ਸੁਧਾਰ ਲਹਿਰ, ਇਸ ਦੇ ਅਰੰਭ ਅਤੇ ਨਤੀਜਿਆਂ ਨੂੰ ਮੌਜੂਦਾ ਪੰਥਕ ਸਥਿਤੀ ਦੇ ਪ੍ਰਸੰਗ ਵਿਚ ਵਿਸ਼ੇ ਵਜੋਂ ਚੁਣਨਗੇ। ਹਰ ਗਰੁਪ ਵਿਚੋਂ ਜੇਤੂ ਰਹਿਣ ਵਾਲੇ ਬੱਚੇ ਅਗਸਤ ਮਹੀਨੇ ਦੇ ਪਹਿਲੇ ਹਫਤੇ ਟੋਰਾਂਟੋ ਵਿਚ ਹੋਣ ਵਾਲੇ ਕੌਮੀ ਪ੍ਰੋਗਰਾਮ ਵਿਚ ਹਿੱਸਾ ਲੈਣਗੇ।




# ਲੰਬੜਦਾਰ ਚੂਹੜ ਸਿੰਘ ਜੌਹਲ ਦੇ ਪਰਿਵਾਰ ਨੂੰ ਲੱਖ ਲੱਖ ਵਧਾਈ

ਸੈਨ ਹੋਜ਼ੇ ਨਿਵਾਸੀ ਲੰਬੜਦਾਰ ਚੂਹੜ ਸਿੰਘ ਜੌਹਲ ਅਤੇ ਬੀਬੀ ਰਵਿੰਦਰ ਕੌਰ ਜੌਹਲ ਆਪਣੇ ਵੱਡੇ ਲੜਕੇ ਕਮਰਦੀਪ ਦੀ ਹੁਣੇ ਹੀ ਪੰਜਾਬ ਵਿਚ ਸ਼ਾਦੀ ਕਰਕੇ ਆਏ ਹਨ। ਕਮਰਦੀਪ ਦਾ ਵਿਆਹ ਪਿੰਡ ਸਾਹਨੇਵਾਲ (ਜਿਲ੍ਹਾ ਲੁਧਿਆਣਾ) ਵਿਖੇ ਪ੍ਰਿੰਸੀਪਲ ਦਰਸ਼ਨ ਸਿੰਘ ਸੰਧੂ ਦੀ ਲੜਕੀ ਤਨਵੀਰ ਕੌਰ ਨਾਲ ਹੋਇਆ। ਲੰਬੜਦਾਰ ਚੂਹੜ ਸਿੰਘ ਜੌਹਲ ਪੰਜਾਬ ਦੀ ਸਿਆਸਤ ਵਿਚ ਲੰਬੇ ਅਰਸੇ ਤੱਕ ਸਰਗਰਮ ਰਹੇ ਹੋਣ ਕਰਕੇ ਪੰਜਾਬ ਦੇ ਪ੍ਰਮੁੱਖ ਸਿਆਸੀ ਲੀਡਰਾਂ ਅਤੇ ਪਤਵੰਤੇ ਸੱਜਣਾਂ ਨੇ ਇਸ ਵਿਆਹ ਵਿਚ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਚੌਧਰੀ ਸਵਰਨਾ ਰਾਮ (ਕੈਬਨਿਟ ਮੰਤਰੀ), ਅਮਰਜੀਤ ਸਿੰਘ ਸਮਰਾ (ਵਿਧਾਇਕ ਅਤੇ ਸਾਬਕਾ ਮੰਤਰੀ), ਗੁਰਮੀਤ ਸਿੰਘ ਦਾਦੂਵਾਲ (ਸ਼ਰੋਮਣੀ ਕਮੇਟੀ ਮੈਂਬਰ ਅਤੇ ਐਸ ਐਸ ਬੋਰਡ ਮੈਂਬਰ), ਗੁਰਪ੍ਰਤਾਪ ਸਿੰਘ (ਸਪੁਤਰ ਕੁਲਦੀਪ ਸਿੰਘ ਵਡਾਲਾ), ਅਵਤਾਰ ਸਿੰਘ (ਚੇਅਰਮੈਨ ਸਤਲੁਜ ਟਰਾਂਸਪੋਰਟ), ਪ੍ਰਿੰਸੀਪਲ ਅਮ੍ਰਿਤਪਾਲ ਸਿੰਘ, ਪ੍ਰੋਫੈਸਰ ਸੁਰਜੀਤ ਸਿੰਘ ਅਤੇ ਪ੍ਰੋਫੈਸਰ ਨਾਜਰ ਸਿੰਘ ਸ਼ਾਮਲ ਸਨ। ਇਸ ਤੋਂ ਇਲਾਵਾ ਹਰਪ੍ਰਕਾਸ਼ ਸਿੰਘ ਢਿੱਲੋਂ (ਸੈਨ ਹੋਜ਼ੇ ਸਿਟੀ ਇੰਸਪੈਕਟਰ), ਗੁਰਜੰਟ ਸਿੰਘ ਸੰਘਾ (ਸੈਨ ਹੋਜ਼ੇ ਸੀਨੀਅਰ ਸਿਟੀ ਇੰਸਪੈਕਟਰ) ਅਤੇ ਅਮਰੀਕਾ, ਕੈਨੇਡਾ, ਇੰਗਲੈਂਡ ਤੋਂ ਬਹੁਤ ਸਾਰੇ ਭਾਈਚਾਰਕ ਪਰਿਵਾਰਾਂ ਨੇ ਵੀ ਕਮਰਦੀਪ ਦੇ ਸ਼ੁੱਭ ਵਿਆਹ ਦਾ ਅਨੰਦ ਮਾਣਿਆ।














Advt.

# ਗੁਰਦਆਰਾ ਸੈਨ ਹੋਜ਼ੇ ਵਿਚ ਖਾਲਸੇ ਦਾ ਸਾਜਨਾ ਦਿਵਸ ਮਨਾਇਆ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦਆਰਾ ਸੈਨਹੋਜ ਵਿਚ ਖਾਲਸਾ ਪੰਥ ਦਾ ਸਾਜ਼ਨਾ ਦਿਵਸ ਸੰਗਤਾਂ ਨੇ ਬੜੇ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਖਾਲਸਾ ਸਿਰਜਣਾ ਦਿਵਸ ਸਬੰਧੀ ਸਮਾਗਮ 14 ਅਪਰੈਲ ਤੋਂ ਹੀ ਆਰੰਭ ਸਨ। ਇਸ ਦਿਨ ਤੋਂ ਹੀ ਵਿਸ਼ੇਸ਼ ਦੀਵਾਨ ਸੱਜਦੇ ਰਹੇ। ਗੁਰਦਆਰਾ ਸਾਹਿਬ ਦੇ ਹਜ਼ੂਰੀ ਜੱਥਿਆਂ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਜੱਥਿਆਂ ਭਾਈ ਪਰਪਾਲ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ। ਢਾਡੀ ਜੱਥੇ ਭਾਈ ਕਮਲਜੀਤ ਸਿੰਘ ਬਿਲਗਾ ਵਾਲਿਆਂ ਨੇ ਢਾਡੀ ਵਾਰਾਂ ਰਾਹੀਂ ਸੰਗਤ ਨੂੰ ਖਾਲਸੇ ਦੇ ਸ਼ਾਨਾਂਮੱਤੇ ਇਤਿਹਾਸ ਦੀ ਜਾਣਕਾਰੀ ਦਿੱਤੀ। ਪੰਥ ਪ੍ਰਸਿੱਧ ਕਥਾ ਵਾਚਕ ਭਾਈ ਗੁਰਬਖਸ਼ ਸਿੰਘ ਗੁਲਸ਼ਨ ਨੇ ਖਾਲਸਾ ਸਾਜਨਾ, ਪੰਜ ਪਿਆਰਿਆਂ ਵਲੋਂ ਗੁਰੂ ਅੱਗੇ ਸੀਸ ਭੇਟ ਕਰਨ ਅਤੇ ਗੁਰੂ ਦੇ ਪਿਆਰੇ ਬਣਨ, ਅੰਮ੍ਰਿਤ, ਪੰਥਕ ਰਹਿਤ ਮਰਿਯਾਦਾ ਅਤੇ ਖਾਲਸੇ ਦੇ ਇਤਿਹਾਸ ਦੀ ਪਰਮਾਣ ਦੇ ਕੇ ਬਹੁਤ ਹੀ ਖੂਬਸੂਰਤ ਵਿਆਖਿਆ ਕੀਤੀ। ਗੁਰੂਘਰ ਨੂੰ ਗੁਬਾਰਿਆਂ ਨਾਲ ਸਜਾਇਆ ਗਿਆ।

ਸਨਿਚਰਵਾਰ 17 ਅਪਰੈਲ ਨੂੰ ਗੁਰਦਆਰਾ ਸੈਨਹੋਜ਼ੇ ਦੇ ਪ੍ਰਬੰਧ ਹੇਠ ਚਲਦੇ ਖਾਲਸਾ ਸਕੂਲ ਵਲੋਂ ਬੱਚਿਆਂ ਦੇ ਵੱਖ-ਵੱਖ ਧਾਰਮਿਕ ਖੇਤਰਾਂ ਵਿਚ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਬਾਸਕਟਬਾਲ, ਗਤਕਾ, ਦਸਤਾਰਬੰਧੀ, ਚੁੰਨੀ ਲੈਣ ਅਤੇ ਜੂੜਾ ਕਰਨ ਦੇ ਮੁਕਾਬਲੇ ਸ਼ਾਮਲ ਹਨ। ਬੱਚਿਆਂ ਲਈ ਫਰੈਂਚ ਫਰਾਈਆਂ ਦਾ ਵਿਸ਼ੈਸ਼ ਲੰਗਰ ਤਿਆਰ ਕੀਤਾ ਗਿਆ ਅਤੇ ਬੱਚਿਆਂ ਨੂੰ ਇਨਾਮ ਵੀ ਦਿਤੇ ਗਏ। 18 ਅਪਰੈਲ ਨੂੰ ਪੰਜ ਪਿਆਰਿਆਂ ਦੀ ਮੌਜੂਦਗੀ ਵਿਚ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਬੱਚਿਆਂ ਅਤੇ ਸੰਗਤ ਵਲੋਂ ਮਿਲ ਕੇ ਗੁਰਦਆਰਾ ਸਾਹਿਬ ਦੇ ਅੰਦਰ ਨਗਰ ਕੀਰਤਨ ਕੀਤਾ ਗਿਆ। ਬੀਬੀ ਨਰਿੰਦਰ ਕੌਰ ਮਹੇੜੂ ਅਤੇ ਪਰਮਜੀਤ ਸਿੰਘ ਦਾਖਾ ਵਲੋਂ ਖਾਲਸੇ ਦੇ ਸਾਜਨਾ ਦਿਵਸ ਸਬੰਧੀ ਅਤੇ ਗੁਰਦਆਰਾ ਸਾਹਿਬ ਦੀ ਬਣ ਰਹੀ ਖੂਬਸੂਰਤ ਇਮਾਰਤ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਮੇਂ ਹੋਲਿਸਟਰ ਦੀ ਸੰਗਤ ਵਲੋਂ ਗੁਰੂ ਕੇ ਲੰਗਰ ਦੀ ਅਟੁਟ ਸੇਵਾ ਕੀਤੀ ਗਈ।









## ਸੁਖਵਿੰਦਰ ਪੰਛੀ ਨੇ ਲਾਈਆਂ ਸੈਕਰਾਮੈਂਟੋ 'ਚ ਲਹਿਰਾਂ-ਬਹਿਰਾਂ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇਥੇ ਡਾਊਨ ਟਾਊਨ ਵਿਚ ਨਵੇਂ ਖੁੱਲ੍ਹੇ ਰੈਸਟੋਰੈਂਟ ਬੰਬੇ ਬਾਰ ਐਂਡ ਗਰਿਲ ਦੇ ਉਦਘਾਟਨੀ ਸਮਾਗਮ ਨੂੰ ਇਕ ਵਿਸਾਖੀ ਮੇਲੇ ਦੇ ਰੂਪ ਵਿਚ ਮਨਾਇਆ ਗਿਆ ਜਿਸ ਵਿਚ ਉਘੇ ਪੰਜਾਬੀ ਗਾਇਕ ਸੁਖਵਿੰਦਰ ਪੰਛੀ ਨੇ ਆਪਣੇ ਨਵੇਂ ਅਤੇ ਪੁਰਾਣੇ ਗੀਤ ਪੇਸ਼ ਕਰਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਉਸ ਦੇ ਗੀਤਾਂ 'ਦਿਲ ਵੱਟੇ ਦੇਵੇ ਭੈੜਾ ਛੱਲੇ ਮੁੰਦੀਆਂ', 'ਮੁੰਡਾ ਦਿਲ ਦਾ ਨ੍ਹੀਂ ਮਾੜਾ', 'ਨਿੱਕੀ ਜਿਹੀ ਗੱਲ ਪਿਛੇ ਝੱਲੀਏ ਚੰਨ ਜਿਹਾ ਯਾਰ ਨਹੀਂ ਰੁਸਾਈਦਾ', 'ਤੂੰ ਚਾਹੁੰਨਾ ਏ ਦਿਲਦਾਰ ਕੋਈ ਚਾਹਵੇ ਯਾ ਨਾ ਚਾਹਵੇ' ਨੂੰ ਸਰੋਤਿਆਂ ਨੇ ਚੋਖਾ ਪਸੰਦ ਕੀਤਾ।

ਪੰਛੀ ਤੋਂ ਬਾਅਦ ਉਸ ਦੇ ਪੁਤਰ ਬਾਲ ਗਾਇਕ ਨਵਜੋਤ ਸਿੰਘ ਰੌਕੀ ਨੇ 'ਚਿੱਠੀ ਲੰਦਨੋਂ ਲਿਖਦਾ ਤਾਰਾ' ਗਾ ਕੇ ਸਰੋਤਿਆਂ ਦੀਆਂ ਤਾੜੀਆਂ ਖੱਟੀਆਂ। ਇਥੋਂ ਦੇ ਰਿਐਲਟਰ ਦਿਲਵੀਰ ਦਿਲ ਨਿੱਜਰ ਨੇ ਇਕ ਗੀਤ ਗਾ ਕੇ ਹਾਜ਼ਰੀ ਲਵਾਈ। ਪੰਛੀ ਵਲੋਂ ਪਾਈਆਂ ਬੋਲੀਆਂ ਉਤੇ ਹਾਜ਼ਰ ਸਰੋਤਿਆਂ ਨੇ ਰੱਜ ਕੇ ਭੰਗੜਾ ਪਾਇਆ। ਰੈਸਟੋਰੈਂਟ ਦੇ ਮਾਲਕ ਭੰਡਾਲ ਭਰਾਵਾਂ ਨੇ ਆਏ ਮਹਿਮਾਨਾਂ ਦੀ ਭਰਵੀਂ ਸੇਵਾ ਕੀਤੀ। ਮਹਿਮਾਨਾਂ ਵਿਚ ਕਈ ਗੋਰੇ ਲੋਕ ਵੀ ਹਾਜ਼ਰ ਸਨ ਉਹ ਵੀ ਨੱਚਣੋਂ ਨਾ ਰਹਿ ਸਕੇ।

ਇਸ ਮੌਕੇ ਹਾਜ਼ਰ ਮਹਿਮਾਨਾਂ ਵਿਚ ਉਘੇ ਪ੍ਰੋਮੋਟਰ ਜੱਸੀ ਬੰਗਾ, ਪੰਜਾਬ ਤੋਂ ਆਏ ਯੂਥ ਅਕਾਲੀ ਦਲ ਦੇ ਮੀਤ ਪ੍ਰਧਾਨ ਪਰਮਿੰਦਰ ਪਾਲ ਸਿੰਘ ਖਾਲਸਾ ਦੇ ਸਪੁਤਰ ਸਵਰਨਜੀਤ ਸਿੰਘ ਖਾਲਸਾ ਤੇ ਉਨ੍ਹਾਂ ਦੀ ਪਤਨੀ ਗੁਰਤਾਸ ਕੌਰ, ਜਸਵਿੰਦਰ ਸਿੰਘ ਵਿਰਕ, ਚਰੰਜੀਵ ਸਿੰਘ ਵਿਰਕ, ਬੌਬੀ ਗੋਸਲ, ਤਬਲਾਵਾਦਕ ਉਸਤਾਦ ਮਲਕੀਤ ਸਿੰਘ ਸੰਧੂ, ਜੌਹਨ ਬੰਗਾ, ਦਵਿੰਦਰ ਸਿੰਘ ਬੈਂਸ, ਮੋਹਨ ਪੁਰੇਵਾਲ, ਗੁਰਚਰਨ ਬਸਰਾ, ਮਨਜੀਤ ਸਿੰਘ ਖਾਲਸਾ, ਮਹੇਸ਼ਇੰਦਰ ਸਿੰਘ, ਕੁਲਵੰਤ ਅਟਵਾਲ, ਕਸ਼ਮੀਰ ਸਿੰਘ ਭੰਗਲ, ਕੰਵਰਦੀਪ ਸਿੰਘ ਵਿਰਕ, ਬਿੱਲਾ ਬੁੱਟਰ ਅਤੇ ਰਾਣਾ ਰੀਨੋ ਸ਼ਾਮਲ ਸਨ। ਇਸ ਮੌਕੇ ਫੋਟੋਗ੍ਰਾਫੀ ਹਰਭਜਨ ਸਿੰਘ ਲੌਂਗਮੈਨ ਨੇ ਕੀਤੀ ਅਤੇ ਸਟੇਜ ਪਰਮਿੰਦਰ ਸਿੰਘ ਔਜਲਾ ਨੇ ਸੰਭਾਲੀ। ਬੰਬੇ ਗਰਿਲ ਦੇ ਮਾਲਕ ਨਵਇੰਦਰ ਸਿੰਘ ਭੰਡਾਲ, ਨੇਕਵੀਰ ਸਿੰਘ ਭੰਡਾਲ ਅਤੇ ਅਮਰੀਕ ਸਿੰਘ ਭੰਡਾਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।




## ਦਸਤਾਰਧਾਰੀ ਸਿੱਖ ਮਾਸਟਰ ਕਾਰਡ ਦਾ ਮੁਖੀ ਨਿਯੁਕਤ

**ਵਾਸ਼ਿੰਗਟਨ:** ਭਾਰਤ ਵਿਚ ਪੜ੍ਹਿਆ ਅਤੇ ਟਰੇਂਡ ਹੋਇਆ ਇਕ ਹੋਰ ਆਰਥਿਕ ਮਾਹਿਰ ਉਦੋਂ ਵਿਸ਼ਵ ਦੇ ਕਾਰਪੋਰੇਟ ਮੋਹਰੀਆਂ ਵਿਚ ਸ਼ਾਮਲ ਹੋ ਗਿਆ ਜਦੋਂ ਪੂਨੇ ਵਿਚ ਜਨਮਿਆ, ਦਿੱਲੀ ਵਿਚ ਪੜ੍ਹਿਆ ਅਤੇ ਆਈ ਆਈ ਐਮ ਦਾ ਸਾਬਕਾ ਵਿਦਿਆਰਥੀ ਦਸਤਾਰਧਾਰੀ ਸਿੱਖ ਅਜੇ ਬੰਗਾ ਮਾਸਟਰ ਕਾਰਡ ਇੰਕ ਦਾ ਚੀਫ ਐਗਜ਼ੀਕਿਊਟਿਵ ਅਫਸਰ (ਸੀ ਈ ਓ) ਬਣ ਗਿਆ। ਸ੍ਰੀ ਬੰਗਾ ਨੇ ਮਾਸਟਰ ਕਾਰਡ ਦੇ ਮੌਜੂਦਾ ਸੀ ਈ ਓ ਰੌਬਰਟ ਸਿਲੈਂਡਰ ਤੋਂ ਅਹੁਦੇ ਦਾ ਚਾਰਜ ਪਹਿਲੀ ਜੁਲਾਈ ਨੂੰ ਲੈਣਾ ਹੈ। ਅਜੇ ਸਿਰਫ ਦਸ ਮਹੀਨੇ ਪਹਿਲਾਂ ਹੀ ਸਿਟੀਗਰੁਪ ਤੋਂ ਉਸ ਨੂੰ ਸੰਭਾਵੀ ਉਤਰਾਧਿਕਾਰੀ ਵਜੋਂ ਹਾਇਰ ਕੀਤਾ ਗਿਆ ਸੀ।



*ਸ੍ਰੀ ਅਜੇ ਬੰਗਾ*

ਸ੍ਰੀ ਬੰਗਾ ਪਿਛਲੇ ਸਾਲ ਅਗਸਤ ਮਹੀਨੇ ਮਾਸਟਰ ਕਾਰਡ ਦੇ ਪ੍ਰੈਜ਼ੀਡੈਂਟ ਅਤੇ ਚੀਫ ਆਪਰੇਟਿੰਗ ਅਫਸਰ ਬਣਾਏ ਗਏ ਸਨ। ਇਸ ਤੋਂ ਪਹਿਲਾਂ ਉਹ ਸਿਟੀਗਰੁਪ ਲਈ ਕੰਮ ਕਰਦੇ ਸਨ। ਸ੍ਰੀ ਅਜੇ ਬੰਗਾ ਸੀ ਈ ਓ ਬਣਨ ਉਪਰੰਤ ਵੀ ਪ੍ਰੈਜ਼ੀਡੈਂਟ ਦਾ ਆਪਣਾ ਮੌਜੂਦਾ ਅਹੁਦਾ ਬਹਾਲ ਰੱਖ ਸਕਣਗੇ। ਜ਼ਿਕਰਯੋਗ ਹੈ ਕਿ ਸਿਟੀਗਰੁਪ ਦਾ ਸੀ ਈ ਓ ਜਾਂ ਮੁਖੀ ਵੀ ਭਾਰਤੀ ਮੂਲ ਦਾ ਹੀ ਇਕ ਆਰਥਿਕ ਮਾਹਿਰ ਵਿਕਰਮ ਪੰਡਿਤ ਹੈ। ਇਸੇ ਤਰ੍ਹਾਂ ਪੈਪਸੀਕੋ ਦੀ ਸੀ ਈ ਓ ਵੀ ਭਾਰਤੀ ਮੂਲ ਦੀ ਇਕ ਆਰਥਿਕ ਮਾਹਿਰ ਇੰਦਰਾ ਨੂਈ ਹੈ। ਮਾਸਟਰ ਕਾਰਡ ਦਾ ਹੈਡ ਕੁਆਰਟਰ ਨਿਊ ਯਾਰਕ ਦੇ ਇਕ ਛੋਟੇ ਜਿਹੇ ਪਰਚੇਜ਼ ਨਾਂ ਦੇ ਕਸਬੇ ਵਿਚ ਹੈ। ਇਸ ਕਸਬੇ ਨੂੰ ਪਰਚੇਜ਼ ਨਾਂ ਇਕ ਬਰਤਾਨਵੀ ਵਲੋਂ ਦਿੱਤਾ ਗਿਆ ਸੀ ਜਿਸ ਨੇ ਅਮਰੀਕਾ ਦੇ ਮੂਲ ਨਿਵਾਸੀਆਂ ਤੋਂ ਇਹ ਜਗ੍ਹਾ ਖਰੀਦੀ ਸੀ। ਇਸੇ ਪਰਚੇਜ਼ ਸ਼ਹਿਰ ਵਿਚ ਹੀ ਜੇ ਪੀ ਮਾਰਗਨ ਦਾ ਹੈਡ ਕੁਆਰਟਰ ਹੈ ਅਤੇ ਜੇ ਪੀ ਮਾਰਗਨ ਵਿਚ ਵੀ ਭਾਰਤੀ ਆਰਥਿਕ ਮਾਹਿਰਾਂ ਦੀ ਭਰਮਾਰ ਹੈ।

ਇਕ ਦਸਤਾਰਧਾਰੀ ਸਿੱਖ ਅਜੇ ਬੰਗਾ ਨੂੰ ਮਾਸਟਰ ਕਾਰਡ ਕੰਪਨੀ ਦਾ ਮੁਖੀ ਬਣਾਏ ਜਾਣ ਦੀ ਖਬਰ ਦੇਵਨੇਤ ਉਸੇ ਦਿਨ ਆਈ ਜਦੋਂ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਾਸ਼ਿੰਗਟਨ ਵਿਚ ਪ੍ਰਮਾਣੂ ਸੁਰੱਖਿਆ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਅਮਰੀਕਾ ਆਏ ਹੋਏ ਸਨ। ਪਿਛਲੇ ਕੁਝ ਸਾਲਾਂ ਤੋਂ ਸਿੱਖ ਭਾਈਚਾਰੇ ਦੇ ਮੋਹਰੀਆਂ ਨੇ ਅਮਰੀਕਨਾਂ ਨੂੰ ਆਪਣੇ ਧਰਮ ਅਤੇ ਸੱਭਿਆਚਾਰ ਬਾਰੇ ਜਾਣੂ ਕਰਵਾਉਣ ਲਈ ਉਚੇਚੀਆਂ ਕੋਸ਼ਿਸ਼ਾਂ ਵਿੱਢੀਆਂ ਹੋਈਆਂ ਹਨ ਅਤੇ ਵਾਈਟ ਹਾਊਸ ਨੇ ਵੀ ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾ ਕੇ ਇਸੇ ਪਾਸੇ ਕੋਸ਼ਿਸ਼ ਕੀਤੀ ਸੀ। ਰਾਸ਼ਟਰਪਤੀ ਓਬਾਮਾ ਨੇ ਪਿਛਲੇ ਸਾਲ ਅਮਰੀਕੀ ਦੌਰੇ 'ਤੇ ਆਏ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਬਾਰੇ ਉਚੇਚਾ ਦੱਸਿਆ ਵੀ ਸੀ।

ਸ੍ਰੀ ਅਜੇ ਬੰਗਾ ਦਾ ਜਨਮ ਪੂਨੇ ਦੇ ਬਾਹਰਵਾਰ ਖੜਕੀ ਨਾਂ ਦੇ ਛੋਟੇ ਜਿਹੇ ਕਸਬੇ ਵਿਚ ਹੋਇਆ ਜਿਥੇ ਉਨ੍ਹਾਂ ਦੇ ਪਿਤਾ ਇਕ ਫੌਜੀ ਅਫਸਰ ਵਜੋਂ ਤਾਇਨਾਤ ਸਨ। ਫੌਜੀ ਅਫਸਰ ਪਿਤਾ ਦੀ ਥਾਂ ਥਾਂ ਬਦਲੀ ਹੋਣ ਕਰਕੇ ਸ੍ਰੀ ਅਜੇ ਬੰਗਾ ਨੇ ਆਪਣੀ ਸਕੂਲ ਦੀ ਪੜ੍ਹਾਈ ਵੱਖ ਵੱਖ ਸ਼ਹਿਰਾਂ ਸਿਕੰਦਰਾਬਾਦ, ਜਲੰਧਰ, ਦਿੱਲੀ, ਹੈਦਰਾਬਾਦ ਅਤੇ ਸ਼ਿਮਲਾ ਵਿਚ ਰਹਿ ਕੇ ਪੂਰੀ ਕੀਤੀ। ਆਪਣੇ ਪਿਤਾ ਵਾਂਗ ਫੌਜੀ ਅਫਸਰ ਬਣਨ ਦੀ ਥਾਂ ਉਸ ਨੇ ਦਿੱਲੀ ਯੂਨੀਵਰਸਿਟੀ ਤੋਂ ਇਕਨਾਮਿਕਸ ਵਿਚ ਬੀ ਏ ਆਨਰਜ਼ ਕਰਨ ਨੂੰ ਤਰਜ਼ੀਹ ਦਿੱਤੀ ਅਤੇ ਫਿਰ ਆਈ ਆਈ ਐਮ ਅਹਿਮਦਾਬਾਦ ਤੋਂ ਐਮ ਬੀ ਏ ਮੁਕੰਮਲ ਕੀਤੀ। ਸਹੀ ਅਰਥਾਂ ਵਿਚ ਉਹ ਭਾਰਤੀ ਟਕਸਾਲ ਵਿਚ ਢਲਿਆ ਆਰਥਿਕ ਮਾਹਿਰ ਹੈ ਜੋ ਕਿ ਕਿਸੇ ਕੌਮਾਂਤਰੀ ਪੱਧਰ ਦੀ ਐਡੀ ਵੱਡੀ ਕੰਪਨੀ ਦੇ ਸਿਖਰ 'ਤੇ ਪਹੁੰਚਿਆ ਹੈ। ਇਸ ਦੇ ਮੁਕਾਬਲੇ ਇੰਦਰਾ ਨੂਈ ਅਤੇ ਹੋਰਨਾਂ ਨੇ ਭਾਰਤੀ ਡਿਗਰੀਆਂ ਦੇ ਨਾਲ ਨਾਲ ਅਮਰੀਕੀ ਜਾਂ ਬਰਤਾਨਵੀ ਡਿਗਰੀਆਂ ਵੀ ਹਾਸਲ ਕੀਤੀਆਂ ਹੋਈਆਂ ਹਨ। ਸ੍ਰੀ ਬੰਗਾ ਨੇ ਆਪਣਾ ਕੈਰੀਅਰ ਨੈਸਲੇ ਤੋਂ ਸ਼ੁਰੂ ਕੀਤਾ ਅਤੇ ਫਿਰ 1996 ਵਿਚ ਸਿਟੀਗਰੁਪ ਵਿਚ ਇੰਡੀਆ ਲਈ ਮਾਰਕਿਟਿੰਗ ਹੈਡ ਵਜੋਂ ਨੌਕਰੀ ਲੈ ਲਈ। ਇਹ ਵੀ ਦਿਲਚਸਪ ਗੱਲ ਹੈ ਕਿ ਉਨ੍ਹਾਂ ਦਾ ਭਰਾ ਸ੍ਰੀ ਐਮ ਐਸ ਬੰਗਾ ਹਿੰਦੋਸਤਾਨ ਲੀਵਰ ਲਿਮਟਿਡ ਦਾ ਸਾਬਕਾ ਚੇਅਰਮੈਨ ਹੈ।

ਸੰਨ 2000 ਵਿਚ ਅਜੇ ਬੰਗਾ ਨੂੰ ਸਿਟੀ ਫਾਇਨਾਂਸ਼ੀਅਲ ਅਤੇ ਯੂ ਐਸ ਕੰਜ਼ੀਊਮਰ ਅਸੈਟਸ ਡਿਵੀਜ਼ਨ ਦਾ ਮੁਖੀ ਬਣਾ ਦਿੱਤਾ ਗਿਆ। ਸੰਨ 2002 ਵਿਚ ਉਹ ਪਹਿਲੀ ਵਾਰ ਅਮਰੀਕਾ ਸਿਟੀ ਰਿਟੇਲ ਬੈਂਕ ਦੇ ਮੁਖੀ ਵਜੋਂ ਪਹੁੰਚੇ ਅਤੇ ਸੰਨ 2002 ਵਿਚ ਉਨ੍ਹਾਂ ਨੂੰ ਸਿਟੀਗਰੁਪ ਨੇ ਇੰਟਰਨੈਸ਼ਨਲ ਕੰਜ਼ੀਊਮਰ ਬੈਂਕਿੰਗ ਅਤੇ ਫਾਇਨਾਂਸ ਬਿਜਨਸ ਦਾ ਮੁਖੀ ਬਣਾ ਦਿੱਤਾ।

## ਮਾਮਲਾ ਗੁਰੂਘਰ 'ਤੇ ਕਬਜ਼ੇ ਦਾ, 3 ਖਿਲਾਫ ਕੇਸ ਦਰਜ

**ਟੋਰਾਂਟੋ:** ਬਰੈਪਟਨ ਦੇ ਗੁਰਦੁਆਰਾ ਸਾਹਿਬ ਵਿਖੇ ਦੋ ਧਿਰਾਂ ਵਿਚ ਹੋਈ ਖੂਨੀ ਝੜਪ ਦੇ ਮਾਮਲੇ ਵਿਚ ਤਿੰਨ ਕਥਿਤ ਮੁਜਰਮਾਂ 'ਤੇ ਪੁਲਿਸ ਨੇ ਵਖੋ-ਵਖ ਕੇਸ ਦਰਜ ਕੀਤੇ ਹਨ। ਇਨ੍ਹਾਂ ਵਿਚ ਹਰਵਿੰਦਰਪਾਲ ਸਿੰਘ ਉਰਫ ਰੂਬੀ, ਟਹਿਲ ਸਿੰਘ ਸ਼ੇਰਗਿੱਲ ਅਤੇ ਸਤਵੰਤ ਸਿੰਘ ਦਿਓਲ ਦੇ ਨਾਂ ਸ਼ਾਮਲ ਹਨ। ਪ੍ਰਾਪਤ ਸੂਚਨਾ ਅਨੁਸਾਰ ਇਨ੍ਹਾਂ ਤਿੰਨਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਹ ਝਗੜਾ ਗੋਲਡਨ ਰੋਡ 'ਤੇ ਸਥਿਤ ਗੁਰੂ ਨਾਨਕ ਸਿਪਸੈਟਰੋ ਵਿਚ ਉਸ ਸਮੇਂ ਹੋਇਆ ਜਦੋਂ ਇੱਕ ਧਿਰ ਨੇ ਦੂਸਰੀ ਧਿਰ ਦੀ ਮੀਟਿੰਗ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਮਾਮੂਲੀ ਤਕਰਾਰ ਤੋਂ ਵਧੀ ਇਸ ਝੜਪ ਨੇ ਛੇਤੀ ਹੀ ਭਿਆਨਕ ਰੂਪ ਧਾਰ ਲਿਆ।

# ਸੈਕਰਾਮੈਂਟੋ ਦੇ 21ਵੇਂ ਵਿਸਾਖੀ ਮੇਲੇ ਨੇ ਕਰਾਈ ਬੱਲੇ ਬੱਲੇ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਨ ਪੰਜਾਬੀਆਂ ਕੋਲ ਭਾਵੇਂ ਤੂੜੀ ਸਾਂਭਣ ਜਾਂ ਹਾੜੀ ਵੇਚਣ-ਵੱਟਣ ਵਰਗੇ ਕੋਈ ਬਹੁਤੇ ਰੁਝੇਵੇਂ ਨਹੀਂ ਹਨ ਪਰ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਇਥੇ ਲੰਘੀ 17 ਅਪਰੈਲ ਨੂੰ ਕਰਵਾਏ ਗਏ 21ਵੇਂ ਸਭਿਆਚਾਰਕ ਮੇਲੇ ਵਿਚ ਪਹੁੰਚੇ ਕਲਾਕਾਰਾਂ ਅਤੇ ਦਰਸ਼ਕਾਂ ਦੇ ਉਤਸ਼ਾਹ ਨੂੰ ਵੇਖ ਕੇ ਧਨੀ ਰਾਮ ਚਾਤ੍ਰਿਕ ਦਾ ਇਹ ਬੰਦ ਚੇਤੇ ਆਉਂਦਾ ਹੈ:

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ...।

ਪਰਿਵਾਰਕ ਮੇਲੇ ਵਜੋਂ ਜਾਣੇ ਜਾਂਦੇ ਇਸ ਵਿਸਾਖੀ ਮੇਲੇ ਨੇ ਆਪਣੀ ਰਵਾਇਤੀ ਸ਼ਾਨੋ ਸ਼ੌਕਤ ਨੂੰ ਬਰਕਰਾਰ ਰੱਖਦਿਆਂ ਜਿਥੇ ਦਰਸ਼ਕਾਂ ਦੀ ਗਿਣਤੀ ਦਾ ਘੇਰਾ ਵਧਾਇਆ ਉਥੇ ਨਾਲ ਦੀ ਨਾਲ ਪੰਜਾਬੀ ਸਭਿਆਚਾਰ ਦੇ ਮੇਚ ਦਾ ਮਨੋਰੰਜਨ ਵੀ ਪੇਸ਼ ਕੀਤਾ। ਮਿਥੇ ਸਮੇਂ ਸ਼ੁਰੂ ਹੋਏ ਇਸ ਮੇਲੇ ਦੀ ਸ਼ੁਰੂਆਤ ਇਕ ਛੋਟੀ ਬੱਚੀ ਕੁਲਜੀਤ ਕੌਰ ਦੇ ਗਾਏ ਇਕ ਧਾਰਮਿਕ ਗੀਤ ਨਾਲ ਹੋਈ ਜਿਸ ਪਿਛੋਂ ਲੋਕ ਗਾਇਕ ਅਨੂਪ ਸਿੰਘ ਚੀਮਾ ਨੇ ਆਪਣੀ ਨਵੀਂ ਰਿਲੀਜ਼ ਹੋਈ ਟੇਪ ਵਿਚੋਂ ਇਕ ਧਾਰਮਿਕ ਗੀਤ ਗਾ ਕੇ ਸਿਰਜਣਹਾਰ ਨੂੰ ਸਜ਼ਦਾ ਕੀਤਾ।

ਲੋਕ ਨਾਚਾਂ ਦੀ ਲੜੀ ਦੀ ਸ਼ੁਰੂਆਤ ਕਰਦਿਆਂ 'ਡਾਇਸੰਡਜ਼ ਆਫ ਭੰਗੜਾ' ਗਰੁਪ ਨੇ ਖੂਬਸੂਰਤ ਭੰਗੜਾ ਪੇਸ਼ ਕੀਤਾ। ਸੁਨਹਿਰੀ ਕੁੜੀਆਂ ਗਰੁਪ ਦੀਆਂ ਛੋਟੀਆਂ ਬੱਚੀਆਂ ਨੇ ਇਕ ਐਕਸ਼ਨ ਸੌਂਗ ਪੇਸ਼ ਕਰਕੇ ਖੂਬ ਦਾਦ ਖੱਟੀ। 'ਗੱਜਦੀ ਜਵਾਨੀ' ਗਰੁਪ ਦੀਆਂ ਕੁੜੀਆਂ ਨੇ ਭੰਗੜਾ ਪੇਸ਼ ਕਰਕੇ ਬੱਲੇ ਬੱਲੇ ਕਰਵਾਈ। ਪਰਦੀਪ ਪੂਨੀ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ ਗਿਆ ਗਿੱਧਾ ਬਹੁਤ ਸਲਾਹਿਆ ਗਿਆ। ਭੰਗੜਾ ਗਰੁਪ 'ਪੰਜਾਬ ਦੀ ਸ਼ਾਨ', 'ਮਾਣ ਦੁਆਬੇ ਦਾ', 'ਅਣਖੀਲੇ ਗੱਭਰੂ', 'ਰਾਂਝੇ ਪੰਜਾਬ ਦੇ', 'ਸੈਕਰਾਮੈਂਟੋ ਸਿੰਘਜ਼', 'ਅੰਪਾਇਰ ਭੰਗੜਾ', 'ਜੂਨੀਅਰ ਸੈਨ ਹੋਜ਼ੇ ਬੁਆਇਜ਼' ਨੇ ਇਕ ਦੂਜੇ ਤੋਂ ਚੜ੍ਹਦਾ ਭੰਗੜਾ ਪੇਸ਼ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ।







ਗੀਤ-ਸੰਗੀਤ ਦੇ ਦੌਰ ਵਿਚ ਪੂਨਮ ਮਲਹੋਤਰਾ ਨੇ 'ਘੁੰਢ ਕੱਢ ਕੇ ਕਿੱਕਲੀ ਜਦ ਮੈਂ ਪਾਈ ਰਾਤ ਨੂੰ' ਗੀਤ ਨਾਲ ਆਪਣੀ ਪੁਖਤਾ ਗਾਇਕੀ ਦਾ ਸਬੂਤ ਦਿੱਤਾ। ਅਨੂਪ ਸਿੰਘ ਚੀਮਾ ਨੇ ਮਾਂ-ਧੀ ਦੇ ਪਿਆਰ ਦਾ ਗੀਤ 'ਘਰੋਂ ਜਦੋਂ ਤੂੰ ਤੁਰਿਆ ਸੀ ਵੇ ਵੀਰਾ ਕੀ ਕਰਦੀ ਸੀ ਮੇਰੀ ਮਾਂ ਵੇ' ਪੇਸ਼ ਕਰਕੇ ਸਰੋਤਿਆਂ ਨੂੰ ਜਜ਼ਬਾਤੀ ਬਣਾ ਦਿੱਤਾ। ਸੰਗੀਤ ਗਰੁਪ ਆਫ ਕੈਲੀਫੋਰਨੀਆ ਦੇ ਅਮਰਜੀਤ ਦੁਲਈ ਨੇ ਆਪਣਾ ਪ੍ਰਸਿੱਧ ਗੀਤ 'ਅੱਜ ਆ ਗਿਆ ਵਿਆਹ ਕੇ ਮੇਰਾ ਵੀਰ ਬਈ' ਗਾ ਕੇ ਸਰੋਤੇ ਝੂਮਣ ਲਾ ਦਿੱਤੇ। ਆਪਣੇ ਜ਼ਮਾਨੇ ਦੇ ਉਘੇ ਰੇਡੀਓ ਸਿੰਗਰ ਅਤੇ ਇਸ ਸੁਸਾਇਟੀ ਦੇ ਰੂਹੇਰਵਾਂ ਸ. ਰਛਪਾਲ ਸਿੰਘ ਫਰਵਾਲਾ ਨੇ ਧੀਆਂ ਨੂੰ ਸਮਰਪਿਤ ਇਕ ਗੀਤ 'ਪੁੱਤ ਬਣ ਕੇ ਕਮਾਊਂ ਘਰ ਤੇਰੇ ਚਿਤ ਨਾ ਡੁਲਾਈਂ ਬਾਬਲਾ' ਗਾ ਕੇ ਸਰੋਤਿਆਂ ਨੂੰ ਧੀਆਂ ਦੀ ਅਹਿਮੀਅਤ ਚੇਤੇ ਕਰਵਾਈ। ਪੰਮੀ ਮਾਨ ਅਤੇ ਰਾਜ ਸਿੰਘ ਨੇ ਬੀਟ ਵਾਲੇ ਗੀਤ ਗਾ ਕੇ ਸਰੋਤਿਆਂ ਦੀਆਂ ਅੱਡੀਆਂ ਥਿਰਕਣ ਲਾਈਆਂ।

ਸੈਨ ਹੋਜ਼ੇ ਤੋਂ ਆਏ ਜਸਪਾਲ ਸਿੰਘ ਅਤੇ ਗੁਰਵਿੰਦਰ ਸਿੰਘ ਗੋਗੀ ਦੀਆਂ ਭੰਗੜਾ ਅਤੇ ਗਿੱਧਾ ਟੀਮਾਂ ਨੇ ਇਨ੍ਹਾਂ ਲੋਕ ਨਾਚਾਂ ਦੀ ਕਮਾਲ ਦੀ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ। ਜਸਪਾਲ ਸਿੰਘ ਦੇ ਬੇਟੇ ਅਜੇਪਾਲ ਸਿੰਘ ਅਤੇ ਪੂਜਾ ਸੋਲੰਕੀ ਨੇ ਇਕ ਦੋਗਾਣੇ 'ਹਾਣ ਬਰਾਬਰ ਦਾ' ਉਤੇ ਐਕਸ਼ਨ ਇੰਨੀ ਖੂਬਸੂਰਤੀ ਨਾਲ ਪੇਸ਼ ਕੀਤਾ ਕੇ ਦਰਸ਼ਕ ਵਾਹ ਵਾਹ ਕਰ ਉਠੇ। ਰਵਾਇਤੀ ਪੰਜਾਬੀ ਪਹਿਰਾਵੇ ਅਤੇ ਪੰਜਾਬੀ ਗਹਿਣਿਆਂ ਨਾਲ ਸਜੀਆਂ ਫਬੀਆਂ 'ਰੀਅਲ ਪੰਜਾਬਣਾਂ' ਗਰੁਪ ਦੀਆਂ ਮੁਟਿਆਰਾਂ ਨੇ ਗਿੱਧਾ ਪਾ ਕੇ ਧਰਤੀ ਪੁੱਟਣੀ ਲਾਈ ਰੱਖੀ। ਝਾਂਜਰ ਦੀ ਛਣਕਾਰ ਗਰੁਪ ਨੇ ਇਕ ਐਕਸ਼ਨ ਸੌਂਗ ਪੇਸ਼ ਕਰਕੇ ਮੇਲੇ ਨੂੰ ਸਿਖਰ 'ਤੇ ਲੈ ਆਂਦਾ। ਅਖੀਰ ਵਿਚ ਡੇਵਿਸ ਯੂਨੀਵਰਸਿਟੀ ਦੇ ਕੁੜੀਆਂ-ਮੁੰਡਿਆਂ ਦੀ ਸਾਂਝੀ ਭੰਗੜਾ ਟੀਮ ਨੇ ਦਮਦਾਰ ਭੰਗੜਾ ਪੇਸ਼ ਕਰਕੇ ਮੇਲਾ ਲੁੱਟ ਲਿਆ।

ਮੇਲਾ ਪ੍ਰਬੰਧਕਾਂ ਵਲੋਂ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਲਈ 175 ਤੋਂ ਵੀ ਵੱਧ ਕਲਾਕਾਰਾਂ ਨੂੰ ਇਨਾਮ ਵੰਡੇ ਗਏ। ਕਮਿਊਨਿਟੀ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਸਨਮਾਨਿਤ ਕਰਨ ਦੀ ਹਰ ਸਾਲ ਦੀ ਰਵਾਇਤ ਨੂੰ ਅੱਗੇ ਤੋਰਦਿਆਂ ਇਸ ਸਾਲ ਵੀ ਤਿੰਨ ਸ਼ਖਸੀਅਤਾਂ ਨੂੰ ਸਨਮਾਨ ਦਿੱਤਾ ਗਿਆ ਜਿਨ੍ਹਾਂ ਵਿਚ ਸ. ਹਰਜਿੰਦਰ ਸਿੰਘ ਪੰਧੇਰ ਨੂੰ ਪੰਜਾਬੀ ਪੜ੍ਹਾਈ ਤੇ ਸਾਹਿਤ ਲਈ ਅਤੇ ਡਾ. ਗੁਰਿੰਦਰਪਾਲ ਸਿੰਘ ਤੇ ਸ੍ਰੀਮਤੀ ਪੁਸ਼ਵਿੰਦਰ ਕੌਰ ਨੂੰ ਪੰਜਾਬੀ ਦੀ ਪੜ੍ਹਾਈ ਲਈ ਸਨਮਾਨ ਦਿੱਤਾ ਗਿਆ।

ਸੈਕਰਾਮੈਂਟੋ ਕਾਊਂਟੀ ਦੇ ਸੁਪਰਵਾਈਜ਼ਰ ਰੋਜ਼ਰ ਡਿਕਨਸਨ ਇਸ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮੇਲੇ ਦੀ ਸਫਲਤਾ ਤੋਂ ਬਾਗੋ ਬਾਗ ਹੋਏ ਸ. ਰਛਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਸਪਾਂਸਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੱਗੋਂ ਤੋਂ ਵੀ ਇਸੇ ਤਰ੍ਹਾਂ ਦੇ ਸਹਿਯੋਗ ਦੀ ਆਸ ਕੀਤੀ। ਸ੍ਰੀ ਫਰਵਾਲਾ ਨੇ ਕਮੇਟੀ ਮੈਂਬਰਾਂ ਰਾਜਿੰਦਰਪਾਲ ਸਿੰਘ, ਅਮਰੀਕ ਸਿੰਘ ਪਰਿਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਕਮਲ ਬੰਗਾ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਪਰਮਜੀਤ ਢਿੱਲੋਂ, ਜਰਨੈਲ ਸਿੰਘ ਸਰਪੰਚ, ਦੇਬੀ ਗਿੱਲ, ਸੁਖਰਾਜ ਔਲਖ, ਸੁਖਚੈਨ ਸਿੰਘ ਸੁੱਖ, ਭੁਪਿੰਦਰ ਰੀਹਲ, ਕੁਲਦੀਪ ਬੈਂਸ, ਜਸਵਿੰਦਰ ਪੂਨੀ, ਜਸਵੰਤ ਸਿੰਘ ਸ਼ਾਦ, ਅਰਜਿੰਦਰ ਕੁਕੀ, ਐਮ ਐਸ ਚਾਹਲ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਪਰਮਿੰਦਰ ਵਿਰਕ, ਜਸਚਰਨ ਗਿੱਲ, ਬਲਬੀਰ ਜੌਹਲ, ਕਮਲ ਗਿੱਲ, ਅਵਤਾਰ ਸਿੰਘ ਡੋਡ ਤੇ ਹਰਜਿੰਦਰ ਸਿੰਘ ਪੰਧੇਰ ਦਾ ਸਹਿਯੋਗ ਲਈ ਧੰਨਵਾਦ ਕੀਤਾ। ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਕੀਤਾ।

















**Platinum Sponsor: Sher Atta**

**Gold Sponsor:** Fast Choice Markets, KTL Transportation corp., Harman Transportation, Camps Logistics, Capital Accounting & Tax Services, Moonlight Studio, Sterling Real Estate Co., Wells Fargo Bank.

**Silver Sponsor:** BTR Truck & Trailer Repair, Urapar Petroleum, The Auto Experts/Roseville Smog Center, Round Table Pizza, Kay Bee Liquor, HMK Petro Inc., Link Insurance, Sac Truck Lines, Norcal Trucking, Jesse Thandi, Kaiser Permanente, Pal Liquor.

**Bronze Sponsor:** Choice Market, BJ Gear, Pooja Grill, Tak Food & Liquor, Sterling Auto, Power Mart, Stumpy Liquor Redding, Hardeep Singh, Ranjit Bola, Harjot Virk, Aman Dhir, Amrik Cheema, Ravinder "Bittu", Jagjit Dhillon, Gurminder Bhela, Satti Bhele, Sony Sahota, Jaswinder Banga, Makhan Singh Jhattu, Parmjit Phagura,Tony Kalotia, Sukhdev Kalotia, American Travel & Tours, Liquor King Redding, Hinkles Liquor Redding, GA Construction, Sohal Farms, Karamjit Singh Minhas, Singh Realty & Mortgage, Indian Saver USA.

# ਵੈਸਟ ਸੈਕਰਾਮੈਂਟੋ ਗੁਰੂ ਘਰ ਦੇ ਨਵੇਂ ਲੰਗਰ ਹਾਲ ਦਾ ਉਦਘਾਟਨ

**ਸੈਕਰਾਮੈਂਟੋ (ਮੇਜਰ ਸਿੰਘ ਕੁਲਾਰ):** ਸਥਾਨਕ ਗੁਰਦੁਆਰਾ ਵੈਸਟ ਸੈਕਰਾਮੈਂਟੋ ਦੀਆਂ ਸੰਗਤਾਂ ਦੀਆਂ ਵਧ ਰਹੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਸ਼ਾਨਦਾਰ ਲੰਗਰ ਹਾਲ ਕੰਪਲੈਕਸ ਦਾ ਉਦਘਾਟਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਪੰਜ ਪਿਆਰਿਆਂ ਵਲੋਂ ਗੁਰੂ ਮਹਾਰਾਜ ਦਾ ਓਟ ਆਸਰਾ ਲੈਂਦਿਆਂ ਲੰਘੇ ਐਤਵਾਰ 18 ਅਪਰੈਲ ਨੂੰ ਕੀਤਾ ਗਿਆ। ਇਸ ਮੌਕੇ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸੰਗਤਾਂ ਦੇ ਉਤਸ਼ਾਹ ਦਾ ਸਬੂਤ ਪੇਸ਼ ਕਰ ਰਿਹਾ ਸੀ। ਦੂਰੋਂ ਨੇੜਿਓਂ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਅਤੇ ਪਤਵੰਤੇ ਸੱਜਣਾਂ ਦੇ ਨਾਲ ਨਾਲ ਬਹੁਤ ਸਾਰੇ ਸਥਾਨਕ ਅਮਰੀਕਨ ਆਗੂ ਵੀ ਇਸ ਸਮਾਗਮ ਮੌਕੇ ਹਾਜ਼ਰ ਸਨ।

ਐਤਵਾਰ ਨੂੰ ਇਨ੍ਹਾਂ ਸਮਾਗਮਾਂ ਸਬੰਧੀ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗਿਆਨੀ ਗੁਰਬਚਨ ਸਿੰਘ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਸੰਗਤਾਂ ਵਲੋਂ ਕੀਤੀ ਗਈ। ਗੁਰੂ ਘਰ ਅੰਦਰ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪੱਟਿਆਂ ਦਾ ਜਿਵੇਂ ਹੜ੍ਹ ਆਇਆ ਹੋਇਆ ਸੀ। ਨਿਸ਼ਾਨ ਸਾਹਿਬ ਦੀ ਸੇਵਾ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਹੋਰਾਂ ਇਹ ਲੰਗਰ ਹਾਲ ਗੁਰੂ ਮਹਾਰਾਜ ਅਤੇ ਸੰਗਤਾਂ ਦੇ ਅਰਪਿਤ ਕੀਤਾ। ਬਾਅਦ ਵਿਚ ਖੁੱਲ੍ਹੇ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ ਤੇ ਢਾਡੀ ਜਥਿਆਂ ਨੇ ਗੁਰੂ ਸ਼ਬਦ ਕੀਰਤਨ ਅਤੇ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਅਤੇ ਇਤਿਹਾਸ ਨਾਲ ਜੋੜਿਆ।

ਇਸ ਮੌਕੇ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਬੀਬੀ ਬਲਜੀਤ ਕੌਰ ਤਲਵਾੜੇਵਾਲੇ ਅਤੇ ਭਾਈ ਹਰਪ੍ਰੀਤ ਸਿੰਘ ਨੇ ਗੁਰਬਾਣੀ ਸ਼ਬਦ ਕੀਰਤਨ ਦਾ ਪਰਵਾਹ ਚਲਾਇਆ। ਜ਼ਿਕਰਯੋਗ ਹੈ ਕਿ ਇਸ ਮੁੱਖ ਸਮਾਗਮ ਲਈ ਪਿਛਲੇ ਕਈ ਦਿਨਾਂ ਤੋਂ ਸਮਾਗਮ ਅਰੰਭ ਹੋ ਚੁਕੇ ਸਨ ਜਿਸ ਦੌਰਾਨ ਬੀਬੀ ਬਲਜੀਤ ਕੌਰ ਤੋਂ ਇਲਾਵਾ ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਪਿੰਦਰਪਾਲ ਸਿੰਘ ਵੀ ਸੰਗਤਾਂ ਨੂੰ ਕਥਾ ਵਿਆਖਿਆ ਰਾਹੀਂ ਗੁਰੂ ਸ਼ਬਦ ਨਾਲ ਜੋੜਦੇ ਰਹੇ।

ਇਸ ਮੌਕੇ ਸਿੱਖ ਸੰਗਤਾਂ ਨੂੰ ਖਾਲਸੇ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਸਥਾਨਕ ਅਮਰੀਕੀ ਆਗੂਆਂ ਨੇ ਸਿੱਖਾਂ ਦੇ ਮਿਹਨਤੀ ਸੁਭਾਅ ਅਤੇ ਭਾਈਚਾਰਕ ਸਾਂਝ ਦੀ ਸ਼ਲਾਘਾ ਕੀਤੀ।

ਜ਼ਿਕਰਯੋਗ ਹੈ ਕਿ ਸੰਗਤ ਦੀਆਂ ਵਧੀਆਂ ਲੋੜਾਂ ਨੂੰ ਮੁੱਖ ਰਖਦਿਆਂ ਸੈਕਰਾਮੈਂਟੋ ਦੇ ਇਸ ਸਭ ਤੋਂ ਪੁਰਾਣੇ ਗੁਰੂ ਘਰ ਵਲੋਂ ਜੂਨ 2003 ਵਿਚ 559,554 ਡਾਲਰ ਵਿਚ ਨਾਲ ਲਗਦੀ ਇਕ ਹੋਰ ਇਮਾਰਤ ਖਰੀਦੀ ਗਈ ਸੀ ਜਿਥੇ ਹੁਣ ਨਵਾਂ ਲੰਗਰ ਹਾਲ ਅਤੇ ਹੋਰ ਜ਼ਰੂਰਤਾਂ ਲਈ ਕਮਰੇ ਬਣਾਏ ਗਏ ਹਨ। ਇਸ ਪ੍ਰਾਜੈਕਟ ਉਤੇ ਕੁਲ ਤੀਹ ਲੱਖ ਡਾਲਰ ਦਾ ਖਰਚਾ ਆਉਣ ਦਾ ਅਨੁਮਾਨ ਹੈ।












**ਤਸਵੀਰਾਂ-ਲੌਂਗਮੈਨ ਸਟੂਡੀਓ**

# ਗੁਰਦੁਆਰਾ ਪਲਾਂਜ ਰੋਡ ਵਿਖੇ ਵਿਸਾਖੀ ਦੀਆਂ ਰੌਣਕਾਂ

**ਬੇਕਰਜ਼ਫੀਲਡ (ਮਨਦੀਪ ਮਾਨ):** ਸਥਾਨਕ ਗੁਰਦੁਆਰਾ ਪਲਾਂਜ ਰੋਡ ਵਿਖੇ ਵਿਸਾਖੀ ਦਾ ਦਿਹਾੜਾ ਭਾਰੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਸਨਿਚਰਵਾਰ ਨੂੰ ਬੱਚਿਆਂ ਵਲੋਂ ਸ਼ਬਦ ਕੀਰਤਨ ਅਤੇ ਧਾਰਮਿਕ ਗੀਤ ਪੇਸ਼ ਕੀਤੇ ਗਏ। ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਸਟੇਜ ਦਾ ਸੰਚਾਲਨ ਸਕੱਤਰ ਭਾਈ ਭੁਪਿੰਦਰ ਸਿੰਘ ਨੇ ਕੀਤਾ। ਇਸ ਤੋਂ ਪਹਿਲਾਂ ਗੁਰੂ ਘਰ ਵਿਖੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਕੀਤੀ ਗਈ।

ਐਤਵਾਰ ਨੂੰ ਸਜੇ ਦੀਵਾਨਾਂ ਵਿਚ ਗੁਰੂ ਘਰ ਦੇ ਰਾਗੀ ਜਥੇ ਸਤਿਮੋਹਨ ਸਿੰਘ, ਵਿਕਰਮ ਸਿੰਘ ਅਤੇ ਓਮਵੀਰ ਸਿੰਘ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਗੁਰਮੀਤ ਸਿੰਘ ਜੱਬਲਪੁਰੀ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਅਤੇ ਖਾਲਸੇ ਦੀ ਸਿਰਜਣਾ ਦੇ ਕੌਤਕ ਬਾਰੇ ਦੱਸਿਆ। ਇਸ ਮੌਕੇ ਪਹੁੰਚੇ ਸਟੇਟ ਸੈਨੇਟਰ ਜਾਰਜ ਰਨਰ ਅਤੇ ਕਰਨ ਕਾਊਂਟੀ ਦੇ ਸੁਪਰਵਾਈਜ਼ਰ ਦੀ ਚੋਣ ਲੜ ਰਹੀ ਮੈਰੀ ਬੈਥ ਦਾ ਵੀ ਗੁਰੂ ਘਰ ਵਲੋਂ ਮਾਣ-ਸਨਮਾਨ ਕੀਤਾ ਗਿਆ। ਸ. ਗੁਰਚਰਨ ਸਿੰਘ ਢਿੱਲੋਂ, ਚੇਅਰਮੈਨ ਜਤਿੰਦਰ ਗਿੱਲ, ਪਲਵਿੰਦਰ ਸ਼ੇਰਗਿੱਲ, ਬਲਵੀਰ ਸ਼ੇਰਗਿੱਲ, ਬਲਵਿੰਦਰ ਸਿੰਘ ਬਰਾੜ, ਬਲਵੰਤ ਸਿੰਘ ਵੜੈਚ, ਰਣਜੀਤ ਸਿੰਘ, ਛਿੰਦਰ ਢਿੱਲੋਂ, ਨਵਜੋਤ ਚਾਵਲਾ, ਜਸਮੀਤ ਸਿੰਘ, ਸਾਧੂ ਸਿੰਘ ਸ਼ੇਰਗਿੱਲ, ਨਿੰਦੀ ਦੁਸਾਂਝ, ਬਲਜੀਤ ਨਿਰਵਾਣ, ਰਜਿੰਦਰ ਰਾਏ ਅਤੇ ਅਜਮੇਰ ਢਿੱਲੋਂ ਇਸ ਸਮੇਂ ਪਤਵੰਤੇ ਸੱਜਣਾਂ ਵਿਚ ਸ਼ਾਮਲ ਸਨ।






## ਸੇਵਾ ਸਿਮਰਨ ਸੁਸਾਇਟੀ ਨੇ ਖਾਲਸਾ ਸਾਜਨਾ ਦਿਵਸ ਮਨਾਇਆ

**ਯੂਬਾ ਸਿਟੀ:** ਸੇਵਾ ਸਿਮਰਨ ਸੁਸਾਇਟੀ ਨੇ ਖਾਲਸੇ ਦਾ ਸਿਰਜਣਾ ਦਿਹਾੜਾ 14 ਅਪਰੈਲ ਨੂੰ ਇਥੇ ਗੁਰਦੁਆਰਾ ਬੋਘ ਰੋਡ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 12 ਅਪਰੈਲ ਨੂੰ ਹੋਇਆ ਅਤੇ 14 ਅਪਰੈਲ ਨੂੰ ਭੋਗ ਉਪਰੰਤ ਦੀਵਾਨ ਸਜਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿਧ ਕੀਰਤਨੀਏ ਭਾਈ ਸੁਰਿੰਦਰ ਸਿੰਘ ਜੋਧਪੁਰੀ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ।

ਇਸ ਮੌਕੇ ਸੁਖਵਿੰਦਰ ਸਿੰਘ ਗਰੇਵਾਲ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁਟ ਵਰਤਿਆ। ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਸੇਵਾ ਸਿਮਰਨ ਸੁਸਾਇਟੀ ਦੇ ਸੇਵਾਦਾਰਾਂ ਨੇ ਪੂਰੀ ਨਿਸ਼ਠਾ ਨਾਲ ਸੇਵਾ ਕੀਤੀ ਅਤੇ ਸੰਗਤਾਂ ਨੂੰ ਖਾਲਸੇ ਦੇ ਸਿਰਜਣਾ ਦਿਹਾੜੇ ਦੀ ਵਧਾਈ ਦਿੱਤੀ।

ਹੱਸਣ ਖੇਡਣ ਮਨ ਕਾ ਚਾਓ

## ਪਿੰਡ ਜੱਬੋਵਾਲ ਦੇ ਹੈਡ ਮਾਸਟਰ ਗਿਆਨ ਸਿੰਘ ਕਲੱਬ ਤੇ ਖੇਡ ਮੇਲੇ ਦੇ ਸੇਵਾਦਾਰਾਂ ਵਲੋਂ ਸਮੂਹ ਪੰਜਾਬੀਆਂ, ਖਿਡਾਰੀਆਂ,ਖੇਡ ਪ੍ਰੇਮੀਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ



ਇਕਬਾਲ ਜੱਬੋਵਾਲੀਆ

# ਲੱਖ ਲੱਖ ਵਧਾਈ



ਜੱਬੋਵਾਲ ਖੇਡ ਮੇਲੇ ਦੀ ਇਕ ਤਸਵੀਰ

ਸੇਵਾਦਾਰ: ਇਕਬਾਲ ਜੱਬੋਵਾਲੀਆ ਤੇ ਪਿੰਡ ਜੱਬੋਵਾਲ ਦੇ ਸਾਬਕਾ ਕਬੱਡੀ ਖਿਡਾਰੀ, ਫੁੱਟਬਾਲ ਖਿਡਾਰੀ ਤੇ ਆਰ ਕੇ ਆਰੀਆ ਕਾਲਜ ਨਵਾਂ ਸ਼ਹਿਰ ਦੇ ਬੈਸਟ ਅਥਲੀਟ ਜੋਗਿੰਦਰ ਸਿੰਘ (ਨਿਊ ਜਰਸੀ), ਫੋਨ: 917-375-6395

# ਰਾਜਾ ਸਾਹਿਬ ਸਪੋਰਟਸ ਕਲੱਬ, ਨਵਾਂ ਸ਼ਹਿਰ

## ਸਮੁੱਚੀ ਮਾਨਵਤਾ ਨੂੰ ਵਿਸਾਖੀ ਦੀ

# ਲੱਖ ਲੱਖ ਵਧਾਈ !

ਇਸ ਕਲੱਬ ਨੇ ਪੰਜਾਬ ਦੇ ਖੇਡ ਮੇਲਿਆਂ ਤੋਂ ਲੈ ਕੇ ਓਲੰਪਿਕ ਤੱਕ ਜਸਵੀਰ ਸਿੰਘ ਕਰਨਾਣਾ ਵਰਗੇ ਵੇਟ ਲਿਫਟਰ ਪੈਦਾ ਕਰਨ ਤੋਂ ਇਲਾਵਾ ਭਾਰਤ ਦੇ ਵੱਖ ਵੱਖ ਮਹਿਕਮਿਆਂ ਨੂੰ ਵੇਟ ਲਿਫਟਰ ਤੇ ਪਾਵਰ ਲਿਫਟਰ ਪ੍ਰਦਾਨ ਕੀਤੇ, ਖਾਸ ਕਰਕੇ ਪੰਜਾਬ ਪੁਲਿਸ ਵਿਭਾਗ ਨੂੰ। ਇਸ ਕਲੱਬ ਵਿਚ ਦਾਖਲੇ ਲਈ ਕੋਈ ਫੀਸ ਨਹੀਂ ਹੈ ਤੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ।

*ਮੁੱਖ ਸੇਵਾਦਾਰ ਤੇ ਸੰਚਾਲਕ*

ਬਲਦੇਵ ਮਾਨ (ਨਿਊ ਯਾਰਕ)
ਫੋਨ: 516-603-2523
ਗੁਰਨਾਮ ਸਿੰਘ ਰਸੂਲਪੁਰ (ਨਿਊ ਜਰਸੀ)
ਇਕਬਾਲ ਜੱਬੋਵਾਲੀਆ



ਬਲਦੇਵ ਮਾਨ ਨਾਲ ਕਲੱਬ ਦੇ ਖਿਡਾਰੀ ਸੋਨੇ ਦੇ ਤਮਗੇ ਪਾਈ ਖੜ੍ਹੇ



ਵੇਟ ਲਿਫਟਰ ਜਸਵੀਰ ਕਰਨਾਣਾ (ਵਿਚਕਾਰ)

# ਪਰਵਾਸੀ ਵੀਰਾਂ ਦੇ ਦਿਲਾਂ 'ਚ ਵੱਸਦਾ ਪਿੰਡ ਬੋਪਾਰਾਏ ਕਲਾਂ

**ਮੇਜਰ ਕੁਲਾਰ ਬੋਪਾਰਾਏ ਕਲਾਂ***

'ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ', ਇਨ੍ਹਾਂ ਸ਼ਬਦਾਂ ਵਿਚ ਕਿੰਨੀ ਵੱਡੀ ਸੱਚਾਈ ਹੈ। ਇਹ ਸੱਚਾਈ ਕਿਸੇ ਪਰਦੇਸੀ ਤੋਂ ਵਧ ਕੇ ਭਲਾ ਕੌਣ ਜਾਣ ਸਕਦਾ ਹੈ, ਜੋ ਪਿੰਡ ਦੇ




ਵਿਛੋੜੇ ਵਿਚ ਅੱਠੋ ਪਹਿਰ ਹੀ ਤੜਫਦਾ ਰਹਿੰਦਾ ਹੈ। ਆਦਮੀ ਆਪਣੇ ਜੀਵਨ ਨੂੰ ਵਧੀਆ ਤੇ ਅਰਾਮਦਾਇਕ ਬਣਾਉਣ ਲਈ ਆਪਣਾ ਘਰ-ਪਰਿਵਾਰ, ਪਿੰਡ ਤੇ ਦੇਸ਼ ਛੱਡ ਕੇ ਸਮੁੰਦਰਾਂ ਨੂੰ ਪਾਰ ਕਰ ਜਾਂਦਾ ਹੈ। ਬੜੀਆਂ ਕਠਿਨਾਈਆਂ ਵਿਚ ਹੁੰਦਾ ਹੋਇਆ ਆਪਣੇ ਖੜ੍ਹਨ ਜੋਗੀ ਥਾਂ ਬਣਾਉਂਦਾ ਹੈ। ਸਰੀਰਕ ਤੌਰ 'ਤੇ ਬੇਸ਼ੱਕ ਜਿੱਥੇ ਮਰਜ਼ੀ ਹੋਵੇ ਪਰ ਮਾਨਸਿਕ ਤੌਰ 'ਤੇ ਹਮੇਸ਼ਾ ਪਿੰਡ ਦੀਆਂ ਗਲੀਆਂ ਵਿਚ ਹੀ ਘੁੰਮਦਾ ਰਹਿੰਦਾ ਹੈ। ਦਿਨ ਰਾਤ ਅਣਥੱਕ ਮਿਹਨਤ ਕਰਕੇ ਆਪਣੇ ਘਰ-ਬਾਰ ਨੂੰ ਸੰਵਾਰਦਾ ਹੈ। ਫਿਰ ਆਪਣੀ ਕਮਾਈ ਵਿਚੋਂ ਦਸਵੰਧ ਕੱਢ ਕੇ ਭਲੇ ਦੇ ਕੰਮਾਂ ਤੇ ਪਿੰਡ ਦੇ ਵਿਕਾਸ 'ਤੇ ਵੀ ਲਾਉਂਦਾ ਹੈ। ਪਿੰਡ ਦੇ ਵਿਕਾਸ ਦੇ ਕੰਮਾਂ ਵਿਚ ਆਪਣਾ ਯੋਗਦਾਨ ਪਾ ਕੇ ਖੁਸ਼ੀ ਮਹਿਸੂਸ ਕਰਦਾ ਹੈ। ਪਿੰਡ ਨਿਵਾਸੀਆਂ ਨੂੰ ਵੀ ਪਰਦੇਸੀ ਵੀਰਾਂ 'ਤੇ ਬਹੁਤ ਮਾਣ ਤੇ ਵੱਡੀਆਂ ਆਸਾਂ ਹੁੰਦੀਆਂ ਹਨ। ਪਰਦੇਸੀ ਵੀਰਾਂ ਦੇ ਸਹਿਯੋਗ ਤੋਂ ਬਿਨਾਂ ਪਿੰਡ ਦੇ ਵਿਕਾਸ ਕੰਮ ਨੇਪਰੇ ਚੜ੍ਹਾਉਣੇ ਔਖੇ ਹੋ ਜਾਂਦੇ ਹਨ।

ਡਾ. ਗੁਰਨਾਮ ਕੌਰ ਦੇ ਪਿੰਡਾਂ ਬਾਰੇ ਲੇਖ ਪੜ੍ਹ ਕੇ ਮਨ ਸਾਰਾ ਦਿਨ ਹੀ ਪਿੰਡ ਵਿਚ ਘੁੰਮਦਾ ਰਹਿੰਦਾ ਹੈ। ਮੈਂ ਵੀ ਆਪਣੇ ਪਿੰਡ ਦੇ ਐਨ.ਆਰ.ਆਈ. ਵੀਰਾਂ ਦੇ ਪਿੰਡ ਦੇ ਲਈ ਪਾਏ ਯੋਗਦਾਨ ਬਾਰੇ ਲਿਖਣ ਦੀ ਕੋਸ਼ਿਸ਼ ਕਰਨ ਲੱਗਾ ਹਾਂ।

ਜੇ ਕਿਸੇ ਪਿੰਡ ਨੇ ਸਮੇਂ ਦੇ ਕਦਮ ਨਾਲ ਕਦਮ ਮਿਲਾ ਕੇ ਵਿਕਾਸ ਦੀਆਂ ਸਿਖਰਾਂ ਨੂੰ ਛੋਹਿਆ ਹੈ ਤਾਂ ਉਹ ਹੈ ਇਸ ਜ਼ਿਲੇ ਦਾ ਪਿੰਡ ਬੋਪਾਰਾਏ ਕਲਾਂ। ਪਿੰਡ ਦੇ ਵਿਕਾਸ ਦਾ ਸਿਹਰਾ ਜਿਥੇ ਪਿੰਡ ਦੇ ਉਤਸ਼ਾਹੀ ਲੋਕਾਂ ਨੂੰ ਜਾਂਦਾ ਹੈ ਉਥੇ ਇਸ ਪਿੰਡ ਦੇ ਪਰਦੇਸਾਂ ਵਿਚ ਵੱਸਦੇ ਵਾਸੀਆਂ ਦਾ ਵੀ ਕੋਈ ਘੱਟ ਯੋਗਦਾਨ ਨਹੀਂ। ਇਸ ਦੇ ਵਿਕਾਸ ਦਾ ਨਜ਼ਾਰਾ ਇਸ ਪਿੰਡ ਦੀ ਵੈਬਸਾਈਟ ਬੋਪਾਰਾਏਕਲਾਂ ਡਾਟ ਕਾਮ 'ਤੇ ਪਰਤੱਖ ਨਜ਼ਰ ਆਉਂਦਾ ਹੈ। ਅੱਜ ਜਿਥੇ ਪੰਜਾਬ ਦੇ ਅਨੇਕਾਂ ਸਰਕਾਰੀ ਅਦਾਰਿਆਂ ਦੀ ਆਪਣੀ ਵੈਬਸਾਈਟ ਨਹੀਂ ਹੈ ਉਥੇ ਆਪਣੇ ਸਮੇਂ ਤੋਂ ਅੱਗੇ ਸੋਚਦੇ ਹੋਏ ਇਸ ਪਿੰਡ ਨੇ ਤਕਰੀਬਨ ਦੋ ਸਾਲ ਪਹਿਲਾਂ ਹੀ ਆਪਣੀ ਵੈਬਸਾਈਟ ਬਣਾ ਲਈ ਸੀ ਤਾਂ ਕਿ ਪਿੰਡ ਦੇ ਹੋ ਰਹੇ ਵਿਕਾਸ ਕੰਮਾਂ ਨਾਲ ਬਾਹਰ ਬੈਠੇ ਪਰਵਾਸੀ ਪੰਜਾਬੀਆਂ ਨੂੰ ਜੋੜਿਆ ਜਾ ਸਕੇ।

ਇਸ ਪਿੰਡ ਵਿਚ ਬਣਿਆ ਅਤਿ ਆਧੁਨਿਕ ਸ਼ਮਾਸ਼ਾਨਘਾਟ ਅਤੇ ਦੇਹ ਸੰਭਾਲ ਘਰ ਪੂਰੇ ਇਲਾਕੇ ਲਈ ਇਕ ਮਿਸਾਲ ਹੈ। ਪਿੰਡ ਵਾਸੀਆਂ ਵੱਲੋਂ ਪਿੰਡ ਦੀਆਂ ਲੋੜਾਂ ਸਾਂਭਦੀ ਜਾਣਕਾਰੀ ਪਿੰਡ ਦੀ ਵੈਬਸਾਈਟ ਰਾਹੀਂ ਵਿਦੇਸ਼ਾਂ ਵਿਚ ਬੈਠੇ ਇਸ ਪਿੰਡ ਦੇ ਵਾਸੀਆਂ ਨੂੰ ਦਿੱਤੀ ਜਾਂਦੀ ਹੈ ਅਤੇ ਉਹ ਵੀ ਇਸ ਪਿੰਡ ਦੇ ਵਿਕਾਸ ਵਿਚ ਵੱਧ ਤੋਂ ਵੱਧ ਸਾਥ ਦਿੰਦੇ ਹਨ।

ਹਾਲ ਹੀ ਵਿਚ ਪਿੰਡ ਵਾਸੀਆਂ ਦੀ ਸੇਵਾ






ਲਈ ਪਰਵਾਸੀਆਂ ਨੇ ਗ੍ਰਾਮ ਵਿਕਾਸ ਸੰਸਥਾ ਰਾਹੀਂ ਇੱਕ ਐਂਬੂਲੈਂਸ ਲੈ ਕੇ ਦਿੱਤੀ। ਗਰੀਬ ਬੱਚਿਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਪਰਵਾਸੀਆਂ ਨੇ ਵੱਡਾ ਜਨਰੇਟਰ ਸਰਕਾਰੀ ਸਕੂਲ ਲਈ ਆਪਣੇ ਖਰਚੇ 'ਤੇ ਲੁਆ ਕੇ ਦਿੱਤਾ ਹੈ।

ਪਿੰਡ ਵਾਸੀਆਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਆਰ ਓ ਸਿਸਟਮ ਨਾਲ ਸ਼ੁੱਧ ਕੀਤਾ ਪਾਣੀ ਘਰ ਘਰ ਟੂਟੀਆਂ ਰਾਹੀਂ ਪਹੁੰਚਾਇਆ ਜਾਂਦਾ ਹੈ। ਜਿਥੇ ਪਿੰਡ ਦੇ ਹੋ ਰਹੇ ਵਿਕਾਸ ਦੀ ਜਾਣਕਾਰੀ ਪਰਵਾਸੀ ਪਿੰਡ ਦੀ ਵੈਬਸਾਈਟ ਬੋਪਾਰਾਏਕਲਾਂ ਡਾਟ ਕਾਮ ਰਾਹੀਂ ਪ੍ਰਾਪਤ ਕਰਦੇ ਹਨ ਉਥੇ ਹੀ ਪਿੰਡ ਵਿਚ ਹੋ ਰਹੇ ਪ੍ਰੋਗਰਾਮਾਂ ਅਤੇ ਖੇਡ ਮੇਲਿਆਂ ਦਾ ਆਨੰਦ ਵੀ ਵਿਦੇਸ਼ਾਂ ਵਿਚ ਬੈਠੇ ਹੀ ਮਾਣ ਲੈਂਦੇ ਹਨ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਟਾਈਮਜ਼ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਸ. ਹਰਦਿਆਲ ਸਿੰਘ ਦਿਓਲ ਅਤੇ ਫਰਿਜ਼ਨੋ ਵਾਸੀ ਮੇਜਰ ਸਿੰਘ ਦਿਓਲ ਵੀ ਇਸੇ ਹੀ ਪਿੰਡ ਦੇ ਹਨ।

ਸੰਤ ਨਿਰੰਜਨ ਸਿੰਘ ਜੀ "ਵੈਦ ਜੀ" ਜੋ ਬਚਪਨ ਤੋਂ ਲੈ ਕੇ ਤਕਰੀਬਨ 95 ਸਾਲ ਦੀ ਉਮਰ ਤੱਕ ਸਾਡੇ ਨਗਰ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਰਹਿ ਕੇ ਸੇਵਾ ਨਿਭਾਉਂਦੇ ਹੋਏ ਸੱਚਖੰਡ ਜਾ ਬਿਰਾਜੇ। ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸਿੰਘਾਂ ਨੂੰ ਪਾਠੀ ਤੇ ਕਥਾਵਾਚਕ ਬਣਾ ਕੇ ਪੰਥ ਦੀ ਸੇਵਾ ਵਾਸਤੇ ਤਿਆਰ ਕੀਤਾ। ਵੈਦ ਜੀ ਨੇ ਪਿੰਡ ਤੇ ਪਰਦੇਸੀ ਵੀਰਾਂ ਦੇ ਸਹਿਯੋਗ ਨਾਲ ਨਵਾਂ ਤੇ ਵੱਡਾ ਗੁਰਦੁਆਰਾ ਬਣਾਇਆ। ਵੈਦ ਜੀ ਦੇ ਸੱਚਖੰਡ ਜਾਣ ਤੋਂ ਪਿੱਛੋਂ ਨਗਰ ਨਿਵਾਸੀਆਂ ਨੇ ਪਰਦੇਸੀ ਵੀਰਾਂ ਦੇ ਸਹਿਯੋਗ ਨਾਲ ਕੋਈ ਤਿੰਨ ਸਾਲ ਪਹਿਲਾਂ ਗਿਆਨੀ ਭੁਪਿੰਦਰ ਸਿੰਘ ਮੁਖੀ ਗੁਰਦੁਆਰਾ ਸੱਚਖੰਡ ਬੋਪਾਰਾਏ ਕਲਾਂ ਦੀ ਸਰਪ੍ਰਸਤੀ ਹੇਠ ਇਕ ਨਵੀਂ ਸੰਸਥਾ ਗ੍ਰਾਮ ਵਿਕਾਸ ਸੰਸਥਾ ਬਣਾਈ ਗਈ, ਜਿਸ ਵਿਚ ਮਾਸਟਰ ਨਿਰਮਲ ਸਿੰਘ ਨੂੰ ਮੀਤ ਪ੍ਰਧਾਨ, ਸਤਪਾਲ ਸਿੰਘ ਜਨਰਲ ਸਕੱਤਰ, ਮਾਸਟਰ ਰਾਮ ਸਿੰਘ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਇਸ ਸੰਸਥਾ ਨੇ ਵੈਦ ਜੀ ਦੀ ਯਾਦ ਵਿਚ ਅਤਿ ਆਧੁਨਿਕ ਤਕਨੀਕ ਵਾਲਾ ਸ਼ਮਸ਼ਾਨਘਾਟ ਦਾ ਪ੍ਰੋਜੈਕਟ ਅਰੰਭਿਆ ਜੋ ਤਕਰੀਬਨ ਪੈਂਤੀ ਲੱਖ ਰੁਪਏ ਲਾ ਕੇ ਤਿਆਰ ਕੀਤਾ ਗਿਆ। ਪਿੰਡ ਦੇ ਵਿਕਾਸ ਲਈ ਪਹਿਲੀ ਪੰਚਾਇਤ ਦੀ ਸਰਪੰਚ ਬੀਬੀ ਹਰਬੰਸ ਕੌਰ ਪਤਨੀ ਸ. ਹਰਪ੍ਰੀਤ ਸਿੰਘ ਗਾਂਧੀ ਅਤੇ ਮੌਜੂਦਾ ਪੰਚਾਇਤ ਦੇ ਸਰਪੰਚ ਇੰਦਰਜੀਤ ਸਿੰਘ, ਸਮੂਹ ਪੰਚਾਇਤ ਮੈਂਬਰ ਅਤੇ ਗ੍ਰਾਮ ਵਿਕਾਸ ਸੰਸਥਾ ਦੇ ਮੈਂਬਰ ਹੈਡ ਮਾਸਟਰ ਗੁਰਦੇਵ ਸਿੰਘ, ਹਰਚੰਦ ਸਿੰਘ, ਭੁਪਿੰਦਰ ਸਿੰਘ, ਗੁਰਦੇਵ ਸਿੰਘ, ਦਰਸ਼ਨ ਸਿੰਘ, ਮੋਹਨ ਸਿੰਘ ਅਤੇ ਅਮਰ ਸਿੰਘ ਪਿੰਡ ਦੇ ਵਿਕਾਸ ਲਈ ਵੱਡਮੁਲਾ ਯੋਗਦਾਨ ਪਾਉਂਦੇ ਆ ਰਹੇ ਹਨ।




ਐਨ. ਆਰ. ਆਈ. ਵੀਰ ਆਪਣੇ ਤੱਪੜਾਂ ਵਾਲੇ ਸਕੂਲਾਂ ਨੂੰ ਵੀ ਨਹੀਂ ਭੁੱਲੇ। ਬਿਨਾਂ ਸਰਕਾਰ ਦੀ ਗਰਾਂਟ ਦੇ ਸਕੂਲਾਂ ਦੀਆਂ ਇਮਾਰਤਾਂ ਨੂੰ ਨਵੀਂ ਦਿਸ਼ਾ ਦੇ ਕੇ ਸੋਹਣੇ ਬਣਾਇਆ। ਹਾਈ ਸਕੂਲ ਦੇ ਬੱਚਿਆਂ ਨੂੰ ਨਵੀਂ ਤਕਨੀਕ ਮੁਹੱਈਆ ਕਰਵਾਉਣ ਲਈ ਕੰਪਿਊਟਰ ਲੈ ਕੇ ਦਿੱਤੇ। ਪੰਜਾਬ ਵਿਚ ਬਿਜਲੀ ਦੀ ਲੁਕਣ-ਮੀਟੀ ਕਰਕੇ ਵੱਡੇ ਜਨਰੇਟਰ ਦਾ ਪ੍ਰਬੰਧ ਕੀਤਾ ਗਿਆ। ਐਨ. ਆਰ. ਆਈ. ਵੀਰ ਜਿੱਥੇ ਆਪਣੇ ਬੰਦ ਪਏ ਘਰਾਂ ਦੀ ਸਫਾਈ ਦਾ ਖਿਆਲ ਰੱਖਦੇ ਹਨ, ਉੱਥੇ ਪਿੰਡ ਦੇ ਆਲੇ-ਦੁਆਲੇ ਦੀ ਸਫਾਈ ਵੀ ਕਰਵਾਉਂਦੇ ਰਹਿੰਦੇ ਹਨ। ਪਿੰਡ ਵਿਚ ਹਰ ਸਹੂਲਤ ਉਪਲਬੱਧ ਹੈ।

ਪੰਜਾਬ ਸਰਕਾਰ ਵਲੋਂ ਆਰੰਭੀ ਇਕਵੰਜਾ ਸੌ ਰੁਪਏ ਦੀ ਰਾਸ਼ੀ ਗਰੀਬ ਦੀ ਧੀ ਤੱਕ ਪਹੁੰਚਦੀ ਪਹੁੰਚਦੀ ਇਕਵੰਜਾ ਰੁਪਏ ਰਹਿ ਜਾਂਦੀ ਹੈ। ਪਰ ਮੇਰੇ ਇਕ ਪੇਂਡੂ ਐਨ. ਆਰ. ਆਈ. ਵੀਰ ਨੇ ਪਿਛਲੇ ਕਈ ਸਾਲਾਂ ਤੋਂ ਇਹ ਸ਼ਗਨ ਦੀ ਰਾਸ਼ੀ ਵਾਲਾ ਕਾਰਜ ਇਕੱਲਿਆਂ ਹੀ ਅਰੰਭਿਆ ਹੋਇਆ ਹੈ। ਇਹ ਸ਼ਗਨ ਗਰੀਬ ਦੀ ਧੀ ਦੀ ਝੋਲੀ ਵਿਚ ਪੂਰਾ ਇਕਵੰਜਾ ਸੌ ਰੁਪਏ ਪਹੁੰਚਦਾ ਹੈ।



ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿਚ ਬਣੇ ਸਰਕਾਰੀ ਹਸਪਤਾਲ ਵਿਚ ਐਮ.ਬੀ.ਬੀ.ਐਸ. ਡਾਕਟਰ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਦਵਾਈਆਂ ਦਾ ਸਾਰਾ ਖਰਚਾ ਨਾਂਮਾਤਰ ਸਰਕਾਰ ਕਰਦੀ ਹੈ, ਬਾਕੀ ਪਿੰਡ ਨਿਵਾਸੀ ਤੇ ਐਨ. ਆਰ. ਆਈ. ਵੀਰ ਕਰਦੇ ਹਨ। ਪਿੰਡ ਵਿਚ ਸਾਲ 'ਚ ਦੋ ਵਾਰ ਅੱਖਾਂ ਦਾ ਫਰੀ ਕੈਂਪ ਲਗਾਇਆ ਜਾਂਦਾ ਹੈ ਜਿੱਥੇ ਹਰ ਸਾਲ ਤਕਰੀਬਨ ਚਾਰ ਸੌ ਮਰੀਜ਼ ਆਪਣੀਆਂ ਅੱਖਾਂ ਦਾ ਮੁਫਤ ਆਪ੍ਰੇਸ਼ਨ ਕਰਵਾ ਕੇ ਜੱਗ ਵਾਲਾ ਮੇਲਾ ਵੇਖਣਯੋਗ ਹੋ ਜਾਂਦੇ ਹਨ। ਹਸਪਤਾਲ ਵਿਚ ਮਰੀਜ਼ਾਂ ਲਈ ਮੁਫਤ ਦਵਾਈਆਂ ਤੇ ਲੰਗਰ ਦੇ ਵੱਡੇ ਸਟਾਲ 24 ਘੰਟੇ ਚਲਾਏ ਜਾਂਦੇ ਹਨ।

ਨਵੀਂ ਸਿੱਖ ਪਨੀਰੀ ਵਿਚ ਆ ਰਹੇ ਨਿਘਾਰ ਅਤੇ ਨਸ਼ਿਆਂ ਪ੍ਰਤੀ ਰੁਝਾਨ ਨੂੰ ਖਤਮ ਕਰ ਕੇ ਉਨ੍ਹਾਂ ਨੂੰ ਸਿੱਖੀ ਵਾਲੇ ਪਾਸੇ ਲਾਉਣ ਲਈ ਇਕ ਨਵੀਂ ਸਿੱਖ ਲਹਿਰ ਸਟੂਡੈਂਟ ਸੰਸਥਾ ਬਣਾਈ ਗਈ ਹੈ। ਇਸ ਸੰਸਥਾ ਵਲੋਂ ਗੁਰਦੁਆਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸੰਥਿਆ ਲੈਣ ਵਾਲੇ ਹਰ ਬੱਚੇ ਨੂੰ ਦੋ ਸੌ ਰੁਪਏ ਮਹੀਨਾ ਇਨਾਮ ਵਜੋਂ ਦਿੱਤਾ ਜਾਂਦਾ ਹੈ। ਹੁਣ ਤਕਰੀਬਨ ਪੰਜਾਹ ਬੱਚੇ ਕੇਸ ਰੱਖ ਕੇ ਸੰਥਿਆ ਲੈਣ ਲੱਗ ਪਏ ਹਨ। ਇਨ੍ਹਾਂ ਬੱਚਿਆਂ ਦੀ ਉਮਰ ਦਸ ਸਾਲ ਤੋਂ ਪੰਦਰਾਂ ਸਾਲ ਵਿਚਕਾਰ ਹੈ। ਇਕ ਕੈਨੇਡਾ ਨਿਵਾਸੀ ਵੀਰ ਨੇ ਇਨ੍ਹਾਂ ਬੱਚਿਆਂ ਨੂੰ ਇਕ-ਇਕ ਵਧੀਆ ਸਾਈਕਲ ਲੈ ਕੇ ਦਿੱਤਾ।

ਇਸ ਸੰਸਥਾ ਨੇ ਸਕੂਲ ਦੇ ਉਨ੍ਹਾਂ ਬੱਚਿਆਂ ਨੂੰ ਚੁਣਿਆ ਜੋ ਪੜ੍ਹਾਈ ਵਿਚ ਹੁਸ਼ਿਆਰ ਹਨ ਪਰ ਉਨ੍ਹਾਂ ਨੇ ਮਾਪੇ ਉਨ੍ਹਾਂ ਨੂੰ ਕਿਤਾਬਾਂ, ਕਾਪੀਆਂ, ਫੀਸਾਂ ਤੇ ਵਰਦੀਆਂ ਲੈ ਕੇ ਦੇਣੋਂ ਅਸਮਰਥ ਹਨ। ਪੰਜਾਹ ਦੇ ਕਰੀਬ ਇਨ੍ਹਾਂ ਬੱਚਿਆਂ ਨੂੰ ਵੀ ਕੇਸਾਧਾਰੀ ਬਣਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਦਾ ਖਰਚਾ ਐਨ. ਆਰ. ਆਈ. ਵੀਰਾਂ ਨੇ ਆਪਣੇ ਜ਼ਿੰਮੇ ਲਿਆ ਹੈ। ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਯਾਦ 'ਚ ਹਰ ਸਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਪਿੰਡ ਦੀ ਵੈਬਸਾਈਟ ਪਿੰਡ ਦੇ ਹਰ ਸਮਾਗਮ ਨੂੰ ਐਨ. ਆਰ. ਆਈ. ਵੀਰਾਂ ਤੱਕ ਪਹੁੰਚਾਉਂਦੀ ਹੈ ਅਤੇ ਹਰ ਦੂਜੇ ਦਿਨ ਅਪਗਰੇਡ ਕੀਤੀ ਜਾਂਦੀ ਹੈ। ਰੱਬ ਕਰੇ ਮੇਰਾ ਇਕੱਲਾ ਪਿੰਡ ਨਹੀਂ ਪੰਜਾਬ ਦਾ ਹਰ ਪਿੰਡ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ। ਰੱਬ ਰਾਖਾ।

***ਫੋਨ:916-273-2856***

# ਹਾਲੀਵੁਡ ਦੇ ਅੰਗਰੇਜ਼ੀ ਬਗੀਚੇ 'ਚ ਖਿੜਿਆ ਦੇਸੀ ਫੁੱਲ ਕਰਨ ਬਰਾੜ

ਸੁਪਨੇ ਲੈਣ ਵਿਚ ਕੋਈ ਹਰਜ਼ ਨਹੀਂ ਪਰ ਉਹ ਸੱਚ ਜਾਗਦਿਆਂ ਹੀ ਹੋ ਸਕਦੇ ਹਨ। ਇਸੇ ਹੀ ਗੱਲ ਨੂੰ ਸੱਚ ਕਰ ਦਿਖਾਇਆ ਹੈ ਛੋਟੀ ਉਮਰ ਵਿਚ ਵੱਡੇ ਸੁਪਨੇ ਲੈਣ ਵਾਲੇ ਕਰਨ ਸਿੰਘ ਬਰਾੜ ਨੇ, ਜਿਸ ਨੇ ਸਿਰਫ 11 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਹਾਲੀਵੁਡ ਦੀਆਂ ਫਿਲਮਾਂ ਦੇ ਪਰਦੇ ਉਪਰ ਆਪਣਾ ਨਾਂ ਲਿਖਵਾ ਲਿਆ ਹੈ। ਫਿਲਮ 'ਡਾਇਰੀ ਆਫ ਏ ਵਿੰਪੀ ਕਿਡ' (Diary of a wimpy kid) ਦੇ ਆਡੀਸ਼ਨ ਦੌਰਾਨ ਉਸ ਨੂੰ ਸਖਤ ਮੁਕਾਬਲੇ ਵਿਚੋਂ ਲੰਘਣਾ ਪਿਆ। ਕੋਈ 9 ਹਜ਼ਾਰ ਦੇ ਕਰੀਬ ਬੱਚਿਆਂ ਨੂੰ ਮੁਕਾਬਲੇ ਵਿਚ ਪਛਾੜ ਕੇ ਕਰਨ ਨੇ ਹਾਲੀਵੁੱਡ ਵਿਚ ਆਪਣੀ ਐਂਟਰੀ ਦਾ ਡੰਕਾ ਵਜਾ ਦਿੱਤਾ।

ਲੰਘੀ 19 ਮਾਰਚ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਈ ਫਿਲਮ 'ਡਾਇਰੀ ਆਫ ਏ ਵਿੰਪੀ ਕਿਡ' ਵਿਚ ਕਰਨ ਬਰਾੜ ਨੇ ਚਿਰਾਗ ਗੁਪਤਾ ਨਾਂ ਦੇ ਪਾਤਰ ਦੀ ਭੂਮਿਕਾ ਨਿਭਾਈ ਹੈ। ਇਹ ਫਿਲਮ 'ਡਾਇਰੀ ਆਫ ਏ ਵਿੰਪੀ ਕਿਡ' ਨਾਂ ਦੇ ਇਕ ਨਾਵਲ ਉਤੇ ਆਧਾਰਤ ਹੈ ਜੋ ਕਿ ਹੁਣ ਤੱਕ 28 ਮਿਲੀਅਨ ਵਿਕ ਚੁਕਾ ਹੈ। ਇਹ ਫਿਲਮ ਬਾਕਸ ਆਫਿਸ 'ਤੇ ਵੀ ਹੁਣ ਤੱਕ 53 ਮਿਲੀਅਨ ਡਾਲਰ ਤੋਂ ਜ਼ਿਆਦਾ ਕਮਾਈ ਕਰ ਚੁਕੀ ਹੈ।

ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਕਰਨ ਬਰਾੜ ਨੇ ਟਵੈਂਟੀਅਥ ਸੈਂਚੁਰੀ ਫੌਕਸ ਦੀਆਂ ਤਿੰਨ ਹੋਰ ਫਿਲਮਾਂ ਵੀ ਸਾਈਨ ਕੀਤੀਆਂ ਹਨ। ਸੰਜ਼ੀਦਾ



ਅਤੇ ਮਿਹਨਤੀ ਹੋਣ ਕਰਕੇ ਹੀ ਉਹ ਹਾਲੀਵੁਡ ਵਿਚ ਆਪਣੀ ਐਂਟਰੀ ਦਰਜ ਕਰਵਾ ਸਕਿਆ ਹੈ। ਆਪਣੀ ਪੜ੍ਹਾਈ ਅਤੇ ਐਕਟਿੰਗ ਦੇ ਸ਼ੌਕ ਦੇ ਨਾਲ ਨਾਲ ਉਹ ਗੁਰੂ ਘਰ ਦਾ ਅਨਿਨ ਸ਼ਰਧਾਲੂ ਵੀ ਹੈ। ਹਰ ਐਤਵਾਰ ਸਿੱਖ ਸੈਂਟਰ ਆਫ ਸਿਆਟਲ ਗੁਰੂ ਘਰ ਵਿਖੇ ਆਪਣੇ ਪਰਿਵਾਰ ਦੇ ਨਾਲ ਪਹੁੰਚ ਕੇ ਉਹ ਸੇਵਾ ਜ਼ਰੂਰ ਕਰਦਾ ਹੈ।

ਇਕ ਗੱਲ ਹੋਰ ਕਿ ਇਨ੍ਹਾਂ ਮੁਲਕਾਂ ਵਿਚ ਆ ਕੇ ਜਦ ਅਸੀਂ ਆਰਥਿਕ ਪਨਾਹਗੀਰ ਬਣ ਕੇ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਲਈ ਸਿਰ ਸੁੱਟ ਕੇ ਦਿਨ ਰਾਤ ਮਿਹਨਤ ਕਰਦੇ ਹਾਂ ਤਾਂ ਬੱਚਿਆਂ ਨੂੰ ਪੁੱਛਣਾ ਹੀ ਭੁੱਲ ਜਾਂਦੇ ਹਾਂ ਕਿ ਉਨ੍ਹਾਂ ਨੇ ਵੱਡੇ ਹੋ ਕੇ ਕੀ ਬਣਨਾ ਹੈ। ਪਰ ਵਧਾਈ ਦੇ ਪਾਤਰ ਹਨ ਕਰਨ ਦੇ ਮਾਤਾ-ਪਿਤਾ ਜਿਨ੍ਹਾਂ ਨੇ ਆਪਣੇ ਬੇਟੇ ਦੇ ਅਚੇਤ ਮਨ ਵਿਚ ਵਸੇ ਹੋਏ ਅਭਿਨੇਤਾ ਨੂੰ ਪਹਿਚਾਣਿਆ ਅਤੇ ਉਸ ਨੂੰ ਹਰ ਪੱਧਰ 'ਤੇ ਸਹਿਯੋਗ ਦਿੱਤਾ। ਸਿਆਟਲ ਮਹਾਨਗਰ ਦੀਆਂ ਜੂਹਾਂ ਵਿਚ ਵਸਦਾ ਛੋਟਾ ਜਿਹਾ ਸ਼ਹਿਰ ਮਿਲ ਕਰੀਕ ਕਰਨ ਬਰਾੜ ਦਾ ਅੱਜ ਕਲ੍ਹ ਸਿਰਨਾਵਾਂ ਹੈ। ਕਰਨ ਬਰਾੜ ਦੀ ਇਹ ਪ੍ਰਾਪਤੀ ਸਮੁਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਰੱਬ ਕਰੇ ਉਹ ਲੰਮੀਆਂ ਮੰਜ਼ਿਲਾਂ ਤੈਅ ਕਰੇ।

***-ਸੁਖਚੈਨ ਸਿੰਘ ਸੰਧੂ, ਸਿਆਟਲ***

# ਪਾਕਿਸਤਾਨ ਵਿਚ ਜਮਹੂਰੀ ਪ੍ਰਕਿਰਿਆ...

*(ਸਫਾ 15 ਦੀ ਬਾਕੀ)*

ਬਾਬਰ ਇਵਾਨ ਅਤੇ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਰਹਿਮਾਨ ਮਲਿਕ ਦੇ ਕਸੀਦੇ ਪੜ੍ਹੇ। ਅਸੀਂ ਸਭ ਜਾਣਦੇ ਹਾਂ ਕਿ ਇਵਾਨ ਅਤੇ ਮਲਿਕ ਦਾ ਹਕੂਮਤ ਵਿਚ ਉਹੀ ਮਤਲਬ ਹੈ ਜੋ ਮੁਲਕ ਦੀ ਅਰਥ ਵਿਵਸਥਾ ਵਿਚ ਪਾਣੀ ਅਤੇ ਊਰਜਾ ਵਿਕਾਸ ਦਾ ਹੈ। ਉਹ ਵਿਸ਼ਾਲ ਬਲੈਕ ਹੋਲ ਦੀ ਤਰ੍ਹਾਂ ਹੈ ਜੋ ਰਾਸ਼ਟਰ ਦੀ ਛਵੀ ਅਤੇ ਕੰਮਕਾਜ਼ ਦੀ ਮਜ਼ਬੂਤ ਨੀਂਹ ਰੱਖਣ ਵਿਚ ਇਸਤੇਮਾਲ ਕੀਤੀ ਜਾ ਸਕਣ ਵਾਲੀ ਹਰੇਕ ਚੀਜ਼ ਨੂੰ ਚੂਸ ਲੈਂਦੇ ਹਨ। ਰਾਸ਼ਟਰਪਤੀ ਦੁਆਰਾ ਚੁਣ ਕੇ ਸ਼ਰ੍ਹੇਆਮ ਉਨ੍ਹਾਂ ਦੀ ਤਾਰੀਫ ਵਿਚ ਕਸੀਦੇ ਪੜ੍ਹਨ ਦਾ ਮਤਲਬ ਇਹ ਸੀ ਕਿ ਫਿਲਹਾਲ ਉਹ ਸਾਰਿਆਂ ਉੱਪਰ ਭਾਰੂ ਹਨ। ਹੁਣ ਪ੍ਰਧਾਨ ਮੰਤਰੀ ਦੇ ਲਈ ਹਾਲਾਤ ਲਾਜ਼ਮੀ ਰੂਪ ਵਿਚ ਹੋਰ ਮੁਸ਼ਕਲ ਹੋ ਗਏ ਹਨ। ਉਹ ਕਾਨੂੰਨ ਮੰਤਰਾਲੇ ਦੀਆਂ ਬੇਵਕੂਫੀਆਂ ਤੋਂ ਪਹਿਲਾਂ ਹੀ ਪ੍ਰੇਸ਼ਾਨ ਹਨ। ਐਨ.ਆਰ.ਓ. ਜਿਹੇ ਜਾਣੇ ਪਹਿਚਾਣੇ ਮਾਮਲੇ ਵਿਚ ਦਿੱਤੇ ਗਏ ਨਿਆਂਇਕ ਫੈਸਲੇ ਨੂੰ ਲਾਗੂ ਕਰਨ ਵਿਚ ਅਸਹਿਯੋਗ ਦੇ ਕਾਰਨ ਨਿਆਂ ਪਾਲਿਕਾ ਅਵਾਮ ਤੋਂ ਨਾਰਾਜ਼ ਹੈ। ਇਸ ਮਾਮਲੇ ਵਿਚ ਅਟਾਰਨੀ ਜਨਰਲ ਨੇ ਕਾਨੂੰਨ ਮੰਤਰੀ ਨੂੰ ਬਕਾਇਦਾ ਦੋਸ਼ੀ ਠਹਿਰਾਉਂਦੇ ਹੋਏ, ਅਸਤੀਫਾ ਦਿੱਤਾ ਸੀ। ਇਸੇ ਵਿਚ ਨਿਆਂ ਪਾਲਿਕਾ ਨਾਲ ਰਿਸ਼ਤੇ ਸੁਧਾਰਨ ਦਾ ਗਿਲਾਨੀ ਦੇ ਕੋਲ ਇਕ ਰਾਸਤਾ ਇਹ ਸੀ ਕਿ ਉਹ ਬਾਬਰ ਨੂੰ ਬਾਹਰ ਦਾ ਰਸਤਾ ਦਿਖਾ ਦਿੰਦੇ। ਪਰ ਹੁਣ ਰਾਸ਼ਟਰਪਤੀ ਦੁਆਰਾ ਉਨ੍ਹਾਂ ਵਿਚ ਅਤੇ ਉਨ੍ਹਾਂ ਦੀ ਕਾਰਜ ਸ਼ੈਲੀ ਵਿਚ ਵਿਸ਼ਵਾਸ ਜ਼ਾਹਰ ਕਰਨ ਤੋਂ ਬਾਅਦ ਇਹ ਮੁਸ਼ਕਲ ਹੀ ਲੱਗਦਾ ਹੈ।

ਅਜਿਹੀਆਂ ਹੀ ਦਿੱਕਤਾਂ ਦੂਜੇ ਮਾਮਲਿਆਂ ਵਿਚ ਵੀ ਆਉਣਗੀਆਂ। ਪ੍ਰਧਾਨ ਮੰਤਰੀ ਕਿਧਰੇ ਇਕ ਪਾਸੇ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਅਤੇ ਦੂਜੇ ਪਾਸੇ ਆਪਣੇ ਰਾਜਨੀਤਕ ਆਕਾ ਦੀਆਂ ਮੰਗਾਂ ਦੇ ਵਿਚਕਾਰ ਰੱਸਾਕਸ਼ੀ ਵਿਚ ਉਲਝ ਕੇ ਰਹਿ ਜਾਣ। ਕਿਉਂਕਿ ਉਹ ਨਾਫ਼ਰਮਾਨੀ ਦੇ ਧਾਤੂ ਦੇ ਨਹੀਂ ਬਣੇ ਹੋਏ। ਲਿਹਾਜ਼ਾ ਇੰਤਜ਼ਾਰ ਕਰੋ ਅਤੇ ਦੇਖੋ ਦੀ ਨੀਤੀ ਉਨ੍ਹਾਂ ਦਾ ਪਸੰਦੀਦਾ ਰਾਸਤਾ ਹੋਵੇਗੀ। ਇਹਦੇ ਵਿਚ ਉਹ ਮਾਹਿਰ ਹਨ। ਲੇਕਿਨ ਇਹੀ ਨੀਤੀ ਖਰਾਬ ਰਾਜ ਕਾਜ਼ ਦੀ ਵੀ ਜਣਨੀ ਹੈ। ਥੋੜੀ ਜਿਹੀ ਦੇਰ ਲਈ ਮੰਨ ਲਓ ਕਿ ਪ੍ਰਧਾਨ ਮੰਤਰੀ ਮੁਲਕ ਦੇ ਜ਼ੋਸ਼ ਖਰੋਸ਼ ਨਾਲ ਭਰੇ ਸੈਨਿਕ ਸੰਗਠਨ ਦੇ ਕਾਬਲ ਸਹਿਯੋਗ ਨਾਲ ਅਸਲੀ ਅਗਵਾਈ ਦੇਣ ਦੀ ਸਮਰੱਥਾ ਜੁਟਾ ਵੀ ਲੈਂਦੇ ਹਨ, ਆਪਣੇ ਘਟੀਆ ਸਲਾਹਕਾਰਾਂ ਨੂੰ ਬਾਹਰ ਦਾ ਰਾਸਤਾ ਦਿਖਾ ਦੇਂਦੇ ਹਨ ਅਤੇ ਪਾਰਟੀ ਦੇ ਦਬਾਵਾਂ ਨੂੰ ਪਾਸੇ ਰੱਖ ਦੇਂਦੇ ਹਨ। ਯਾਨੀ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਦਲ ਕੇ ਉਹ ਕੁਝ ਬਣ ਜਾਣ ਜੋ ਉਹ ਹਾਲੇ ਨਹੀਂ ਹਨ। ਤਦ ਵੀ ਉਨ੍ਹਾਂ ਦੀ ਸ਼ਾਨਦਾਰ ਯੋਜਨਾਵਾਂ ਦੇ ਮਹਿਲ ਦਲਦਲੀ ਆਰਥਿਕ ਜ਼ਮੀਨ ਵਿਚ ਖੜੇ ਨਹੀਂ ਹੋ ਸਕਣਗੇ।

18ਵੀਂ ਸੋਧ ਸੰਵਿਧਾਨ ਨੂੰ ਸ਼ੁੱਧ ਕਰਦੀ ਹੈ ਪਰ ਅਰਥ ਵਿਵਸਥਾ ਦਾ ਇਲਾਜ ਨਹੀਂ ਕਰਦੀ। ਵਧਦੀ ਮਹਿੰਗਾਈ, ਤਾਲਾਬੰਦੀ ਨਾਲ ਜੂਝਦੇ ਉਦਯੋਗ ਅਤੇ ਕਰ ਉਗਰਾਹੀ ਵਿਚ ਵਾਧਾ ਨਾ ਹੋਣ ਨਾਲ ਇਸ ਸਰਕਾਰ ਨੂੰ ਵੀ ਉਹੋ ਕਰਨਾ ਪਿਆ ਜੋ ਪਾਕਿਸਤਾਨ ਦੀਆਂ ਸਾਰੀਆਂ ਨਕਾਰਾ ਅਤੇ ਕਪਟੀ ਸਰਕਾਰਾਂ ਕਰਦੀਆਂ ਰਹੀਆਂ ਹਨ ਯਾਨਿ ਦਾਨ ਦੇਣ ਵਾਲਿਆਂ ਦੇ ਅੱਗੇ ਹੱਥ ਅੱਡਣੇ, ਬੈਂਕ ਤੋਂ ਉਧਾਰ ਲੈਣਾ ਅਤੇ ਬੰਧਕ ਕਰਦਾਤਾ ਤੋਂ ਧਨ ਖਿੱਚਣਾ ਜੋ ਪਹਿਲਾਂ ਹੀ ਭਾਰੀ ਬੋਝ ਹੇਠ ਦੱਬਿਆ ਹੋਇਆ ਸੀ ਅਤੇ ਦੱਬਿਆ ਹੋਇਆ। ਇਹ ਸਮਝ ਪਾਉਣਾ ਮੁਸ਼ਕਿਲ ਹੈ ਕਿ ਆਉਣ ਵਾਲੇ ਸਾਲਾਂ ਵਿਚ ਇਹ ਸਾਰੀ ਘਟੀਆ ਤਰਤੀਬ ਕਿਵੇਂ ਬਦਲੇਗੀ। ਹਰ ਕੋਈ ਵਿਦੇਸ਼ੀ ਮਦਦ 'ਤੇ ਆਸ ਲਗਾਈ ਬੈਠਾ ਹੈ ਕਿ ਉਹ ਆਏਗੀ ਅਤੇ ਆਰਥਿਕਤਾ ਸੁਧਰ ਜਾਵੇਗੀ। ਅੱਬਲ ਤਾਂ ਇਸ ਸਹਾਇਤਾ ਨੂੰ ਆਉਣ ਵਿਚ ਕਾਫੀ ਵਕਤ ਲੱਗੇਗਾ ਅਤੇ ਅੰਤ ਜਦੋਂ ਉਹ ਆਏਗੀ ਵੀ ਤਾਂ ਉਹਦੇ ਨਾਲ ਸ਼ਰਤਾਂ ਜੁੜੀਆਂ ਹੋਣਗੀਆਂ ਅਤੇ ਕੋਈ ਗਾਰੰਟੀ ਨਹੀਂ ਕਿ ਲੰਬੇ ਸਮੇਂ ਤੱਕ ਮਿਲਦੀ ਰਹੇਗੀ। ਸਮੱਸਿਆ ਸੁਲਝਾਈ ਜਾ ਸਕਦੀ ਹੈ। ਬੇਸ਼ਰਤੇ ਕਿ ਦੇਸ਼ ਵਿਚ ਮਾਹਿਰਾਂ ਨੂੰ ਇਕੱਠਾ ਕਰੇ ਅਤੇ ਉਨ੍ਹਾਂ ਦੀ ਸਲਾਹ 'ਤੇ ਦਮ ਤੋੜਦੀ ਬਿਜਲੀ ਸਪਲਾਈ, ਘੱਟਦੇ ਉਤਪਾਦਨ ਤੇ ਵਧਦੀ ਬੇਰੁਜ਼ਗਾਰੀ ਦੀ ਤੀਹਰੀ ਚੁਣੌਤੀ ਦਾ ਸਾਹਮਣਾ ਕਰੇ। ਪਰ ਅਜਿਹੇ ਫੈਸਲੇ ਆਧੁਨਿਕ, ਇਕਾਗਰ ਅਤੇ ਚੌਕਸ ਅਗਵਾਈ ਹੀ ਲੈ ਸਕਦੀ ਹੈ। ਜੋ ਲੋਕ ਦਿਨ ਦੀ ਸ਼ੁਰੂਆਤ 10 ਵਜੇ ਅਤੇ ਸਮਾਪਨ 4 ਵਜੇ ਕਰਦੇ ਹਨ ਅਤੇ ਇਨ੍ਹਾਂ ਸੀਮਤ ਘੰਟਿਆਂ ਵਿਚ ਆਪਣੀ ਕੁਰਸੀ ਬਚਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ, ਉਨ੍ਹਾਂ ਲਈ ਲੰਬੇ ਸਮੇਂ ਤੋਂ ਚਲੀਆਂ ਆਉਂਦੀਆਂ ਸਮੱਸਿਆਵਾਂ ਨੂੰ ਅਸਰਦਾਰ ਢੰਗ ਨਾਲ ਹੱਲ ਕਰਨਾ ਮੁਮਕਿਨ ਨਹੀਂ। 18ਵੇਂ ਸੰਵਿਧਾਨ ਸੋਧ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਿਚਕਾਰ ਸੱਤਾ ਸੰਤੁਲਨ ਨੂੰ ਬੁਰੀ ਤਰ੍ਹਾਂ ਬਦਲ ਦਿੱਤਾ ਹੈ। ਇਸ ਨੇ ਹਰ ਰਾਜਨੀਤਕ ਦਲ ਨੂੰ ਸੁਪਨੇ ਦਿਖਾਉਣ ਦਾ ਮੌਕਾ ਵੀ ਦਿੱਤਾ ਹੈ। ਦੇਖਣਾ ਇਹੀ ਹੈ ਕਿ ਕਾਨੂੰਨ ਪਾਸ ਹੋਣ ਦੀ ਅਗਲੀ ਸੁਭਾ ਮੁਲਕ ਨਵੀਂ ਅਗਵਾਈ ਦੇ ਅਧੀਨ ਅੱਖਾਂ ਖੋਹਲ ਪਾਉਂਦਾ ਹੈ ਜਾਂ ਨਹੀਂ।

# ਐਨ ਆਰ ਆਈ ਸਭਾ ਦੀ ਚੋਣ 'ਚ ਹੇਅਰ ਦੂਜੀ ਵਾਰ ਪ੍ਰਧਾਨ

**ਜਲੰਧਰ :** ਐਨ ਆਰ ਆਈ ਸਭਾ ਪੰਜਾਬ ਦੀ ਪ੍ਰਧਾਨਗੀ ਲਈ ਹੋਈ ਚੋਣ ਦੌਰਾਨ ਕਮਲਜੀਤ ਸਿੰਘ ਹੇਅਰ ਦੂਜੀ ਵਾਰ ਪ੍ਰਧਾਨ ਚੁਣੇ ਗਏ। ਐਨ ਆਰ ਆਈ ਸਭਾ ਦੇ 14 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਪਈਆਂ ਵੋਟਾਂ ਦੌਰਾਨ ਵਿਰੋਧੀ ਧਿਰ ਨੇ ਦੋਸ਼ ਲਾਇਆ ਹੈ ਕਿ ਇਸ ਚੋਣ ਦੌਰਾਨ ਸਰਕਾਰੀ ਮਸ਼ੀਨਰੀ ਨੇ ਪੂਰੀ ਤਰ੍ਹਾਂ ਪੱਖਪਾਤ ਵਾਲੀ ਭੂਮਿਕਾ ਨਿਭਾਈ।

ਚੋਣ 'ਚ ਪਛੜੇ ਉਮੀਦਵਾਰ ਜਸਬੀਰ ਸਿੰਘ ਸ਼ੇਰਗਿੱਲ ਨੇ ਚੋਣ ਅਧਿਕਾਰੀ ਗੁਰਪ੍ਰੀਤ ਸਿੰਘ ਖਹਿਰਾ ਤੇ ਸਭਾ ਦੇ ਚੇਅਰਮੈਨ ਐਸ ਆਰ ਲੱਧੜ ਕਮਿਸ਼ਨਰ ਜਲੰਧਰ ਡਵੀਜ਼ਨ ਦੀ ਵਿਦੇਸ਼ ਮੰਤਰਾਲੇ ਕੋਲ ਸ਼ਿਕਾਇਤ ਕਰਨ ਅਤੇ ਚੋਣ ਨੂੰ ਕਾਨੂੰਨੀ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਸਰਕਾਰੀ ਮਸ਼ੀਨਰੀ ਵਲੋਂ ਨਿਭਾਈ ਗਈ ਭੂਮਿਕਾ ਕਾਰਨ ਇਹ ਚੋਣ ਵਿਵਾਦਾਂ 'ਚ ਘਿਰ ਗਈ ਹੈ। ਸਭਾ ਦੇ ਮੁੱਖ ਸਰਪ੍ਰਸਤ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਨ। ਸਭਾ ਦੇ ਚੇਅਰਮੈਨ ਤੇ ਜਲੰਧਰ ਦੇ ਕਮਿਸ਼ਨਰ ਸ੍ਰੀ ਐਸ ਆਰ ਲੱਧੜ ਨੂੰ ਤਿੰਨ ਵਿਧਾਇਕਾਂ ਨੇ ਫਿਟਕਾਰ ਲਗਾਈ ਕਿ ਉਸ ਨੇ ਚੋਣ ਅਮਲ ਦੌਰਾਨ ਮੀਡੀਏ ਨੂੰ ਦੂਰ ਰੱਖਣ ਦੇ ਫ਼ੈਸਲੇ ਨਾਲ ਸਰਕਾਰ ਦੇ ਅਕਸ ਨੂੰ ਚਿੱਬ ਲਾ ਦਿੱਤੇ ਹਨ।

1996 'ਚ ਬਣੀ ਐਨ ਆਰ ਆਈ ਸਭਾ ਪੰਜਾਬ ਦੀ ਪ੍ਰਧਾਨਗੀ ਲਈ ਬੀਤੀ 15 ਅਪ੍ਰੈਲ ਨੂੰ ਪਹਿਲੀ ਵਾਰ ਵੋਟਾਂ ਪਾ ਕੇ ਪ੍ਰਧਾਨ ਦਾ ਫ਼ੈਸਲਾ ਕੀਤਾ ਗਿਆ। ਪ੍ਰਧਾਨਗੀ ਲਈ ਮੁੱਖ ਦਾਅਵੇਦਾਰਾਂ 'ਚ ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਨਾਰੰਗਪੁਰ, ਜਸਬੀਰ ਸਿੰਘ ਸ਼ੇਰਗਿੱਲ ਤੇ ਕਮਲਜੀਤ ਹੇਅਰ ਸ਼ਾਮਲ ਸਨ। ਕੁੱਲ ਪਈਆਂ 2196 ਵੋਟਾਂ 'ਚੋਂ ਕਮਲਜੀਤ ਸਿੰਘ ਹੇਅਰ ਨੂੰ 1014 ਵੋਟਾਂ, ਜਦਕਿ ਜਸਬੀਰ ਸਿੰਘ ਸ਼ੇਰਗਿੱਲ ਨੂੰ 609 ਤੇ ਪ੍ਰੀਤਮ ਸਿੰਘ ਨਾਰੰਗਪੁਰ ਨੂੰ 573 ਵੋਟਾਂ ਪਈਆਂ। ਆਪਣੇ ਆਪ ਨੂੰ ਉਮੀਦਵਾਰ ਦੱਸਣ ਵਾਲੇ ਸਰਬਜੀਤ ਸਿੰਘ ਗਿਲਜ਼ੀਆ ਨੂੰ ਉਦੋਂ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਹ ਉਮੀਦਵਾਰ ਬਣਨ ਦੀ ਯੋਗਤਾ ਹੀ ਪੂਰੀ ਨਾ ਕਰ ਸਕਿਆ।

ਸਥਾਨਕ ਬਾਰ ਕੌਂਸਲ 'ਚ 15 ਅਪ੍ਰੈਲ ਨੂੰ ਸਵੇਰ ਤੋਂ ਹੀ ਐਨ ਆਰ ਆਈ ਸਭਾ ਦੇ ਪ੍ਰਧਾਨ ਦੀ ਚੋਣ ਲਈ ਪ੍ਰਵਾਸੀ ਭਾਰਤੀਆਂ ਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੇ ਆਉਣਾ ਸ਼ੁਰੂ ਕਰ ਦਿੱਤਾ ਸੀ। ਐਨ ਆਰ ਆਈ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ 15 ਹਜ਼ਾਰ ਦੇ ਕਰੀਬ ਹੈ। ਪਰ ਵੋਟਾਂ ਪਾਉਣ ਲਈ ਸਿਰਫ਼ ਢਾਈ ਹਜ਼ਾਰ ਹੀ ਵੋਟਰ ਆਏ ਸਨ।

ਐਨ ਆਰ ਆਈ ਸਭਾ ਦੀ ਚੋਣ ਉਸ ਸਮੇਂ ਵਿਵਾਦਾਂ 'ਚ ਘਿਰ ਗਈ ਜਦੋਂ ਜਸਬੀਰ ਸਿੰਘ ਸ਼ੇਰਗਿੱਲ ਵਲੋਂ ਕਮਲਜੀਤ ਸਿੰਘ ਹੇਅਰ 'ਤੇ ਦੋਸ਼ ਲਗਾਇਆ ਗਿਆ ਕਿ ਉਹ ਬ੍ਰਿਟਿਸ਼ ਨਾਗਰਿਕ ਹੈ ਤੇ ਉਹ ਚੋਣ ਨਹੀਂ ਲੜ ਸਕਦਾ। ਉਸ ਨੇ ਵਿਦੇਸ਼ ਮੰਤਰਾਲੇ ਦੀ ਉਹ ਚਿੱਠੀ ਵੀ ਸਬੂਤ ਵਜੋਂ ਲਗਾਈ ਸੀ, ਜਿਸ 'ਚ ਕਿਸੇ ਵਿਦੇਸ਼ੀ ਨਾਗਰਿਕ ਨੂੰ ਅਜਿਹੀ ਚੋਣ ਲੜਨ ਦਾ ਕੋਈ ਹੱਕ ਨਹੀਂ ਹੈ। ਪਰ ਚੋਣ ਅਧਿਕਾਰੀ ਗੁਰਪ੍ਰੀਤ ਸਿੰਘ ਖਹਿਰਾ ਨੇ ਉਨ੍ਹਾਂ ਦੀ ਇੱਕ ਨਹੀਂ ਸੁਣੀ। ਪ੍ਰੀਤਮ ਸਿੰਘ ਨਾਰੰਗਪੁਰ ਵਲ ਡੈਲੀਗੇਟ ਤੇ ਡਾਇਰੈਕਟਰਾਂ ਵਲੋਂ ਇੱਕ ਤੋਂ ਵੱਧ ਵੋਟਾਂ ਪਾਉਣ ਦੇ ਕੀਤੇ ਗਏ ਇਤਰਾਜ਼ ਨੂੰ ਸ੍ਰੀ ਖਹਿਰਾ ਨੇ ਸਿਰਫ਼ ਫਾਈਲ 'ਚ ਹੀ ਰੱਖ ਲਿਆ, ਉਸ 'ਤੇ ਕੋਈ ਅਮਲ ਜਾਂ ਟਿੱਪਣੀ ਨਹੀਂ ਕੀਤੀ। ਉਧਰ ਖਹਿਰਾ ਦਾ ਕਹਿਣਾ ਸੀ ਕਿ ਚੋਣ ਪੂਰੀ ਤਰ੍ਹਾਂ ਸਭਾ ਦੇ ਵਿਧਾਨ ਅਨੁਸਾਰ ਕਰਵਾਈ ਗਈ ਹੈ।

ਦੋਵਾਂ ਤੋਂ ਪਹਿਲਾਂ ਆਮ ਸਹਿਮਤੀ ਬਣਾਉਣ ਦੇ ਵੀ ਯਤਨ ਕੀਤੇ ਗਏ, ਜੋ ਸਿਰੇ ਨਹੀਂ ਚੜ੍ਹੇ। ਆਖਰ ਵੋਟਾਂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਪਹਿਲਾਂ ਇਹ ਚੋਣ 15 ਫਰਵਰੀ ਨੂੰ ਕਰਵਾਈ ਜਾਣੀ ਸੀ, ਪਰ ਇਸ ਚੋਣ ਨੂੰ ਅੱਗੇ ਪਾ ਦਿੱਤਾ ਗਿਆ ਸੀ। ਸਭਾ ਦੇ ਚੇਅਰਮੈਨ ਤੇ ਜਲੰਧਰ ਡਵੀਜ਼ਨ ਦੇ ਕਮਿਸ਼ਨ ਐਸ ਆਰ ਲੱਧੜ ਨੂੰ ਤਿੰਨ ਵਿਧਾਇਕਾਂ ਸਰਬਜੀਤ ਸਿੰਘ ਮੱਕੜ, ਜਗਬੀਰ ਬਰਾੜ, ਕੇ ਡੀ ਭੰਡਾਰੀ ਨੇ ਮੀਡੀਏ ਨੂੰ ਚੋਣ ਅਮਲ ਤੋਂ ਦੂਰ ਰੱਖਣ ਲਈ ਅਲੋਚਨਾ ਕੀਤੀ।

*To Advertise with us*
*call: 847-359-0746*
*Fax:847-705-9388*

**SUPER TRAVEL**
**847–676–9090**
*E-mail: supertravel2003@yahoo.com*
***Lowest Fares With Excellent Service***
***AMERICAN AIR,***
***JET AIRWAYS DELTA, AIR INDIA,***
***For Emergency Call anytime at***
**India $545**
***EARLY BIRD SALE!!!!***




**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
**DHMS, Hons, BAMS, MDEH, 30 Years experience**
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**
**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**
**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**
**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**
**ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ**
**Global Multi Services**
**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**
***License Plates**
***IFTA *Fuel tax Return**
***DOT, ICC-MC Registration Services**
***New Mexico & Kentucky Permit**
***Corporation and LLC Formation,**
***Highway Use Tax (2290)**
***UCR Permit, Oregon Permits, CA #,**
***MCP, New York Permits etc.**



***Rajinder Singh***
**Insurance Lic No. 0G73739**



**RAM Commercial Insurance**
**High Five Plaza #204**
**19625 Harlan Rd Lathrop CA 95330**
**Exactly on I-5 and Luise Exit Opposite to Dennis Restaurant**
Financing Available For Buying Trucks
**Cell:(510) 557-6988, Ph:209-982-9996**

# ਸ਼ਸ਼ੀ ਥਰੂਰਾਂ ਤੇ ਗ਼ਲਤ ਮੋਦੀਆਂ ਨਾਲ ਭਰਿਆ ਪਿਆ ਉਪਰਲਾ ਵਰਗ

**ਜਤਿੰਦਰ ਪਨੂੰ**

ਇਹ ਪਹਿਲੀ ਵਾਰ ਨਹੀਂ ਹੋਇਆ ਕਿ ਭਾਰਤ ਦੇ ਲੋਕਾਂ ਨੂੰ ਉਪਰਲੇ ਪੱਧਰ 'ਤੇ ਲੋਕਾਂ ਦੀਆਂ ਕਰਤੂਤਾਂ ਕਾਰਨ ਕਚਿਆਣ ਆਈ ਹੋਵੇ। ਕਦੇ ਬੋਫੋਰਜ਼ ਕੰਪਨੀ ਦੀ ਹਾਵਿਟਜ਼ਰ ਤੋਪ ਦੀ ਖਰੀਦ ਦਾ ਮੁੱਦਾ ਏਨਾ ਵੱਡਾ ਬਣ ਗਿਆ ਸੀ ਕਿ ਕੇਂਦਰ ਦੀ ਸਰਕਾਰ ਪਲਟ ਗਈ ਸੀ। ਫਿਰ ਸਟਾਕ ਐਕਸਚੇਂਜਾਂ ਨਾਲ ਜੁੜਿਆ ਹਰਸ਼ਦ ਮਹਿਤੇ ਹੁਰਾਂ ਵਾਲਾ ਮਾਮਲਾ ਉਭਰਿਆ ਤਾਂ ਬੋਫੋਰਜ਼ ਤੋਪ ਸੌਦਾ ਬੌਣਾ ਬਣ ਕੇ ਰਹਿ ਗਿਆ ਸੀ। ਉਸ ਪਿੱਛੋਂ ਜਾਅਲੀ ਅਸ਼ਟਾਮ ਛਪਣ ਦੇ ਕਈ ਹਜ਼ਾਰ ਕਰੋੜ ਦੇ ਘਪਲੇ ਨੇ ਭਾਰਤ ਦੇ ਲੋਕਾਂ ਨੂੰ ਉਂਗਲਾਂ ਟੁੱਕਣ ਲਾ ਦਿੱਤਾ ਸੀ। ਉਸੇ ਦੌਰ ਵਿਚ ਤਹਿਲਕਾ ਵਾਲਾ ਮਾਮਲਾ ਚਰਚਾ ਦਾ ਵਿਸ਼ਾ ਬਣ ਗਿਆ ਸੀ, ਜਿਸ ਵਿਚ ਮੋਟਾ ਗੱਫਾ ਲੈ ਕੇ ਮੁਲਕ ਦੇ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਦੀ ਇਕ ਨੇੜੂ ਬੀਬੀ ਤੱਕ ਵੱਡੇ-ਵੱਡੇ ਕਈ ਲੋਕ ਜ਼ਮੀਰਾਂ ਵੇਚਣ ਨੂੰ ਤਿਆਰ ਨਜ਼ਰ ਆਏ ਸਨ। ਰਹੀ ਕਸਰ ਵਾਜਪਾਈ ਸਰਕਾਰ ਵੇਲੇ ਲੀਡਰਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਪੈਟਰੋਲ ਤੇ ਗੈਸ ਦੀਆਂ ਏਜੰਸੀਆਂ ਅਤੇ ਆਰ ਐਸ ਐਸ ਨਾਲ ਜੁੜੇ ਸੰਗਠਨਾਂ ਨੂੰ ਕਰੋੜਾਂ ਦੀ ਜਾਇਦਾਦ ਕੌਡੀਆਂ ਦੇ ਭਾਅ ਸੌਂਪ ਦੇਣ ਦੇ ਸਕੈਂਡਲ ਨੇ ਕੱਢ ਦਿੱਤੀ ਸੀ। ਉਂਜ ਭਾਰਤ ਦੇ ਲੋਕਾਂ ਨੇ ਇਸੇ ਦੌਰਾਨ ਪੈਸੇ ਲੈ ਕੇ ਪਾਰਲੀਮੈਂਟ ਅੰਦਰ ਸਵਾਲ ਪੁੱਛਣ ਜਾਂ ਸਵਾਲ ਪੁੱਛ ਕੇ ਜਵਾਬ ਵੇਲੇ ਗੈਰ-ਹਾਜ਼ਰ ਰਹਿਣ ਦੇ ਸੌਦੇ ਮਾਰਦੇ ਜਾਂ ਕਬੂਤਰਬਾਜ਼ੀ ਕਰਦਿਆਂ ਹਵਾਈ ਅੱਡੇ ਉੱਤੇ ਫੜੇ ਜਾਂਦਿਆਂ ਵੀ ਆਪਣੇ ਲੀਡਰਾਂ ਨੂੰ ਵੇਖਿਆ ਸੀ।

ਬੀਤੇ ਹਫਤੇ ਫਿਰ ਇਕ ਵੱਡੇ ਸਕੈਂਡਲ ਨੇ ਭਾਰਤ ਦੇ ਲੋਕਾਂ ਨੂੰ ਨਮੋਸ਼ੀ ਦਾ ਇਕ ਹੋਰ ਮੌਕਾ ਪੇਸ਼ ਕਰ ਦਿੱਤਾ ਹੈ। ਇਸ ਸਕੈਂਡਲ ਦਾ ਸੰਬੰਧ ਸਾਰੀਆਂ ਖੇਡਾਂ ਨੂੰ ਮਧੋਲ ਕੇ ਮੈਦਾਨ ਮੱਲੀ ਬੈਠੀ ਸਭ ਤੋਂ ਕਮਾਊ ਖੇਡ ਕ੍ਰਿਕਟ ਦੇ ਪ੍ਰਬੰਧਕਾਂ ਦੇ ਕਿਰਦਾਰ ਨਾਲ ਹੈ, ਜਿਸ ਦੀ ਲਪੇਟ ਵਿਚ ਇਕ ਕੇਂਦਰੀ ਮੰਤਰੀ ਵੀ ਆ ਗਿਆ ਹੈ।

ਭਾਰਤ ਦਾ ਵਿਦੇਸ਼ ਮੰਤਰੀ ਬਣਨ ਤੋਂ ਪਹਿਲਾਂ ਸ਼ਸ਼ੀ ਥਰੂਰ ਨਾਂਅ ਦਾ ਇਕ ਬੰਦਾ ਸੁਯੰਕਤ ਰਾਸ਼ਟਰ ਦਾ ਅਧਿਕਾਰੀ ਹੁੰਦਾ ਸੀ। ਪਿਛਲੀ ਵਾਰੀ ਜਦੋਂ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਦੀ ਚੋਣ ਹੋਈ ਤਾਂ ਭਾਰਤ ਨੇ ਉਸ ਨੂੰ ਇਸ ਸੰਸਾਰ ਜਥੇਬੰਦੀ ਦੇ ਸਿਖਰਲੇ ਅਹੁਦੇ ਲਈ ਉਮੀਦਵਾਰ ਵਜੋਂ ਪੇਸ਼ ਕੀਤਾ ਸੀ। ਉਹ ਚੁਣਿਆ ਨਾ ਜਾ ਸਕਿਆ ਤੇ ਸਾਨੂੰ ਸਾਰਿਆਂ ਨੂੰ ਇਸ ਉੱਤੇ ਅਫਸੋਸ ਹੋਇਆ ਸੀ। ਹੁਣ ਉਸ ਦੇ ਕਿਰਦਾਰ ਦਾ ਜਿਹੜਾ ਕੱਚਾ ਚਿੱਠਾ ਸਾਹਮਣੇ ਆ ਰਿਹਾ ਹੈ, ਉਸ ਨੂੰ ਵੇਖਦੇ ਹੋਏ ਇਹ ਕਹਿਣਾ ਠੀਕ ਲੱਗਦਾ ਹੈ ਕਿ ਸ਼ੁਕਰ ਹੈ, ਉਹ ਚੁਣਿਆ ਨਹੀਂ ਸੀ ਗਿਆ, ਵਰਨਾ ਉਸ ਨੇ ਓਥੇ ਵੀ ਕੁਝ ਨਾ ਕੁਝ ਇਹੋ ਜਿਹਾ ਕਰ ਦੇਣਾ ਸੀ ਕਿ ਭਾਰਤ ਦੇ ਲੋਕਾਂ ਦੇ ਪੱਲੇ ਸ਼ਰਮਿੰਦਗੀ ਪੈ ਜਾਂਦੀ। ਸੰਯੁਕਤ ਰਾਸ਼ਟਰ ਦੀ ਚੋਣ 'ਚੋਂ ਖਾਲੀ ਹਾਥੀਂ ਮੁੜੇ ਸ਼ਸ਼ੀ ਥਰੂਰ ਨੂੰ ਭਾਰਤ ਸਰਕਾਰ ਦਾ ਵਿਦੇਸ਼ ਰਾਜ ਮੰਤਰੀ ਬਣਾ ਦਿੱਤਾ ਗਿਆ। ਦਾਅਵਾ ਇਹ ਕੀਤਾ ਗਿਆ ਕਿ ਉਸ ਨੇ ਸੁਯੰਕਤ ਰਾਸ਼ਟਰ ਵਿਚ ਕੰਮ ਕੀਤਾ ਹੋਣ ਕਰਕੇ ਵਿਦੇਸ਼ੀ ਮਾਮਲਿਆਂ ਵਿਚ ਉਸ ਦੀ ਸਮਝਦਾਰੀ ਬੜੀ ਲਾਹੇਵੰਦ ਰਹੇਗੀ। ਭੂਮਿਕਾ ਉਸ ਨੇ ਏਨੀ 'ਵਧੀਆ' ਨਿਭਾਈ ਕਿ ਦੋ ਅਹਿਮ ਸੰਸਾਰ ਪੱਧਰੀ ਸਮਾਗਮਾਂ ਮੌਕੇ ਜਦੋਂ ਉਸ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਨਾਲ ਅਮਰੀਕਾ ਅਤੇ ਬਰਾਜ਼ੀਲ ਵਿਚ ਹੋਣਾ ਚਾਹੀਦਾ ਸੀ, ਓਦੋਂ ਉਹ ਭਾਰਤ ਦੇ ਲੋਕਾਂ ਨੂੰ ਆਪਣੀਆਂ ਕਰਤੂਤਾਂ ਦੀਆਂ ਸਫਾਈਆਂ ਦਿੰਦਾ ਇਥੇ ਫਿਰਦਾ ਵੇਖਿਆ ਗਿਆ। ਜੇ ਕਦੇ ਪਹਿਲਾਂ ਹੀ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਹੁੰਦਾ ਤਾਂ ਸਰਕਾਰ ਇਸ ਨਮੋਸ਼ੀ ਤੋਂ ਬਚ ਸਕਦੀ ਸੀ।

ਜੀ ਹਾਂ, ਉਸ ਨੂੰ ਪਹਿਲਾਂ ਵੀ ਹਟਾਇਆ ਜਾ ਸਕਦਾ ਸੀ। ਇਹੋ ਜਿਹੇ ਕਈ ਮੌਕੇ ਆਏ ਸਨ, ਜਿਨ੍ਹਾਂ ਨੂੰ ਵਰਤਿਆ ਜਾ ਸਕਦਾ ਸੀ ਤੇ ਉਨ੍ਹਾਂ ਵਿਚੋਂ ਇਕ ਮੌਕਾ ਉਹ ਸੀ, ਜਦੋਂ ਸੋਨੀਆ ਗਾਂਧੀ ਦੀ ਸਾਦਗੀ ਮੁਹਿੰਮ ਅਧੀਨ ਜਹਾਜ਼ ਦੀ ਆਮ ਸ਼੍ਰੇਣੀ ਵਿਚ ਸਫਰ ਕਰਨ ਦੀ ਹਦਾਇਤ ਨੂੰ ਉਸ ਨੇ 'ਕੈਟਲ ਕਲਾਸ', ਯਾਨੀ ਕਿ ਡੰਗਰਾਂ ਦੀ ਸ਼੍ਰੇਣੀ, ਵਿਚ ਸਫ਼ਰ ਕਰਨਾ ਆਖਿਆ ਸੀ।

'ਹਰ ਮੱਸਿਆ ਬਦਨਾਮੀ' ਦਾ ਸ਼ੌਕੀਨ ਸ਼ਸ਼ੀ ਥਰੂਰ ਇਹਨੀਂ ਦਿਨੀਂ ਜਿਸ ਕ੍ਰਿਕਟ ਲੜੀ ਆਈ ਪੀ ਐਲ (ਇੰਡੀਅਨ ਪ੍ਰੀਮੀਅਰ ਲੀਗ) ਦੇ ਵਿਵਾਦ ਵਿਚ ਫਸਿਆ ਹੈ, ਉਹ ਆਪਣੇ ਆਪ ਵਿਚ ਗੰਦੇ ਵਹਿਣ ਵਾਲੀ ਨਾਲੀ ਵਜੋਂ ਜਾਣੀ ਜਾਂਦੀ ਹੈ। ਪੈਸਾ ਤਾਂ ਕ੍ਰਿਕਟ ਦੀ ਖੇਡ ਨਾਲ ਉਂਜ ਹੀ ਏਨਾ ਜੁੜਿਆ ਹੋਇਆ ਹੈ ਕਿ ਜਿਹੜਾ ਵੀ ਇਸ ਵਹਿਣ ਵਿਚ ਇਕ ਵਾਰੀ ਚੁੱਭੀ ਮਾਰ ਆਵੇ, ਕਰੋੜਾਂ ਦੀ ਕਮਾਈ ਕਰਨ ਵਾਲਾ ਬਣ ਜਾਂਦਾ ਹੈ। ਸੰਨ 2003 ਦੇ ਸੰਸਾਰ ਕ੍ਰਿਕਟ ਕੱਪ ਵਿਚ ਗਈ ਭਾਰਤੀ ਟੀਮ ਨਾਲ ਜਿਹੜੇ ਤਿੰਨ ਖਿਡਾਰੀ 'ਐਕਸਟਰਾ' (ਭਾਵ ਕਿ ਵਾਧੂ) ਬਣਾ ਕੇ ਭੇਜੇ ਗਏ, ਉਨ੍ਹਾਂ ਨੂੰ ਲੋੜ ਨਾ ਪੈਣ ਕਰ ਕੇ ਇਕ ਵੀ ਮੈਚ ਮੌਕੇ ਮੈਦਾਨ ਵਿਚ ਨਹੀਂ ਸੀ ਵੜਨਾ ਪਿਆ, ਪਰ ਸਾਢੇ ਤਿੰਨ-ਤਿੰਨ ਕਰੋੜ ਰੁਪਏ ਉਨ੍ਹਾਂ ਨੂੰ ਵੀ ਮਿਲ ਗਏ ਸਨ। ਜਿਸ ਖੇਡ ਵਿਚ ਬਿਨਾਂ ਖੇਡਿਆਂ 'ਐਕਸਟਰਾ' ਬਣ ਕੇ ਵੀ ਕਰੋੜਾਂ ਰੁਪਏ ਮਿਲ ਜਾਂਦੇ ਹੋਣ, ਉਸ ਦੀ ਟੀਮ ਵਿਚ ਸ਼ਾਮਲ ਹੋਣ ਲਈ ਮੋਟੇ ਲੈਣ-ਦੇਣ ਦੀਆਂ ਖ਼ਬਰਾਂ ਜਦੋਂ ਆਉਂਦੀਆਂ ਹਨ ਤਾਂ ਉਹ ਪੂਰੀਆਂ ਝੂਠ ਨਹੀਂ ਹੁੰਦੀਆਂ, ਕੁਝ ਸੱਚ ਵੀ ਹੁੰਦਾ ਹੈ। ਇਸ ਵਾਰੀ ਟੀਮ ਵਿਚ ਖਿਡਾਰੀਆਂ ਦੀ ਸ਼ਮੂਲੀਅਤ ਦਾ ਰੌਲਾ ਨਹੀਂ, ਸਗੋਂ ਆਈ ਪੀ ਐਲ ਦੇ ਮੈਚ ਖੇਡਣ ਵਾਲੀਆਂ ਟੀਮਾਂ ਦੀ ਮਾਲਕੀ ਵਿਚ ਰਾਜਸੀ ਅਤੇ ਕਾਰੋਬਾਰੀ ਖਿਡਾਰੀਆਂ ਦੀ ਸ਼ਮੂਲੀਅਤ ਨੇ ਰੱਫੜ ਪਾਇਆ ਹੈ। ਭਾਰਤ ਦਾ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਵੀ ਇਸੇ ਪੁਆੜੇ ਦੇ ਕੇਂਦਰ ਬਿੰਦੂ ਬਣੇ ਬੰਦਿਆਂ 'ਚੋਂ ਇਕ ਹੈ। ਮੁੱਢਲੇ ਰੂਪ ਵਿਚ ਆਈ ਪੀ ਐਲ ਦੀਆਂ ਸਿਰਫ ਅੱਠ ਟੀਮਾਂ ਸਨ, ਪਰ ਜਦੋਂ ਵੇਖਿਆ ਗਿਆ ਕਿ ਟੀਮਾਂ ਭਾਵੇਂ ਜਿੱਤਣ ਤੇ ਭਾਵੇਂ ਹਾਰ ਜਾਣ, ਕਮਾਈ ਹੋਰਨਾਂ ਪਾਸਿਆਂ ਤੋਂ ਇਸ਼ਤਿਹਾਰਬਾਜ਼ੀ ਆਦਿ ਰਾਹੀਂ ਮੋਟੀ ਹੋ ਜਾਂਦੀ ਹੈ ਤਾਂ ਉਹ ਲੋਕ ਵੀ ਇਸ ਖੇਤਰ ਵਿਚ ਆ ਵੜੇ, ਜਿਨ੍ਹਾਂ ਦਾ ਖੇਡ ਨਾਲ ਕਾਰੋਬਾਰ ਤੋਂ ਵਧ ਵਾਸਤਾ ਹੀ ਨਹੀਂ। ਬਿਨਾਂ ਕਿਸੇ ਉਚਿਤ ਕਾਰਨ ਤੋਂ ਬਣੀਆਂ ਦੋ ਨਵੀਆਂ ਟੀਮਾਂ ਕਿੰਨੇ ਮੁੱਲ ਦੀਆਂ ਖਰੀਦੀਆਂ ਜਾਂ ਬਣਾਈਆਂ ਗਈਆਂ, ਉਸ ਤੋਂ ਪਹਿਲਾਂ ਮੁੱਢਲੇ ਦੌਰ ਦੀਆਂ ਅੱਠ ਟੀਮਾਂ ਦੀ ਗੱਲ ਕਰਨੀ ਠੀਕ ਰਹੇਗੀ। ਪਹਿਲੀਆਂ ਅੱਠ ਟੀਮਾਂ ਵਿਚੋਂ ਸਭ ਤੋਂ ਸਸਤੀ ਟੀਮ ਵਿਕੀ ਸੀ ਰਾਜਸਥਾਨ ਰਾਇਲ ਦੀ, ਜਿਸ ਦਾ ਮੁੱਲ ਸਿਰਫ 264 ਕਰੋੜ ਰੁਪਏ ਪਿਆ ਸੀ ਤੇ ਖਰੀਦਣ ਵਾਲੇ ਪੰਜ-ਛੇ ਜਣੇ ਸਨ। ਦੂਜੀ ਟੀਮ ਸ਼ਾਹਰੁਖ ਖਾਨ ਤੇ ਹੋਰਨਾਂ ਨੇ ਰਲ ਕੇ ਕੋਲਕਾਤਾ ਨਾਈਟ ਰਾਈਡਰਜ਼ ਖਰੀਦੀ 296 ਕਰੋੜ ਰੁਪਏ ਦੀ। ਤੀਜੀ ਟੀਮ ਵਾਡੀਆ ਪਰਿਵਾਰ ਤੇ ਪ੍ਰੀਟੀ ਜ਼ਿੰਟਾ ਵਗੈਰਾ ਨੇ ਰਲ ਕੇ ਪੰਜਾਬ ਵਾਲੀ ਖਰੀਦ ਲਈ 300 ਕਰੋੜ ਰੁਪਏ ਦੀ। ਚੌਥੀ ਟੀਮ ਦਿੱਲੀ ਡੇਅਰ ਡੇਵਿਲਜ਼ ਵਾਲੀ ਨੂੰ 331 ਕਰੋੜ ਰੁਪਏ ਵਿਚ ਖਰੀਦਿਆ ਜੀ ਐਮ ਆਰ ਗਰੁੱਪ ਨੇ। ਪੰਜਵੀਂ ਟੀਮ ਇੰਡੀਆ ਸੀਮੈਂਟਸ ਨੇ ਚੇਨਈ ਸੁਪਰ ਕਿੰਗਜ਼ ਖਰੀਦੀ ਸੀ 359 ਕਰੋੜ ਰੁਪਏ ਦੀ। ਛੇਵੀਂ ਟੀਮ ਡੈਕਨ ਚਾਰਜਰਜ਼ ਨੂੰ ਹੈਦਰਾਬਾਦ ਦੇ ਡੈਕਨ ਕਰਾਨੀਕਲ ਅਦਾਰੇ ਨੇ 422 ਕਰੋੜ ਰੁਪਏ ਵਿਚ ਖਰੀਦਿਆ ਸੀ। ਸੱਤਵੀਂ ਟੀਮ ਨੂੰ ਬੰਗਲੌਰ ਦੇ ਰਾਇਲ ਚੈਲਿੰਜਰਜ਼ ਵਾਲੇ ਗਰੁੱਪ ਨੇ 440 ਕਰੋੜ ਰੁਪਏ ਵਿਚ ਖਰੀਦਿਆ ਤੇ ਸਭ ਤੋਂ ਚੜ੍ਹਵੀਂ ਬੋਲੀ ਰਹੀ ਸੀ ਸਚਿਨ ਤੇਂਦੂਲਕਰ ਵਾਲੀ ਮੁੰਬਈ ਇੰਡੀਅਨਜ਼ ਦੀ, ਜਿਸ ਨੂੰ ਰਿਲਾਇੰਸ ਗਰੁੱਪ ਦੇ ਮੁਕੇਸ਼ ਅੰਬਾਨੀ ਨੇ 441 ਕਰੋੜ ਰੁਪਏ ਵਿਚ ਹਥਿਆ ਲਿਆ ਸੀ।




ਹੁਣ ਇਸ ਦੀ ਤੁਲਨਾ ਕਰੀਏ ਨਵੀਂਆਂ ਦੋ ਟੀਮਾਂ ਨਾਲ। ਪੁਰਾਣੀਆਂ ਅੱਠਾਂ ਵਿਚੋਂ ਸਭ ਤੋਂ ਸਸਤੀ ਟੀਮ 264 ਕਰੋੜ ਦੀ ਤੇ ਸਭ ਤੋਂ ਮਹਿੰਗੀ 441 ਕਰੋੜ ਦੀ ਸੀ, ਪਰ ਹੁਣ ਵਾਲੀਆਂ ਦੋਹਾਂ ਵਿਚੋਂ ਪੁਣੇ ਦੀ ਟੀਮ ਸਹਾਰਾ ਗਰੁੱਪ ਨੇ 1702 ਕਰੋੜ ਰੁਪਏ ਵਿਚ ਖਰੀਦੀ ਹੈ ਤੇ ਦੂਜੀ ਕੋਚੀ ਦੀ ਟੀਮ 1533 ਕਰੋੜ ਤੋਂ ਵਧ ਵਿਚ ਉਨ੍ਹਾਂ ਲੋਕਾਂ ਨੇ, ਜਿਨ੍ਹਾਂ ਦੇ ਪੂਰੇ ਵੇਰਵੇ ਹੀ ਪਤਾ ਨਹੀਂ ਲਗ ਰਹੇ। ਰੌਲੇ ਦਾ ਕਾਰਨ ਇਹ ਗੱਲ ਬਣ ਗਈ ਕਿ ਪੂਰਾ ਸੌਦਾ ਹੋ ਜਾਣ ਦੇ ਬਾਵਜੂਦ ਆਈ ਪੀ ਐਲ ਦਾ ਕਮਿਸ਼ਨਰ ਲਲਿਤ ਮੋਦੀ ਨਵੀਂ ਬਣੀ ਕੋਚੀ ਵਾਲੀ ਟੀਮ ਦੀ ਫਾਈਲ ਰੋਕ ਕੇ ਬੈਠ ਗਿਆ ਸੀ। ਭਾਰਤ ਦਾ ਵਿਦੇਸ਼ ਮੰਤਰੀ ਸ਼ਸ਼ੀ ਥਰੂਰ ਸਬਰ ਨਾ ਰੱਖ ਸਕਿਆ ਤੇ ਉਸ ਨੇ ਫਾਈਲ ਕੱਢਣ ਲਈ ਲਲਿਤ ਮੋਦੀ ਉੱਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਗੱਲ ਜੱਗ ਜ਼ਾਹਰ ਹੋ ਗਈ ਕਿ ਦੋਵਾਂ ਵਿਚ ਕਸ਼ਮਕਸ਼ ਚੱਲ ਰਹੀ ਹੈ। ਲਲਿਤ ਮੋਦੀ ਨੇ ਇਹ ਸੂਚਨਾ ਲੀਕ ਕਰ ਦਿੱਤੀ ਕਿ ਕੋਚੀ ਦੀ ਇਸ ਟੀਮ ਵਿਚ ਇਕ ਬੀਬੀ ਸੁਨੰਦਾ ਪੁਸ਼ਕਰ ਵੀ ਭਾਈਵਾਲ ਹੈ, ਪਰ ਵਿਦੇਸ਼ ਰਾਜ ਮੰਤਰੀ ਇਸ ਟੀਮ ਦੇ ਮਾਲਕੀ ਹੱਕਾਂ ਬਾਰੇ ਜਾਣਕਾਰੀ ਲੁਕਾਉਣੀ ਚਾਹੁੰਦਾ ਹੈ, ਕਿਉਂਕਿ ਸੁਨੰਦਾ ਉਸ ਦੀ ਦੂਜੀ ਬੀਵੀ ਬਣਨ ਵਾਲੀ ਸੁਣੀਦੀ ਹੈ। ਇਕ ਪਤੀ ਨਾਲ ਤਲਾਕ ਤੇ ਦੂਜੇ ਦੀ ਮੌਤ ਮਗਰੋਂ ਤੀਜਾ ਘਰ ਵਸਾਉਣ ਜਾ ਰਹੀ ਸੁਨੰਦਾ ਦੀਆਂ ਸ਼ਸ਼ੀ ਥਰੂਰ ਨਾਲ ਨਜ਼ਦੀਕੀਆਂ ਵੀ ਨਾ ਗੁੱਝੀਆਂ ਰਹੀਆਂ ਤੇ ਇਹ ਗੱਲ ਵੀ ਲੁਕੀ ਨਾ ਰਹੀ ਕਿ ਉਸ ਦੇ ਨਾਂਅ 73 ਕਰੋੜ ਰੁਪਏ ਦੇ ਸ਼ੇਅਰ ਦਰਜ ਹਨ। ਸਵਾਲ ਇਹ ਖੜ੍ਹਾ ਹੋ ਗਿਆ ਕਿ ਉਸ ਕੋਲ ਏਨੀ ਦੌਲਤ ਆਈ ਕਿੱਥੋਂ ਸੀ? ਦੋਸ਼ ਲਾਇਆ ਗਿਆ ਕਿ ਦੌਲਤ ਆਈ ਵੀ ਨਹੀਂ, ਉਸ ਨੇ ਏਨੀ ਰਕਮ ਲਈ ਵੀ ਨਹੀਂ, ਵਿਦੇਸ਼ ਰਾਜ ਮੰਤਰੀ ਦੇ ਦਬਾਅ ਹੇਠ ਕਾਲੇ ਪੈਸੇ ਵਾਲਿਆਂ ਨੇ ਉਸ ਦੇ ਨਾਂਅ ਉੱਤੇ ਏਨੇ ਪੈਸੇ ਖੁਦ ਹੀ ਪਾਏ ਹਨ, ਜੋ ਅਸਲ ਵਿਚ ਉਹਦੇ ਨਹੀਂ, ਇਸ ਮੰਤਰੀ ਦੇ ਬੇਨਾਮੀ ਸ਼ੇਅਰ ਹਨ।

ਖੁਦ ਸੁਨੰਦਾ ਨੂੰ ਇਹ ਮੰਨਣਾ ਪੈ ਗਿਆ ਕਿ ਦਿੱਤੀ ਤਾਂ ਉਸ ਨੇ ਦਵਾਨੀ ਵੀ ਨਹੀਂ, ਉਸ ਦੇ ਨਾਂਅ 'ਤੇ ਸ਼ੇਅਰ ਆਪੇ ਦਰਜ ਕੀਤੇ ਗਏ ਹਨ, ਪਰ ਇਹ ਕੋਈ ਹੇਰਾਫੇਰੀ ਨਹੀਂ, ਉਸ ਦੀਆਂ ਮਾਰਕੀਟਿੰਗ ਦੀਆਂ ਯੋਗਤਾਵਾਂ ਦਾ ਲਾਭ ਲੈਣ ਲਈ ਉਸ ਨਾਲ ਇਕ ਕਿਸਮ ਦੇ ਠੇਕੇ ਅਧੀਨ ਇਹ ਰਕਮ ਉਸ ਦੇ ਨਾਂਅ ਉੱਤੇ ਦਰਜ ਕੀਤੀ ਗਈ ਹੈ। ਆਖ਼ਰ ਕਿਹੜੀ ਯੋਗਤਾ ਸੀ ਉਸ ਦੀ ਇਹੋ ਜਿਹੀ? ਪਹਿਲਾਂ ਇਹੋ ਜਿਹਾ ਮਾਅਰਕੇ ਵਾਲਾ ਉਸ ਦਾ ਕੋਈ ਰਿਕਾਰਡ ਵੀ ਨਹੀਂ ਸੀ ਲੱਭ ਸਕਦਾ। ਫਿਰ ਇੱਕੋ ਸ਼ੱਕ ਕੀਤਾ ਗਿਆ ਕਿ ਵਿਆਹ ਕਰਵਾਉਣ ਤੋਂ ਪਹਿਲਾਂ ਉਸ ਦੇ ਨਾਂਅ ਉੱਤੇ ਸ਼ਸ਼ੀ ਥਰੂਰ ਨੇ ਪੈਸੇ ਲਾਏ ਜਾਂ ਲਵਾਏ ਸਨ, ਜੋ ਅੰਤ ਨੂੰ ਉਸੇ ਦੇ ਜਾਂ ਉਨ੍ਹਾਂ ਦੋਵਾਂ ਦੇ ਹੀ ਹੋ ਜਾਣੇ ਸਨ।

ਜੇ ਸ਼ਸ਼ੀ ਥਰੂਰ ਇਸ ਮਾਮਲੇ ਵਿਚ ਸ਼ਸ਼ੀ ਥਰੂਰ ਦੀ ਥਾਂ 'ਸ਼ੱਕੀ ਥਰੂਰ' ਬਣਿਆ ਪਿਆ ਸੀ ਤਾਂ ਦੂਜੇ ਪਾਸੇ ਲਲਿਤ ਮੋਦੀ ਵੀ ਕਿਰਦਾਰ ਪੱਖੋਂ 'ਗਲਤ-ਮਲਤ ਮੋਦੀ' ਜ਼ਾਹਰ ਹੋਣਾ ਸ਼ੁਰੂ ਹੋ ਗਿਆ ਸੀ। ਉਹ ਬਚਪਨ ਵਿਚ ਬਾਰਵੀਂ ਜਮਾਤ ਦੇ ਪੇਪਰ ਦੇਣ ਤੋਂ ਡਰਦਾ ਸਕੂਲੋਂ ਦੌੜ ਗਿਆ ਸੀ। ਮਾਂ-ਬਾਪ ਨੇ ਮੁੰਡੇ ਨੂੰ ਵਿਗੜਨ ਤੋਂ ਬਚਾਉਣ ਲਈ ਅਮਰੀਕਾ ਭੇਜ ਦਿੱਤਾ ਤਾਂ ਓਥੇ ਜਾ ਕੇ ਨਸ਼ੀਲੇ ਪਦਾਰਥਾਂ ਦੇ ਚੱਕਰ ਵਿਚ ਫੜਿਆ ਗਿਆ ਤੇ ਉਸ ਨੂੰ ਜੇਲ੍ਹ ਦੀ ਸਜ਼ਾ ਹੋ ਗਈ ਸੀ। ਸਜ਼ਾ ਭੁਗਤਣ ਤੋਂ ਬਚਣ ਲਈ ਉਸ ਨੇ ਆਪਣਾ ਗੁਨਾਹ ਕਬੂਲ ਕਰ ਕੇ ਮਾਫੀ ਮੰਗ ਲਈ ਤਾਂ ਨੇਕ-ਚੱਲਣੀ 'ਤੇ ਛੱਡਿਆ ਗਿਆ ਸੀ। ਪਿਛਲੇ ਸਮੇਂ ਵਿਚ ਜਦੋਂ ਉਹ ਆਈ ਪੀ ਐਲ ਦੇ ਕਮਿਸ਼ਨਰ ਵਜੋਂ ਉਭਰਿਆ ਤਾਂ ਏਨਾ ਮਗਰੂਰ ਹੋ ਗਿਆ ਕਿ ਕਿਸੇ ਨੂੰ ਟਕੇ ਸੇਰ ਨਹੀਂ ਸੀ ਸਮਝਦਾ। ਹੁਣ ਜਦੋਂ ਉਹ ਉਲਝ ਗਿਆ ਹੈ ਤਾਂ ਫੋਲਾ-ਫਾਲੀ ਵਿਚ ਉਸ ਦੀ ਇਹ ਖੇਡ ਵੀ ਖਿੱਦੋ ਦੀਆਂ ਲੀਰਾਂ ਜਿੰਨੀ ਬੋਅ ਮਾਰਦੀ ਖਿੱਲਰ ਗਈ ਹੈ। ਰਾਜਸਥਾਨ ਰਾਇਲਜ਼ ਦੀ ਟੀਮ ਬਾਰੇ ਪਤਾ ਲੱਗਾ ਕਿ ਖਰੀਦੀ ਤਾਂ ਕਿਸੇ ਹੋਰ ਨੇ ਸੀ, ਉਨ੍ਹਾਂ ਨਾਲ ਸੌਦਾ ਮਾਰ ਕੇ ਬਾਕਾਇਦਾ ਕਾਨੂੰਨੀ ਕਾਰਵਾਈ ਤੋਂ ਬਿਨਾਂ ਹੀ ਇਹ ਟੀਮ ਲਲਿਤ ਮੋਦੀ ਨੇ ਆਪਣੇ ਸਾਂਢੂ ਦੀ ਝੋਲੀ ਪਾ ਦਿੱਤੀ। ਇੰਜ ਹੀ ਪੰਜਾਬ ਦੀ ਟੀਮ ਵਿਚ ਆਪਣੇ ਜਵਾਈ ਦੇ ਭਰਾ ਦੀ ਚੌਧਰ ਬਣਾ ਦਿੱਤੀ। ਕ੍ਰਿਕਟ ਮੈਚਾਂ ਦੇ ਮੀਡੀਆ ਪ੍ਰਸਾਰਨ ਦੇ ਅਧਿਕਾਰ ਪਹਿਲਾਂ ਮਹਿੰਗੇ ਵੇਚੇ, ਫੇਰ ਅੱਧੇ ਕੀਤੇ ਤੇ ਅੰਤ ਨੂੰ ਨਿਗੂਣੀ ਜਿਹੀ ਰਕਮ ਬਦਲੇ ਆਪਣੇ ਜਵਾਈ ਦੇ ਪੱਲੇ ਪਾ ਦਿੱਤੇ ਸਨ। ਯਾਨੀ ਸਾਰੀ ਆਈ ਪੀ ਐਲ ਹੀ ਕ੍ਰਿਕਟ ਦੀ ਕੁੜਮ-ਕਮੇਟੀ ਬਣ ਕੇ ਰਹਿ ਗਈ ਸੀ।

ਵਿਵਾਦ ਵਧਿਆ, ਇਨਕਮ ਟੈਕਸ ਵਾਲੇ ਵੀ ਛਾਪੇ ਮਾਰਨ ਨਿਕਲ ਤੁਰੇ, ਪਰ ਪਹਿਲਾਂ ਜਦੋਂ ਏਨੀ ਹੇਰਾਫੇਰੀ ਹੁੰਦੀ ਰਹੀ ਸੀ, ਓਦੋਂ ਕਿਸੇ ਨੇ ਕੋਈ ਕਿੰਤੂ ਹੀ ਨਾ ਕੀਤਾ, ਕੋਈ ਪੁਣ-ਛਾਣ ਕਰਨ ਦੀ ਲੋੜ ਹੀ ਨਾ ਸਮਝੀ। ਭਾਰਤ ਦੇ ਕ੍ਰਿਕਟ ਕੰਟਰੋਲ ਬੋਰਡ ਦਾ ਮੁਖੀ ਉਹੋ ਸ਼ਰਦ ਪਵਾਰ ਹੈ, ਜਿਹੜਾ ਭਾਰਤ ਸਰਕਾਰ ਦਾ ਖੇਤੀ ਮੰਤਰੀ ਵੀ ਹੈ ਤੇ ਖੁਰਾਕ ਸਪਲਾਈ ਮੰਤਰੀ ਵੀ। ਉਹ ਖੁਦ ਨੂੰ 'ਮਰਾਠਾ ਸਰਦਾਰ' ਅਖਵਾ ਕੇ ਬਹੁਤ ਖੁਸ਼ ਹੁੰਦਾ ਹੈ, ਪਰ ਉਸ ਨੂੰ ਇਹ ਪਤਾ ਹੀ ਨਾ ਲੱਗਾ ਕਿ ਉਸ ਦੀ ਨੱਕ ਹੇਠ ਕ੍ਰਿਕਟ ਦੀ ਕੜ੍ਹੀ ਵੀ ਉਵੇਂ ਹੀ ਰਿੱਝ ਰਹੀ ਹੈ, ਜਿਵੇਂ ਉਹਦੇ ਮਹਿਕਮੇ ਦੇ ਖੁਰਾਕ ਦੇ ਗੋਦਾਮਾਂ ਵਿਚੋਂ ਕਣਕ ਨੂੰ ਬਾਹਰ ਖੁੱਲ੍ਹੇ ਥੜ੍ਹਿਆਂ ਉੱਤੇ ਰੱਖ ਕੇ ਅੰਦਰ ਸ਼ਰਾਬ ਦੇ ਠੇਕੇਦਾਰਾਂ ਨੇ ਦਾਰੂ ਦੀਆਂ ਪੇਟੀਆਂ ਰੱਖੀਆਂ ਪਈਆਂ ਹਨ। ਕ੍ਰਿਕਟ ਬੋਰਡ ਦੇ ਅਧਿਕਾਰੀਆਂ ਵਿਚ ਭਾਜਪਾ ਦਾ ਸਿਖਰਲਾ ਆਗੂ ਅਤੇ ਰਾਜ ਸਭਾ ਵਿਚ ਵਿਰੋਧੀ ਧਿਰ ਦਾ ਲੀਡਰ ਅਰੁਣ ਜੇਤਲੀ ਵੀ ਹੈ, ਪਰ ਉੱਘਾ ਕਾਨੂੰਨਦਾਨ ਅਖਵਾਉਂਦਾ ਇਹ ਬੰਦਾ ਵੀ ਆਪਣੇ ਇਸ ਅਦਾਰੇ ਅੰਦਰ ਹੁੰਦੇ ਘਾਲੇ-ਮਾਲੇ ਬਾਰੇ ਚੁੱਪ ਹੀ ਕੀਤਾ ਰਿਹਾ।

ਹੈਰਾਨੀ ਦੀ ਗੱਲ ਇਹ ਕਿ ਪਿਛਲੇ ਹਫਤੇ ਸਾਡੇ ਪੰਜਾਬ ਦੇ ਮਨੋਹਰ ਸਿੰਘ ਗਿੱਲ ਨੇ ਇਸ ਖੇਡ ਅੰਦਰ ਹੋ ਰਹੀਆਂ ਊਣਤਾਈਆਂ ਬਾਰੇ ਥੋੜ੍ਹੀ ਜਿਹੀ ਕੌੜੀ ਗੱਲ ਕਰ ਕੇ ਭੱਲ ਖੱਟ ਲਈ, ਪਰ ਇਸੇ ਖੇਡ ਦੇ ਪ੍ਰਬੰਧ ਦੀਆਂ ਅੰਦਰੂਨੀ ਖੇਡਾਂ ਬਾਰੇ ਉਹ ਵੀ ਕੁਝ ਨਾ ਕਹਿ ਸਕਿਆ। ਜੇ ਏਨਾ ਕੁਝ ਹੁੰਦਾ ਰਿਹਾ ਤੇ ਇਨ੍ਹਾਂ 'ਚੋਂ ਕਿਸੇ ਨੂੰ ਪਤਾ ਹੀ ਨਹੀਂ ਸੀ ਲੱਗਾ ਤਾਂ ਸ਼ਰਦ ਪਵਾਰ ਤੇ ਅਰੁਣ ਜੇਤਲੀ ਕ੍ਰਿਕਟ ਬੋਰਡ ਦੇ ਚੌਧਰੀ ਕਾਹਦੇ ਹਨ ਤੇ ਮਨੋਹਰ ਸਿੰਘ ਗੱਲ ਵੀ ਦੇਸ਼ ਦਾ ਖੇਡ ਮੰਤਰੀ ਕਿਉਂ ਬਣਿਆ ਬੈਠਾ ਹੈ? ਬੜੀ ਸ਼ਰਮਨਾਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ਸਾਡਾ ਦੇਸ਼। ਜਿਸ ਕਿਸੇ ਦੀ ਵੀ ਚੋਰਾਂ ਨਾਲ ਭਾਈਵਾਲੀ ਜਾਂ ਜ਼ਿੰਮੇਵਾਰੀ ਪ੍ਰਤੀ ਲਾਪਰਵਾਹੀ ਨੇ ਇਹ ਦਿਨ ਦਿਖਾਏ ਹੋਣ, ਖੜੇ ਪੈਰ ਉਨ੍ਹਾਂ ਸਭਨਾਂ ਨੂੰ ਸੜਕ ਸਵਾਰ ਕਰ ਦੇਣਾ ਬਣਦਾ ਹੈ, ਪਰ ਕਰੇਗਾ ਕੋਈ ਨਹੀਂ। ਇਖਲਾਕੀ ਜ਼ਿੰਮੇਵਾਰੀਆਂ ਦਾ ਸਵਾਲ ਤਾਂ ਅਸੀਂ ਉਨ੍ਹਾਂ ਦੇਸ਼ਾਂ ਦੇ ਲੀਡਰਾਂ ਲਈ ਰਾਖਵਾਂ ਕਰ ਛੱਡਿਆ ਹੈ, ਜਿਨ੍ਹਾਂ ਨੂੰ ਹਕਾਰਤ ਨਾਲ 'ਪੱਛਮੀ ਸੱਭਿਅਤਾ ਦੇ ਪ੍ਰਤੀਕ' ਕਹਿ ਕੇ ਸਾਰ ਲੈਂਦੇ ਹਾਂ। ਜੇ ਕਿਧਰੇ ਉਹ ਸਵਾਲ ਭਾਰਤ ਵਿਚ ਵੀ ਹੁੰਦਾ ਤਾਂ ਲੋਕਾਂ ਨੇ ਕਹਿ ਦੇਣਾ ਸੀ, ''ਚੱਪਣੀ 'ਚ ਨੱਕ ਡੋਬ ਕੇ ਮਰ ਕਿਉਂ ਨਹੀਂ ਜਾਂਦੇ ਇਹੋ ਜਿਹੇ ਲੀਡਰ?''

ਇਨ੍ਹਾਂ ਲੀਡਰਾਂ ਨਾਲੋਂ ਤਾਂ ਭਾਰਤ ਦੇ ਉਹ ਡਰਾਈਵਰ ਹੀ ਸਿਆਣੇ ਹਨ, ਜਿਨ੍ਹਾਂ ਨੇ ਟਰੱਕਾਂ ਦੇ ਪਿਛਲੇ ਪਾਸੇ ਲਿਖਵਾਇਆ ਹੁੰਦਾ ਹੈ, ''ਸੌ ਵਿਚੋਂ ਨੜ੍ਹਿਨਵੇਂ ਬੇਈਮਾਨ''। ਇਹ ਗੱਲ ਆਮ ਲੋਕਾਂ ਉੱਤੇ ਪੂਰੀ ਭਾਵੇਂ ਨਾ ਢੁਕਦੀ ਹੋਵੇ, ਲੀਡਰਾਂ ਬਾਰੇ ਮੰਨਣ ਵਿਚ ਹੁਣ ਕੋਈ ਹਰਜ ਨਹੀਂ ਹੋਣਾ ਚਾਹੀਦਾ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।


ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627


NEW YORK LIFE
SAFE AND SECURE
JUST LIKE ALWAYS
ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਅਤੇ ਲਾਈਫ ਇੰਸ਼ੋਰੈਂਸ
ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ
Sacramento Office
2377 Gold Meadow Way,
Suite 157, Gold River CA 95670
Bakersfield Office
PO Box 40728
Bakersfield CA 93384
Fremont Office
39650 Liberty St. #200
Fremont CA 94538
Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115
NEW YORK LIFE
Major Singh Chauhan
AGENT
CA Ins. Lic #0D36632
New York Life Insurance Company
mc101048@gmail.com
THE COMPANY YOU KEEP


JAGDEEP SINGH
INSURANCE AGENCY
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ
ਇਮਾਨਦਾਰੀ ਨਾਲ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ
ਦੀ ਇੰਸ਼ੋਰੈਂਸ ਵੀ ਕਰਦੇ ਹਾਂ
We Can Beat Any Rates
ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ
Jagdeep Singh
CA Lic #0E42884
Ph : 559.277.5580
Fax : (888) 227-6988
email: jagdeep@jsinghagency.com
www.jsinghagency.com
Fresno Location : 4491 W. Shaw Ave.
#300A Fresno CA 93722
Our New Location : GOLD RIVER
Ph : 916-220-2128
2377 Gold Meadow, Ste #157, Gold River CA 95670


GILL
DIGITAL VIDEO
Harry
Harry Gill 209-648-9716
Jaji 916-470-9781
Jaji
ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ,
ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ
ਦੇ ਸਮਾਗਮਾਂ ਲਈ ਵਧੀਆ ਅਤੇ
ਭਰੋਸੇਮੰਦ ਸੇਵਾਵਾਂ ਪ੍ਰਦਾਨ
ਕਰਦੇ ਹਾਂ ਇਕ
ਵਾਰ ਸੇਵਾ ਦਾ
ਮੌਕਾ ਜਰੂਰ ਦਿਓ
www.gilldigitalvideo.com
email: gillvideo@yahoo.com


M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ
BRIDGESTONE
MICHELIN
Firestone
YOKOHAMA
GOODYEAR
BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh
Cell: 209-450-8981
Off : 209-456-0182

# ਮੇਰਾ ਸਕੂਲ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਦਸੰਬਰ 1953 ਦੇ ਨੇੜੇ ਤੇੜੇ ਜਦੋਂ ਚੌਥੀ ਜਮਾਤ ਤੱਕ ਦਾ ਸਰਕਾਰੀ ਸਕੂਲ ਘੁੰਗਰਾਲੀ ਖੁਲ੍ਹਿਆ ਤਾਂ ਚੰਦਰ ਕਾਂਤਾ ਇਕੋ ਇਕ ਅਧਿਆਪਕ ਨਾਲ ਪੜ੍ਹਾਈ ਸ਼ੁਰੂ ਕੀਤੀ ਗਈ। ਇਸ ਤੋਂ ਪਹਿਲਾਂ ਜਾਂ ਤੇ ਬੱਚੇ ਗੁਰਮੁਖੀ ਅਤੇ ਗਿਣਤੀ ਪੜ੍ਹਨ ਗਿਆਨੀ ਸਾਧੂ ਸਿੰਘ ਕੋਲ ਗੁਰਦੁਆਰੇ ਜਾਂਦੇ ਸੀ ਜਾਂ ਫਿਰ ਕੋਟਲਾ ਸ਼ਮਸ਼ਪੁਰ ਅਤੇ ਸਰਵਰਪੁਰ ਦੇ ਸਰਕਾਰੀ ਸਕੂਲਾਂ ਵਿਚ। ਸਰਵਰਪੁਰ ਪੰਜਵੀਂ ਤੱਕ ਦਾ ਸਰਕਾਰੀ ਸਕੂਲ ਪਰ ਉਸ ਤੋਂ ਅੱਗੇ ਅੱਠਵੀਂ ਤੱਕ ਸ਼ਾਇਦ



ਡਾ. ਗੁਰਨਾਮ ਕੌਰ

ਪ੍ਰਾਈਵੇਟ ਸਕੂਲ ਸੀ। ਛੇਵੀਂ ਤੋਂ ਦਸਵੀਂ ਤੱਕ ਦੇ ਲੜਕੇ (ਕੁੜੀਆਂ ਨੂੰ ਪਿੰਡੋਂ ਬਾਹਰ ਪੜ੍ਹਨ ਨਹੀਂ ਸੀ ਭੇਜਿਆ ਜਾਂਦਾ) ਸਮਰਾਲੇ ਦੇ ਲੜਕਿਆਂ ਦੇ ਸਰਕਾਰੀ ਹਾਈ ਸਕੂਲ ਜਾਂ ਕਟਾਲੇ ਦੇ ਹਾਈ ਸਕੂਲ ਵਿਚ ਪੜ੍ਹਦੇ ਸੀ। ਸਕੂਲ ਖੁਲ੍ਹਣ ਦਾ ਮਾਪਿਆਂ ਅਤੇ ਬੱਚਿਆਂ ਨੂੰ ਬਹੁਤ ਹੀ ਚਾਅ ਸੀ। ਸਕੂਲ ਦੀ ਕੋਈ ਹੋਰ ਇਮਾਰਤ ਨਾ ਬਣੀ ਹੋਣ ਕਰਕੇ ਪਿੰਡ ਦੀ ਪੱਕੀ ਬਣੀ ਧਰਮਸ਼ਾਲਾ ਵਿਚ ਹੀ ਸਕੂਲ ਖੋਲ੍ਹ ਦਿੱਤਾ ਗਿਆ। ਬੈਠਣ ਲਈ ਲੱਕੜ ਦੇ ਬਣੇ ਫੱਟੇ, ਅਧਿਆਪਕਾਂ ਅਤੇ ਦਫਤਰ ਲਈ ਕੁਰਸੀਆਂ, ਬਲੈਕ ਬੋਰਡ, ਚਾਕ ਆਦਿ ਸਾਮਾਨ ਸਰਕਾਰ ਵਲੋਂ ਭੇਜਿਆ ਗਿਆ। ਪੜ੍ਹਨਯੋਗ ਉਮਰ ਦੇ ਛੋਟੇ-ਵੱਡੇ ਸਾਰੇ ਬੱਚਿਆਂ ਨੂੰ ਪ੍ਰੇਰ ਕੇ ਸਕੂਲ ਦਾਖਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਹੜੇ ਬੱਚੇ ਕੁੱਝ ਵੱਡੀ ਉਮਰ ਦੇ ਸੀ ਅਤੇ ਪਹਿਲਾਂ ਹੀ ਗੁਰਦੁਆਰੇ ਤੋਂ ਪੜ੍ਹਾਈ ਕਰ ਚੁੱਕੇ ਸੀ ਉਨ੍ਹਾਂ ਨੂੰ ਉਮਰ ਅਤੇ ਪੜ੍ਹਨ ਲਿਖਣ ਦੀ ਜਾਣਕਾਰੀ ਅਨੁਸਾਰ ਦੂਸਰੀ ਜਮਾਤ ਵਿਚ ਦਾਖਲ ਕੀਤਾ ਗਿਆ ਅਤੇ ਬਾਕੀਆਂ ਨੂੰ ਪਹਿਲੀ ਵਿਚ। ਇਸ ਤਰ੍ਹਾਂ ਮੈਂ ਵੀ ਪਹਿਲੀ ਜਮਾਤ ਵਿਚ ਦਾਖਲ ਕਰਾ ਦਿੱਤੀ ਗਈ ਅਤੇ ਮੇਰੇ ਤੋਂ ਵੱਡੀ ਮੇਰੀ ਭੈਣ ਗੁਰਮੇਲ ਕੌਰ, ਜੋ ਅਖੰਡ-ਪਾਠਣ ਸੀ ਦੂਸਰੀ ਵਿਚ।

ਉਦੋਂ ਮੇਰਾ ਭਤੀਜਾ ਸੁਰਮੁਖ ਸਿੰਘ 2-3 ਮਹੀਨੇ ਦਾ ਸੀ। ਜਦੋਂ ਮੈਂ ਸਕੂਲ ਦਾਖਲ ਹੋਣ ਲਈ ਕਿਹਾ ਤਾਂ ਮੇਰੇ ਘਰਦਿਆਂ ਨੇ ਮਜ਼ਾਕ ਨਾਲ ਕਿਹਾ ਕਿ ਇਸ ਨੂੰ ਕੌਣ ਖਿਡਾਵੇਗਾ? ਤਾਂ ਮੈਂ ਉੱਤਰ ਦਿੱਤਾ ਕਿ ਇਸ ਨੂੰ ਮੈਂ ਨਾਲ ਹੀ ਲੈ ਜਾਇਆ ਕਰਾਂਗੀ। ਇਹ ਗੱਲ ਮੈਨੂੰ ਮੇਰੇ ਘਰਦਿਆਂ ਨੇ ਵੱਡੀ ਹੋਣ ਤੇ ਦੱਸੀ। ਮੇਰੇ ਤੋਂ ਸਾਲ ਕੁ ਛੋਟਾ ਮੇਰਾ ਭਤੀਜਾ ਹਰਦੇਵ ਸਿੰਘ ਉਦੋਂ ਕੋਟਲਾ ਸਮਸ਼ਪੁਰ ਪਹਿਲੀ ਪੱਕੀ ਵਿਚ ਪੜ੍ਹਦਾ ਸੀ। ਸਾਥੋਂ ਵੱਡੀ ਭੈਣ ਨਸੀਬ ਕੌਰ (ਅੰਮ੍ਰਿਤ ਛੱਕਣ ਤੋਂ ਬਾਅਦ ਮਹਿੰਦਰ ਕੌਰ), ਜਿਸ ਦਾ ਉਦੋਂ ਵਿਆਹ ਹੋ ਚੁੱਕਿਆ ਸੀ, ਸਾਨੂੰ ਦੋਹਾਂ ਭੈਣਾਂ ਨੂੰ ਦਾਖਲ ਕਰਾਉਣ ਗਈ। ਮੇਰੀ ਭੈਣ ਨੂੰ ਸਾਡੀ ਜਨਮ ਤਰੀਕ ਦਾ ਪੱਕਾ ਪਤਾ ਨਹੀਂ ਸੀ। ਉਸ ਨੇ ਅੰਦਾਜ਼ੇ ਨਾਲ ਅਧਿਆਪਕਾ ਨੂੰ ਦੱਸ ਦਿੱਤਾ।

ਹੁਣ ਜਦੋਂ ਸੋਚੀਦਾ ਹੈ ਤਾਂ ਇਹ ਗੱਲ ਬੜੀ ਅਜੀਬ ਤੇ ਹਾਸੋ-ਹੀਣੀ ਲਗਦੀ ਹੈ ਕਿ ਮੇਰੀ ਵੱਡੀ ਭੈਣ ਅਤੇ ਅਧਿਆਪਕਾ ਕਿੰਨੇ ਸਿੱਧੇ ਸੁਭਾ ਦੀਆਂ ਸੀ? ਅਧਿਆਪਕਾ ਨੇ ਸਿਆਣਪ ਘੋਟਦਿਆਂ ਮੇਰੀ ਵੱਡੀ ਭੈਣ ਅਤੇ ਮੇਰੀ ਉਮਰ ਵਿਚ ਛੇ ਮਹੀਨੇ ਦਾ ਫਰਕ ਰੱਖ ਕੇ ਉਸ ਨੂੰ ਛੋਟੀ ਅਤੇ ਮੈਨੂੰ ਵੱਡੀ ਲਿਖ ਦਿੱਤਾ, ਪਿਤਾ ਦਾ ਨਾਂ ਉਸ ਦੇ ਨਾਂ ਨਾਲ ਸ. ਗੁਰਬਚਨ ਸਿੰਘ ਅਤੇ ਮੇਰੇ ਨਾਂ ਨਾਲ ਸ. ਬਚਨ ਸਿੰਘ ਲਿਖ ਦਿੱਤਾ। ਇਸ ਫਰਕ ਦਾ ਉਦੋਂ ਪਤਾ ਲੱਗਾ ਜਦੋਂ ਮੈਂ ਪੰਜਵੀਂ ਵਿਚ ਕੋਟਲਾ ਸਮਸ਼ਪੁਰ ਦਾਖ਼ਲ ਹੋਈ।

ਮੈਂ ਬਾਕੀ ਬੱਚਿਆਂ ਦੇ ਨਾਲ 31 ਮਾਰਚ 1954 ਨੂੰ ਪਹਿਲੀ ਤੋਂ ਦੂਸਰੀ ਜਮਾਤ ਵਿਚ ਹੋ ਗਈ। ਮੇਰਾ ਭਤੀਜਾ ਵੀ ਕੋਟਲਾ ਸਮਸ਼ਪੁਰ ਤੋਂ ਹਟ ਕੇ ਦੂਸਰੀ ਵਿਚ ਮੇਰੇ ਨਾਲ ਹੀ ਦਾਖ਼ਲ ਹੋ ਗਿਆ। ਉਸ ਕਰਕੇ ਹੀ ਚੌਥੀ ਪਾਸ ਕਰਨ ਤੋਂ ਬਾਅਦ, ਉਸ ਦੇ ਨਾਲ ਹੀ ਮੈਨੂੰ ਅਤੇ ਮੇਰੇ ਤਾਏ ਦੀ ਇਕ ਪੋਤੀ ਨੂੰ, ਜੋ ਉਮਰ ਵਿਚ ਮੇਰੇ ਤੋਂ 2 ਕੁ ਸਾਲ ਵੱਡੀ ਸੀ ਪਰ ਮੇਰੀ ਜਮਾਤਣ ਸੀ, ਕੋਟਲਾ ਸਮਸ਼ਪੁਰ ਦੇ ਸਕੂਲ ਦਾਖਲ ਕਰਾ ਦਿੱਤਾ ਗਿਆ। ਮੇਰੀ ਭੈਣ ਚੌਥੀ ਪਾਸ ਕਰਕੇ ਹਟ ਗਈ ਸੀ ਕਿਉਂਕਿ ਇਕੱਲੀਆਂ ਕੁੜੀਆਂ ਨੂੰ ਦੂਸਰੇ ਪਿੰਡ ਪੜ੍ਹਨ ਨਹੀਂ ਸੀ ਭੇਜਦੇ। ਸਕੂਲ ਦੇ ਹੈੱਡਮਾਸਟਰ ਪੰਜਵੀਂ ਜਮਾਤ ਨੂੰ ਪੜ੍ਹਾਉਂਦੇ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਜੇ ਮੇਰੀ ਵੱਡੀ ਭੈਣ ਦਾ ਨਾਂ ਪੰਜਵੀਂ ਵਿਚ ਦਾਖਲ ਕਰ ਲੈਣ, ਉਹ ਮੇਰੇ ਨਾਲ ਘਰ ਪੜ੍ਹ ਲਿਆ ਕਰੇਗੀ ਅਤੇ ਇਮਤਿਹਾਨ ਦੇਣ (ਉਦੋਂ ਤਿਮਾਹੀ, ਛਿਮਾਹੀ ਅਤੇ ਸਾਲਾਨਾ ਪਰਚੇ ਹੋਇਆ ਕਰਦੇ ਸਨ) ਸਕੂਲ ਆ ਜਾਇਆ ਕਰੇਗੀ। ਮਾਸਟਰ ਅਮਰਨਾਥ (ਜੋ ਸਾਬਤ ਸੂਰਤ ਸਿੱਖ ਅਤੇ ਰਾਮਗੜ੍ਹੀਆ ਪਰਿਵਾਰ ਵਿਚੋਂ ਪਿੰਡ ਸਿਹਾਲੇ ਤੋਂ ਸਨ) ਮੰਨ ਗਏ। ਉਹ ਬਹੁਤ ਹੀ ਨੇਕ, ਮਿਹਨਤੀ ਅਤੇ ਲਾਇਕ ਅਧਿਆਪਕ ਸੀ। ਮੈਂ ਭੈਣ ਦਾ ਚੌਥੀ ਦਾ ਸਰਟੀਫਿਕੇਟ ਉਨ੍ਹਾਂ ਨੂੰ ਲਿਜਾ ਕੇ ਦਿੱਤਾ। ਮਾਸਟਰ ਜੀ ਨੇ ਮੈਨੂੰ ਕੋਲ ਸੱਦ ਕੇ ਪੁੱਛਿਆ ਕਿ ਕੀ ਗੁਰਮੇਲ ਮੇਰੀ ਸੱਕੀ ਭੈਣ ਹੈ? ਜਦੋਂ ਮੈਂ ਹਾਂ ਕਹੀ ਤਾਂ ਉਨ੍ਹਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਜਨਮ-ਤਰੀਕ ਵਿਚ ਸਿਰਫ ਛੇ ਮਹੀਨੇ ਦਾ ਫਰਕ ਰੱਖਿਆ ਹੈ, ਮੈਨੂੰ ਵੱਡੀ ਲਿਖਿਆ ਤੇ ਪਿਤਾ ਦਾ ਨਾਂ ਵੀ ਫਰਕ ਲਿਖਿਆ ਹੈ। ਹੁਣ ਇਹ ਸੋਚ ਕੇ ਬੜੀ ਹਾਸੋਹੀਣੀ ਗੱਲ ਲਗਦੀ ਹੈ ਕਿ ਕੀ ਕੋਈ ਅਧਿਆਪਕਾ ਏਨੀ ਸਿੱਧਰੀ ਵੀ ਹੋ ਸਕਦੀ ਹੈ?

ਚੰਦਰਕਾਂਤਾ ਭੈਣ ਜੀ ਨੂੰ ਸ਼ਬਦ ਗਾਉਣ ਦਾ ਬਹੁਤ ਸ਼ੌਕ ਸੀ। ਇਸ ਲਈ ਸਵੇਰ ਦਾ ਇਕ ਘੰਟਾ ਤਾਂ ਪ੍ਰਾਰਥਨਾ ਦੇ ਸ਼ਬਦ ਗਾਉਂਦਿਆਂ ਹੀ ਲੰਘ ਜਾਂਦਾ। ਬਾਕੀ ਦਾ ਸਮਾਂ ਉਹ ਵਾਰੀ ਵਾਰੀ ਸਾਰੀਆਂ ਜਮਾਤਾਂ ਨੂੰ ਪੜ੍ਹਾਉਂਦੀ। ਅੱਧੀ ਛੁੱਟੀ ਦੀ ਘੰਟੀ ਵੱਜਦਿਆਂ ਸਾਰੇ ਬੱਚੇ ਦਰਵਾਜ਼ੇ ਅੱਗੇ ਬਣੇ ਟੋਭੇ ਦੇ ਕੰਢੇ ਫੱਟੀਆਂ ਧੋ ਕੇ ਗਾਚਣੀ ਮੱਲ੍ਹ ਕੇ ਸੁਕਾਉਣ ਲਈ ਭੱਜ ਲੈਂਦੇ। ਉਸ ਤੋਂ ਪਿੱਛੋਂ ਹੀ ਘਰੀਂ ਰੋਟੀ ਖਾਣ ਦੌੜਦੇ। ਸਨਿਚਰਵਾਰ ਦਾ ਕਿਉਂਕਿ ਅੱਧਾ ਦਿਨ ਲਗਦਾ ਸੀ, ਉਹ ਬਾਲ ਦਰਬਾਰ ਵਿਚ ਗੀਤ ਗਾਉਂਦਿਆਂ ਨਿਕਲ ਜਾਂਦਾ। ਚੰਦਰ ਕਾਂਤਾ ਦਾ ਸੁਭਾ ਬਹੁਤ ਮਿਲਾਪੜਾ ਸੀ। ਉਹ ਬੱਚਿਆਂ ਨਾਲ ਅਤੇ ਆਂਢ-ਗੁਆਂਢ ਨਾਲ ਘੁਲ ਮਿਲ ਕੇ ਰਹਿੰਦੀ। ਪਿੰਡ ਵਿਚ ਘੁੰਮਿਆਰਾਂ ਦੀ ਬਹੂ ਦੀ ਸੱਪ ਲੜਕੇ ਮੌਤ ਹੋ ਜਾਣ ਤੋਂ ਬਾਅਦ ਮੇਰੇ ਮਨ ਵਿਚ ਸੱਪ ਦਾ ਡਰ ਬਹੁਤ ਬੈਠ ਗਿਆ ਸੀ। ਜੇ ਕੋਈ ਬੰਗਾਲਾ ਗਲੀ ਵਿਚ ਸੱਪ ਦਿਖਾਉਂਦਾ ਤਾਂ ਮੈਂ ਗਲੀ ਵਿਚ ਨਹੀਂ ਸੀ ਜਾਂਦੀ ਸਗੋਂ ਬਨੇਰੇ ਤੇ ਖੜ੍ਹ ਕੇ ਹੀ ਦੇਖਦੀ ਸੀ। ਸਾਡੀ ਦੂਸਰੀ ਜਮਾਤ ਦੀ ਜਨਰਲ ਸਾਇੰਸ ਦੀ ਕਿਤਾਬ ਵਿਚ ਗੰਦਗੀ ਕਾਰਨ ਹੋਣ ਵਾਲੇ ਨੁਕਸਾਨਾਂ ਵਿਚ ਵੱਡੇ ਸਾਰੇ ਕੁੰਡਲੀ ਮਾਰ ਕੇ ਫਨ ਫੈਲਾਈ ਬੈਠੇ ਕੋਡੀਆਂ ਵਾਲੇ ਨਾਗ ਦੀ ਤਸਵੀਰ ਬਣੀ ਹੋਈ ਸੀ। ਮੈਂ ਉਸ ਤਸਵੀਰ ਨੂੰ ਦੇਖ ਕੇ ਜਮਾਤ ਵਿਚ ਚੀਕਾਂ ਮਾਰਨ ਲਗ ਪੈਂਦੀ ਸੀ। ਜਮਾਤ ਦੇ ਬਾਕੀ ਬੱਚਿਆਂ ਨੂੰ ਇਕ ਤਮਾਸ਼ਾ ਲੱਭ ਗਿਆ। ਕੋਈ ਨਾ ਕੋਈ ਬੱਚਾ ਮੇਰੇ ਅੱਗੇ ਉਹੀ ਪੰਨਾ ਖੋਲ੍ਹ ਦਿੰਦਾ। ਚੰਦਰਕਾਂਤਾ ਭੈਣ ਜੀ ਨੇ ਪਹਿਲਾਂ ਮੈਨੂੰ ਕੋਲ ਸੱਦ ਕੇ ਵਰਾਇਆ। ਫਿਰ ਸਾਰੀ ਜਮਾਤ ਦੀਆਂ ਕਿਤਾਬਾਂ ਲੈ ਕੇ ਤਸਵੀਰ ਤੇ ਰੰਗਦਾਰ ਚਾਕ ਫੇਰ ਦਿੱਤਾ। ਜਦੋਂ ਕਦੀ ਇੱਕੋ-ਇਕ ਅਧਿਆਪਕਾ ਨੂੰ ਛੁੱਟੀ ਲੈਣੀ ਪੈਂਦੀ ਤਾਂ ਗੁਆਂਢੀ ਪਿੰਡ ਸੰਗਤਪੁਰੇ ਦੇ ਮਾਸਟਰ ਭਗਤ ਸਿੰਘ, ਜੋ ਸ਼ਾਇਦ ਕੋਟਲਾ ਸਮਸ਼ਪੁਰ ਪੜ੍ਹਾਉਂਦੇ ਸੀ, ਸਾਡੇ ਸਕੂਲ ਪੜ੍ਹਾਉਣ ਆਉਂਦੇ। ਉਹ ਇਕ ਕਾਬਲ ਅਧਿਆਪਕ ਸੀ ਜੋ ਹਿਸਾਬ ਵਿਚ ਬਹੁਤ ਤੇਜ਼ ਸੀ ਅਤੇ ਖੁਸ਼ਖੱਤ ਲਿਖਾਈ ਕਰਨੀ ਸਿਖਾਉਂਦੇ। ਉਹ ਆਪਣੀ ਜੇਬ ਵਿਚ ਹਮੇਸ਼ਾਂ ਇਕ ਛੋਟਾ ਚਾਕੂ ਰੱਖਦੇ ਸੀ ਜਿਸ ਨਾਲ ਬੱਚਿਆਂ ਨੂੰ ਤਖਤੀ ਤੇ ਲਿਖਣ ਲਈ ਬਹੁਤ ਹੀ ਤਿੱਖੀਆਂ ਕਲਮਾਂ ਘੜ ਕੇ ਦਿੰਦੇ। ਜੀਅ ਕਰਦਾ ਹੁੰਦਾ ਸੀ ਕਿ ਸਾਨੂੰ ਮਾਸਟਰ ਭਗਤ ਸਿੰਘ ਹੀ ਪੜ੍ਹਾਉਣ।

ਜਦੋਂ ਅਸੀਂ ਤੀਸਰੀ ਜਮਾਤ ਵਿਚ ਹੋਏ ਉਦੋਂ ਹੀ ਚੰਦਰਕਾਂਤਾ ਭੈਣ ਜੀ ਦੀ ਬਦਲੀ ਉਸ ਦੇ ਪਿਤਾ ਨੇ ਆਪਣੇ ਪਿੰਡ ਦੇ ਨੇੜੇ ਕਰਵਾ ਲਈ। ਅਸੀਂ ਸਾਰੇ ਬੱਚੇ ਕੀ, ਸਾਰਾ ਪਿੰਡ ਹੀ ਬਹੁਤ ਉਦਾਸ ਹੋਇਆ। ਅਸੀਂ ਉੱਚੀ ਉੱਚੀ ਧਾਹਾਂ ਮਾਰ ਕੇ ਰੋਂਦੇ ਕੋਟਲਾ ਸਮਸ਼ਪੁਰ ਤੱਕ ਭੈਣ ਜੀ ਨੂੰ ਛੱਡ ਕੇ ਆਏ। ਉਹ ਸਾਡੀ ਪਹਿਲੀ ਅਧਿਆਪਕਾ ਸੀ ਅਤੇ ਸਾਨੂੰ ਉਸ ਨਾਲ ਬਹੁਤ ਮੋਹ ਹੋ ਗਿਆ ਸੀ। ਕੁੜੀਆਂ ਦੇ ਵੱਡੇ ਭਰਾ ਬੜੀ ਦੇਰ ਤੱਕ ''ਹਾਏ ਭੈਣ ਜੀ'' ਕਹਿ ਕੇ ਕੁੜੀਆਂ ਦੀਆਂ ਰੀਸਾਂ ਲਾ ਕੇ ਚਿੜਾਉਂਦੇ ਰਹੇ। ਸਮਰਾਲੇ ਤੋਂ ਇਕ ਵਿਆਹੁਤਾ ਅਧਿਆਪਕਾ, ਜਿਸ ਦੇ ਸਾਡੇ ਵਰਗੇ ਦੋ ਬੱਚੇ, ਲੜਕਾ ਤੇ ਲੜਕੀ ਸਨ, ਅਟੱਲ ਦੇਵੀ ਸਾਨੂੰ ਪੜ੍ਹਾਉਣ ਲੱਗੀ। ਉਹ ਬਹੁਤ ਮਿਹਨਤ ਕਰਾਉਂਦੀ ਅਤੇ ਸੁਭਾ ਵੀ ਚੰਦਰ ਕਾਂਤਾ ਨਾਲੋਂ ਕਾਫੀ ਸਖਤ ਸੀ। ਬੱਚਿਆਂ ਅਤੇ ਜਮਾਤਾਂ ਦੀ ਗਿਣਤੀ ਵਧਣ ਕਰਕੇ ਛੇਤੀ ਹੀ ਇਕ ਹੋਰ ਅਧਿਆਪਕਾ ਜੋਗਿੰਦਰ ਕੌਰ ਬੇਦੀ ਵੀ ਸਾਡੇ ਸਕੂਲ ਲੱਗ ਗਈ। ਉਸ ਦਾ ਹਾਲੇ ਵਿਆਹ ਨਹੀਂ ਸੀ ਹੋਇਆ। ਉਹ ਬਹੁਤ ਹੀ ਹਲੀਮ, ਸਲੀਕੇ ਵਾਲੀ, ਸਮਝਦਾਰ ਅਤੇ ਲਾਇਕ ਅਧਿਆਪਕਾ ਸੀ। ਮਿੱਠੇ ਸੁਭਾ ਦੀ ਹੋਣ ਦੇ ਨਾਲ ਨਾਲ ਉਹ ਅਸੂਲ-ਪ੍ਰਸਤ ਵੀ ਬਹੁਤ ਸੀ। ਬੱਚਿਆਂ ਨੂੰ ਲਗਨ ਨਾਲ ਪੜ੍ਹਾਉਣ ਦੇ ਨਾਲ-ਨਾਲ ਉਹ ਜ਼ਿੰਦਗੀ ਵਿਚ ਕੰਮ ਆਉਣ ਵਾਲੀਆਂ ਸਿਆਣਪ ਦੀਆਂ ਗੱਲਾਂ ਦਸਦੀ ਹੁੰਦੀ ਸੀ। ਉਹ ਤਿੰਨ ਭੈਣਾਂ ਸਨ ਜੋ ਆਪਣੀ ਮਾਂ ਅਤੇ ਰਿਸ਼ਤੇਦਾਰਾਂ ਨਾਲ ਪਾਕਿਸਤਾਨੋਂ ਉੱਜੜ ਕੇ ਆਈਆਂ ਸਨ। ਉਨ੍ਹਾਂ ਦੇ ਪਿਤਾ ਕਿਸੇ ਵੱਡੀ ਸਰਕਾਰੀ ਨੌਕਰੀ ਤੇ ਸਨ ਅਤੇ ਨੌਕਰੀ ਦੇ ਸੰਬੰਧ ਵਿਚ ਹੀ ਪਾਕਿਸਤਾਨ ਬਣਨ ਵੇਲੇ ਕਿਧਰੇ ਦੂਰ ਗਏ ਹੋਏ ਸਨ, ਜੋ ਮੁੜ ਕੇ ਉਨ੍ਹਾਂ ਨੂੰ ਕਦੀ ਨਾ ਮਿਲ ਸਕੇ। ਜੋਗਿੰਦਰ ਕੌਰ ਬੇਦੀ ਦਸਦੇ ਕਿ ਉਹ ਗੁਰੂ ਨਾਨਕ ਦੀ ਕੁੱਲ ਵਿਚੋਂ ਤੇਰਵੀਂ ਪੀੜ੍ਹੀ ਹਨ। ਉਨ੍ਹਾਂ ਨੂੰ ਗੁਰਬਾਣੀ ਵਿਚ ਅਟੁੱਟ ਸ਼ਰਧਾ ਸੀ। ਕੋਈ ਨਵਾਂ ਕੰਮ ਕਰਨਾ ਹੋਵੇ, ਕੋਈ ਸਮੱਸਿਆ ਆ ਜਾਵੇ, ਉਹ ਚਿੱਠੀ ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ, ਅਰਦਾਸ ਕਰਕੇ ਵਾਕ ਲੈਂਦੇ ਸੀ। ਉਹ ਬੱਚਿਆਂ ਨੂੰ ਵੀ ਜਪੁਜੀ ਸਾਹਿਬ ਦਾ ਪਾਠ ਕਰਨ ਦੀ ਪ੍ਰੇਰਨਾ ਕਰਦੇ। ਸਕੂਲ ਦੇ ਸਮੇਂ ਤੋਂ ਬਾਅਦ ਉਹ ਵੱਡੀਆਂ ਕੁੜੀਆਂ ਨੂੰ ਆਪਣੀ ਰਿਹਾਇਸ਼ ਤੇ ਸੱਦ ਲੈਂਦੇ। (ਇਹ ਨਰਾਤਾ ਰਾਮ ਦੀ ਮਾਂ ਦੇ ਘਰ ਦੀ ਉਪਰਲੀ ਮੰਜ਼ਲ 'ਤੇ ਦੋ ਕਮਰਿਆਂ ਦਾ ਸੁਹਣਾ ਬਣਿਆ ਸੈਂਟ ਸੀ ਜੋ ਚਾਰ ਚੁਫੇਰੇ ਤੋਂ ਛੱਤਿਆ ਹੋਣ ਕਰਕੇ, ਬਾਕੀ ਘਰਾਂ ਦੀਆਂ ਛੱਤਾਂ ਦੀ ਪਹੁੰਚ ਤੋਂ ਬਾਹਰ ਅਤੇ ਸੁਰੱਖਿਅਤ ਸੀ।) ਉੱਥੇ ਉਹ ਉਨ੍ਹਾਂ ਨੂੰ ਕਢਾਈ ਕਰਨੀ, ਸਵੈਟਰ ਬੁਣਨੇ ਤੇ ਕਪੜਿਆਂ ਦੀ ਕਟਾਈ ਅਤੇ ਸਿਲਾਈ ਕਰਨੀ ਸਿਖਾਉਂਦੀ। ਜਦੋਂ ਉਸ ਦੇ ਬੀ ਜੀ ਆਏ ਹੁੰਦੇ, ਉਹ ਵੀ ਇਸ ਕੰਮ ਵਿਚ ਉਸ ਦੀ ਮੱਦਦ ਕਰਦੇ।

ਸਾਡੇ ਘਰ ਨਾਲ, ਮੇਰੀਆਂ ਭਾਬੀਆਂ ਤੇ ਮਾਂ ਨਾਲ, ਉਨ੍ਹਾਂ ਦਾ ਖਾਸ ਪ੍ਰੇਮ ਸੀ। ਮੇਰੀ ਭੈਣ ਨੇ ਸਕੂਲ ਪੜ੍ਹਦਿਆਂ ਹੀ ਉਨ੍ਹਾਂ ਕੋਲੋਂ ਘਰ ਜਾ ਕੇ ਕਪੜੇ ਸੀਣੇ ਸਿੱਖੇ ਅਤੇ ਮੇਰੀ ਭੈਣ ਸਿਲਾਈ ਦੇ ਕੰਮ ਵਿਚ ਬਹੁਤ ਮਾਹਰ ਹੈ, ਜਦੋਂ ਸਾਡੇ ਪਿੰਡ ਪੰਚਾਇਤ ਦੀ ਹਿੰਮਤ ਨਾਲ ਸਿਲਾਈ-ਕਢਾਈ ਦਾ ਸਰਕਾਰੀ ਸੈਂਟਰ ਖੁੱਲ੍ਹਿਆ ਤਾਂ ਮੇਰੀ ਭੈਣ ਨੇ ਸਿਰਫ ਮਸ਼ੀਨੀ ਕਢਾਈ ਸਿੱਖੀ। ਮੈਂ ਵੀ ਚੌਥੀ ਵਿਚ ਹੀ ਪੜ੍ਹਦਿਆਂ ਸਵੈਟਰ ਬੁਣਨੇ ਆਪਣੀ ਇਸ ਪਿਆਰੀ ਜਿਹੀ ਅਧਿਆਪਕਾ ਕੋਲੋਂ ਹੀ ਸਿੱਖੇ। ਸਕੂਲ ਵਿਚ ਸਮੇਂ-ਸਮੇਂ ਉਪਰੋਂ ਨਿਰੀਖਣ ਕਰਨ ਲਈ ਇੰਸਪੈਕਟਰ ਆਉਂਦੇ ਰਹਿੰਦੇ ਅਤੇ ਸਾਡੇ ਸਕੂਲ ਦੀ ਕਾਰਗੁਜ਼ਾਰੀ ਹਮੇਸ਼ਾ ਵਧੀਆ ਹੁੰਦੀ। ਸਕੂਲ ਵਿਚ ਸਰਕਾਰ ਵਲੋਂ ਬੱਚਿਆਂ ਦੇ ਪੜ੍ਹਨ ਲਈ ਲਾਇਬ੍ਰੇਰੀ ਵਿਚ ਕਾਫੀ ਕਿਤਾਬਾਂ ਆਈਆਂ। ਇਨ੍ਹਾਂ ਪੁਸਤਕਾਂ ਨੂੰ ਪੜ੍ਹਨ ਦੀ ਲਗਨ ਵੀ ਸਾਨੂੰ ਇਸ ਅਧਿਆਪਕਾ ਕੋਲੋਂ ਹੀ ਲੱਗੀ।

ਉਨ੍ਹਾਂ ਦਿਨਾਂ ਵਿਚ ਚੌਥੀ ਅਤੇ ਪੰਜਵੀਂ, ਦੋਹਾਂ ਜਮਾਤਾਂ ਦੇ ਸਾਲਾਨਾ ਇਮਤਿਹਾਨ ਜ਼ਿਲ੍ਹਾ ਬੋਰਡ ਵਲੋਂ ਬਣਾਏ ਸੈਂਟਰਾਂ ਵਿਚ ਹੁੰਦੇ ਸਨ। ਸਾਡਾ ਚੌਥੀ ਦਾ ਸੈਂਟਰ ਬਘੌਰ ਦੇ ਸਰਕਾਰੀ ਸਕੂਲ ਵਿਚ ਬਣਿਆ। ਅਸੀਂ ਡਰਦੇ ਡਰਦੇ ਇਮਤਿਹਾਨ ਦੇਣ ਗਏ। ਮੈਂ ਤੇ ਮੇਰਾ ਭਤੀਜਾ ਦੋਵੇਂ ਪੜ੍ਹਨ ਵਿਚ ਹੁਸ਼ਿਆਰ ਸਾਂ। ਯਾਦ ਨਹੀਂ ਸਾਡੇ ਵਿਚੋਂ ਕੌਣ ਫਸਟ ਆਇਆ। ਮੈਨੂੰ ਬੜਾ ਚਾਅ ਸੀ ਕਿ ਹੁਣ ਪੰਜਵੀਂ ਜਮਾਤ ਵਿਚ ਕੋਟਲਾ ਸਮਸ਼ਪੁਰ ਪੜ੍ਹਨ ਜਾਵਾਂਗੇ ਪਰ ਦੂਜੇ ਪਿੰਡ ਜਾਣ ਤੋਂ ਘਬਰਾਹਟ ਵੀ ਹੁੰਦੀ ਸੀ। ਉਵੇਂ ਮੈਨੂੰ ਪੱਕਾ ਯਕੀਨ ਸੀ ਕਿ ਮੈਂ ਪੰਜਵੀਂ ਵਿਚ ਦਾਖਲ ਹੋਵਾਂਗੀ। ਇਸ ਯਕੀਨ ਪਿੱਛੇ ਇਕ ਛੋਟੀ ਜਿਹੀ ਘਟਨਾ ਸੀ। ਸਾਡੀ ਗਲੀ ਵਿਚ ਆਤਮਾ ਰਾਮ ਦੇ ਘਰ ਇਕ ਸੰਨਿਆਸੀ ਆਇਆ, ਜਿਸ ਨੇ ਚਿੱਟੇ ਕੁੜਤੇ ਪਜਾਮੇ ਨਾਲ ਗੇਰੂਏ ਰੰਗ ਦੀ ਪੱਗ ਬੰਨ੍ਹੀ ਹੋਈ ਸੀ। ਉਸ ਨੂੰ ਆਤਮਾ ਰਾਮ ਦੀ ਨੂੰਹ ਗਿਰਧਾਰੀ ਦੀ ਘਰ ਵਾਲੀ ਸਾਡੇ ਘਰ ਲੈ ਆਈ ਜੋ ਉਸ ਤੋਂ ਕੁਝ ਪੁੱਛਣਾ ਚਾਹੁੰਦੀ ਸੀ। ਉਹ ਦੁਖਿਆਰੀ ਔਰਤ ਵਿਧਵਾ ਹੋਣ ਤੋਂ ਬਾਅਦ ਦੂਜੇ ਥਾਂ ਗਿਰਧਾਰੀ ਦੇ ਘਰ ਆਈ ਸੀ। ਸਿੱਖੀ ਰੰਗ ਵਿਚ ਰੰਗੇ ਸਾਡੇ ਘਰ ਦਿਆਂ ਨੂੰ ਗ੍ਰੰਥੀ ਸਿੰਘਾਂ, ਨਿਹੰਗ ਸਿੰਘਾਂ ਅਤੇ ਰੱਬ ਦੀ ਬੰਦਗੀ ਕਰਨ ਵਾਲਿਆਂ ਨੂੰ ਪ੍ਰਸ਼ਾਦਾ ਛਕਾਉਣ ਦਾ ਸ਼ੌਕ ਹੁੰਦਾ ਸੀ। ਦੁਪਹਿਰ ਦਾ ਵੇਲਾ ਸੀ। ਉਸ ਸੰਨਿਆਸੀ ਨੂੰ ਵੀ ਪਰਸ਼ਾਦਾ ਛਕਾਇਆ ਗਿਆ। ਮੈਂ ਘਰ ਦੇ ਦਰਵਾਜ਼ੇ ਨਾਲ ਢੋਅ ਲਾ ਕੇ ਖੜ੍ਹੀ ਉਸ ਦੀਆਂ ਗੱਲਾਂ ਸੁਣ ਰਹੀ ਸੀ। ਉਸ ਨੇ ਇਕ ਮਿੰਟ ਮੇਰੇ ਵਲ ਦੇਖਿਆ ਅਤੇ ਬੋਲਿਆ ਕਿ ਇਹ ਕੁੜੀ ਬਾਰਾਂ ਜਮਾਤਾਂ ਪੜ੍ਹੇਗੀ। ਉਸ ਦਿਨ ਤੋਂ ਹੀ ਮੈਂ ਉੱਚੀ ਪੜ੍ਹਾਈ ਦੇ ਸੁਪਨੇ ਆਪਣੇ ਮੱਥੇ ਵਿਚ ਸਿਰਜਣੇ ਸ਼ੁਰੂ ਕਰ ਦਿੱਤੇ। ਅਸੀਂ ਸਾਰੇ ਭੈਣ-ਭਰਾ, ਸਮੇਤ ਮੇਰੇ ਤਾਏ ਦੇ ਵੱਡੇ ਮੁੰਡੇ ਅਤੇ ਪੋਤੇ-ਪੋਤੀਆਂ ਦੇ ਮੇਰੀ ਮਾਂ ਨੂੰ ਪਹਿਲਾਂ ''ਮਾਂ'' ਕਹਿ ਕੇ ਹੀ ਬੁਲਾਉਂਦੇ ਹੁੰਦੇ ਸੀ ਅਤੇ ਮੇਰੀ ਤਾਈ ਨੂੰ 'ਬੜੀ ਬੇਬੇ'। ਜੋਗਿੰਦਰ ਕੌਰ ਬੇਦੀ, ਜਿਸ ਦਾ ਘਰ ਦਾ ਨਾਂ ਜਿੰਦ ਸੀ, ਮੇਰੀ ਮਾਂ ਨੂੰ 'ਬੇਜੀ' ਕਹਿਕੇ ਬੁਲਾਉਂਦੇ ਸੀ। ਉਨ੍ਹਾਂ ਦਾ ਸਾਡੇ ਤੇ ਬਹੁਤ ਅਸਰ ਸੀ। ਅਸੀਂ ਵੀ ਉਨ੍ਹਾਂ ਦੀ ਰੀਸੇ ਆਪਣੀ ਮਾਂ ਨੂੰ 'ਬੇਜੀ' ਕਹਿਣਾ ਸ਼ੁਰੂ ਕਰ ਦਿੱਤਾ ਅਤੇ ਉਹ ਇਕ ਤਰ੍ਹਾਂ ਨਾਲ ਜਗਤ 'ਬੇਜੀ' ਬਣ ਗਏ।

ਪਿੰਡ ਸਕੂਲ ਕਾਫੀ ਸਾਲਾਂ ਤੱਕ ਚੌਥੀ ਤੱਕ ਹੀ ਰਿਹਾ। ਇਸ ਲਈ ਅਸੀਂ ਦਸ-ਬਾਰਾਂ ਬੱਚੇ, ਜਿਨ੍ਹਾਂ ਵਿਚ ਤਿੰਨ ਕੁ ਵਿਹੜੇ ਵਿਚੋਂ, ਇਕ ਮਿਸਤ੍ਰੀਆਂ ਦਾ, ਦੋ ਕੁ ਮਾਧੋ ਬ੍ਰਾਹਮਣਾਂ ਦੇ ਅਤੇ ਬਾਕੀ-ਜੱਟ-ਪਰਿਵਾਰਾਂ ਵਿਚੋਂ, ਇਕੱਠੇ ਹੀ ਪੰਜਵੀਂ ਵਿਚ ਕੋਟਲਾ ਸਮਸ਼ਪੁਰ ਦਾਖਲ ਹੋਏ। ਇਨ੍ਹਾਂ ਬੱਚਿਆਂ ਵਿਚ ਬਾਕੀ ਸਭ ਲੜਕੇ ਸਨ, ਅਸੀਂ ਦੋ ਲੜਕੀਆਂ-ਮੈਂ ਅਤੇ ਮੇਰੇ ਤਾਏ ਦੀ ਪੋਤੀ ਮੁਖਤਿਆਰ ਜੋ ਮੇਰੇ ਤੋਂ ਦੋ ਕੁ ਸਾਲ ਵੱਡੀ ਸੀ ਪਰ ਮੇਰੀ ਜਮਾਤਣ ਸੀ। ਉਸ ਦੇ ਛੋਟੇ ਭਰਾ ਸ਼ਿੰਗਾਰੇ ਨੇ ਵੀ ਚੌਥੀ ਪਾਸ ਕੀਤੀ ਸੀ ਪਰ ਉਸ ਦੀ ਪੜ੍ਹਨ ਵਿਚ ਦਿਲਚਸਪੀ ਨਹੀਂ ਸੀ। ਉਸ ਦਾ ਬਾਪ ਆਪਣੇ ਚਾਰ ਭਰਾਵਾਂ ਵਿਚੋਂ ਇਕੱਲਾ ਹੀ ਔਂਤ ਰਹਿੰਦਾ ਸੀ। ਇਸ ਲਈ ਉਹ ਆਪਣੇ ਪਿਤਾ ਨਾਲ ਖੇਤੀ ਦੇ ਕੰਮ ਲੱਗ ਗਿਆ।

ਕੋਟਲਾ ਸਾਡੇ ਪਿੰਡ ਤੋਂ ਅੱਧਾ ਕੁ ਮੀਲ ਦੀ ਵਿੱਥ 'ਤੇ ਹੈ। ਇਸ ਤਰ੍ਹਾਂ ਅਸੀਂ, ਬੱਚਿਆਂ ਦਾ ਵੱਡਾ ਟੋਲਾ ਇਕੱਠੇ ਹੋ ਕੇ ਪੈਦਲ ਹੀ ਸਕੂਲ ਜਾਂਦੇ ਅਤੇ ਗਰਮੀਆਂ ਦੀ ਸਿਖਰ ਦੁਪਹਿਰ ਨੂੰ ਸਿਰ 'ਤੇ ਤਖਤੀਆਂ ਰੱਖੀ, ਰਸਤੇ ਕੰਢੇ ਲੱਗੇ ਰੁੱਖਾਂ ਦੀ ਛਾਂ ਭਾਲਦੇ ਘਰ ਪਹੁੰਚਦੇ। ਕੱਚੇ ਰਸਤੇ ਦੇ ਵਿਚਕਾਰ, ਪਿੰਡ ਦੇ ਨੇੜੇ ਕਰੌਂਡੇ ਦਾ ਦਰੱਖਤ ਸੀ। ਬੱਚੇ ਉਸ ਤੋਂ ਕਰੌਂਡੇ ਵੀ ਤੋੜਦੇ ਅਤੇ ਡਰਦੇ ਵੀ। ਇਸ ਕਰੌਂਡੇ ਬਾਰੇ ਇਹ ਮਸ਼ਹੂਰ ਸੀ ਕਿ ਇਹ ਪੱਕਾ ਹੈ। ਪੱਕੀ ਥਾਂ ਜਾਂ ਪੱਕਾ ਦਰੱਖਤ ਉਸ ਨੂੰ ਕਹਿੰਦੇ ਹਨ ਜਿਸ ਤੇ ਕਿਸੇ ਭੂਤ ਪ੍ਰੇਤ ਦਾ ਪਹਿਰਾ ਹੋਵੇ। ਇਕ ਦਿਨ ਸਕੂਲੋਂ ਆਉਂਦਿਆਂ ਗਰਮੀ ਦੇ ਮਹੀਨੇ ਅਚਾਨਕ ਕਰੌਂਡੇ ਦੇ ਥੱਲੇ ਪਏ ਸੁਆਹ ਦੇ ਲੱਡੂਆਂ ਵਿਚ ਕਿੱਕਰ ਦੀਆਂ ਤਿੱਖੀਆਂ ਸੂਲਾਂ ਗੱਡ ਕੇ ਰੱਖੀਆਂ ਹੋਈਆਂ ਸਨ। ਮੇਰਾ ਬੇ-ਧਿਆਨੀ ਵਿਚ ਤੁਰੇ ਆਉਂਦਿਆਂ ਪੈਰ ਵੱਜਿਆ ਅਤੇ ਲੱਡੂ ਟੁੱਟ ਗਏ। ਮੈਨੂੰ ਨਾਲ ਦੇ ਬੱਚਿਆਂ ਨੇ ਬਹੁਤ ਡਰਾ ਦਿੱਤਾ ਕਿ ਇਹ ਚੌਪਈਏ ਦਾ ਟੂਣਾ ਹੈ ਅਤੇ ਘਰ ਜਾ ਕੇ ਤੈਨੂੰ ਤਾਪ ਚੜ੍ਹ ਜਾਣਾ ਹੈ। ਮੈਂ ਏਨੀ ਭੈ-ਭੀਤ ਹੋਈ ਕਿ ਘਰ ਆ ਕੇ ਬੇਜੀ ਨੂੰ ਵੀ ਨਹੀਂ ਦੱਸਿਆ ਕਿ ਕਿਧਰੇ ਝਿੜਕਾਂ ਨਾ ਪੈਣ। ਅਸੀਂ ਸਾਰੇ ਭੈਣ-ਭਰਾ ਬੇਜੀ ਤੋਂ ਬਹੁਤ ਡਰਦੇ ਸਾਂ ਪਰ ਉਨ੍ਹਾਂ ਤੋਂ ਕੋਈ ਗੱਲ ਲੁਕਾ ਨਹੀਂ ਸੀ ਸਕਦੇ। ਤਾਪ-ਤੁਪ ਕੋਈ ਨਹੀਂ ਚੜ੍ਹਿਆ ਅਤੇ ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸ ਦਿੱਤੀ। ਉਨ੍ਹਾਂ ਨੇ ਅਜਿਹੇ ਮੌਕੇ ਵਾਹਿਗੁਰੂ ਵਾਹਿਗੁਰੂ ਕਹਿਣ ਲਈ ਕਿਹਾ। ਸਾਡੀ ਜੱਦੀ ਜ਼ਮੀਨ ਕੋਟਲੇ ਨਾਲ ਲਗਦੀ ਸੀ ਅਤੇ ਸਾਡੇ ਕੋਲ ਲੰਬੜ ਦੀ ਗਹਿਣੇ ਪਈ ਜ਼ਮੀਨ ਘਰਖਣਾ ਵਾਲੇ ਪਾਸੇ ਸੀ। ਸਕੂਲੋਂ ਆਉਂਦਿਆਂ ਜਾਂਦਿਆਂ ਅਸੀਂ ਕਪਾਹ ਦੇ ਦਿਨਾਂ ਵਿਚ ਘਰਦਿਆਂ ਨਾਲ ਨਰਮਾ ਚੁਗਾਉਣਾ ਤਾਂ ਕਿ ਸਾਨੂੰ ਪੜ੍ਹਨ ਤੋਂ ਨਾ ਰੋਕਣ। ਪਰ ਇਹ ਅਸੀਂ ਸ਼ੌਕ ਨਾਲ ਕਰਦੇ ਮਜਬੂਰੀ ਵਿਚ ਨਹੀਂ, ਸਾਡੇ ਨਾਲ ਦੂਸਰੇ ਬੱਚੇ ਵੀ ਚਾਅ ਚਾਅ ਵਿਚ ਲੱਗ ਜਾਂਦੇ।

ਸਕੂਲ ਹੈਡਮਾਸਟਰ ਜੋ ਪੰਜਵੀਂ ਨੂੰ ਪੜ੍ਹਾਉਂਦਾ ਸੀ, ਪਹਿਲਾਂ ਗੋਸਲਾਂ ਤੋਂ ਮਾਸਟਰ ਪਿਆਰੇ ਲਾਲ ਹੁੰਦਾ ਸੀ ਜੋ ਸਾਈਕਲ ਤੇ ਸਾਡੇ ਪਿੰਡ ਵਿਚੋਂ ਲੰਘਦਾ ਸੀ। ਉਹ ਪੜ੍ਹਾਉਂਦਾ ਘੱਟ ਸੀ ਡੰਡਾ-ਪ੍ਰੇਡ ਜ਼ਿਆਦਾ ਕਰਦਾ ਸੀ। ਪਿੱਠ ਪਿੱਛੇ ਸਾਰੇ ਬੱਚੇ ਉਸ ਨੂੰ ''ਪਿਆਰਾ ਲਾਲ ਖੱਤ੍ਰੀ ਵਜਾਵੇ ਤੱਕੜੀ'', ਕਹਿੰਦੇ ਹੁੰਦੇ ਸੀ। ਪਰ ਕੁਝ ਦਿਨਾਂ ਵਿਚ ਹੀ ਉਸ ਦੀ ਬਦਲੀ ਹੋ ਗਈ ਅਤੇ ਸਾਨੂੰ ਮਾਸਟਰ ਅਮਰਨਾਥ ਪੜ੍ਹਾਉਣ ਆ ਗਏ ਜੋ ਬੇਹੱਦ ਮਿਹਨਤੀ, ਨਰਮ ਸੁਭਾ ਅਤੇ ਬੱਚਿਆਂ ਪ੍ਰਤੀ ਪ੍ਰੇਮ ਭਾਵਨਾ ਰੱਖਦੇ ਸਨ। ਬੱਚਿਆਂ ਦਾ ਪੜ੍ਹਨਾ ਮਾਸਟਰਾਂ ਦੇ ਰਵੱਈਏ ਤੇ ਬਹੁਤ ਨਿਰਭਰ ਕਰਦਾ ਹੈ। ਮੇਰਾ ਛੋਟਾ ਵੀਰ ਨਿਰਮਲ ਸਿੰਘ ਦਸਦਾ ਹੁੰਦਾ ਹੈ ਕਿ ਸਰਵਰਪੁਰ ਪੜ੍ਹਨ ਲੱਗਿਆ ਸੀ ਪਰ ਉਰਦੂ ਦੇ ਮਾਸਟਰ ਤੋਂ ਡਰਦਾ ਸਕੂਲ ਨਹੀਂ ਸੀ ਵੜਦਾ ਜੋ ਬੱਚਿਆਂ ਨੂੰ ਬੋਰੀ ਵਿਚ ਪਾ ਕੇ ਕੁੱਟਦਾ ਹੁੰਦਾ ਸੀ। ਵੀਰ ਨੇ ਘਰੋਂ ਬੱਚਿਆਂ ਨਾਲ ਚਲਿਆ ਜਾਣਾ, ਰਸਤੇ ਵਿਚ ਪਿੱਪਲੀ ਥੱਲੇ ਬੈਠ ਕੇ ਖੇਡਦੇ ਰਹਿਣਾ ਅਤੇ ਘਰੋਂ ਲਿਆਂਦੀ ਚੂਰੀ ਖਾ ਲੈਣੀ। ਜਦੋਂ ਬੱਚਿਆਂ ਨੇ ਵਾਪਸ ਆਉਣਾ ਤਾਂ ਨਾਲ ਹੀ ਵਾਪਸ ਆ ਜਾਣਾ। ਘਰਦਿਆਂ ਨੂੰ ਪਤਾ ਲੱਗਣ ਤੇ ਸਾਲ ਕੁ ਬਾਅਦ ਸਕੂਲ ਹੀ ਛੱਡ ਦਿੱਤਾ। ਉਂਵ ਮੇਰਾ ਵੀਰ ਸਾਡੇ ਸਭ ਨਾਲੋਂ ਦਿਮਾਗੀ ਤੌਰ 'ਤੇ ਜ਼ਹੀਨ ਹੈ ਜੇ ਮਾਸਟਰ ਦਾ ਹਾਂ-ਪੱਖੀ ਰਵੱਈਆ ਹੁੰਦਾ ਤਾਂ ਵੀਰ ਨੇ ਪੜ੍ਹ ਕੇ ਸਾਡੇ ਤੋਂ ਵੀ ਅੱਗੇ ਜਾਣਾ ਸੀ।

# ਡੈਲਸ ਹਾਕੀ ਟੂਰਨਾਮੈਂਟ ਵਿਚ ਫਰੀਮਾਂਟ ਦੀ ਟੀਮ ਜੇਤੂ

**ਡੈਲਸ, ਟੈਕਸਸ (ਰਾਣਾ ਇਕਬਾਲ):** ਡੈਲਸ ਇੰਟਰਨੈਸ਼ਨਲ ਸਪੋਰਟਸ ਕਲੱਬ (ਡਿਸਕ) ਵਲੋਂ ਕਰਵਾਏ ਗਏ ਹਾਕੀ ਟੂਰਨਾਮੈਂਟ ਵਿਚ ਫਰੀਮਾਂਟ ਕੈਲੀਫੋਰਨੀਆ ਦੀ ਹਾਕੀ ਟੀਮ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੀ ਪੈਂਥਰ ਹਾਕੀ ਟੀਮ ਨੂੰ ਹਰਾ ਕੇ ਜੇਤੂ ਰਹੀ। ਇਸ ਦੋ ਰੋਜ਼ਾ ਟੂਰਨਾਮੈਂਟ ਵਿਚ ਹਾਕੀ ਦੀਆਂ ਕੁਲ ਨੌਂ ਟੀਮਾਂ ਨੇ ਹਿੱਸਾ ਲਿਆ ਜਦੋਂ ਕਿ ਕਬੱਡੀ ਮੁਕਾਬਲਿਆਂ ਵਿਚ ਦੋ ਟੀਮਾਂ ਸ਼ਾਮਲ ਹੋਈਆਂ। ਕਬੱਡੀ ਮੈਚਾਂ ਵਿਚ ਡੈਲਸ ਦੀ ਕਬੱਡੀ ਟੀਮ ਜੇਤੂ ਰਹੀ ਜਦੋਂਕਿ ਕੈਲੀਫੋਰਨੀਆ ਦੀ ਟੀਮ ਦੂਜੇ ਥਾਂ ਰਹੀ।

ਡਿਸਕ ਦੇ ਚੇਅਰਮੈਨ ਸ੍ਰੀ ਜਸਪਾਲ ਵਾਲੀਆ ਨੇ ਦੱਸਿਆ ਕਿ ਡਿਸਕ ਵਲੋਂ ਕਰਵਾਇਆ ਗਿਆ ਇਹ ਤੀਜਾ ਟੂਰਨਾਮੈਂਟ ਸੀ। ਇਸ ਖੇਡ ਮੇਲੇ ਵਿਚ ਹਾਕੀ ਦੀਆਂ ਐਲ ਏ ਟਾਈਗਰਜ਼, ਫਰੀਮਾਂਟ ਕੈਲੀਫੋਰਨੀਆ, ਯੂਬਾ ਬ੍ਰਦਰਜ਼ ਯੂਬਾ ਸਿਟੀ, ਪੈਂਥਰ ਬੀ ਸੀ ਕੈਨੇਡਾ, ਟੋਰਾਂਟੋ, ਡੀ ਐਫ ਡਬਲਿਊ ਲਾਇਨਜ਼, ਡੈਲਸ ਹੀਟ, ਯੂ ਟੀ ਆਰਲਿੰਗਟਨ ਅਤੇ ਫੀਲਡ ਹਾਕੀ ਕਲੱਬ ਸੈਕਰਾਮੈਂਟੋ ਦੀਆਂ ਟੀਮਾਂ ਨੇ ਹਿੱਸਾ ਲਿਆ। ਕਬੱਡੀ ਮੈਚਾਂ ਵਿਚ ਦਰਸ਼ਕਾਂ ਨੇ ਖਾਸ ਦਿਲਚਸਪੀ ਦਿਖਾਈ ਅਤੇ ਚੰਗੀਆਂ ਰੇਡਾਂ 'ਤੇ ਸੌ ਸੌ ਡਾਲਰ ਦੇ ਨੋਟ ਵਾਰੇ।

ਟੂਰਨਾਮੈਂਟ ਦੌਰਾਨ ਚਾਹ-ਪਾਣੀ ਅਤੇ ਖਾਣੇ ਦਾ ਮੁਫਤ ਪ੍ਰਬੰਧ ਸੀ। ਕੁਮੈਂਟਰੀ ਸ੍ਰੀ ਅਮਰਜੀਤ ਸਿੰਘ ਢਿੱਲੋਂ ਨੇ ਕੀਤੀ।



### ਅਰਬ 'ਚ ਫਾਂਸੀ ਯਾਫਤਾ ਨੌਜਵਾਨਾਂ ਲਈ

# ਹਾੜ੍ਹਾ ਵੇ ਏਡਾ ਜ਼ੁਲਮ ਨਾ ਕਰ ਹਾਕਮਾ...

**ਗੱਲੀਂ-ਬਾਤੀਂ**



ਐਸ. ਅਸ਼ੋਕ ਭੌਰਾ

***ਸਵਰਗ ਨੂੰ ਜਾਣ ਲਈ ਦੁਨੀਆਂ ਪੱਬਾਂ ਭਾਰ ਹੋਈ ਪਈ ਹੈ ਪਰ ਜਿਸ ਲਾਰੀ 'ਚ ਤੁਸੀਂ ਬੈਠੇ ਹੋ ਡਰਾਈਵਰ-ਕੰਡਕਟਰ ਨੇ ਵੀ ਟਿਕਟ ਕੱਟਣ ਲੱਗਿਆਂ ਤੁਹਾਨੂੰ ਨਹੀਂ ਦੱਸਿਆ ਕਿ ਇਹ ਨਰਕ ਦੇ ਇਮੀਗਰੇਸ਼ਨ ਵਾਲੇ ਬਾਰਡਰ ਤੋਂ ਹੋ ਕੇ ਜਾਵੇਗੀ। ਇਸੇ ਲਈ ਚੰਗੇ ਭਲੇ ਵੀ ਬਾਬਿਆਂ, ਪੀਰਾਂ ਤੇ ਪੰਡਿਤਾਂ ਦੇ ਚਰਨਾਂ 'ਚ ਡਿਗੇ ਪਏ ਹਨ ਤੇ ਉਹ ਤੁਹਾਡੇ ਮੋਢਿਆਂ 'ਤੇ ਖੜ੍ਹ ਕੇ ਨੱਚ ਰਹੇ ਹਨ। ਜੇ ਮਜ਼੍ਹਬ ਵੈਰ ਤੋਂ ਪਰੇ ਰੱਖਣ ਦੀ ਗੱਲ ਕਰਦਾ ਹੈ ਤਾਂ ਹਾਲੇ ਤੱਕ ਕਿਸੇ ਵੀ ਧਾਰਮਿਕ ਗ੍ਰੰਥ ਨੇ ਨਫਰਤ ਕਰਨ ਦਾ ਇਕ ਵੀ ਪਾਠ ਨਹੀਂ ਪੜ੍ਹਾਇਆ। ਵੱਖਰੀ ਗੱਲ ਹੈ ਕਿ ਧਰਮ ਦੇ ਸੰਕਲਪ ਵਿਚ ਕੱਟੜਵਾਦ ਦਾ ਝੰਡਾ ਚੁੱਕਣ ਵਾਲੇ ਗ਼ਲਤੀਆਂ ਦੇ ਅੰਬਾਰ ਚਾਪਲੂਸ ਪੈਰੋਕਾਰ ਬਣਨ ਦੇ ਭਰਮ ਵਿਚ ਲਗਾਈ ਜਾਂਦੇ ਹਨ। ਇਕ ਪੈਰ ਨਾਲ ਨਾ ਨੱਚਿਆ ਜਾਂਦਾ ਹੈ ਨਾ ਤੁਰਿਆ ਜਾਂਦਾ ਹੈ, ਕੋਈ ਵੀ ਅਪਾਹਜ ਹਾਲੇ ਐਵਰੈਸਟ 'ਤੇ ਨਹੀਂ ਚੜ੍ਹਿਆ। ਪਾਪ ਵੀ ਹੁੰਦਾ ਆਇਆ ਹੈ ਤੇ ਇਨਸਾਫ ਵੀ ਪਰ ਆਪਣੇ ਮੁਲਕ ਨੂੰ ਕਿੰਨਾ ਵੀ ਨਿੰਦੀ ਜਾਵੋ, ਕਈਆਂ ਦਾ ਤਾਂ ਇਹ ਸੁਭਾਅ ਜਾਂ ਆਦਤ ਬਣ ਗਈ ਹੈ ਪਰ ਕਸਾਬ ਦੇ ਮਾਮਲੇ 'ਚ ਵੇਖੋ, ਜੀਹਨੇ ਕਦੇ ਅਖਬਾਰ ਜਾਂ ਟੀ.ਵੀ. ਨਹੀਂ ਦੇਖਿਆ ਉਹ ਵੀ ਜਾਣਦੈ ਕਿ ਇਹ ਉਹ ਛੋਕਰਾ ਹੈ, ਜੀਹਨੇ ਉਨ੍ਹਾਂ ਹੀ ਲੋਕਾਂ ਨਾਲ ਮੁੰਬਈ 'ਚ ਅੱਤ ਮਚਾਈ ਸੀ ਜਿਹੜੇ ਦਰਜਨਾਂ ਸੁਹਾਗ ਉਜਾੜ ਕੇ ਆਪ ਵੀ ਮਰ ਗਏ। ਤੇ ਇਸ ਛੋਕਰੇ ਨੂੰ ਪਾਣ ਸਾਰੀ ਧਰਮ ਦੀ ਹੈ, ਬ੍ਰੇਨ ਵਾਸ਼ ਹੋਣ ਕਰਕੇ ਉਹ ਨਹੀਂ ਜਾਣਦਾ ਕਿ ਪੌੜੀਆਂ ਰਖੀ ਲਾਲ ਗੱਡੀ ਨੂੰ ਫਾਇਰ ਬ੍ਰਿਗੇਡ ਕਹਿੰਦੇ ਹਨ। ਬਾਲ ਠਾਕਰੇ ਫਾਂਸੀ ਦੇਣ ਦੀ ਦੁਹਾਈ ਲੱਖ ਪਾਵੇ, ਪਰ ਆਪਣੇ ਮੁਲਕ ਦੇ ਵਕੀਲ ਦੋਸ਼ੀ ਨੂੰ ਬਚਾਉਣ 'ਚ ਭਾਈਵਾਲ ਹਨ। ਡੇਢ ਸਾਲ 'ਚ ਕਾਨੂੰਨੀ ਪ੍ਰਕਿਰਿਆ ਅੱਧ ਵੀ ਨਹੀਂ ਟੱਪੀ। ਪਰ ਕਸਾਬ ਵਰਗਾ ਜੇ ਕੋਈ ਭਾਰਤੀ ਅਰਬ ਜਾਂ ਜਿਥੋਂ ਦਾ ਉਹ ਹੈ, ਉਥੇ ਫੜਿਆ ਗਿਆ ਹੁੰਦਾ ਤਾਂ ਪੰਦਰੀਂ ਦਿਨੀਂ ਕਾਜੀਆਂ ਨੇ ਲਾਸ਼ ਦੇ ਟੁਕੜੇ ਕਰਨ ਦੇ ਹੁਕਮ ਦੇ ਦੇਣੇ ਸਨ, ਫਾਂਸੀ ਦੀ ਗੱਲ ਤਾਂ ਛੱਡੋ। ਅਸਲ ਵਿਚ ਧਨਵਾਨਾਂ ਤੇ ਸ਼ਕਤੀਸ਼ਾਲੀ ਲੋਕਾਂ ਵਿਚੋਂ ਸੰਜਮ ਤੇ ਸਹਿਨਸ਼ੀਲਤਾ ਭੱਜ ਗਈਆਂ ਹੁੰਦੀਆਂ ਨੇ ਜੇ ਬਚਦਾ ਹੈ ਤਾਂ ਹਉਮੈ, ਮੈਂ ਤੇ ਆਕੜ। ਗੀਤ ਦੀਆਂ ਇਨ੍ਹਾਂ ਸਤਰਾਂ ਵੱਲ ਧਿਆਨ ਦਿਓ, 'ਇਨਸਾਫ ਦੀ ਕੁਰਸੀ 'ਤੇ ਬਹਿ ਕੇ ਇਨਸਾਫ ਨਹੀਂ ਕਰਦੀ ਇਹ ਦੁਨੀਆਂ, ਮਾੜੇ ਨੂੰ ਮਾਰਨ ਪੈਂਦੀ ਏ, ਤਕੜੇ ਤੋਂ ਡਰਦੀ ਇਹ ਦੁਨੀਆਂ।' ਲਗਦਾ ਨਹੀਂ ਕਿ ਗਣਿਤ ਵਿਚ ਹੁਣ ਹੋਰ ਤਰਮੀਮ ਵੀ ਕਰਨੀ ਪਊ ਕਿ ਜ਼ੋਰਾਵਰ ਦਾ ਸੱਤੀਂ ਵੀਹੀਂ ਨਹੀਂ ਹੁਣ ਅੱਠੀਂ ਵੀਹੀਂ ਸੌ ਹੋ ਗਿਆ ਹੈ ਕਿਉਂਕਿ ਧਰਮ ਦੇ ਇਨਸਾਫ ਹੇਠ ਵੱਡੀ ਗਿਣਤੀ ਵਿਚ ਪੰਜਾਬੀਆਂ ਦੇ ਫਾਂਸੀ ਦੇ ਫੰਦੇ ਵਲ ਕਦਮ ਤੁਰ ਰਹੇ ਹਨ ਇਸੇ ਲਈ ਧਰਮੀ ਬੰਦਿਆਂ ਨੂੰ ਬੇਇਨਸਾਫੀ ਵਿਰੁਧ ਜੈਕਾਰੇ 'ਕੱਠੇ ਹੋ ਕੇ ਬੁਲਾਉਣ ਦੀ ਲੋੜ ਹੈ, ਫਿਰ ਸ਼ਾਇਦ ਤਰਸ ਆ ਜਾਵੇ ਕਿ...***

ਉੱਚਾ ਹੋ ਕੇ ਨੀਵਾਂ ਵੇਖਣਾ, ਵੱਡਾ ਹੋ ਕੇ ਛੋਟਾ ਸੋਚਣਾ ਇਨਸਾਨੀਅਤ ਦੀ ਚਾਦਰ ਤੋਂ ਪੈਰ ਬਾਹਰ ਕੱਢਣ ਵਾਲੀ ਗੱਲ ਹੀ ਹੁੰਦੀ ਹੈ। ਹਾਲ ਹੀ ਵਿਚ ਵਿਸ਼ਵ ਦੀਆਂ ਦੋ ਘਟਨਾਵਾਂ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲਿਆਂ ਨੂੰ ਫਿਰ ਮਸ਼ਕਰੀ ਹੀ ਕੀਤੀ ਲਗਦੀ ਹੈ। ਜਬਰੀ ਜਜ਼ੀਆ ਵਸੂਲਣ, ਹਰਿਮੰਦਰ ਸਾਹਿਬ 'ਚ ਕੰਜਰੀਆਂ ਨਚਾਉਣ ਵਾਲੇ ਮੱਸੇ ਰੰਗੜ ਦਾ ਸਿਰ ਤਾਂ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਵੱਢ ਦਿੱਤਾ ਸੀ ਪਰ ਹੁਣ ਫਿਰ ਤਾਲਿਬਾਨ ਨੇ ਉਸੇ ਜਜ਼ੀਏ ਦੇ ਨਾਂ ਹੇਠ ਦੋ ਸਿੱਖਾਂ ਦੇ ਸਿਰ ਪਾਕਿਸਤਾਨ 'ਚ ਕਲਮ ਕਰ ਦਿੱਤੇ ਹਨ। ਦੂਜੀ ਘਟਨਾ ਜੀਰੋ ਕਰਾਇਮ ਦੇਸ਼ ਕਹਾਉਣ ਵਾਲੇ ਦੇਸ਼ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀ ਹੈ, ਜਿਸ ਦੀ ਰਿਆਸਤ ਸ਼ਾਰਜਾਹ ਦੀ ਇਕ ਸ਼ਰੀਅਤ ਅਦਾਲਤ ਨੇ 16 ਪੰਜਾਬੀਆਂ ਤੇ ਇਕ ਹਰਿਆਣਵੀ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਸਤਾਰਾਂ ਘਰਾਂ ਦੇ ਬਲਦੇ ਚੁੱਲ੍ਹਿਆਂ ਵਿਚ ਪਾਣੀ ਸੁੱਟ ਦਿੱਤਾ ਹੈ। ਚੰਗੀ ਗੱਲ ਹੈ ਕਿ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਬਲਵੰਤ ਸਿੰਘ ਰਾਮੂਵਾਲੀਏ ਨੇ ਇਨ੍ਹਾਂ ਨੌਜਵਾਨਾਂ ਤੇ ਇਨ੍ਹਾਂ ਦੇ ਪਰਿਵਾਰਾਂ ਨੂੰ ਸੁੱਖ ਦਾ ਸਾਹ ਦੁਆਉਣ ਲਈ ਪਿੱਟ ਸਿਆਪਾ ਕੀਤਾ ਹੈ ਪਰ ਹਾਲੇ ਤੀਕਰ ਇਸ ਤਰ੍ਹਾਂ ਦੀ ਕੋਈ ਆਸ ਨਹੀਂ ਬੱਝੀ ਕਿ ਇਨ੍ਹਾਂ ਮੁੰਡਿਆਂ ਦੀ ਸਜ਼ਾ ਮੁਆਫ ਹੋ ਜਾਵੇਗੀ ਜਾਂ ਉਮਰ ਕੈਦ ਵਿਚ ਬਦਲ ਜਾਵੇਗੀ। ਕਿਉਂਕਿ ਧਰਮ ਦੇ ਬੁਰਕੇ 'ਚ ਸਜ਼ਾ ਸੁਣਾਉਣ ਵਾਲੇ ਕਾਜੀਆਂ ਦੇ ਫੈਸਲਿਆਂ ਨੂੰ ਹੁਣ ਤੱਕ ਬਦਲਣਾ ਇਕ ਤਰ੍ਹਾਂ ਨਾਲ ਅਸੰਭਵ ਹੀ ਰਿਹਾ ਹੈ। ਇਹ ਸਾਰਾ ਕੁਝ ਧਰਮ ਦੀ ਕੱਟੜਵਾਦ ਵਾਲੀ ਹਉਮੈ ਵਿਚ ਲੁਕਿਆ ਹੋਇਆ ਹੈ।

ਇਨ੍ਹਾਂ ਮੁੰਡਿਆਂ ਨੂੰ ਫਾਂਸੀ ਦੇਣ ਦਾ ਕਸੂਰ ਸਾਲ 2009 ਵਿਚ ਸ਼ਰਾਬ ਦੇ ਧੰਦੇ ਦੀ ਧੜੇਬੰਦੀ ਵਿਚ ਦੋ ਪਾਕਿਸਤਾਨੀਆਂ ਨੂੰ ਲੜਾਈ 'ਚ ਮਾਰ ਦੇਣਾ ਹੈ। ਦੁਨੀਆਂ ਭਰ ਵਿਚ ਇਸ ਮੁਲਕ ਵਲੋਂ ਇਸ ਸਜ਼ਾ ਨਾਲ ਹਾਲ-ਪਾਹਰਿਆ ਪੁਆਉਣ ਦੀ ਗੱਲ ਕਰਨ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਇਕ ਮੱਦ ਦੀ ਵਿਆਖਿਆ ਕਰਦਿਆਂ ਕਿ ਇਕ ਜਾਂ ਦੋ ਬੰਦਿਆਂ ਦੇ ਕਤਲ ਵਿਚ ਦੋ-ਚਾਰ ਬੰਦੇ ਹੀ ਸ਼ਾਮਲ ਹੋ ਸਕਦੇ ਹਨ ਪਰ ਦੋ ਕਤਲਾਂ ਲਈ 17 ਜਣਿਆਂ ਨੂੰ ਫਾਂਸੀ ਦੇਣਾ ਸ਼ਾਇਦ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਮੁਖੀ ਦਾ ਦਾਅਵੇਦਾਰ ਅਮਰੀਕਾ ਚੁੱਪ ਹੈ ਤੇ ਗੁਰੂ ਘਰਾਂ ਦੀਆਂ ਚੋਣਾਂ ਵਿਚ ਘਟੀਆ ਦਰਜੇ ਦੀ ਦੂਸ਼ਣਬਾਜ਼ੀ ਕਰਨ ਵਾਲੇ ਤੇ ਧਰਮ ਦੇ ਮੁੱਖ ਸੇਵਾਦਾਰ 15 ਅਗਸਤ ਜਾਂ 26 ਜਨਵਰੀ ਨੂੰ ਤਾਂ ਢਾਈ ਕੁ ਜਣੇ 'ਕੱਠੇ ਹੋ ਕੇ ਭਾਰਤੀ ਅੰਬੈਸੀਆਂ ਦੇ ਬਾਹਰ ਤਾਂ ਨਾਅਰੇ ਮਾਰ ਆਉਂਦੇ ਹਨ ਪਰ 16 ਪੰਜਾਬੀਆਂ ਨੂੰ ਫਾਂਸੀ ਦੇਣ 'ਤੇ ਸਭ ਚੁੱਪ ਹਨ ਤੇ ਕਿਸੇ ਵੀ ਦੇਸ਼ 'ਚੋਂ ਯੂ.ਏ.ਈ. ਦੇ ਸਫਾਰਤਖਾਨੇ ਅੱਗੇ ਹਾਅ ਦਾ ਨਾਅਰਾ ਮਾਰਨ ਦੀ ਖਬਰ ਨਹੀਂ ਆਈ। ਦੁੱਖ ਦੀ ਗੱਲ ਹੈ ਕਿ ਧਰਮ ਦੇ ਨਾਂ 'ਤੇ ਹੋਈ ਸਿਖਰਲੀ ਸਜ਼ਾ ਬਾਰੇ ਸਭ ਧਰਮੀ ਬੰਦੇ ਜਾਗਦਿਆਂ ਹੀ ਅੱਖਾਂ ਮੀਚ ਰਹੇ ਹਨ।

ਸੰਨ 2000 ਵਿਚ ਮੈਂ ਪਹਿਲੀ ਵਾਰ ਗਲਫ ਏਅਰ ਲਾਈਨ ਦੀ ਇਕ ਉਡਾਨ ਵਿਚ ਜਦੋਂ ਦੁਬਈ ਜਾ ਰਿਹਾ ਸੀ ਤਾਂ ਮੇਰੇ ਨਾਲ ਦੀ ਸੀਟ 'ਤੇ ਬੈਠੇ ਇਕ ਮੁਸਾਫਰ ਨੇ ਏਅਰ ਹੋਸਟੈਸ ਪਾਸੋਂ ਸ਼ਰਾਬ ਦੀ ਮੰਗ ਕੀਤੀ ਤਾਂ ਉਸ ਕੁੜੀ ਦਾ ਜੋ ਜਵਾਬ ਸੀ ਉਹਦਾ ਪੰਜਾਬੀ ਅਨੁਵਾਦ ਦੱਸਣ ਲੱਗਾ ਹਾਂ, ਉਸ ਨੇ ਝਾੜਝੰਬ ਕਰਨ ਵਾਂਗ ਉਸ ਮਸਾਫਿਰ ਨੂੰ ਕਿਹਾ:

"ਤੁਸੀਂ ਜਾਣਦੇ ਹੋ ਕਿ ਤੁਸੀਂ ਜਾ ਕਿਥੇ ਰਹੇ ਹੋ?"

"ਤੁਹਾਨੂੰ ਪਤੈ ਉਥੇ ਨਾ ਸ਼ਰਾਬ ਪੀਣ ਦੀ ਆਗਿਆ ਹੈ ਤੇ ਨਾ ਸ਼ਰਾਬ ਮਿਲਦੀ ਹੈ?"

ਉਹ ਬੁੜ ਬੁੜ ਕਰਦਾ ਏਅਰ ਹੋਸਟੈਸ ਦੇ ਪਰੇ ਹੁੰਦਿਆਂ ਕਹਿਣ ਲੱਗਾ, "ਫਿਰ ਉਥੇ ਛੁਣਛੁਣਾ ਵਜਾਉਂਣੈ ਮਹੀਨਾ ਭਰ। ਮੈਂ ਤਾਂ ਹਫਤੇ ਬਾਅਦ ਹੀ ਵਾਪਸ ਆ ਜੂੰ।"

ਤੇ ਸਭ ਤੋਂ ਦਿਲਚਸਪੀ ਵਾਲੀ ਗੱਲ ਇਹ ਸੀ ਕਿ ਮੈਂ ਉਸ ਮੁਲਕ ਵਿਚ ਦੋ ਮਹੀਨੇ ਰਹਿੰਦਿਆਂ ਸਾਰੀਆਂ ਨੌਂ ਰਿਆਸਤਾਂ ਵੇਖੀਆਂ। ਕਾਨੂੰਨੀ ਤੌਰ 'ਤੇ ਭਾਵੇਂ ਇਸਲਾਮ ਦੇ ਧਰਮੀ ਬੰਦਿਆਂ ਨੇ ਸ਼ਰਾਬ 'ਤੇ ਪਾਬੰਦੀ ਲਗਾਈ ਹੋਵੇ ਪਰ ਉਥੇ ਸ਼ਰਾਬ ਦਾ ਦਰਿਆ ਨਹੀਂ ਹੜ੍ਹ ਆਇਆ ਵੇਖਿਆ। ਸ਼ਰਾਬ ਮਾਫੀਆ ਉਥੇ ਮੁੰਬਈ ਦੇ ਅੰਡਰਵਰਲਡ ਨਾਲੋਂ ਵੀ ਏਨਾ ਤਿੱਖਾ ਹੈ ਕਿ ਤੁਸੀਂ ਫੋਨ ਕਰੋ ਸਹੀ ਇਹ ਐਂਬੂਲੈਂਸ ਸੇਵਾਵਾਂ ਨਾਲੋਂ ਵੀ ਛੇਤੀ ਤੁਹਾਡੇ ਘਰ ਪਹੁੰਚਦੀ ਹੈ। ਤੇ ਦੁਬਈ ਲਾਗੇ ਪੈਂਦੀ ਓਮਲ ਕਹੋਨ ਸਟੇਟ ਜਿਸ ਨੂੰ ਮਸ਼ਹੂਰ ਹੋਣ ਕਰਕੇ ਬਹੁਤੇ ਮਜ਼ਦੂਰ ਪੰਜਾਬੀ ਮਲਕਹੌਨ ਹੀ ਆਖਦੇ ਹਨ, ਇਥੇ ਸ਼ਰਾਬ ਦੇ ਠੇਕੇ ਆਪਣੇ ਪੰਜਾਬ ਦੇ ਕੋਲਡ ਸਟੋਰਾਂ ਵਰਗੇ ਹਨ ਤੇ ਪੰਜਾਬੀ ਦੀ ਰਸਭਰੀ, ਅਰਿਸਟੋਕਰੇਟ ਤੋਂ ਲੈ ਕੇ ਦੁਨੀਆਂ ਦੀ 'ਰੁਆਇਲ ਸਲੂਟ' ਵਰਗੀ ਮਹਿੰਗੀ ਸ਼ਰਾਬ ਦੇ ਭਾਵੇਂ ਟਰੱਕ ਭਰ ਕੇ ਖਰੀਦ ਲਵੋ। ਇਸਲਾਮ ਵਿਚ ਵਰਜਿਤ ਸ਼ਰਾਬ ਦਾ ਇਥੇ ਮਿਲਣਾ ਵੀ ਬੜਾ ਦਿਲਚਸਪ ਹੈ। ਅਸਲ ਵਿਚ ਉਮਲਕਹੋਨ ਸਟੇਟ ਵਿਚ ਕਰੂਡ ਆਇਲ ਯਾਨਿ ਕਿ ਕੱਚੇ ਤੇਲ ਦੇ ਖੂਹ ਨਹੀਂ ਹਨ ਤੇ ਇਥੋਂ ਦਾ ਆਰਥਿਕ ਢਾਂਚਾ ਤਕੜਾ ਬਣਾਉਣ ਲਈ ਇਸ ਰਿਆਸਤ ਦੇ ਰਾਜੇ ਨੂੰ ਇਹ ਧੰਦਾ ਕਰਨ ਦੀ ਆਗਿਆ ਹੈ। ਕਮਾਲ ਦੇਖੋ, ਇੱਕੋ ਹੱਥ ਨਾਲ ਦੋ ਗੰਢਾਂ ਇਕੋ ਵੇਲੇ ਖੋਲ੍ਹੀਆਂ ਜਾ ਰਹੀਆਂ ਹਨ।

ਮੰਨੋਗੇ ਕਿ ਚੱਪਲਾਂ ਪਾ ਕੇ ਬੱਕਰੀਆਂ ਚਾਰਨ ਵਾਲੇ ਬੱਦੂਆਂ ਦੇ ਭਾਗ ਉਦੋਂ ਜਾਗੇ ਜਦੋਂ ਅਰਬ ਮੁਲਕਾਂ ਵਿਚ ਕਾਲੇ ਸੋਨੇ ਯਾਨਿ ਕਿ ਤੇਲ ਦੀ ਸਰਦਾਰੀ ਲੱਗ ਗਈ। ਇਹ ਦੇਸ਼ ਤੇਜ਼ੀ ਨਾਲ ਵਿਕਸਤ ਹੋਣ ਦੀ ਰਫਤਾਰ 'ਤੇ ਚਲੇ ਗਏ ਤੇ ਫਿਰ ਜਹਾਜ਼ਾਂ ਦੇ ਜਹਾਜ਼ ਭਰਕੇ ਹੋਰਨਾਂ ਦੇਸ਼ਾਂ ਤੋਂ ਲੱਖਾਂ ਕਾਮੇ ਆਪਣੇ ਮੁਕੱਦਰਾਂ ਦੀ ਲਾਟਰੀ ਪਾਉਣ ਲਈ ਪਹੁੰਚਣ ਲੱਗੇ। ਭਾਵੇਂ ਇੰਜੀਨੀਅਰ ਕਿਸਮ ਦੇ ਲੋਕ ਵੀ ਆਏ ਪਰ ਬਹੁਗਿਣਤੀ ਮਜ਼ਦੂਰਾਂ ਦੀ ਸੀ ਤੇ ਇਹ ਆਏ ਵੀ ਬਹੁਤਾ ਕਰਕੇ ਪਾਕਿਸਤਾਨ, ਭਾਰਤ ਤੇ ਬੰਗਲਾ ਦੇਸ਼ 'ਚੋਂ ਸਨ। ਮਜ਼ਦੂਰਾਂ ਤੇ ਦਸਤਕਾਰੀ ਕਾਮਿਆਂ ਵਿਚ ਨੱਬੇ ਫੀਸਦੀ ਗਿਣਤੀ ਪੰਜਾਬੀਆਂ ਦੀ ਸੀ। 1970ਵਿਆਂ ਦੇ ਕਰੀਬ ਦਿੱਲੀ ਦੇ ਦੋ ਏਜੰਟਾਂ ਜਵਾਲਾ ਪ੍ਰਸ਼ਾਦ ਤੇ ਲਾਂਬਾ ਦੇ ਦਫਤਰਾਂ ਅੱਗੇ ਪੁਲਿਸ 'ਚ ਭਰਤੀ ਹੋਣ ਵਾਂਗ ਭੀੜ ਲੱਗਣ ਲੱਗ ਪਈ। ਪਹਿਲਾਂ ਪਹਿਲਾਂ ਢਾਈ ਤੋਂ ਚਾਰ ਕੁ ਹਜ਼ਾਰ ਵਿਚ ਲੋਕ ਆਏ। ਗਹੁ ਨਾਲ ਵੇਖੋ ਤਾਂ ਪੰਜਾਬ ਦੀ ਆਰਥਿਕਤਾ ਵਿਚ ਅਰਬ ਮੁਲਕਾਂ ਦਾ ਵਾਕਿਆ ਹੀ ਵੱਡਾ ਯੋਗਦਾਨ ਹੈ। ਦੁਆਬੇ ਵਿਚ ਜਹਾਜ਼ਾਂ ਵਾਲੀਆਂ ਕੋਠੀਆਂ ਭਾਵੇਂ ਯੂਰਪੀ ਤੇ ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਨੇ ਪੁਆਈਆਂ ਹੋਣ ਪਰ ਕੱਚਿਆਂ ਤੋਂ ਪੱਕਿਆਂ ਦੀ ਗੱਲ ਅਰਬ ਮੁਲਕਾਂ ਨੇ ਕੀਤੀ ਤੇ ਇਲੈਕਟ੍ਰਾਨਿਕ ਉਪਕਰਣਾਂ ਵਿਚ ਰੀਲਾਂ ਵਾਲੀਆਂ ਟੇਪਾਂ ਤੇ ਵੀਡੀਓ ਪਲੇਅਰ ਪਹਿਲਾਂ ਇਥੋਂ ਹੀ ਆਏ ਤੇ ਬੜੇ ਸਾਲਾਂ ਤੱਕ ਦਿੱਲੀ ਏਅਰਪੋਰਟ ਤੇ ਕਸਟਮ ਅਧਿਕਾਰੀਆਂ ਦੀ ਇਨ੍ਹਾਂ ਮਿਹਨਤੀ ਲੋਕਾਂ ਨੂੰ ਲੁੱਟਣ ਵਿਚ ਚਾਂਦੀ ਰਹੀ।

ਦੁਬਈ ਸਟੇਟ ਤੋਂ ਚੱਲਿਆ ਸ਼ਰਾਬ ਦਾ ਧੰਦਾ ਹੌਲੀ ਹੌਲੀ ਤੇ ਚੋਰੀ ਚੋਰੀ ਪੂਰੇ ਦੇਸ਼ ਵਿਚ ਫੈਲ ਗਿਆ ਤੇ ਇਹਦੇ ਵਿਚ ਬਹੁਤੇ ਕਰਕੇ ਪਾਕਿਸਤਾਨੀ ਲੋਕ ਸ਼ਾਮਿਲ ਹੋਏ ਤੇ ਅੰਕੜਿਆਂ ਦੀ ਵਿਵਸਥਾ ਵਿਚ ਸ਼ਰਾਬ ਮਾਫੀਆ ਹਾਲੇ ਤੀਕਰ ਇਨ੍ਹਾਂ ਦੇ ਕਬਜ਼ੇ ਹੇਠ ਹੀ ਹੈ। ਜਿਸ ਜ਼ੁਲਮ ਤਹਿਤ ਪੰਜਾਬੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ, ਉਹ ਖੂਨੀ ਟਕਰਾਅ ਕਿਉਂ ਹੋਇਆ, ਉਸ ਦੇ ਕਾਰਨ ਕੀ ਸਨ? ਇਸ ਦਾ ਖੁਲਾਸਾ ਤਾਂ ਅੱਗੇ ਚੱਲ ਕੇ ਕਰਾਂਗਾ। ਪਰ ਏਅਰ ਹੋਸਟੈਸ ਦੇ ਜਵਾਬ ਵਿਚ ਕਿ ਉਥੇ ਸ਼ਰਾਬ ਪੀਣ ਤੇ ਵੇਚਣ ਉਪਰ ਇਸਲਾਮੀ ਕਾਨੂੰਨ ਤੇ ਧਰਮ ਤਹਿਤ ਮਨਾਹੀ ਹੈ, ਉਥੇ ਕੀ ਨਹੀਂ ਹੁੰਦਾ? ਜਾਂ ਪਹਿਲਾਂ ਕੀ ਨਹੀਂ ਹੋਇਆ ਤੇ ਅੱਗੋਂ ਕੀ ਨਹੀਂ ਹੋਣਾ?' ਵਾਲੀ ਗੱਲ ਵਲ ਗੇੜੀ ਮਾਰਦੇ ਹਾਂ।

ਤੁਸੀਂ ਹੈਰਾਨ ਹੀ ਹੋਵੋਗੇ ਕਿ ਸ਼ਰਾਬ ਦੀ ਚਰਚਾ ਤਾਂ ਹੁਣ ਫਾਂਸ਼ੀ ਹੋਣ ਕਰਕੇ ਚੱਲੀ ਹੈ ਪਰ ਜਿਸ ਮੁਲਕ ਵਿਚ ਔਰਤਾਂ ਬੁਰਕੇ 'ਚੋਂ ਮੂੰਹ ਨਹੀਂ ਕੱਢਦੀਆਂ ਜਾਂ ਸ਼ਰੀਅਤ ਦੀ ਇਸਲਾਮੀ ਧਾਰਨਾ ਵਿਚ ਏਸ ਦੀ ਮਨਾਹੀ ਹੈ, ਉਸ ਮੁਲਕ ਵਿਚ ਸਾਡੀਆਂ ਲੋਕ ਬੋਲੀਆਂ ਵਾਲੀਆਂ ਮਸ਼ਹੂਰ ਬਸਰੇ (ਇਰਾਕ) ਦੀਆਂ ਹੂਰਾਂ ਤੇ ਮਿਸਰ ਦੀਆਂ ਮਧਰੇ ਗਿਲਾਸ ਵਰਗੀਆਂ ਜਿਸਮ ਫਰੋਸ਼ੀ ਲਈ ਟਕੇ ਟਕੇ ਨੂੰ ਹੋਟਲਾਂ ਵਿਚ ਫਿਰਦੀਆਂ ਹਨ। ਇਸ ਦੀ ਇਕ ਉਦਾਹਰਣ ਪੇਸ਼ ਕਰਦਾ ਹਾਂ ਕਿ ਜੇ ਕਦੇ ਦੁਬਈ ਗਏ ਹੋ ਤਾਂ ਦੇਹਰਾ ਦੁਬਈ ਤੋਂ ਗੋਲਡ ਮਾਰਕੀਟ ਲਾਗਿਓਂ ਹਮਰਾ ਦਰਿਆ ਪਾਰ ਕਰਕੇ ਪਾਰ ਦੁਬਈ ਦੇ ਹੋਟਲਾਂ ਦੁਆਲੇ ਦੀ ਚਹਿਲ-ਪਹਿਲ ਵੇਖੀ ਹੋਵੇਗੀ। ਜੇ ਨਹੀਂ ਵੇਖੀ ਤਾਂ ਜਦੋਂ ਕਦੇ ਦੁਬਈ ਗਏ ਇਹ ਵੇਖਣਾ ਨਾ ਭੁੱਲਿਓ। ਇਥੇ ਪੁਲਿਸ ਗੱਡੀਆਂ 'ਤੇ ਮੋਟਰ ਸਾਈਕਲਾਂ 'ਤੇ ਦਗੜ ਦਗੜ ਕਰਦੀ ਘੁੰਮਦੀ ਹੈ ਪਰ ਦਲਾਲ ਆਪਣਾ ਧੰਦਾ ਵੀ ਹੱਥ ਦੀ ਸਫਾਈ ਨਾਲ ਕਰੀ ਜਾਂਦੇ ਹਨ। ਤੁਸੀਂ ਦੋ-ਚਾਰ ਗੇੜੇ ਲਾਓ, ਦਲਾਲ ਸਮਝ ਜਾਣਗੇ ਕਿ ਇਹ ਸ਼ਰਾਬ ਦਾ ਨਹੀਂ ਸ਼ਬਾਬ ਦਾ ਸ਼ੌਕੀ ਹੈ। ਹਿੰਦੀ 'ਚ ਪੁੱਛਣਗੇ... ਚਾਹੀਏ, ਬਸਰੇ ਤੇ ਤਹਿਰਾਨ ਦੀ ਮਿਲ ਜਾਵੇਗੀ, ਮਿਸਰ ਤੇ ਰਗੂੰਨ ਦੀ ਵੀ। ਤੇ ਫਿਰ ਪੰਜਾਹ ਕੁ ਦਰਾਮ (ਸੱਠ-ਸੱਤਰ ਰੁਪਏ) 'ਚ ਮੁੰਬਈ ਦੇ ਫਾਰਸ ਰੋਡ, ਦਿੱਲੀ ਦੇ ਜੀ.ਬੀ. ਰੋਡ ਜਾਂ ਕੋਲਕਾਤਾ ਦੇ ਭਿੰਡੀ ਬਾਜ਼ਾਰ ਵਾਂਗ ਗਾਹਕਾਂ ਨੂੰ ਹੋਟਲ ਦੇ ਪਿਛਲੇ ਦਰਵਾਜ਼ੇ ਰਾਹੀਂ ਸੁਰੱਖਿਆਤ ਅੰਦਰ ਵੀ ਭੇਜ ਦਿੱਤਾ ਜਾਂਦਾ ਹੈ ਤੇ ਸਹੀ-ਸਲਾਮਤ ਬਾਹਰ ਵੀ ਕੱਢ ਲਿਆ ਜਾਂਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਪੁਲਿਸ ਨੂੰ ਪਤਾ ਨਹੀਂ ਜਾਂ ਹਾਕਮਾਂ ਨੂੰ ਇਲਮ ਨਹੀਂ? ਸਭ ਪਤੈ ਪਰ ਚੁੱਪ ਹਨ।

ਇਸਲਾਮ ਦੀ ਕੱਟੜਤਾ 'ਚ ਆਪਣੀਆਂ ਨੂੰ ਛੇਆਂ ਛੇਆਂ ਨੂੰ ਬੁਰਕੇ 'ਚ ਲੁਕਾਉਣ ਵਾਲੇ ਦੂਜਿਆਂ ਦੀਆਂ ਨਾਲ ਜਿਸਮਾਨੀ ਖੇਡ ਕਿਵੇਂ ਖੇਡਦੇ ਹਨ, ਇਹ ਵੀ ਇਕ ਮਿਸਾਲ ਹੈ। ਹੋਟਲ ਮਾਲਕਾਂ ਦੀ ਸਰਪ੍ਰਸਤੀ ਹੇਠ ਮੁੰਬਈ ਪੜ੍ਹਦੀਆਂ ਕੁੜੀਆਂ ਨੂੰ ਹੁਣ ਕਦੇ ਕਦੇ ਪੰਜਾਬ ਤੋਂ ਵੀ ਦੋ ਦੋ ਮਹੀਨੇ ਦੇ ਯਾਤਰੂ ਵੀਜ਼ੇ ਤੇ ਸਿੱਧਿਆਂ ਹੋਟਲ 'ਚ ਲਿਆ ਕੇ ਰੱਖਿਆ ਜਾਂਦਾ ਹੈ। ਜਿਸ ਨਾਲ ਪਹਿਲਾਂ ਖੇਹ ਉਨ੍ਹਾਂ ਨੇ ਖਾਣੀ ਹੁੰਦੀ ਹੈ ਜੋ ਦੂਜਿਆਂ ਨੂੰ ਧਰਮ ਦੇ ਨੇਮ ਸਿਖਾਉਂਦੇ ਹਨ। ਫਿਰ ਹੌਲੀ ਹੌਲੀ ਇਹ ਭਾਅ ਘਟਦਾ ਜਾਂਦਾ ਹੈ। ਕੁੜੀਆਂ ਉੱਕੇ-ਪੁੱਕੇ ਪੈਸਿਆਂ 'ਤੇ ਹੀ ਲਿਆਂਦੀਆਂ ਜਾਂਦੀਆਂ ਹਨ ਤੇ ਹੋਟਲ ਮਾਲਕ ਦੋ ਮਹੀਨੇ ਵਾਹਵਾ ਪੈਸੇ ਕਮਾਉਂਦੇ ਹਨ। ਇਹ ਧੰਦਾ ਕਦੇ-ਕਦਾਈਂ ਨਹੀਂ, ਨਿਰੰਤਰ ਤੇ ਲਗਾਤਾਰ ਚੱਲ ਰਿਹਾ ਹੈ। ਬੇੜਾ ਕਿਤੇ ਕਿਤੇ ਇਸ ਹੱਦ ਤੱਕ ਵੀ ਗਰਕ ਹੋਇਆ ਹੈ ਕਿ ਕੇਰਲਾ ਦੇ ਕੁਝ ਲੋਕਾਂ ਨੇ ਆਪਣੀਆਂ ਭੈਣਾਂ ਹੱਥੀਂ ਲਿਆ ਕੇ ਬੁੱਢੇ ਬੱਦੂ ਰਬਾਬਾਂ ਨੂੰ ਪੈਸਿਆਂ ਦੇ ਲਾਲਚ ਵਿਚ ਦੇ ਦਿੱਤੀਆਂ ਹਨ।

ਅਗਲੀ ਗੱਲ ਹੋਰ ਵੀ ਹੈ ਕਿ ਇਥੇ ਵੀ ਪੱਬ-ਕਲੱਬਾਂ ਤੇ ਬਾਰ ਡਾਂਸ ਹਨ। ਭਾਵੇਂ ਇਹ ਬਣਾਏ ਤਾਂ ਯੂਰਪੀ ਜਾਂ ਹੋਰ ਦੇਸ਼ਾਂ ਦੇ ਲੋਕਾਂ ਨੂੰ ਖੁਸ਼ ਕਰਨ ਲਈ ਨਿਸ਼ਚਿਤ ਨਿਯਮਾਂ ਹੇਠ ਹਨ ਪਰ ਇਥੇ ਵੀ ਕੀ ਨਹੀਂ ਹੁੰਦਾ? ਅਰਧ ਨਗਨ ਨਾਚ ਵੇਖ ਸਕਦੇ ਹੋ, ਉਥੇ ਨਹੀਂ ਤਾਂ ਫਿਰ ਮਿਲਣ ਦੇ ਕੁੜੀਆਂ ਨਾਲ ਇਕਰਾਰ ਕਰ ਸਕਦੇ ਹੋ। ਸੁਨੱਖੀਆਂ ਕੁੜੀਆਂ ਦੀ ਸਪਲਾਈ ਡਾਂਸ ਬਾਰ ਮਾਲਕ ਚੋਰੀ ਛਿਪੇ ਬੱਦੂਆਂ ਨੂੰ ਵੀ ਕਰ ਦਿੰਦੇ ਹਨ। ਛੋਟੇ ਛੋਟੇ ਹੋਟਲਾਂ ਦੇ ਬਾਹਰ ਲੰਬੀ ਨਲੀ ਵਾਲੇ ਅਕਬਰੀ ਹੁੱਕੇ ਪੀਣ ਵਾਲੇ ਇਹ ਲੋਕ ਜੇ ਸ਼ਰਾਬ ਨਹੀਂ ਪੀਂਦੇ ਤਾਂ ਸ਼ਬਾਬ ਦੇ ਤਾਂ ਰੱਜ ਕੇ ਸ਼ੌਕੀਨ ਹਨ। ਇਸ ਗੱਲ ਨੂੰ ਤਾਂ ਜੱਗ ਜਾਣਦੈ। ਨਾਲੇ ਕਾਲੇ ਸੋਨੇ ਦੀ ਮੋਟੀ ਕਮਾਈ ਨਾਲ ਆਪਣੀ ਕੱਲੀ ਕੱਲੀ ਤੀਵੀਂ ਲਈ ਅਲੱਗ-ਅਲੱਗ ਮਹਿਲ ਹਨ। ਇਹ ਮੱਛੀ, ਬਦਾਮ ਤੇ ਖਜੂਰਾਂ ਕਿਉਂ ਖਾਂਦੇ ਹਨ? ਸ਼ਾਇਦ ਇਸ ਗੱਲ ਦਾ ਖੁਲਾਸਾ ਕਰਨ ਦੀ ਲੋੜ ਨਹੀਂ।

ਪਹਿਲਾਂ-ਪਹਿਲ ਇਥੇ ਮਜ਼ਦੂਰਾਂ ਦੀ ਕਦਰ ਸੀ, ਚਾਰ ਪੈਸੇ ਵੀ ਸਨ ਪਰ ਹੁਣ ਹਾਲ ਭਈਆਂ ਤੋਂ ਵੀ ਬੁਰਾ ਹੋ ਗਿਆ ਹੈ। ਅਰਬ ਗਰੀਬ ਮਜ਼ਦੂਰਾਂ ਦੀ ਗਰੀਬੀ ਦਾ ਨਾਜਾਇਜ਼ ਫਾਇਦਾ ਵੀ ਲੈਂਦੇ ਹਨ। ਨਿਸ਼ਚਿਤ ਦਰਾਂ ਤੋਂ ਘੱਟ ਪੈਸੇ ਦਿੰਦੇ ਹਨ ਤੇ ਮਾਲਕਾਂ ਦੇ ਨਿੱਜੀ ਵੀਜ਼ਿਆਂ 'ਤੇ ਗਏ ਪਰਵਾਸੀ ਮਜ਼ਦੂਰਾਂ ਨਾਲ ਇਹ ਘੋਰ ਅਨਿਆ, ਗੁਲਾਮੀ ਵਾਲੀ ਸੱਪ ਦੀ ਲਕੀਰ ਖਿੱਚਦੇ ਹਨ ਤੇ ਕਈ ਵਾਰ ਹਜ਼ਾਰਾਂ ਦਰਾਮ ਵੀ ਮਾਰ ਲੈਂਦੇ ਹਨ। ਸ਼ਰੀਅਤ ਅਦਾਲਤਾਂ ਇਨ੍ਹਾਂ ਮਜਬੂਰ ਲੋਕਾਂ ਦੀਆਂ ਮੁਸ਼ਕਲਾਂ ਕਿੰਨੀਆਂ ਕੁ ਸੁਣਦੀਆਂ ਹਨ? ਇਹ ਕਾਫਰ ਕਹਿ ਕੇ ਗਲੋਂ ਲਾਹ ਦਿੰਦੀਆਂ ਹਨ।

ਆਪ ਆਲੀਸ਼ਾਨ ਬੰਗਲਿਆਂ 'ਚ ਰਹਿਣ ਵਾਲੇ ਕੈਂਪਾਂ 'ਚ ਰਹਿਣ ਵਾਲੇ ਮਜ਼ਦੂਰਾਂ ਨੂੰ ਪਸ਼ੂ ਤੋਂ ਵੀ ਵੱਧ ਭੈੜਾ ਸਮਝਦੇ ਹਨ। ਦੁਬਈ ਵਿਚਲਾ ਸੋਨਾਪੁਰ ਕੈਂਪ ਵੇਖੋ ਤਾਂ ਜੀਭ ਭੱਜ ਕੇ ਦੰਦਾਂ ਹੇਠ ਵੜ ਜਾਵੇਗੀ ਕਿ ਇਹ ਕੀ? ਇਹ ਲੋਕ ਇਥੇ ਰਹਿੰਦੇ ਕਿਵੇਂ ਹਨ? ਇਹ ਕੈਂਪ ਉਸ ਥਾਂ 'ਤੇ ਰਬਾਬਾਂ ਦੀਆਂ ਵੱਡੀਆਂ ਕੰਪਨੀਆਂ ਨੇ ਉਸਾਰੇ ਹਨ ਜਿਥੇ ਪੂਰੇ ਵੀਹ ਸਾਲ ਦੁਬਈ ਦਾ ਕੂੜਾ-ਕਰਕਟ ਸੁੱਟਿਆ ਜਾਂਦਾ ਰਿਹੈ। ਦੁਬਈ ਸ਼ਹਿਰ ਤੋਂ ਨਿਕਲਦਿਆਂ ਇਸ ਕੈਂਪ ਵਲ ਜਾਵੋਂਗੇ ਤਾਂ ਨੱਕ ਮੂਹਰੇ ਹੱਥ ਰੱਖਣਾ ਪਵੇਗਾ। ਇਉਂ ਲੱਗਦਾ ਹੈ ਜਿਵੇਂ ਹੱਡਾਰੋੜੀ ਦੇ ਰਾਹ ਪੈ ਗਏ ਹੋਈਏ। ਛੋਟੇ ਛੋਟੇ ਕਮਰਿਆਂ ਵਿਚ ਕਈ ਕਈ ਕਾਮੇ ਕੁੱਕੜਾਂ ਵਾਂਗ ਰਹਿੰਦੇ ਹਨ। ਸਟੈਂਡ ਵਾਲੇ ਤਿੰਨ ਤਿੰਨ ਜੁੜਵੇਂ ਮੰਜੇ ਹਨ ਤੇ ਸੈਲਫ 'ਚ ਕਿਤਾਬਾਂ ਰੱਖਣ ਵਾਂਗ ਇਹ ਇਕ ਦੂਜੇ ਦੇ ਉਪਰ ਥੱਲੇ ਹੋ ਕੇ ਸੌਂਦੇ ਹਨ। ਕੰਟੀਨ 'ਚ ਵੜਿਆ ਨੀ ਜਾਂਦਾ, ਕਿਤੇ ਪੂੰਗ ਮੱਛੀਆਂ ਤੜਕ ਹੁੰਦੀਆਂ ਹਨ ਤੇ ਕਿਤੇ ਕੁਝ। ਵੇਖੋਗੇ ਤਾਂ ਲੱਗੇਗਾ ਨਹੀਂ ਕਿ ਕਦੇ ਸਿਹਤ ਵਿਭਾਗ ਦੇ ਕਿਸੇ ਡਾਕਟਰ ਨੇ ਇਥੇ ਵੀ ਗੇੜਾ ਮਾਰਿਆ ਹੋਊ।

ਚਲੋ ਇਸ ਗੱਲ ਨੂੰ ਤਾਂ ਮੰਨਦੇ ਹਾਂ ਕਿ ਯੂ.ਏ.ਈ. ਦੇ ਇਸਲਾਮੀ ਪ੍ਰਸ਼ਾਸਨ ਨੇ ਪਹਿਲਾਂ-ਪਹਿਲ ਹਊ-ਪਰੇ ਕੀਤਾ ਹੋਵੋਗਾ ਕਿ ਬੀਵੀ-ਬੱਚਿਆਂ ਤੋਂ ਦੂਰ 'ਕੱਲੇ ਰਹਿਣ ਵਾਲੇ ਲੋਕ ਸਾਰਾ ਸਾਰਾ ਦਿਨ ਅਤਿ ਦੀ ਗਰਮੀ 'ਚ ਮਹਿਲ ਉਸਾਰਨ ਲਈ ਭਾਰੇ ਤੰਬੂਕਾਂ (ਇੱਟਾਂ) ਨਾਲ ਘੁਲਦੇ ਥੱਕ-ਟੁੱਟ ਕੇ ਆਥਣੇ ਘੁੱਟ ਲਾ ਵੀ ਲੈਂਦੇ ਹੋਣਗੇ ਪਰ ਹੁਣ ਇਹ ਪੂਰੇ ਦੇਸ਼ ਵਿਚ ਖਿਲਰਿਆ ਨੈਟ-ਵਰਕ ਕਿਸੇ ਦੀਆਂ ਵੀ ਅੱਖਾਂ ਤੋਂ ਪਰ੍ਹੇ ਨਹੀਂ ਹੈ। ਪਾਕਿਸਤਾਨੀਆਂ ਨੇ ਇਸ ਧੰਦੇ ਨੂੰ ਏਨੇ ਜਾਦੂਮਈ ਤਰੀਕੇ ਨਾਲ ਚਲਾਇਆ ਕਿ ਟਰੱਕਾਂ ਦੇ ਟਰੱਕ ਰਾਤੋ-ਰਾਤ ਗਾਇਬ ਹੋ ਜਾਂਦੇ ਹਨ। ਭਾਵੇਂ ਸਾਡੇ ਪੰਜਾਬੀ ਵੀ ਇਸ ਗੋਰਖਧੰਦੇ ਵਿਚ ਸ਼ਾਮਿਲ ਹੋ ਗਏ ਹਨ ਪਰ ਕਬਜ਼ਾ ਇਨ੍ਹਾਂ ਦਾ ਹੀ ਹੈ। ਟਕਰਾਅ ਦੇ ਦੋ ਮੁੱਖ ਕਾਰਨ ਹਨ। ਪਹਿਲਾ ਇਹ ਕਿ ਸ਼ਰਾਬ ਦੀ ਸਪਲਾਈ ਦੇ ਭਾਅ ਸੁੱਟਣੇ। ਇਕ ਦੂਜੇ ਤੋਂ ਉਪਰ ਦੀ ਹੋ ਕੇ ਸਸਤੀ ਸ਼ਰਾਬ ਵੇਚਣੀ। ਪਾਕਿਸਤਾਨੀ ਸ਼ਰਾਬ ਮਾਫੀਆ ਨਹੀਂ ਚਾਹੁੰਦਾ ਕਿ ਇਹਦੇ 'ਚ ਕੋਈ ਹੋਰ ਘੁਸੇ। ਉਹ ਸਾਡੇ ਪੰਜਾਬੀਆਂ ਦੇ ਮੰਡੇ ਨਾਲ ਗੰਢਾ ਦੇਣ ਦੇ ਸੁਭਾਅ ਤੋਂ ਵੀ ਚਿੜਦੇ ਹਨ। ਇਹ ਖਾਰ ਉਦੋਂ ਹੋਰ ਵੀ ਡੂੰਘਾ ਹੋਇਆ ਜਦੋਂ ਇਕ ਦੂਜੇ ਨੂੰ ਮੁਖਬਰੀ ਕਰਕੇ ਫਸਾਇਆ ਵੀ ਗਿਆ। ਮੇਰੇ ਹੁੰਦਿਆਂ ਇਸ ਮਾਮਲੇ 'ਚ ਇਕ ਖਬਰ ਆਈ ਸੀ ਕਿ ਪੰਜਾਬੀਆਂ ਤੇ ਪਾਕਿਸਤਾਨੀਆਂ 'ਚ ਵਾਹਵਾ ਕੁੱਟ ਕੁਟਾਪਾ ਇਸ ਕਰਕੇ ਹੋ ਗਿਆ ਸੀ ਕਿ ਜਦੋਂ ਇਕ ਪੰਜਾਬੀ ਨੇ ਕਹਿ ਦਿੱਤਾ ਸੀ, ਜੋ ਸ਼ਾਇਦ ਮਾਫੀਏ ਦਾ ਵੱਡਾ ਸਰਗਨਾ ਸੀ ਕਿ ਨਮਕਹਰਾਮੀ ਹੋ, ਧਰਮ 'ਚ ਜਿਸ ਨੂੰ ਮਨ੍ਹਾ ਕਰਦੇ ਹੋ, ਰੋਟੀਆਂ ਨਹੀਂ ਪਨੀਰ ਵਾਲੇ ਨਾਨ ਉਸੇ ਸਿਰੇ ਖਾਂਦੇ ਹੋ ਯਾਨਿ ਕਿ ਸ਼ਰਾਬ ਵੇਚ ਕੇ। ਇਕ ਗੱਲ ਹੋਰ ਹੈ ਕਿ ਸ਼ਰਾਬ ਦੀ ਸਮਗਲਿੰਗ ਕਰਨ ਵਾਲੇ ਲੋਕ ਦੋਹਾਂ ਗਰੁੱਪਾਂ ਲਈ ਸਾਂਝੇ ਹਨ ਇਸੇ ਕਈ ਇਕ ਦੂਜੇ ਦਾ ਤੰਦ ਨਿਕਲ ਆਇਆ ਹੈ। ਸੱਚ ਇਹ ਵੀ ਹੈ ਕਿ ਕਈ ਸਿਆਣੇ ਲੋਕ ਅਰਬ 'ਚ ਸ਼ਰਾਬ ਦਾ ਧੰਦਾ ਕਰਕੇ ਬਾਦਸ਼ਾਹ ਬਣ ਕੇ ਲਾਹੌਰ ਤੇ ਜਲੰਧਰ ਚਲੇ ਗਏ ਹਨ ਪਰ ਹਾਲੇ ਹੋਰ ਰੋਟੀਆਂ ਸੇਕਣ ਵਾਲੇ ਡਟੇ ਪਏ ਹਨ।

ਆਪਣੇ ਮੁਲਕਾਂ ਵਿਚ ਸ਼ਰੀਅਤ ਤੇ ਇਸਲਾਮ ਦੀਆਂ ਦੁਹਾਈਆਂ ਦੇਣ ਵਾਲੇ ਅਰਬੀ

***(ਬਾਕੀ ਸਫਾ 31 'ਤੇ)***

# 'ਖ਼ਾਲਸ' ਤੱਕ ਬੜੇ ਮਿੱਠੇ-ਸਲੂਣੇ ਤਜ਼ੁਰਬੇ ਹੋਏ ਨਿੱਕੂ ਨੂੰ

ਗੀਤ-ਸੰਗੀਤ

**ਸਵਰਨ ਸਿੰਘ ਟਹਿਣਾ***


ਸਵਰਨ ਸਿੰਘ ਟਹਿਣਾ

ਜ਼ਰਾ ਅੱਖਾਂ ਬੰਦ ਕਰਕੇ ਗੀਤ ਚੇਤੇ ਕਰੋ, 'ਕਿਵੇਂ ਚਿਣਦੈਂ ਸੋਹਣਿਆਂ, ਚਿਣਦੈਂ ਤੂੰ ਪਗੜੀ ਦੇ ਲੜ ਵੇ…!' ਤੁਹਾਡੇ ਸਾਹਵੇਂ ਇੱਕ ਅਜਿਹੇ ਛੈਲ ਛਬੀਲੇ ਗੱਭਰੂ ਦੀ ਤਸਵੀਰ ਆ ਜਾਵੇਗੀ, ਜਿਸ ਦੀ ਨੋਕੀਲੀ ਪੱਗ ਸਭਨਾਂ ਨੂੰ ਮਾਤ ਪਾਉਣ ਦੀ ਸਮਰੱਥਾ ਰੱਖੇਗੀ, ਜਿਸ ਦਾ ਹੱਸਮੁੱਖ ਸੁਭਾਅ ਤੁਹਾਨੂੰ ਕੀਲ ਲਵੇਗਾ, ਜਿਸ ਦੇ ਗੀਤ ਤੁਹਾਡੇ ਜ਼ਿਹਨ 'ਚ ਖੜਮਸਤੀਆਂ ਕਰਨ ਲੱਗਣਗੇ। ਇਸ ਗੱਭਰੂ ਦਾ ਨਾਂ ਇੰਦਰਜੀਤ ਨਿੱਕੂ ਹੋਵੇਗਾ, ਜਿਹੜਾ ਕਿਸੇ ਵੇਲੇ ਤੁਹਾਨੂੰ 'ਨਸੀਬੋ ਚੇਤੇ ਕਰਦੀ ਏ' ਗੀਤ ਗਾਉਂਦਾ ਚੈਨਲਾਂ 'ਤੇ ਦਿਸਿਆ ਹੋਵੇਗਾ, ਕਦੇ 'ਸੋਹ ਗੁਰੂ ਦੀ ਚੰਨ ਮੱਖਣਾ' ਨਾਲ, ਕਦੇ 'ਪੰਜੇਬਾਂ ਵਾਲੀ ਕੌਣ ਏ' ਤੇ ਕਦੇ 'ਬੰਦੇ ਵੀ ਦੇਸੀ ਆਂ…' ਗੀਤਾਂ ਜ਼ਰੀਏ ਉਹ ਤੁਹਾਡੀਆਂ ਅੱਖਾਂ ਮੂਹਰੇ ਆਇਆ ਹੋਵੇਗਾ। ਉਹ ਪੋਲਾ-ਪੋਲਾ ਗਾਉਂਦੈ, ਮੱਠਾ-ਮੱਠਾ ਨੱਚਦੈ, ਚਿਹਰੇ 'ਤੇ ਮਾਸੂਮੀਅਤ ਏ, ਬੁੱਲ੍ਹਾਂ 'ਤੇ ਹਾਸਾ, ਗੀਤਾਂ ਦੇ ਬੋਲ ਰਸਭਿੰਨੇ ਨੇ, ਜਿਹੜੇ ਚੇਤੇ ਦੀ ਸਲੇਟ ਤੋਂ ਛੇਤੀ ਕਿਤੇ ਨਹੀਂ ਲਹਿੰਦੇ।

ਜੱਸਤਾਂ ਦਾ ਇੰਦਰਜੀਤ ਗਾਇਕੀ ਵਿਚ ਭਾਵੇਂ 'ਨਿੱਕੂ' ਨਾਂ ਨਾਲ ਮਸ਼ਹੂਰ ਹੋਇਆ ਹੋਵੇ, ਪਰ ਦਿਲ ਵੱਡਾ ਹੋਣ ਕਰਕੇ ਯਾਰਾਂ ਦੋਸਤਾਂ ਵਿਚ ਉਸ ਦੀ ਚਰਚਾ ਛਿੜਦੀ ਰਹਿੰਦੀ ਹੈ। ਗਾਇਕੀ ਨਾਲੋਂ ਵਧ ਨਿੱਕੂ ਦਾ ਸਟਾਈਲ ਵਿਕਿਐ, ਉਸ ਦੇ ਪੱਗ ਬੰਨ੍ਹਣ ਦਾ ਤਰੀਕਾ ਵਿਕਿਐ ਤੇ ਅੱਜ ਥਾਂ-ਥਾਂ ਬੋਰਡਾਂ 'ਤੇ ਉਸ ਦੀਆਂ ਫੋਟੋਆਂ ਲਗਾ ਕੇ ਨੌਜਵਾਨਾਂ ਨੇ ਪੱਗਾਂ ਬੰਨ੍ਹਣੀਆਂ ਸਿਖਾਉਣ ਦਾ ਰੋਜ਼ਗਾਰ ਤੋਰਿਆ ਹੋਇਐ।

ਕੱਪੜੇ ਵਾਲੀਆਂ ਦੁਕਾਨਾਂ 'ਤੇ ਉਸ ਦੀ ਵੱਡੀ ਸਾਰੀ ਫੋਟੋ ਲਗਾ ਕੇ ਲਿਖਿਆ ਹੁੰਦੈ, 'ਹਰ ਤਰ੍ਹਾਂ ਦੀਆਂ ਪੱਗਾਂ ਖਰੀਦਣ ਲਈ ਸਾਡੇ ਕੋਲ ਆਓ…!' ਇੱਕ ਦੁਕਾਨ 'ਤੇ ਤਾਂ ਦੋ ਸ਼ਬਦ ਵਧ ਹੀ ਲਿਖੇ ਨੇ, 'ਜੇ ਤੁਸੀਂ ਨਿੱਕੂ ਵਰਗੇ ਲੱਗਣੈ ਤਾਂ ਸਾਥੋਂ ਪੱਗਾਂ ਲੈਣੀਆਂ ਨਾ ਭੁੱਲੋ…।'

ਜਿਵੇਂ ਤਕੜੇ ਜੁੱਸੇ ਵਾਲੇ ਬੰਦੇ ਨੂੰ ਹਰ ਕੋਈ ਕਹਿੰਦੈ, 'ਦਾਰਾ ਸਿੰਘ ਦੀਆਂ ਰੀਸਾਂ ਕਰਨ ਲੱਗ ਗਿਐਂ…', ਉਵੇਂ ਸੋਹਣੀ ਪੱਗ ਵਾਲੇ ਨੂੰ ਕਿਹਾ ਜਾਂਦੈ, 'ਨਿੱਕੂ ਬਣਦਾ ਜਾਨੈਂ ਕਾਕਾ…!' ਕਾਲਜੀਏਟ ਕਹਿੰਦੇ ਨੇ, 'ਪੱਗਾਂ ਤਿਆਰ ਕਰਨ ਵਾਲੀਆਂ ਮਿੱਲਾਂ ਨੂੰ ਚਾਹੀਦੈ ਕਿ ਉਹ ਨਿੱਕੂ ਨੂੰ ਆਪਣਾ ਬ੍ਰਾਂਡ ਅੰਬੈਸਡਰ ਬਣਾ ਲੈਣ…!'

ਇੱਕ ਵੇਲਾ ਅਜਿਹਾ ਵੀ ਆਇਆ, ਜਦੋਂ ਨਿੱਕੂ ਦੀ ਨਕਲ ਵਾਲੇ ਗਾਇਕਾਂ ਦਾ ਹੜ੍ਹ ਜਿਹਾ ਆ ਗਿਆ…ਹਰ ਕੋਈ ਉਸ ਵਾਲੇ ਰੰਗ 'ਚ ਰੰਗੇ ਜਾਣ ਦੀ ਕੋਸ਼ਿਸ਼ ਕਰਨ ਲੱਗਾ…ਪਰ ਨਕਲ ਰਾਸ ਸਿਰਫ਼ ਦੋ ਕੁ ਜਣਿਆਂ ਨੂੰ ਹੀ ਆਈ…।' ਜਦੋਂ ਕੰਪਨੀਆਂ ਗਾਇਕਾਂ ਨੂੰ ਪੂਰੀ ਤਰ੍ਹਾਂ ਜੂੜ ਪਾ ਕੇ ਰੱਖਦੀਆਂ ਸਨ, ਉਦੋਂ ਹੋਰ ਕੰਪਨੀ ਵਲ ਜਾਣ ਵਾਲੇ ਗਾਇਕ ਦੇ ਮੁਕਾਬਲੇ 'ਚ ਇੰਨ-ਬਿੰਨ ਉਹੋ ਜਿਹਾ ਗਾਇਕ ਖੜ੍ਹਾ ਕਰਨ ਦਾ ਰਿਵਾਜ ਤੁਰ ਪਿਆ ਸੀ। ਨਿੱਕੂ ਨਾਲ ਵੀ ਇਹੋ ਹੋਇਆ, ਪਰ ਮੁਕਾਬਲੇ 'ਚ ਖੜ੍ਹੇ ਹੋਣ ਵਾਲੇ ਉਨ੍ਹਾਂ ਦੇ ਵੀ ਨਾ ਹੋ ਕੇ ਰਹੇ, ਜਿਨ੍ਹਾਂ ਨੇ ਉਨ੍ਹਾਂ ਨੂੰ ਮਾਰਕਿਟ 'ਚ ਲਿਆਂਦਾ ਸੀ।

ਨਿੱਕੂ ਦਾ ਗੀਤ 'ਮੈਂ ਤਾਜ ਬਣਾਵਾਂ ਕੀਹਦੇ ਲਈ ਮੇਰੀ ਮੁਮਤਾਜ ਬੇਵਫ਼ਾ ਏ' ਧਿਆਨ ਨਾਲ ਸੁਣੋ। ਕਿੰਨਾ ਦਰਦਮਈ ਹੈ ਇਹ ਗੀਤ। ਕਿਹੋ ਜਿਹੇ ਲਫ਼ਜ਼ ਵਰਤੇ ਗਏ ਨੇ ਇਹਦੇ ਵਿਚ। ਬੇਵਫ਼ਾ ਸੱਜਣ ਦੀ ਯਾਦ ਵਿਚ ਕੁਝ ਉਸਾਰਨ ਦੀ ਹਸਰਤ ਕਿਵੇਂ ਦਮ ਤੋੜ ਰਹੀ ਹੈ। ਹਰ ਪੰਜਾਬੀ ਨੇ ਇਹ ਗੀਤ ਸੁਣਿਆ ਤੇ ਨਿੱਕੂ ਦੀ ਦਰਦਵਿੰਨੀ ਆਵਾਜ਼ ਦੀ ਕਦਰ ਕਰੇ ਬਿਨਾਂ ਰਹਿ ਨਾ ਸਕਿਆ।

ਨਿੱਕੂ ਏਨਾ ਕਮਰਸ਼ੀਅਲ ਕਦੇ ਨਹੀਂ ਹੋਇਆ ਕਿ ਦੋਸਤਾਂ ਦੇ ਕੱਪੜੇ ਲਾਹੁਣੇ ਸ਼ੁਰੂ ਕਰ ਦੇਵੇ। ਉਹ ਲਚਕੀਲੇ ਸੁਭਾਅ ਦਾ ਏ, ਆਪਣਿਆਂ ਲਈ ਸਭ ਕੁੱਝ ਕਰਨ ਲਈ ਤਤਪਰ ਰਹਿੰਦੈ, ਪਰ ਤੜੀ ਕਿਸੇ ਦੀ ਨਹੀਂ ਸਹਾਰਦਾ। ਜਿੰਨੀ ਦੇਰ ਉਹ 'ਫਾਈਨਟੋਨ' ਨਾਲ ਰਿਹਾ, ਉਹਦਾ ਸਿਤਾਰਾ ਬੁਲੰਦ ਰਿਹਾ, ਜਿੰਨਾ ਚਿਰ 'ਫਾਈਨਟੱਚ' ਨਾਲ ਰਿਹਾ, ਕਾਮਯਾਬੀ ਉਸ ਦੇ ਕਦਮ ਚੁੰਮਦੀ ਰਹੀ ਤੇ ਹੁਣ ਜਦੋਂ ਉਹ 'ਫਰੀ ਲਾਂਸਰ ਪੱਤਰਕਾਰਾਂ' ਵਾਂਗ ਵਿਚਰ ਰਿਹੈ ਤਾਂ ਵੀ ਚੱਲ ਰਹੇ ਮੰਦੀ ਦੇ ਸੀਜ਼ਨ ਵਿਚ ਉਸ ਦੀ ਕੈਸਿਟ ਚੋਖੀ ਚਰਚਾ ਬਟੋਰ ਰਹੀ ਹੈ।

ਗਰਮੀ ਦੇ ਦਿਨ ਹੋਣ, ਆਈ.ਪੀ.ਐਲ ਮੈਚਾਂ ਦਾ ਜ਼ੋਰ ਹੋਵੇ, ਪੰਜਾਬੀ ਸੰਗੀਤ ਮੰਡੀ ਸੁੰਨੀ ਪਈ ਹੋਵੇ ਤੇ ਪੰਜਾਬੀ ਕਲਾਕਾਰ ਕੈਸਿਟ ਕਰਨ ਦਾ ਹੌਸਲਾ ਕਰੇ, ਇਸ ਨਾਲੋਂ ਵੱਡੇ ਆਤਮ ਵਿਸ਼ਵਾਸ ਦੀ ਗੱਲ ਭਲਾ ਕਿਹੜੀ ਹੋ ਸਕਦੀ ਹੈ। ਉਹਦੀ 'ਖ਼ਾਲਸ' ਕੈਸਿਟ ਚੰਗੇ ਗੀਤਾਂ ਅਤੇ ਵਧੀਆ ਸੰਗੀਤ ਕਰਕੇ ਅੱਗੇ ਵਧ ਰਹੀ ਹੈ। ਕੈਸਿਟ ਕਲਚਰ ਵਿਚ ਵਿਚਰਦਿਆਂ ਨਿੱਕੂ ਨੇ ਕਿੰਨੀਆਂ ਮੁਸ਼ਕਲਾਂ ਨਾਲ ਮੱਥਾ ਲਾਇਆ, ਕਾਮਯਾਬੀ ਕਿਵੇਂ ਨਸੀਬ ਹੋਈ, ਆਪਣੇ ਨਕਲਚੀਆਂ ਬਾਰੇ ਉਸ ਦੇ ਕੀ ਵਿਚਾਰ ਨੇ, ਭਵਿੱਖ ਵਿਚ ਉਹ ਕੀ ਕਰਨਾ ਲੋਚਦੈ ਅਤੇ ਪੰਜਾਬੀ ਸੰਗੀਤ 'ਤੇ ਛਾਏ ਮੰਦੀ ਦੇ ਦਿਨਾਂ ਬਾਰੇ ਉਸ ਦੇ ਕੀ ਵਿਚਾਰ ਨੇ, ਇਸ ਸਭ ਬਾਰੇ ਉਸ ਨਾਲ ਖੁੱਲ੍ਹ ਕੇ ਗੱਲਾਂਬਾਤਾਂ ਹੋਈਆਂ, ਜਿਨ੍ਹਾਂ ਵਿਚੋਂ ਕੁਝ ਸਵਾਲ ਪਾਠਕਾਂ ਦੀ ਨਜ਼ਰ ਹਨ:

**?'ਇੰਦਰਜੀਤ' ਨਾਲੋਂ 'ਨਿੱਕੂ' ਦੀ ਪਛਾਣ ਜ਼ਿਆਦਾ ਹੈ, ਕਿਵੇਂ ਹੋਇਆ ਇਹ ਨਾਮਕਰਨ।**

-ਘਰਦਿਆਂ ਮੇਰਾ ਨਾਂ ਇੰਦਰਜੀਤ ਸਿੰਘ ਰੱਖਿਆ ਸੀ, ਪਰ ਕਾਲਜੀਏਟ ਦੋਸਤ ਮੈਨੂੰ 'ਨਿੱਕੂ-ਨਿੱਕੂ' ਕਹਿਣ ਲੱਗ ਗਏ। ਮੈਂ ਆਪਣੀ ਨਵੀਂ ਕੈਸਿਟ 'ਖ਼ਾਲਸ' ਦੇ ਪਲੇਠੇ ਗੀਤ 'ਬਾਪੂ ਕੋਲੋਂ ਮਿਲੀ ਸਰਦਾਰੀ ਮਿੱਤਰੋ' ਅੱਗੇ ਜਿਹੜਾ ਸ਼ੇਅਰ ਬੋਲਿਆ ਹੈ, ਉਸ ਵਿਚ 'ਨਿੱਕੂ' ਦੇ ਰਾਜ਼ ਬਾਰੇ ਕਿਹਾ 'ਨਿੱਕੂ ਨਾਂ ਕਾਲਜ ਤੋਂ ਮਿਲਿਆ…'। ਪਲੇਠੀ ਕੈਸਿਟ ਵੇਲੇ ਮੈਂ ਆਪਣੇ ਪੱਕੇ ਨਾਂ ਪਿੱਛੇ ਨਿੱਕੂ ਜੋੜ ਲਿਆ ਤੇ ਇੰਦਜੀਤ ਨਿੱਕੂ ਬਣ ਗਿਆ। ਖ਼ੁਸ਼ੀ ਹੈ ਕਿ ਪੰਜਾਬੀਆਂ ਨੇ 'ਨਿੱਕੂ' ਨੂੰ ਪਿਆਰ ਦਿੱਤਾ।

**?'ਨਸੀਬੋ ਚੇਤੀ ਕਰਦੀ ਐ' ਤੋਂ 'ਖ਼ਾਲਸ' ਤੱਕ ਦਾ ਸਫ਼ਰ ਕਿਹੋ ਜਿਹਾ ਰਿਹਾ।**




-ਮਿੱਠਾ ਵੀ ਤੇ ਸਲੂਣਾ ਵੀ। ਪੰਜਾਬੀਆਂ ਨੇ ਬੜਾ ਪਿਆਰ ਦਿੱਤਾ, ਜਿੰਨਾ ਸੋਚਿਆ ਸੀ, ਉਸ ਤੋਂ ਵਧ ਮਿਲਿਆ, ਇਸ ਲਈ ਮੈਂ ਹਮੇਸ਼ਾ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕਰਦਾ ਹਾਂ। ਕਈ ਵਾਰ ਤਿਕੜਮਬਾਜ਼ੀਆਂ ਨੇ ਵੀ ਰਾਹ ਮੱਲਿਆ, ਪਰ ਮੈਂ ਆਪਣੀ ਮਿਹਨਤ ਕਰਦਾ ਗਿਆ ਤੇ ਅੱਜ ਜੋ ਵੀ ਹਾਂ ਤੁਹਾਡੇ ਸਾਹਮਣੇ ਹੀ ਹਾਂ।

**?ਸਟੇਜਾਂ 'ਤੇ ਜਦੋਂ ਗਿੱਧਾ-ਭੰਗੜਾ ਗਰੁਪਾਂ ਵਾਲੇ ਨਕਲੀ 'ਨਿੱਕੂ' ਪੇਸ਼ ਕਰਦੇ ਨੇ ਤਾਂ ਕਿਹੋ ਜਿਹਾ ਮਹਿਸੂਸ ਹੁੰਦੈ।**

-ਖੁਸ਼ੀ ਵੀ ਹੁੰਦੀ ਹੈ ਤੇ ਦੁੱਖ ਵੀ। ਖੁਸ਼ੀ ਇਸ ਗੱਲ ਦੀ ਹੁੰਦੀ ਹੈ ਕਿ ਮੈਨੂੰ ਇਸ ਕਾਬਲ ਤਾਂ ਸਮਝਿਆ ਗਿਆ ਕਿ ਮੇਰੇ ਵਰਗੇ ਬਣ ਕੇ ਰੋਟੀ ਕਮਾਈ ਜਾਵੇ ਤੇ ਦੁੱਖ ਇਸ ਗੱਲ ਦਾ ਹੁੰਦਾ ਹੈ ਕਿ ਇਹ ਨਕਲੀਏ ਅਸਲੀ ਕਲਾਕਾਰਾਂ ਦੇ ਗੀਤਾਂ 'ਤੇ ਡਾਂਸ ਕਰਕੇ ਰੋਟੀਆਂ ਕਮਾ ਰਹੇ ਨੇ ਤੇ ਮਿਹਨਤ ਕਰਨ ਵਾਲਿਆਂ ਅੱਗੇ ਕਈ ਚੁਣੌਤੀਆਂ ਪੇਸ਼ ਹੋ ਰਹੀਆਂ ਨੇ।

**?ਨਵੀਂ ਕੈਸਿਟ 'ਖ਼ਾਲਸ' ਨੂੰ ਕਈ ਲੋਕ 'ਖੱਲਾਸ' ਹੀ ਸਮਝੀ ਜਾਂਦੇ ਨੇ।**

-ਅਸੀਂ ਕੈਸਿਟ ਦਾ ਨਾਂ 'ਖ਼ਾਲਸ' ਇਸ ਕਰਕੇ ਰੱਖਿਆ ਕਿਉਂਕਿ ਇਸ ਵਿਚ ਖ਼ਾਲਸ ਸੋਚ ਤਹਿਤ ਕਰ ਕੰਮ ਕੀਤਾ ਗਿਐ। ਪੂਰੀ ਟੀਮ ਦੀ ਮਿਹਨਤ ਖਾਲਸ ਹੈ, ਕੋਈ ਬਨਾਉਟੀਪੁਣਾ ਨਹੀਂ, ਕੋਈ ਢਕਵੰਜ ਨਹੀਂ। ਪਹਿਲੇ ਦਿਨ ਤੋਂ ਹੀ ਜਦੋਂ ਕੈਸਿਟ ਦੀ ਐਡ ਸ਼ੁਰੂ ਹੋਈ, ਹਰ ਪਾਸਿਓਂ 'ਬਾਪੂ ਕੋਲੋਂ ਮਿਲੀ ਸਰਦਾਰੀ ਮਿੱਤਰੋ' ਗੀਤ ਨੂੰ ਪਿਆਰ ਮਿਲਣਾ ਸ਼ੁਰੂ ਹੋ ਗਿਆ। ਇਸ ਗੀਤ ਵਿਚ ਮੈਂ ਹਰ ਸਰੋਤੇ ਨੂੰ, ਹਰ ਪੰਜਾਬੀ ਨੂੰ ਆਪਣੇ ਖ਼ਾਨਦਾਨ ਦੀ ਇੱਜ਼ਤ ਵਧਾਉਣ ਤੇ ਪਿਓ-ਦਾਦੇ ਕੋਲੋਂ ਮਿਲੀ ਸਰਦਾਰੀ ਨੂੰ ਜਾਨੋਂ ਪਿਆਰੀ ਸਮਝਣ ਦੀ ਗੁਜ਼ਾਰਿਸ਼ ਕੀਤੀ ਹੈ।

ਜਿਨ੍ਹਾਂ ਮੇਰੇ ਵਰਗਿਆਂ ਨੂੰ ਘੱਟ ਅੰਗਰੇਜ਼ੀ ਆਉਂਦੀ ਹੈ, ਉਹ ਇਸ ਨੂੰ 'ਖੱਲਾਸ' ਸਮਝੀ ਜਾਂਦੇ ਨੇ ਤਾਂ ਵੀ ਕੋਈ ਗੱਲ ਨਹੀਂ, ਕਿਉਂਕਿ ਵਿਕਣੇ ਤਾਂ ਗੀਤ ਹੁੰਦੇ ਨੇ।

**?ਤੁਸੀਂ ਪਹਿਲੇ ਗਾਇਕ ਹੋ, ਜਿਨ੍ਹਾਂ ਗੀਤ ਵਿਚ ਤਿੰਨ ਪੀੜ੍ਹੀਆਂ ਦਿਖਾਈਆਂ, ਇਹ ਵਿਉਂਤ ਕਿਵੇਂ ਸੁੱਝੀ।**

-ਮੈਂ ਲੰਮੇ ਸਮੇਂ ਤੋਂ ਸੋਚ ਰਿਹਾ ਸੀ ਕਿ ਕੋਈ ਅਜਿਹਾ ਗੀਤ ਗਾਵਾਂ, ਜਿਸ ਵਿਚ ਮੇਰੇ ਪਿਤਾ ਜੀ ਵੀ ਹੋਣ ਤੇ ਮੇਰਾ ਬੇਟਾ ਵੀ। 'ਬਾਪੂ ਕੋਲੋਂ ਮਿਲੀ ਸਰਦਾਰੀ' ਵਾਲੇ ਗੀਤ ਜ਼ਰੀਏ ਮੇਰੀ ਇਹ ਇੱਛਾ ਪੂਰੀ ਹੋਈ। ਇਸ ਗੀਤ ਦੇ ਵੀਡੀਓ ਨੂੰ ਜਿੰਨਾ ਪਿਆਰ ਨਸੀਬ ਹੋਇਆ, ਉਹ ਦੱਸਿਆ ਨਹੀਂ ਜਾ ਸਕਦਾ। ਗੀਤ ਵਿਚ ਕਈ ਵੱਡੇ ਕਲਾਕਾਰਾਂ ਨੂੰ ਵੀ ਦਿਖਾਇਆ ਗਿਆ ਹੈ। ਜੀਹਨੇ-ਜੀਹਨੇ ਇਹ ਵੀਡੀਓ ਚੈਨਲ 'ਤੇ ਦੇਖਿਆ ਹੈ, ਉਹਨੇ ਆਖਿਆ ਕਿ ਕਮਾਲ ਕਰ ਦਿੱਤੀ ਇਹ ਤਾਂ।

**?'ਖ਼ਾਲਸ' ਦੀ ਪੂਰੀ ਟੀਮ ਬਾਰੇ ਦੱਸੋ।**

-'ਸਪੀਡ ਰਿਕਾਰਡਜ਼' ਵਲੋਂ ਇਸ ਕੈਸਿਟ ਨੂੰ ਵੱਡੇ ਪੱਧਰ 'ਤੇ ਰਿਲੀਜ਼ ਕੀਤਾ ਗਿਆ ਹੈ। ਛੇ ਗੀਤਾਂ ਦੇ ਵੀਡੀਓ ਬਣਾਏ ਗਏ ਨੇ। ਚੈਨਲਾਂ 'ਤੇ ਦਿਸ ਰਿਹਾ 'ਕਾਲਜ ਦੇ ਵਿਚ ਪੜ੍ਹਦੇ ਆਂ, ਮੌਜ ਮਸਤੀਆਂ ਕਰਦੇ ਹਾਂ' ਗੀਤ ਵਿਚ ਮੌਜ-ਮਸਤੀ ਨੂੰ ਪੇਸ਼ ਕੀਤਾ ਗਿਆ ਹੈ ਕਿ ਕਾਲਜ ਦੇ ਦਿਨਾਂ ਵਿਚ ਕਿਸੇ ਨੂੰ ਰੱਬ ਚੇਤੇ ਨਹੀਂ ਰਹਿੰਦਾ। ਗੀਤਾਂ ਦੇ ਬੋਲ ਬੇਲੀ ਬਲਕਰਨ, ਰਾਜ ਬਰਾੜ, ਸ਼ਹਿਬਾਜ, ਲਾਡੀ ਸੀਲੋਂ, ਗਗਨ ਬੇਦੀ ਤੇ ਬੰਟੀ ਹਿੰਮਤਪੁਰਾ ਨੇ ਲਿਖੇ ਹਨ। ਹਨੀ ਸਿੰਘ ਨੇ ਇਸ ਦਾ ਸੰਗੀਤ ਨੌਜਵਾਨਾਂ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਹੈ। ਗੀਤਾਂ ਦੇ ਵੀਡੀਓ ਮੁੰਬਈ ਅਤੇ ਦੁਬਈ ਵਿਚ ਲਾਜਵਾਬ ਢੰਗ ਨਾਲ ਤਿਆਰ ਕੀਤੇ ਗਏ ਹਨ। 'ਬਾਪੂ' ਗੀਤ ਦਾ ਵੀਡੀਓ ਮੈਂ ਆਪਣੇ ਨਿਰਦੇਸ਼ਨ 'ਚ ਹੀ ਤਿਆਰ ਕੀਤਾ ਹੈ।

**?'ਖ਼ਾਲਸ' ਦੇ ਰੰਗਾਂ ਬਾਰੇ ਦੱਸੋ।**

-ਹਰ ਰੰਗ ਦਾ ਗੀਤ 'ਖ਼ਾਲਸ' ਦਾ ਸ਼ਿੰਗਾਰ ਹੈ। ਬੀਟ ਗੀਤ ਵੀ ਕਮਾਲ ਦੇ ਹਨ ਅਤੇ ਸੈਡ ਵੀ ਲਾਜਵਾਬ ਨੇ। 'ਯਾਰਾਂ ਦੀ ਬੋਤਲ ਦਾ' ਅਤੇ 'ਤੂੰ ਨਾ ਕਰ ਰੀਸਾਂ ਹੀਰ ਦੀਆਂ' ਗੀਤ ਸੁਣਿਆਂ ਹੀ ਪਤਾ ਲੱਗਦੈ ਕਿ ਇਨ੍ਹਾਂ ਵਿਚ ਕੀ ਚੀਜ਼ ਪੇਸ਼ ਕੀਤੀ ਗਈ ਹੈ। 'ਮੈਂ ਤੇਰੇ ਬਿਨਾਂ ਇਉਂ ਅਧੂਰੀ ਹਾਂ' ਗੀਤ ਉਦਾਸ ਲਹਿਜ਼ੇ ਵਾਲਾ ਹੈ। 'ਲੱਕ', 'ਪਟਵਾਰੀ' ਤੇ 'ਤਿਤਲੀ' ਗੀਤ ਵੀ ਆਪਣਾ ਵਿਲੱਖਣ ਪ੍ਰਭਾਵ ਛੱਡਦੇ ਹਨ।

**?ਆਫ਼ ਸੀਜ਼ਨ ਵਿਚ ਕੈਸਿਟ ਕਰਨ ਦਾ ਰਾਜ਼।**

-ਗੀਤ ਚੰਗੇ ਹੋਣ ਤਾਂ ਆਫ਼ ਸੀਜ਼ਨ ਦਾ ਕੋਈ ਮਾਇਨਾ ਨਹੀਂ ਰਹਿੰਦਾ। ਜੇ ਗੀਤਾਂ ਵਿਚ ਹੀ ਕੁਝ ਨਾ ਹੋਵੇ ਤਾਂ ਕੈਸਿਟ ਭਾਵੇਂ ਅਕਤੂਬਰ ਮਹੀਨੇ ਰਿਲੀਜ਼ ਕਰ ਦਿਓ, ਕੋਈ ਫ਼ਰਕ ਨਹੀਂ ਪੈਂਦਾ। 'ਖ਼ਾਲਸ' ਕਿੰਨੀ ਵਿਕ ਰਹੀ ਹੈ, ਇਸ ਬਾਰੇ ਪੰਜਾਬ ਦਾ ਕੋਈ ਵੀ ਡੀਲਰ ਦੱਸ ਸਕਦਾ ਹੈ।

**?ਭਵਿੱਖ ਦੀਆਂ ਕੀ ਯੋਜਨਾਵਾਂ ਨੇ।**

-ਯੋਜਨਾਵਾਂ ਬਹੁਤ ਨੇ। ਹੋਰ ਚੰਗਾ ਗਾਉਣ ਦੀ ਕੋਸ਼ਿਸ਼ ਕਰ ਰਿਹਾਂ। ਕਈ ਕੁਝ ਅਜਿਹਾ ਕਰਨਾ ਲੋਚਦਾਂ, ਜਿਸਦੀ ਬਾਕੀਆਂ ਨੂੰ ਨਕਲ ਕਰਨੀ ਪਵੇ। ਕਈ ਪੰਜਾਬੀ ਫ਼ਿਲਮਾਂ ਦੀ ਵੀ ਪੇਸ਼ਕਸ਼ ਹੋਈ ਹੈ, ਪਰ ਚੰਗੀ ਕਹਾਣੀ ਮਿਲਣ 'ਤੇ ਹੀ ਇਸ ਦਾ ਫ਼ੈਸਲਾ ਲਵਾਂਗਾ। 'ਖ਼ਾਲਸ' ਨੂੰ ਜਿਸ ਤਰ੍ਹਾਂ ਪੰਜਾਬੀਆਂ ਨੇ ਪਿਆਰ ਦਿੱਤਾ ਹੈ, ਮੈਂ ਉਸ ਲਈ ਸਦਾ ਰਿਣੀ ਰਹਾਂਗਾ।

*ਫੋਨ:98141-78883

# ਸ਼ਬਦਾਂ ਦਾ ਖੱਟਿਆ

**ਬਲਜੀਤ ਬਾਸੀ**

ਇਕ ਸਥਾਨਕ ਅਖਬਾਰ ਲਈ ਕਾਲਮ ਲਿਖਿਆ ਕਰਦਾ ਸਾਂ ਤਾਂ ਸੰਪਾਦਕ ਦੀ ਹਮੇਸ਼ਾ ਮੰਗ ਹੁੰਦੀ ਸੀ ਕਿ ਸੰਖੇਪ ਕਰ ਕੇ ਲਿਖਾਂ। ਉਸਨੇ ਵਧੇਰੇ ਤੋਂ ਵਧੇਰੇ ਇਸ਼ਤਿਹਾਰ ਖਪਾਉਣੇ ਹੁੰਦੇ ਸਨ। ਉਹ ਹਮੇਸ਼ਾ ਮੈਨੂੰ ਘਸੀ ਪਿਟੀ ਗੱਲ ਸੁਣਾਉਣ ਲੱਗ ਪੈਂਦਾ। ਇਕ ਰੇੜ੍ਹੀ ਤੇ ਮੱਛੀ ਵੇਚਣ ਵਾਲੇ ਨੇ ਲਿਖ ਕੇ ਲਾਇਆ ਸੀ, "ਏਥੇ ਤਾਜ਼ੀ ਮੱਛੀ ਵਿਕਦੀ ਹੈ।" ਇਕ ਗਾਹਕ ਨੇ ਰੇੜੀ ਵਾਲੇ ਨੂੰ ਕਿਹਾ ਕਿ 'ਏਥੇ' ਲਿਖਣ ਦੀ ਕੀ ਲੋੜ ਹੈ, ਸਭ ਨੂੰ ਪਤਾ ਹੈ ਮੱਛੀ ਏਥੇ ਹੀ ਵਿਕਦੀ ਹੈ। ਰੇੜੀ ਵਾਲੇ ਨੂੰ ਗੱਲ ਭਾ ਗਈ ਤੇ ਉਸ ਨੇ 'ਏਥੇ' ਕੱਟ ਦਿੱਤਾ ਤੇ ਬਾਕੀ ਰਹਿ ਗਿਆ, "ਤਾਜ਼ੀ ਮੱਛੀ ਵਿਕਦੀ ਹੈ।" ਕਿਸੇ ਹੋਰ ਨੇ ਕਿਹਾ ਕਿ 'ਤਾਜ਼ੀ' ਲਿਖਣ ਦੀ ਕੀ ਲੋੜ ਹੈ, ਮੱਛੀ ਤਾਜ਼ੀ ਹੀ ਵਿਕਿਆ ਕਰਦੀ ਹੈ, ਬੇਹੀ ਨਹੀਂ। ਇਹ ਵੀ ਗੱਲ ਮੰਨੀ ਗਈ ਤੇ ਇਬਾਰਤ ਰਹਿ ਗਈ, "ਮੱਛੀ ਵਿਕਦੀ ਹੈ।" ਮੇਰੇ ਵਰਗਾ ਇਕ ਹੋਰ ਨਚੋਈ ਆਇਆ, ਉਸ ਨੇ ਧਿਆਨ ਦੁਆਇਆ, "ਵਿਕਦੀ ਲਿਖਣ ਦੀ ਵੀ ਕੀ ਲੋੜ ਐ, ਕੋਈ ਮੁਫਤ ਥੋੜੀ ਦੇਵੇਂਗਾ?"

ਹੁਣ ਰਹਿ ਗਈ ਕੱਲੀ ਮੱਛੀ। ਕੋਈ ਹੋਰ ਆਇਆ ਅਤੇ ਉਸ ਸਲਾਹ ਦਿੱਤੀ, "ਐਡੀ ਦੂਰੋਂ ਤਾਂ ਮੱਛੀ ਦੀ ਗੰਧ ਆਉਣ ਡਹੀ ਹੈ, ਸਭ ਨੂੰ ਪਤਾ ਹੈ ਹੋਰ, ਏਥੇ ਕੀ ਗੋਕਾ ਦੁਧ ਵਿਕਦਾ ਹੈ। ਭਲਾ ਮੱਛੀ ਲਿਖਣ ਦੀ ਕੀ ਲੋੜ ਹੈ?" ਗੱਲ ਕੀ 'ਮੱਛੀ' ਸ਼ਬਦ ਵੀ ਉਡ ਗਿਆ। ਗੱਲ ਕੀ ਜੀ, ਅਖੀਰ ਉਥੇ ਸਭ ਲਿਖੇ ਲਿਖਾਏ 'ਤੇ ਪੋਚਾ ਫਿਰ ਗਿਆ।

ਸੰਪਾਦਕ ਦਾ ਏਡੀ ਲੰਮੀ ਚੌੜੀ ਗੱਲ ਵਾਰ ਵਾਰ ਚਿਤਾਰਨ ਦਾ ਮਤਲਬ ਸੀ ਕਿ ਮੈਂ ਸੰਖੇਪ 'ਚ ਲਿਖਾਂ। ਪਰ ਆਪਾਂ ਸੰਪਾਦਕ ਦੀ ਕੱਖ ਪਰਵਾਹ ਨਹੀਂ ਕੀਤੀ। ਉਹ ਮੈਨੂੰ ਲਿਖਣ ਦੀ ਪੈਨੀ ਵੀ ਨਹੀਂ ਸੀ ਦੇਂਦਾ। ਆਪੇ ਕੱਟ ਦੇਵੇ ਜੋ ਕੱਟਣਾ ਹੈ। ਦਰਅਸਲ ਮੇਰੀ ਅੱਖ ਸੀ, ਮੈਂ ਕਿਸੇ ਦਿਨ "ਬ੍ਰਹਿਮੰਡ ਟਾਈਮਜ਼" ਲਈ ਲਿਖਾਂ, ਜਿਥੇ ਡਾਲਰ ਮਿਲਣਗੇ, ਲਿਖੇ ਹੋਏ ਸ਼ਬਦਾਂ ਦੀ ਗਿਣਤੀ ਦੇ ਹਿਸਾਬ ਨਾਲ। ਸੋ ਮੈਂ ਉਸ ਅਖਬਾਰ 'ਚ ਲਿਖ ਕੇ ਖੂਬ ਅਭਿਆਸ ਕਰ ਰਿਹਾ ਸਾਂ, ਛੋਟੀ ਜਿਹੀ ਗੱਲ ਨੂੰ ਵਧਾ ਚੜ੍ਹਾ ਕੇ ਲਿਖਣ ਦਾ, ਅਰਥਾਤ ਲੱਸੀ 'ਚ ਪਾਣੀ ਪਾਈ ਜਾਣ ਦਾ, ਤਾਂ ਕਿ ਕਲ੍ਹ ਨੂੰ ਮੈਨੂੰ ਬੱਸ ਗਜ਼ਾਂ ਦੇ ਹਿਸਾਬ ਡਾਲਰ ਮਿਲ ਸਕਣ। ਤੁਹਾਨੂੰ ਵੀ ਕਲ੍ਹ ਨੂੰ ਲਿਖਣ-ਲਿਖਾਉਣ ਦਾ ਕੰਮ ਕਰਨਾ ਪੈ ਸਕਦਾ ਹੈ, ਇਸ ਲਈ ਮੈਂ ਤੁਹਾਡੀ ਸਹੂਲੀਅਤ ਲਈ ਫਾਰਮੂਲਾ ਪੇਸ਼ ਕਰਨਾ ਚਾਹੁੰਦਾ ਹਾਂ ਜਿਸ ਨੂੰ ਅਪਨਾ ਕੇ ਤੁਸੀਂ ਇਕ ਨਿੱਕੀ ਜਿਹੀ ਗੱਲ ਨੂੰ ਵੀ ਬਹੁਤ ਵੱਡੀ ਕਰਕੇ ਪੇਸ਼ ਕਰ ਸਕਦੇ ਹੋ, ਸੰਪਾਦਕ ਨੂੰ ਮੰਤਰ-ਮੁਗਧ ਕਰ ਸਕਦੇ ਹੋ, ਲੋਕਾਂ ਵਿਚ ਬਹੁਤ ਵੱਡੇ ਵਿਦਵਾਨ ਹੋਣ ਦਾ ਪ੍ਰਭਾਵ ਦੇ ਸਕਦੇ ਹੋ ਤੇ ਚੋਖੇ ਡਾਲਰਾਂ ਨੂੰ ਹੱਥ ਮਾਰ ਸਕਦੇ ਹੋ। ਮੈਂ ਇਹ ਫਾਰਮੂਲਾ ਮੁਫਤ 'ਚ ਹੀ ਦੱਸ ਰਿਹਾ ਹਾਂ, ਕੌਣ ਆਪਣੇ ਕੰਮ ਦੇ ਗੁਝੇ ਗੁਰ ਦੱਸਦਾ ਹੈ!

ਅਸੀਂ ਗੱਲ ਸ਼ੁਰੂ ਕਰਦੇ ਹਾਂ ਕਿ ਫਰਜ਼ ਕਰੋ ਤੁਸੀਂ ਇਕ ਹੀ ਫ਼ਿਕਰਾ ਲਿਖਣਾ ਹੈ, 'ਥੋੜੀ ਸ਼ਰਾਬ ਸਿਹਤ ਲਈ ਚੰਗੀ ਹੈ।' ਇਸ ਇਕ ਛੋਟੇ ਜਿਹੇ ਫ਼ਿਕਰੇ ਨੂੰ ਤੁਸੀਂ ਕਿਵੇਂ ਵਧਾ ਚੜ੍ਹਾ ਕੇ ਲਿਖ ਸਕਦੇ ਹੋ:

1. ਧਿਆਨ ਦਿਓ ਕਿ ਫਿਕਰਾ ਸਪਸ਼ਟ ਨਹੀਂ, ਇਸ ਵਿਚ ਇਕ ਸ਼ਬਦ ਥੋੜੀ ਅਸਪਸ਼ਟਤਾ ਹੈ, ਇਸ ਲਈ ਇਹ ਕਮੀ ਪੂਰੀ ਕਰੋ:

ਥੋੜੀ ਸ਼ਰਾਬ ਪੀਣੀ ਸਿਹਤ ਲਈ ਚੰਗੀ ਹੈ।

2. ਤਕਨੀਕੀ ਸ਼ਬਦਾਂ ਦਾ ਪ੍ਰਯੋਗ ਕਰਨ ਨਾਲ ਗੱਲ ਵਧੇਰੇ ਪ੍ਰਭਾਵਸ਼ਾਲੀ ਬਣਦੀ ਹੈ। ਦੇਖੋ ਕਿਹੜੀ ਕਿਹੜੀ ਨਾਓਂ 'ਚ ਤਕਨੀਕੀ ਸ਼ਬਦ ਆ ਸਕਦੇ ਹਨ। 'ਸ਼ਰਾਬ' ਤਾਂ ਸਿਰਫ ਇਕ ਖਾਸ ਕਿਸਮ ਦੀ ਕਸ਼ੀਦ ਕੇ ਕਢੀ ਹੋਈ ਚੀਜ਼ ਹੈ, ਇਸ ਲਈ ਢੁਕਵਾਂ ਤਕਨੀਕੀ ਸ਼ਬਦ ਮੌਜੂਦ ਹੈ, ਨਾਲੇ 'ਸਿਹਤ' ਵੀ ਐਵੇਂ ਜਿਹਾ ਹੀ ਸ਼ਬਦ ਹੈ। ਅੱਜ ਕਲ੍ਹ ਔਖੇ ਤੋਂ ਔਖੇ ਅਤੇ ਹਿੰਦੀ ਤੇ ਉਰਦੂ ਤੋਂ ਲਏ ਸ਼ਬਦ ਵਰਤ ਕੇ ਸੌਖੀ ਗੱਲ ਨੂੰ ਔਖੀ ਬਣਾਉਣ ਦਾ ਰਿਵਾਜ ਹੈ। ਇਸ ਤਰ੍ਹਾਂ ਵਿਦਵਤਾ ਦਾ ਚੰਗਾ ਪ੍ਰਭਾਵ ਬੱਝਦਾ ਹੈ। ਸੋ ਤਬਦੀਲੀ ਕਰੋ:

ਥੋੜੀ ਈਥਾਈਲ ਅਲਕੋਹਲ ਪੀਣੀ ਮਨੁਖੀ ਸਵਾਸਥ ਲਈ ਚੰਗੀ ਹੈ।

3. ਵਿਸ਼ੇਸ਼ਣ ਤੇ ਕਿਰਿਆ-ਵਿਸ਼ੇਸ਼ਣ ਵੀ ਤਕਨੀਕੀ ਹੀ ਜਚਦੇ ਹਨ:

ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਪੀਣੀ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੈ।

4. ਕਿਉਂ ਨਾ ਕਿਰਿਆ ਲਈ ਵੀ ਤਕਨੀਕੀ ਸ਼ਬਦ ਦਾ ਇਸਤੇਮਾਲ ਕੀਤਾ ਜਾਵੇ; 'ਪੀਣੀ' ਸ਼ਬਦ ਤੇ ਜ਼ਰਾ ਹੱਥ ਫੇਰੋ:

ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੈ।

5. ਅੱਜ ਕਲ੍ਹ ਸਾਹਿਤਕਾਰ ਲੋਕ 'ਹੋ ਨਿਬੜਦਾ ਹੈ' ਉਕਤੀ ਬਹੁਤ ਵਰਤਦੇ ਹਨ, ਇਸ ਦੀ ਛੋਹ ਨਾਲ ਹੀ ਸੋਨੇ 'ਤੇ ਸੁਹਾਗਾ ਫਿਰ ਜਾਂਦਾ ਹੈ:

ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ ਹੈ।

6. ਗੱਲ ਕਦੇ ਆਪਣੇ ਸਿਰ ਨਾ ਲਵੋ, ਕਲ੍ਹ ਨੂੰ ਤੁਹਾਡੀ ਪੁਛ ਪੜ੍ਹਾਈ ਹੋ ਸਕਦੀ ਹੈ:

ਪਤਾ ਲੱਗਾ ਹੈ ਕਿ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ ਹੈ।

7. ਪਰ ਗੱਲ ਵਧੇਰੇ ਮੰਨਣਯੋਗ ਤੇ ਸੁਨਿਸ਼ਚਿਤ ਵੀ ਲੱਗਣੀ ਚਾਹੀਦੀ ਹੈ:

ਡਾਕਟਰੀ ਅਧਿਐਨ ਤੋਂ ਪਤਾ ਲੱਗਾ ਹੈ ਕਿ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ ਹੈ।

8. 'ਪਤਾ ਲੱਗਾ ਹੈ' ਵਾਕੰਸ਼ ਕੋਈ ਯਕੀਨ ਨਹੀ ਬੰਨਾਉਂਦਾ, ਪਾਠਕ 'ਤੇ ਪ੍ਰਭਾਵ ਪਾਉਣਾ ਬੜਾ ਜ਼ਰੂਰੀ ਹੈ:

ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਹੋਇਆ ਹੈ ਕਿ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ

(ਬਾਕੀ ਸਫਾ 31 'ਤੇ)

# ਬੇਨੂਰ ਕਵਿਤਾ ਦਾ ਸਿਰਨਾਵਾਂ-ਜਥੇਦਾਰ ਸੁਤਿੰਦਰ ਸਿੰਘ ਨੂਰ

**ਡਾ. ਗੁਰਬਚਨ**


ਸੁਤਿੰਦਰ ਸਿੰਘ ਨੂਰ ਨੇ ਇਕ ਇੰਟਰਵਿਊ 'ਚ 'ਫ਼ਿਲਹਾਲ' ਅਤੇ ਮੇਰੇ ਬਾਰੇ ਔਖ ਪ੍ਰਗਟ ਕੀਤੀ ਹੈ। ਬੌਖਲਾਹਟ ਦਾ ਇਜ਼ਹਾਰ ਕਰਨ ਦਾ ਉਹਨੂੰ ਹੱਕ ਹੈ। ਵਿਰੋਧ 'ਚ ਬੋਲਣ ਦਾ ਵੀ, ਜਿਵੇਂ ਉਹਦੇ ਸਾਹਿਤਕ ਕਾਰਜ (literary praxis) ਬਾਰੇ ਟਿੱਪਣੀ ਕਰਨ ਦਾ ਮੈਨੂੰ ਹੱਕ ਹੈ। ਮੈਂ ਇਹ ਹੱਕ ਵਰਤਦਾ ਹੀ ਰਹਿੰਦਾ ਹਾਂ। ਪਰ ਉਹ ਸੋਚਦੈ ਕਿ ਉਹਦੀ 'ਹੈਸੀਅਤ' ਨੇ ਉਹਨੂੰ ਹਰ ਤਰ੍ਹਾਂ ਦੀ ਨੁਕਤਾਚੀਨੀ ਤੋਂ ਉਪਰ ਪਹੁੰਚਾ ਦਿੱਤਾ ਹੈ। ਉਹ ਮੇਰੇ 'ਤੇ ਵਾਰ ਤਿੱਖਾ ਕਰਨ ਲਈ ਝੂਠ ਦਾ ਆਸਰਾ ਲੈਂਦਾ ਹੈ। ਉਹਦੇ ਝੂਠ ਦਾ ਪ੍ਰਮਾਣ ਮੇਰੇ ਪਾਸ ਹੈ। ਇਹਦਾ ਨਿਬੇੜਾ ਫਿਰ ਕਦੇ ਹੋ ਸਕਦੈ। ਜ਼ਾਹਿਰ ਹੈ, ਉਹ ਬੁਨਿਆਦੀ ਸੁਆਲਾਂ ਨੂੰ ਨਿੱਜੀ ਤਨਾ-ਤਨੀ 'ਚ ਉਲਝਿਆ ਦੇਖਣਾ ਚਾਹੁੰਦਾ ਹੈ। ਜੁਆਬਦੇਹੀ ਤੋਂ ਬਚਣਾ ਚਾਹੁੰਦਾ ਹੈ।

'ਹੁਣ' ਰਸਾਲੇ ਨੂੰ ਦਿੱਤੀ ਇੰਟਰਵਿਊ 'ਚ ਉਹ ਹਰ ਅਸੁਖਾਵੇਂ ਸੁਆਲ ਦਾ ਜੁਆਬ ਦੇਂਦਿਆਂ ਗੱਲ ਗੋਲ ਕਰੀ ਜਾਂਦਾ ਹੈ। ਵਨੀਤਾ ਨੂੰ ਪ੍ਰਮੋਟ ਕਰਨ ਬਾਰੇ ਪੁੱਛਿਆ ਜਾਂਦੈ ਤਾਂ ਜੁਆਬ ਕੁਝ ਹੋਰ ਹੀ ਦੇਣ ਲੱਗਦਾ ਹੈ। ਉਲਟਾ ਖਲੀਫ਼ੇ ਵਾਂਗ ਪ੍ਰਵਚਨ ਅਦਾ ਕਰਨ ਲੱਗਦਾ ਹੈ। ਸੱਚ ਇਹ ਹੈ ਕਿ ਨੂਰ ਸਾਹਿਤਕ ਚੋਲੇ 'ਚ ਸਿਆਸੀ ਬੰਦਾ ਹੈ। ਸਾਹਿਤਕ ਪਿੜ 'ਚ ਪਸਰੀ ਨੈਟਵਰਕੀ ਸਿਆਸਤ ਅਤੇ ਫੇਰਾ-ਤੋਰਾ ਕਲਚਰ ਦਾ ਸ਼ਾਸ਼ਕ ਹੈ। ਅਦਾਰਿਆਂ 'ਚ ਸੱਤਾ ਹਥਿਆ ਕੇ ਉਹ ਕੁੱਲ ਪੰਜਾਬੀ ਸਾਹਿਤਕ ਸਪੇਸ 'ਤੇ ਆਪਣੀ ਪ੍ਰਭੁਤਾ ਫੈਲਾਉਣ ਦਾ ਯਤਨ ਕਰਦਾ ਆ ਰਿਹਾ ਹੈ। ਉਹਨੇ ਸਾਹਿਤਕਾਰੀ ਅਤੇ ਅਕਾਦਮਿਕਤਾ ਨੂੰ ਨਿਮਨ ਪੱਧਰ ਦੀ ਸਿਆਸਤ ਅਤੇ ਫੇਰਾ-ਤੋਰਾ ਕਲਚਰ ਦੀ ਬਾਂਦੀ ਬਣਾ ਦਿੱਤਾ ਹੈ। ਭਾਸ਼ਣਕਾਰੀ ਦੇ ਕਸਬ ਆਸਰੇ ਉਹ ਦਿੱਲੀ ਤੋਂ ਕੂਚ ਕਰਕੇ ਪੰਜਾਬ ਨੂੰ ਫਤਿਹ ਕਰਨ ਆਉਂਦਾ ਹੈ। ਉਹਦੀ ਕਾਰਜਤਾ ਦੀ 'ਇਕਨਾਮਿਕਸ' ਹੈ, ਨਸ਼ਾ ਹੈ, ਲੁਤਫ਼ ਹੈ। ਮਹਿਫ਼ਲੀਅਤ, ਨੈਟਵਰਕੀ ਸਿਆਸਤ, ਟੀ ਏ/ਡੀ ਏ ਦੀ ਨਿਤ ਬਰਸਾਤ ਇਹਦਾ ਇਵਜ਼ਾਨਾ ਹੈ। ਉਹਦੇ ਲਈ ਇਹੀ ਸਾਹਿਤਕਾਰੀ ਦਾ ਆਦਿ/ਅੰਤ ਹੈ।

ਸਾਹਿਤਕਾਰ ਉਹਨੇ ਕਦੇ ਬਣਨਾ ਨਹੀਂ ਚਾਹਿਆ, ਮੋਬਾਈਲ ਭਾਸ਼ਣਕਾਰ ਬਣ ਗਿਆ। ਇਹ ਰਾਹ ਸਾਹਿਤਕ ਪਿੜ 'ਚ ਪ੍ਰਾਪਤੀਆਂ ਲਈ ਸ਼ਾਰਟਕੱਟ ਸੀ। ਸਾਹਿਤਕਾਰ ਜੇ ਉਹ ਬਣਨਾ ਚਾਹੁੰਦਾ ਤਾਂ ਬਣ ਸਕਦਾ ਸੀ, ਬਣ ਗਿਆ ਹੁੰਦਾ। ਇਸ ਲਈ ਵੱਖਰੀ ਤਰ੍ਹਾਂ ਦੀ ਮਿਹਨਤ ਕਰਨੀ ਪੈਣੀ ਸੀ। ਇਸ ਮਿਹਨਤ 'ਚ ਸੱਤਾ ਦਾ ਨਸ਼ਾ ਨਹੀਂ ਸੀ। ਬਿਨਾਂ ਇਸ ਨਸ਼ੇ ਦੇ ਜਨਾਬ ਨੂੰ ਸਾਹ ਆਉਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਕਰਕੇ ਜਿਸ ਪਿੜ 'ਚ ਮੁਸ਼ੱਕਤ ਕੀਤੀ ਉਸੇ 'ਚ ਕਾਮਯਾਬੀ ਪ੍ਰਾਪਤ ਹੋਈ। ਜਿੱਦਾਂ ਦਾ ਬਣਨਾ ਚਾਹੁੰਦਾ ਸੀ, ਉਦਾਂ ਦਾ ਹੀ ਬਣਿਆ। ਅਦਾਰਿਆਂ 'ਚ ਸੱਤਾ ਹਥਿਆਉਣਾ ਚਾਹੁੰਦਾ ਸੀ, ਹਥਿਆ ਲਈ। ਸਤਹੀ ਤੇ ਪੱਤਰਕਾਰੀ ਪੱਧਰ ਦਾ ਲਿਖ ਕੇ ਇਨਾਮ ਲੈਣਾ ਚਾਹੁੰਦਾ ਸੀ, ਲੈ ਲਏ। ਭੁੱਲ ਉਹਦੀ ਹੁਣ ਇਹ ਹੈ ਕਿ ਉਹ ਆਪਣੇ ਕਿਰਦਾਰ (praxis) ਨੂੰ ਕਿਸੇ ਹੋਰ ਰੂਪ 'ਚ ਪ੍ਰਸਤੁਤ ਕਰਨਾ ਚਾਹੁੰਦੈ। ਆਪਣੇ ਅਸਲ ਨੂੰ ਲੁਕੋਣਾ ਚਾਹੁੰਦੈ। ਜੌਂ ਬੀਜ ਕੇ ਵੱਢਣੇ ਛੋਲੇ ਚਾਹੁੰਦੈ। ਆਪਣੇ ਚਿਹਰੇ 'ਤੇ ਸਾਹਿਤਕਾਰ ਹੋਣ ਦਾ ਮੁਖੌਟਾ ਪਾਉਣਾ ਚਾਹੁੰਦੈ। ਮੁਖੌਟੇ ਨੂੰ ਚਿਹਰੇ ਦਾ ਅਸਲ ਦੱਸਣਾ ਚਾਹੁੰਦੈ। ਉਹਦੀ ਖ਼ੁਦ-ਫ਼ਰੇਬੀ ਦੇਖ ਕੇ ਹੈਰਤ ਹੁੰਦੀ ਹੈ।

ਇੰਟਰਵਿਊ 'ਚ ਨੂਰ ਪ੍ਰਗਟ ਇਹ ਕਰਦਾ ਹੈ ਕਿ ਉਹਦਾ ਬਹੁਤ ਕੁਝ ਬਣ ਗਿਆ ਹੈ। ਜਦ ਕਹਿੰਦੈ ਕਿ ਗੁਰਬਚਨ ਦਾ ਕੁਝ ਨਹੀਂ ਬਣਿਆ ਤਾਂ ਪਰਚਾ ਕੱਢ ਲਿਆ ਤਾਂ ਉਹਦਾ ਮਤਲਬ ਇਹੀ ਹੈ। ਕੀ ਬਣਾਇਆ ਹੈ ਉਹਨੇ ਆਪਣਾ? ਉਹ ਆਪਣੇ ਬਣੇ ਦਾ ਪ੍ਰਮਾਣ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਖਿੱਚੀਆਂ ਫ਼ੋਟੋਆਂ ਛਪਵਾ ਕੇ ਦੇਣ ਲੱਗਦਾ ਹੈ। ਇਸ ਲੇਖ ਨਾਲ ਜੋ ਸਕੈਚ ਦਿੱਤਾ ਗਿਐ ਉਹ ਵਿਦੇਸ਼ ਤੋਂ ਆਏ ਇਕ ਕਵੀ/ਕਲਾਕਾਰ ਦਾ ਬਣਾਇਆ ਹੋਇਆ ਹੈ। ਉਹ ਕਲਾਕਾਰ ਕ੍ਰਿਤਯਾ ਵਲੋਂ ਚੰਡੀਗੜ੍ਹ 'ਚ ਕਰਵਾਏ 'ਕਾਵਿ ਉਤਸਵ' ਵਿਚ ਸ਼ਿਰਕਤ ਕਰਨ ਆਇਆ ਸੀ। ਨੂਰ ਦਾ ਜੋ ਕੁਝ ਬਣਿਆ ਕਵੀ/ਕਲਾਕਾਰ ਨੇ ਸਕੈਚ ਰਾਹੀਂ ਪ੍ਰਸਤੁਤ ਕੀਤਾ ਹੈ।

ਨੂਰ ਅਕਸਰ ਯਾਦ ਕਰਵਾਉਂਦਾ ਰਹਿੰਦੈ ਕਿ ਉਹਦੀ ਅਹਿਮੀਅਤ ਕਵੀ ਹੋਣ 'ਚ ਹੈ। ਇਸ ਗੱਲ ਤੋਂ ਉਹ ਅਨਜਾਣ ਲੱਗਦੈ ਕਿ ਉਹਦੀ ਕਵਿਤਾ ਦੁਆਲੇ ਜਿਸ ਵਿਰਾਟ ਬਿੰਬ ਨੇ ਨਾਗਵਲ ਪਾਇਆ ਹੋਇਐ ਉਹ ਕਵਿਤਾ ਦੇ ਹਨਨਕਾਰ ਦਾ ਹੈ। ਲੇਖਕ ਦੀ ਪਛਾਣ ਰਚਨਾਕਾਰੀ ਨਾਲੋਂ ਉਹਦੇ ਸਾਹਿਤਕ ਵਿਹਾਰ 'ਚ ਕਿਤੇ ਵਧ ਹੁੰਦੀ ਹੈ। ਸਾਹਿਤਕ ਵਿਹਾਰ ਸਗਲ ਅਰਥਾਂ ਵਾਲੀ ਟੈਕਸਟ ਹੈ। ਮੱਧ ਵਰਗੀ ਨਿਮਨ ਬੰਦਾ ਆਪਣੇ ਆਕਾਰ ਤੋਂ ਵਿਰਾਟ ਪੁਲਾਂਘਾਂ ਪੁੱਟਣ ਦੀ ਹੋੜ 'ਚ ਕਵਿਤਾ ਦਾ ਪਾਲਕ ਨਹੀਂ ਰਹਿੰਦਾ। ਅਜਿਹਾ ਬੰਦਾ ਰਚਨਾਤਮਿਕਤਾ ਨੂੰ ਵਿਹਾਰ ਦੀ ਟੈਕਸਟ ਤੋਂ ਨਿਖੇੜ ਕੇ ਦੇਖਣ ਲਈ ਦਲੀਲਾਂ ਦੇਂਦਾ ਰਹਿੰਦਾ ਹੈ, ਜਿਵੇਂ ਸਾਹਿਤਕ ਪਿੜ 'ਚ ਲੇਖਕ ਦੀ ਕਾਰਗੁਜ਼ਾਰੀ ਦੇ ਅਰਥ ਉਹਦੇ ਨਿੱਜ ਤੱਕ ਸੀਮਤ ਹੋਣ। ਕਵਿਤਾ ਲਿਖ ਕੇ ਕਵੀ ਸੋਚਦੈ ਕਿ ਉਹਨੂੰ ਦੁਨੀਆਂ ਭਰ ਦੇ ਤਿਕੜਮ ਕਰਨ ਦਾ ਲਾਇਸੰਸ ਪ੍ਰਾਪਤ ਹੋ ਗਿਐ। ਅਜਿਹਾ ਕਵੀ ਕਵਿਤਾ ਨੂੰ ਨਹੀਂ, ਕਵਿਤਾ ਦੀ ਲਾਸ਼ ਨੂੰ ਚੁੱਕੀ ਫਿਰਦੈ। ਨੂਰ ਦੀ ਕਵਿਤਾ ਵਲ ਕੋਈ ਧਿਆਨ ਨਹੀਂ ਦੇਂਦਾ ਤਾਂ ਇਸ ਲਈ ਕਿ ਉਹਨੇ ਆਪ ਹੀ ਕਵਿਤਾ ਦੀ ਆਤਮਾ ਨੂੰ ਨਿਗਲ ਲਿਆ ਹੈ। ਚਾਰ ਦਹਾਕੇ ਪਹਿਲਾਂ ਜਦ ਉਹ ਪਟਿਆਲੇ ਤੋਂ ਦਿੱਲੀ ਗਿਆ, ਉਹਦੇ 'ਚ ਭੁਤਵਾੜੇ ਦੀ ਲਿਸ਼ਕ ਸੀ। ਇਹ ਲਿਸ਼ਕ ਲਿਖਣ ਪੜ੍ਹਨ ਦਾ ਦਿਖਾਵਾ ਕਰਨ ਵਾਲੀ ਵਧ ਸੀ। ਫਿਰ ਵੀ ਉਹ ਪ੍ਰਭਾਵਿਤ ਕਰਦਾ। ਉਹਦੇ ਹੱਥ 'ਚ ਕੋਈ ਨਵੀਂ ਕਿਤਾਬ ਹੁੰਦੀ। ਗੱਲਾਂ 'ਚ ਚੋਮਸਕੀ ਜਾਂ ਰੋਲਾਂ ਬਾਰਤ ਦਾ ਜ਼ਿਕਰ ਹੁੰਦਾ। ਨਾ ਨਿਠ ਬੈਠ ਕੇ ਕਿਤਾਬ ਪੜ੍ਹਦਾ, ਨਾ ਕਿਤਾਬ ਦੇ ਬੌਧਿਕ ਪ੍ਰਸੰਗ ਨੂੰ ਸਮਝਦਾ। ਇਹਦੇ ਲਈ ਨਾ ਇੱਛਾ ਸੀ, ਨਾ ਧੀਰਜ, ਨਾ ਸਮਾਂ। ਇਰਾਦਾ ਬੌਧਿਕਤਾ ਦਾ ਪਾਸਾਰ ਕਰਨਾ ਨਹੀਂ ਸੀ, ਬੌਧਿਕਤਾ ਦਾ ਦਿਖਾਵਾ ਕਰਨਾ ਸੀ। ਅਕਾਦਮਿਕ ਅਦਾਰਿਆਂ 'ਚ ਬੌਧਿਕ ਪਛੜੇਵੇਂ ਦਾ ਸ਼ੋਸ਼ਣ ਕਰਨ ਦੀ ਪਿਰਤ ਹਰਿਭਜਨ ਸਿੰਘ ਤੋਂ ਚਲਦੀ ਆ ਰਹੀ ਹੈ। ਨੂਰ ਨਾਲ ਇਹ ਹੱਦਾਂ ਪਾਰ ਕਰ ਚੁੱਕੀ ਹੈ। ਉਹਨੇ ਕਦੇ ਸੰਵਾਰ ਕੇ ਕੋਈ ਸੈਮੀਨਾਰ ਪੇਪਰ ਨਹੀਂ ਲਿਖਿਆ, ਨਾ ਮੁਕੰਮਲ ਆਕਾਰ ਵਾਲੀ ਕੋਈ ਰਚਨਾ ਕੀਤੀ ਹੈ। ਸੰਕਲਪਾਂ ਨੂੰ ਸ਼ੋਸ਼ਿਆਂ ਵਾਂਗ ਬੁਲੰਦ ਕੀਤਾ ਹੈ ਤਾਂ ਜੋ ਮੌਕੇ ਅਨੁਸਾਰ ਪ੍ਰਭਾਵ ਪੈਂਦਾ ਰਵ੍ਹੇ। ਇਹ ਜ਼ਹਿਰੀ ਤਰਜ਼



ਦੀ ਸ਼ੋਸ਼ਣੀ ਨੀਤੀ ਹੈ। ਇਹਨੇ ਪੰਜਾਬੀ ਸਾਹਿਤਕ ਸਪੇਸ ਦਾ ਘਾਣ ਕੀਤਾ ਹੈ।

ਸਮੇਂ ਨਾਲ ਉਹਦੇ ਵਿਹਾਰ ਦੀ ਸ਼ੈਲੀ ਬਾਰੇ ਜੁਮਲੇ ਸਫ਼ਰ ਕਰਨ ਲੱਗੇ। ਇਕ ਦਿਨ ਭਾਪਾ ਪ੍ਰੀਤਮ ਸਿੰਘ ਦੇ ਘਰ ਬਲਵੰਤ ਗਾਰਗੀ ਮੈਨੂੰ ਪੁੱਛਦੈ: 'ਜਥੇਦਾਰ ਦਾ ਕੀ ਹਾਲ ਹੈ?' ਉਦੋਂ ਨੂਰ ਐਕਸੀਡੈਂਟ ਕਰਕੇ ਹਸਪਤਾਲ 'ਚ ਸੀ। ਭਾਪੇ ਨੂੰ ਜਦ ਪਤਾ ਲੱਗਾ 'ਜਥੇਦਾਰ' ਸ਼ਬਦ ਨੂਰ ਵਾਸਤੇ ਵਰਤਿਆ ਜਾਂਦੈ ਤਾਂ ਉਹਨੇ ਠਹਾਕਾ ਮਾਰਿਆ। ਫਿਰ ਅਚਾਨਕ ਬੋਲ ਪਿਆ, ''ਬਾਕੀ ਗੱਲਾਂ ਛੱਡ, 'ਆਰਸੀ' ਲਈ ਲੇਖ ਤਿਆਰ ਕਰ- 'ਸਾਹਿਤ ਦਾ ਜਥੇਦਾਰ'।'' ਦੂਜਾ ਲੇਖ ਮੈਂ ਕੁਝ ਸਾਲਾਂ ਬਾਦ ਲਿਖਿਆ। ਪ੍ਰੇਮ ਪ੍ਰਕਾਸ਼ ਨੇ 'ਲਕੀਰ' 'ਚ ਛਾਪਿਆ। ਉਦੋਂ ਨੂਰ ਦੀ ਜਥੇਦਾਰੀ ਸਿਖਰ 'ਤੇ ਸੀ। ਫੇਰਾ-ਤੋਰਾ ਕਲਚਰ ਦਾ ਮੋਹਰੀ ਸੀ। ਸੱਤਾ ਦੇ ਅਦਾਰਿਆਂ 'ਚ ਭੁਕਾਈ ਕਰਦਾ ਸੀ। ਨਿਤ ਟੀ. ਵੀ. 'ਤੇ ਬੋਲਦਾ, ਸੈਮੀਨਾਰਾਂ ਲਈ ਅੱਧ-ਪਚੱਧਾ ਪੇਪਰ ਲਿਖਦਾ, ਬਾਕੀ ਭਾਸ਼ਣ ਨਾਲ ਸਾਰਦਾ। ਪੱਛਮੀ ਨਾਂਵਾਂ ਤੇ ਸੰਕਲਪਾਂ ਨੂੰ ਦਿੱਲੀ/ਪੰਜਾਬ ਦੇ ਮੰਚਾਂ 'ਤੇ ਉਛਾਲਦਾ। ਉਹਨੂੰ ਲੱਗਦਾ ਕੱਚਘਰੜ 'ਗਿਆਨ' ਦੇ ਪਾਸਾਰ ਨੂੰ ਅਕਾਦਮਿਕਤਾ ਕਹਿੰਦੇ ਹਨ। ਮੈਂ ਦੂਜੇ ਲੇਖ 'ਚ ਇਨ੍ਹਾਂ ਗੱਲਾਂ ਦਾ ਜ਼ਿਕਰ ਕਟਾਖ਼ਸ਼ੀ ਅੰਦਾਜ਼ 'ਚ ਕੀਤਾ।

ਨੂਰ ਦੇ ਇਸ ਵਿਹਾਰ ਨੂੰ 'ਦਿਖਾਵਾ' ਦੀ ਚਿਹਨਕਤਾ ਨਾਲ ਸਮਝਿਆ ਜਾ ਸਕਦਾ ਹੈ। ਦਿਖਾਵਾ ਕਰਨ ਵਾਲੇ ਨੇ ਦੂਜਿਆਂ ਦੇ ਰਾਹੀਂ ਹੋਣਾ ਹੁੰਦੈ। ਦੋਸਤੀ ਨਾਲੋਂ ਦੋਸਤਬਾਜ਼ੀ ਨੂੰ ਪਹਿਲ ਦੇਣ ਦਾ ਵੀ ਇਹੀ ਕਾਰਨ ਹੈ। ਨੂਰ ਇਕੱਲਾ ਕੁਝ ਲਮਹੇ ਨਹੀਂ ਗੁਜ਼ਾਰ ਸਕਦਾ। ਇਕੱਲ ਅਸੁਰੱਖਿਅਤ ਕਰਦੀ ਹੈ। ਉਹ ਮਹਿਫ਼ਲਾਂ ਰਾਹੀਂ ਸਾਹ ਲੈਂਦਾ ਹੈ। ਬਿਨਾਂ ਮਾਈਕ ਮੰਚ ਰਾਹੀਂ ਭਾਸ਼ਣਕਾਰੀ ਦੇ ਉਹ ਨਿਤਾਣਾ ਹੈ। ਤਦ ਉਹਦੇ ਕੋਲ ਕਰਨ ਲਈ ਕੋਈ ਗੱਲ ਨਹੀਂ ਹੁੰਦੀ। ਵਨੀਤਾ ਨਾਲ ਆਪਣੀ ਨੇੜਤਾ ਨੂੰ ਸਾਹਿਤਕ ਪਿੜ 'ਚ ਉਭਾਰਨ ਪਿੱਛੇ ਵੀ ਦਿਖਾਵਾ-ਮਾਨਸਿਕਤਾ ਹੈ। ਦੂਜਿਆਂ ਰਾਹੀਂ ਜੀਉਣ ਵਾਲੇ ਨਿੱਜੀ ਰਿਸ਼ਤਿਆਂ ਨੂੰ ਮਸ਼ਹੂਰੀ ਲਈ ਵਰਤਣਾ ਚਾਹੁੰਦੇ ਹਨ। ਹਰ ਸ਼ੋਅਮੈਨ ਅਜਿਹਾ ਕਰਦੈ। ਫ਼ਿਲਮੀ ਬੰਦੇ ਅਜਿਹਾ ਕਰਦੇ ਹਨ। ਕੋਈ ਸ਼ੋਅਮੈਨ ਚਿੰਤਨ, ਮਨਨ ਨੂੰ ਸਵੈ ਦੀ ਤਾਕਤ ਦਾ ਧਰੋਹਰ ਨਹੀਂ ਬਣਾਉਂਦਾ। ਚਿੰਤਨ, ਮਨਨ, ਅਧਿਅਨ, ਸਾਹਿਤਕਾਰੀ ਆਦਿ ਇਕੱਲ/ਚੁੱਪ ਵਲ ਲਿਜਾਂਦੀ ਹੈ, ਗਹਿਰਾਈ ਵਲ, ਉਚੇਰੇ ਇਰਾਦੇ ਵਲ। ਇਹ ਉਪਭੋਗਤਾ ਦਾ ਨਾਸ਼ ਕਰਦੀ ਹੈ। ਸ਼ੋਅਮੈਨ, ਮੰਚੀ ਬੁੱਧੀਜੀਵੀ, ਭਾਸ਼ਣਕਾਰ, ਸਿਆਸੀ ਬੰਦਾ-ਇਹ ਸਭ ਦਿਖਾਵੇ ਦੇ ਸੇਲਜ਼ਮੈਨ ਹਨ, ਉਪਭੋਗੀ ਸਭਿਆਚਾਰ ਦੇ ਦੂਤ। ਇਨ੍ਹਾਂ ਨੇ ਦਿਖਣਾ ਹੁੰਦੈ, ਹੋਣਾ ਨਹੀਂ। ਨੂਰ ਨਿਠ ਬੈਠ ਕੇ ਅਧਿਅਨ ਨਹੀਂ ਕਰਦਾ ਤਾਂ ਇਸ ਲਈ ਕਿ ਅਧਿਅਨ ਕਰਦਾ ਬੰਦਾ ਦਿਖਦਾ ਨਹੀਂ, ਦਿਖਦਾ ਭਾਸ਼ਣਕਾਰ ਹੈ। ਵਾਹਨ ਦੀ ਸੀਟ ਜਾਂ ਸ਼ਾਮ ਦੀ ਮਹਿਫ਼ਲ ਹੀ ਜੇ ਉਹਦਾ ਹੋਣ ਸਥਲ ਹੈ ਤਾਂ ਇਹ ਦਿੱਖਣ ਦਾ ਪੈਰਾਡਾਈਮ ਹੈ।

ਇਹਦਾ ਨਤੀਜਾ ਇਹ ਹੈ ਕਿ ਨੂਰ ਕਿਤਾਬ ਪੜ੍ਹਦਾ ਨਹੀਂ, ਸੁੰਘਦਾ ਹੈ। ਉਹਨੇ ਜੋ ਥੋਕ 'ਚ ਭੂਮਿਕਾਵਾਂ ਲਿਖੀਆਂ ਉਹ ਕਿਤਾਬ ਪੜ੍ਹ ਕੇ ਨਹੀਂ ਸੁੰਘ ਕੇ ਲਿਖੀਆਂ ਹਨ। ਦਿੱਲੀ 'ਚ ਹੋਣ ਕਰਕੇ ਉਹ ਪੱਛਮੀ ਨਾਂਵਾਂ ਤੇ ਕਿਤਾਬਾਂ ਦੀ 'ਸੁੰਘ' ਨੂੰ ਅਕਾਦਮਿਕ ਅਦਾਰਿਆਂ ਨੂੰ ਫਤਿਹ ਕਰਨ ਲਈ ਵਰਤਦਾ ਰਿਹੈ। ਸਾਹਿਤ ਦੇ ਜਿਸ ਦਿੱਲੀ ਸਕੂਲ ਦੀ ਗੱਲ ਕੀਤੀ ਜਾਂਦੀ ਹੈ ਉਹ ਪੰਜਾਬੀ ਅਕਾਦਮਿਕਤਾ ਨਾਲ ਵਾਪਰਿਆ ਫਰਾਡ ਹੈ। ਇਹ ਚੁਸਤ ਬੰਦਿਆਂ ਦੀ ਪੰਜਾਬ ਦੀਆਂ ਯੂਨੀਵਰਸਟੀਆਂ 'ਚ ਆਪਣੀ ਧਾਂਕ ਪੈਦਾ ਕਰਨ ਦੀ ਜੁਗਤ ਹੈ। ਇਹ ਮਾਰੂ ਕਿਸਮ ਦਾ ਬਸਤੀਵਾਦ ਹੈ, ਜੀਹਨੇ ਪੰਜਾਬ ਦੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਨੂੰ ਹਤਾਸ਼ ਕੀਤਾ ਹੈ। ਅੱਜ ਅਕਾਦਮਿਕ ਅਦਾਰਿਆਂ 'ਚ ਪੋਸਟੀ ਵਾਦਾਂ ਨੂੰ ਲੈ ਕੇ ਜੋ ਚੋਖਾ ਭੰਬਲਭੂਸਾ ਹੈ, ਉਸ ਲਈ ਜ਼ਿੰਮੇਵਾਰ ਦਿੱਲੀ ਸਕੂਲ ਦੇ ਨਾਂ ਦਾ ਫਰਾਡ ਹੈ। ਇਹ ਫਰਾਡ ਹਰਿਭਜਨ ਸਿੰਘ ਤੋਂ ਚਲਦਾ ਆ ਰਿਹਾ ਹੈ। ਜਿਨ੍ਹਾਂ ਪੋਸਟੀ ਵਾਦਾਂ ਦੀ ਗੱਲ ਕੀਤੀ ਜਾਂਦੀ ਹੈ ਉਹਦੇ ਬੌਧਿਕ ਪਿਛੋਕੜ 'ਚ ਗਏ ਬਗ਼ੈਰ, ਉਨ੍ਹਾਂ ਦੀ ਸਿਆਸਤ ਸਮਝੇ ਬਗ਼ੈਰ, ਪ੍ਰਚਾਰ ਕੀਤਾ ਜਾਂਦਾ ਰਿਹਾ ਹੈ। ਨਤੀਜਾ:ਪੰਜਾਬੀ 'ਚ ਜਿੰਨੇ ਵੀ ਥੀਸਸ ਲਿਖੇ ਗਏ ਹਨ ਉਨ੍ਹਾਂ 'ਚੋਂ ਬਹੁਤੇ ਟ੍ਰੈਸ਼ (ਕੂੜਾ) ਮੰਨੇ ਜਾਂਦੇ ਹਨ। ਅੰਕੜੇ ਜੋੜਨ ਵਾਲੇ ਕਹਿੰਦੇ ਹਨ ਕਿ ਜੇ ਪੰਜਾਬੀ 'ਚ ਦੋ ਹਜ਼ਾਰ ਥੀਸਸ ਲਿਖੇ ਗਏ, ਉਨ੍ਹਾਂ 'ਚ ਅੱਸੀ ਪ੍ਰਤੀਸ਼ਤ ਟ੍ਰੈਸ਼ ਹਨ; ਅਤੇ ਜਿਹੜੇ ਟ੍ਰੈਸ਼ ਹਨ ਉਨ੍ਹਾਂ 'ਚੋਂ ਸੱਠ ਪ੍ਰਤਿਸ਼ਤ ਅਜਿਹੇ ਹਨ ਜਿਨ੍ਹਾਂ ਦਾ ਨਾਤਾ ਪੰਜਾਬ ਦੇ ਅਕਾਦਮਿਕ ਅਦਾਰਿਆਂ 'ਚ ਸਰਗਰਮ ਦਿੱਲੀ ਸਕੂਲ ਦੇ ਗਰਦਸ਼ੀ ਟੋਲੇ ਨਾਲ ਹੈ।

ਇਹ ਆਮ ਜਿਹੀ ਗੱਲ ਹੈ ਕਿ ਨੂਰ ਦਾ ਜ਼ਿਆਦਾ ਸਮਾਂ ਅਕਾਦਮੀਆਂ/ਅਦਾਰਿਆਂ 'ਚ ਸੱਤਾ ਹਥਿਆਉਣ 'ਚ ਲੱਗਾ ਹੈ। ਲਿਖਣ ਦਾ ਜੋ ਕੰਮ ਕੀਤਾ ਪੱਤਰਕਾਰੀ ਪੱਧਰ ਦਾ ਕੀਤਾ, ਜੋ ਹੁਣ ਦਿਸਦਾ, ਕਲ੍ਹ ਕੂੜਾਦਾਨ 'ਚ ਹੁੰਦਾ। ਦਰਜਨਾਂ ਭੂਮਿਕਾਵਾਂ ਜੋ ਲਿਖੀਆਂ ਉਨ੍ਹਾਂ ਨੂੰ ਕਿਤਾਬ 'ਚ ਬੰਨ੍ਹਿਆ। ਕਿਤਾਬ 'ਤੇ ਸਾਹਿਤ ਅਕਾਦਮੀ ਇਨਾਮ ਪ੍ਰਾਪਤ ਕੀਤਾ। ਪੰਜਾਬੀ 'ਚ ਹੀ ਅਜਿਹੇ ਕਾਰਿਆਂ ਨੂੰ ਪੁਰਸਕਾਰ ਮਿਲ ਸਕਦੈ।

ਇਕ ਯੂਨੀਵਰਸਟੀ 'ਚ ਵਿਦਿਆਰਥੀ ਪੀ ਐਚ ਡੀ ਕਰਨ ਪੁੱਜਦਾ ਹੈ। ਪ੍ਰੋਫ਼ੈਸਰ ਨੈਟਵਰਕੀ ਵਰਕਾ ਫਰੋਲਦੈ। ਵਿਦਿਆਰਥੀ ਨੂੰ ਨੂਰ 'ਤੇ ਥੀਸਸ ਲਿਖਣ ਦਾ ਆਦੇਸ਼ ਦੇਂਦਾ ਜਦ ਕਿ ਸਕਾਲਰ ਸੂਫ਼ੀ ਕਾਵਿ 'ਤੇ ਥੀਸਸ ਲਿਖਣ ਦਾ ਇੱਛੁਕ ਹੈ। ਥੀਸਸ ਨੂਰ 'ਤੇ ਹੀ ਲਿਖਿਆ ਜਾਂਦੈ। ਪ੍ਰਕਾਸ਼ਕ ਤੁਰੰਤ ਥੀਸਸ ਦੀ ਕਿਤਾਬ ਛਾਪ ਦੇਂਦੈ, ਕਿਉਂਕਿ ਇਹ 'ਨੂਰ ਸਾਹਿਬ' ਉਤੇ ਹੈ।

ਸਾਹਿਤਕ ਬੰਦੇ ਦੀ ਸਾਹਿਤਕ ਜ਼ਮੀਰ ਹੁੰਦੀ ਹੈ। ਉਹਨੇ ਸਾਹਿਤਕ ਮੁੱਲ ਕਾਇਮ ਰੱਖਣੇ ਹੁੰਦੇ ਹਨ। ਸੱਤਾ ਦਾ ਪਿੱਛਾ ਕਰਦੇ ਰਹਿਣ ਵਾਲੇ ਦੀ ਸਾਹਿਤਕ ਜ਼ਮੀਰ ਨਹੀਂ ਹੁੰਦੀ। ਉਹਨੇ ਸੱਤਾ ਦੇ ਤਰਕ ਅਨੁਸਾਰ ਵਿਹਾਰ ਕਰਨਾ ਹੁੰਦੈ। ਕੁਝ ਸਾਲ ਪਹਿਲਾਂ ਸਾਹਿਤ ਅਕਾਦਮੀ ਦੇ ਪ੍ਰਧਾਨ ਦੀ ਚੋਣ ਲਈ ਮਹਾਂਸ਼ਵੇਤਾ ਦੇਵੀ ਵਰਗੀ ਬੁਲੰਦ ਸਾਹਿਤਕਾਰ ਨੂੰ ਹਰਾਉਣ ਲਈ ਨੂਰ ਦਿਨ ਰਾਤ ਇਕ ਕਰਦਾ ਹੈ ਤਾਂ ਜੋ ਗੋਪੀ ਚੰਦ ਨਾਰੰਗ ਦੀ ਜਿੱਤ ਸੰਭਵ ਹੋ ਸਕੇ। ਫਿਰ ਪੰਜਾਬੀ ਬੋਰਡ ਦੇ ਕਨਵੀਨਰ ਲਈ ਅਜੀਤ ਕੌਰ ਦੇ ਖ਼ਿਲਾਫ਼ ਦੀਪਕ ਮਨਮੋਹਨ ਸਿੰਘ ਨੂੰ ਖੜ੍ਹਾ ਕਰਦੈ। ਲੁਧਿਆਣਾ ਦੀ ਸਾਹਿਤ ਅਕਾਦਮੀ ਦੇ ਪ੍ਰਧਾਨ ਲਈ ਸੁਰਜੀਤ ਪਾਤਰ ਦੇ ਮੁਕਾਬਲੇ 'ਤੇ ਆਪ ਦਿੱਲੀ ਤੋਂ ਕੂਚ ਕਰਕੇ ਮੈਦਾਨ 'ਚ ਆ ਨਿੱਤਰਦੈ। ਅਜਿਹੀਆਂ ਉਦਾਹਰਣਾਂ ਅਮੁੱਕ ਹਨ, ਅੰਤਹੀਣ। ਸ਼ਾਇਦ ਨੂਰ ਨਹੀਂ ਜਾਣਦਾ ਉਹ ਕੀ ਕਰ ਰਿਹੈ; ਜੋ ਕਰ ਰਿਹੈ ਉਹਦੇ ਨਤੀਜੇ ਕੀ ਨਿਕਲ ਰਹੇ ਹਨ। ਸੱਤਾ ਦਾ ਦਿਨ ਰਾਤ ਕਰਨ ਵਾਲੇ ਨਾਲ ਅਜਿਹਾ ਹੋਣਾ ਸੁਭਾਵਿਕ ਹੈ। ਨੂਰ ਦਾ ਸਿਲਸਿਲਾ ਅਗਾਂਹ ਵਾਲਾ ਹੈ। ਉਹਨੇ ਦਿਖਾਵੇ ਰਾਹੀਂ ਹੋਣਾ ਹੁੰਦਾ। ਅਜਿਹਾ ਬੰਦਾ ਆਸ ਪਾਸ ਜੋ ਵਾਪਰਦਾ ਉਹ ਦੇਖ ਨਹੀਂ ਸਕਦਾ ਹੁੰਦਾ। ਪ੍ਰਦੂਸ਼ਤ ਉਹ ਸਪੇਸ ਹੁੰਦੀ ਹੈ ਜਿੱਥੇ ਉਹਦਾ ਫੇਰਾ-ਤੋਰਾ ਹੁੰਦੈ।

***(ਫਿਲਹਾਲ 'ਚੋਂ ਧੰਨਵਾਦ ਸਹਿਤ)***

## ਗੱਲੀਂ-ਬਾਤੀਂ

ਅਮੀਰਜ਼ਾਦੇ ਯੂਰਪੀ ਮੁਲਕਾਂ ਦੇ ਹੋਟਲਾਂ 'ਚ ਵੀ ਨਹੀਂ ਜਾਂਦੇ? ਕਦੇ ਮੌਕਾ ਮਿਲੇ ਤਾਂ ਧਿਆਨ ਰੱਖਿਓ ਮੇਰੇ ਦੱਸਣ ਦੀ ਲੋੜ ਨਹੀਂ।

ਸੱਚ ਮੰਨੋ ਕਿ ਕਾਜ਼ੀਆਂ ਕੋਲ ਤੇ ਸ਼ਰੀਅਤ ਅਦਾਲਤਾਂ ਵਿਚ ਅਪੀਲਾਂ-ਦਲੀਲਾਂ ਦੀ ਬਹੁਤੀ ਸੁਣਵਾਈ ਨਹੀਂ ਹੈ, ਕਿਉਂਕਿ ਇਨਸਾਫ ਨਾਲੋਂ ਧਰਮ ਦੀ ਆਕੜ ਦਾ ਹੋਕਾ ਮੁਨਸਿਫਾਂ ਦੇ ਗਲਾਂ 'ਚ ਵੀ ਹੈ। ਇਹ ਸਜ਼ਾਵਾਂ ਧਾਰਮੀ ਲੋਕਾਂ ਨੇ ਦਿੱਤੀਆਂ ਹਨ। ਰੱਬ, ਪਰਮਾਤਮਾ, ਵਾਹਿਗੁਰੂ ਤੇ ਜਾਂ ਫਿਰ ਬਾਬਾ ਨਾਨਕ ਹੀ ਕਿਤੇ ਮਿਹਰ ਕਰ ਦੇਵੇ ਤਾਂ ਇਹ 17 ਭਾਰਤੀ ਸਿਰ ਧੜ ਨਾਲ ਜੁੜਿਆ ਲੈ ਕੇ ਹੀ ਜਲਦੀ ਘਰ ਮੁੜ ਸਕਦੇ ਹਨ। ਇਕਾਂਤ ਵਿਚ ਬਹਿ ਕੇ ਇਕਾਗਰਤਾ ਨਾਲ ਨਿਰਪੱਖ ਹੋ ਕੇ ਮਾਲਕ ਨੂੰ ਸਿਰ ਤੇ ਸਮਝ ਕੇ ਸੋਚਿਓ 'ਮਰੇ ਦੋ ਨੇ ਮਾਰਨ ਸਤਾਰਾਂ ਲੱਗੇ ਹੋ।' ਪਰ ਹਾਕਮਾਂ ਤੇ ਧਰਮ ਦੇ ਮੁਨਸਿਫਾਂ ਅੱਗੇ ਕੌਣ ਹੱਥ ਜੋੜ ਕੇ ਖੜ੍ਹੇਗਾ। ਇਨ੍ਹਾਂ ਨੂੰ ਨਾ ਮਾਰੋ ਕਿਉਂਕਿ ਚੋਰਾਂ ਦੀ ਮਾਂ ਤੁਹਾਡੇ ਮੁਲਕ 'ਚ ਹੀ ਹੈ। ਜੇ ਇਸਲਾਮ ਆਗਿਆ ਨਹੀਂ ਦਿੰਦਾ ਫਿਰ ਪਹਿਲਾਂ ਸ਼ਰਾਬ ਦੇ ਧੰਦੇ ਦਾ ਫਾਹਾ ਵੱਢੋ, ਇਨ੍ਹਾਂ ਭਾਰਤੀਆਂ ਨੂੰ ਵਾਪਸ ਘਰ ਮੁੜਨ ਦਿਓ, ਕਿਤੇ ਸਰਬਜੀਤ ਵਾਂਗ ਇਨ੍ਹਾਂ ਦੇ ਪਰਿਵਾਰ ਵੀ ਦੁਆਵਾਂ ਕਰਦੇ ਨਾ ਥੱਕ ਜਾਣ। ਅਸਲ 'ਚ ਸਿਆਣੇ ਚੂਹੇ ਬਿੱਲੀਆਂ ਨੂੰ ਚੰਗੇ ਕਦੋਂ ਲੱਗਦੇ ਹਨ?

## ਸ਼ਬਦਾਂ ਦਾ ਖੱਟਿਆ

*(ਸਫਾ 30 ਦੀ ਬਾਕੀ)*

ਹੈ।

9. ਅਸਲ ਵਿਚ ਹਰ ਕਿਰਿਆ ਨੂੰ ਲਮਕਾਇਆ ਜਾ ਸਕਦਾ ਹੈ; ਇਹ ਇਕ ਅਜਮਾਇਆ ਹੋਇਆ ਨੁਸਖਾ ਹੈ। ਏਥੇ "ਹੋਇਆ ਹੈ" ਦੇ ਨਾਲ ਹੋਰ ਸ਼ਬਦ ਸਹਿਜੇ ਹੀ ਟੰਗੇ ਜਾ ਸਕਦੇ ਹਨ:

ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ ਹੈ।

10. ਵਾਕ ਅਰੰਭ ਕਰਨ ਤੋਂ ਪਹਿਲਾਂ ਥੋੜੀ ਬੇਫਜ਼ੂਲ ਭੂਮਿਕਾ ਵੀ ਦਿੱਤੀ ਜਾ ਸਕਦੀ ਹੈ:

ਆਮ ਸਮਝ ਤੋਂ ਵਿਪਰੀਤ ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ ਹੈ।

11. ਨਾਲੇ ਇਹ ਗਿਆਨ ਹਰ ਇਕ ਨੂੰ ਮੁਹੱਈਆ ਕਰਾਉਣਾ ਹੈ:

ਆਮ ਸਮਝ ਤੋਂ ਵਿਪਰੀਤ ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਜਨ ਸਾਧਾਰਨ ਦੇ ਸਨਮੁਖ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਮਨੁਖੀ ਸਵਾਸਥ ਲਈ ਲਾਭਕਾਰੀ ਕਰਮ ਹੋ ਨਿਬੜਦਾ ਹੈ।

12. ਹੋ ਸਕੇ ਤਾਂ ਸੰਬੰਧਕ ਵੀ ਗੂੜ੍ਹ ਲਾਓ। ਸਾਹਿਤ ਸਮਾਲੋਚਕ 'ਲਈ' ਸ਼ਬਦ ਨੂੰ ਆਪਣੀ ਸ਼ਾਨ ਤੋਂ ਨੀਚਾ ਸਮਝਦੇ ਹਨ ਤੇ 'ਨਮਿਤ' ਸ਼ਬਦ ਨੂੰ ਤਰਜੀਹ ਦਿੰਦੇ ਹਨ:

ਆਮ ਸਮਝ ਤੋਂ ਵਿਪਰੀਤ ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਜਨ ਸਾਧਾਰਨ ਦੇ ਸਨਮੁਖ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਰੋਜ਼ਾਨਾ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਚੰਗੇਰੇ ਸਵਾਸਥ ਨਮਿਤ ਅਤਿਅੰਤ ਲਾਭਕਾਰੀ ਕਰਮ ਹੋ ਨਿਬੜਦਾ ਹੈ।

13. "ਆਮ ਸਮਝ" ਵੀ ਰੜਕਦਾ ਹੈ ਤੇ 'ਰੋਜ਼ਾਨਾ' ਵੀ ਪਾਕਿਸਤਾਨੀ ਜਿਹਾ ਸ਼ਬਦ ਹੈ:

ਸਰਵਜਨਿਕ ਸਮਝਦਾਰੀ ਤੋਂ ਵਿਪਰੀਤ ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਜਨ ਸਾਧਾਰਨ ਦੇ ਸਨਮੁਖ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਨਿਸਦਿਨ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰਨਾ ਚੰਗੇਰੇ ਸਵਾਸਥ ਨਮਿਤ ਅਤਿਅੰਤ ਲਾਭਕਾਰੀ ਕਰਮ ਹੋ ਨਿਬੜਦਾ ਹੈ।

14. "ਕਰਨਾ" ਦੀ ਥਾਂ 'ਕਰ ਲੈਣਾ' ਨਾਲ ਹੋਰ ਇਕ ਸ਼ਬਦ ਦਾ ਵਾਧਾ ਹੋ ਸਕਦਾ ਹੈ:

ਸਰਵਜਨਿਕ ਸਮਝਦਾਰੀ ਤੋਂ ਵਿਪਰੀਤ ਡਾਕਟਰੀ ਅਧਿਐਨ ਤੋਂ ਇਸ ਤੱਥ ਦਾ ਗਿਆਨ ਜਨ ਸਾਧਾਰਨ ਦੇ ਸਨਮੁਖ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਨਿਸਦਿਨ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਦਾ ਸੇਵਨ ਕਰ ਲੈਣਾ ਚੰਗੇਰੇ ਸਵਾਸਥ ਨਮਿਤ ਅਤਿਅੰਤ ਲਾਭਕਾਰੀ ਕਰਮ ਹੋ ਨਿਬੜਦਾ ਹੈ।

15. ਅਖੀਰ ਵਿਚ ਅੰਗਰੇਜ਼ੀ ਸ਼ਬਦ 'ਡਾਕਟਰੀ' ਤੇ 'ਈਥਾਈਲ ਅਲਕੋਹਲ' ਅਖਰਦੇ ਹਨ, ਲੋਕਾਂ ਨੂੰ ਗੱਲ ਸਮਝ ਵੀ ਆਉਣੀ ਚਾਹੀਦੀ ਹੈ ਤੇ ਸ਼ੁਧ ਭਾਰਤੀ ਬਣਿਆਂ ਹੀ ਲੋਕਾਂ ਦੀ ਨਬਜ਼ ਨੂੰ ਫੜਿਆ ਜਾ ਸਕਦਾ ਹੈ:

ਸਰਵਜਨਿਕ ਸਮਝਦਾਰੀ ਤੋਂ ਵਿਪਰੀਤ ਚਿਕਿਤਸਾ-ਵਿਗਿਆਨਕ ਅਧਿਐਨ ਤੋਂ ਇਸ ਤੱਥ ਦਾ ਗਿਆਨ ਜਨ ਸਾਧਾਰਨ ਦੇ ਸਨਮੁਖ ਭਲੀਭਾਂਤ ਦ੍ਰਿਸ਼ਟੀਗੋਚਰ ਹੋਇਆ ਹੈ ਕਿ ਨਿਸਦਿਨ ਅਲਪ ਮਾਤਰਾ ਵਿਚ ਈਥਾਈਲ ਅਲਕੋਹਲ ਯਾਨੀ ਬੀਅਰ, ਵਾਈਨ, ਵਿਸਕੀ, ਰਮ, ਬਰਾਂਡੀ, ਵੋਦਕਾ, ਜਿਨ, ਠੱਰਾ ਆਦਿ ਦਾ ਸੇਵਨ ਕਰ ਲੈਣਾ ਚੰਗੇਰੇ ਸਵਾਸਥ ਨਮਿਤ ਅਤਿਅੰਤ ਲਾਭਕਾਰੀ ਕਰਮ ਹੋ ਨਿਬੜਦਾ ਹੈ।

ਇਸ ਤਰ੍ਹਾਂ ਥੋੜੀ ਜਿਹੀ ਖੇਚਲ ਕਰਕੇ ਅਸੀਂ ਸੱਤਾਂ ਸ਼ਬਦਾਂ ਵਾਲੇ ਵਾਕ ਨੂੰ ਸੱਤ ਗੁਣਾ ਵਧਾ ਲਿਆ ਹੈ। ਮੈਂ ਤੁਹਾਡੀ ਕਲਪਨਾ ਨੂੰ ਹਵਾ ਦੇ ਦਿੱਤੀ ਹੈ, ਇਸ ਫਿਕਰੇ 'ਚ ਵਾਧੇ ਦੀ ਹੋਰ ਬਹੁਤ ਗੁੰਜਾਇਸ਼ ਹੈ। ਚਾਹੋ ਤਾਂ ਪੂਰਾ ਕਾਲਮ ਇਕ ਹੀ ਫਿਕਰੇ ਨਾਲ ਭਰ ਸਕਦੇ ਹੋ। ਨਾਲੇ ਸੰਪਾਦਕ ਤੇ ਤੁਹਾਡੀ ਲਿਆਕਤ ਦਾ ਏਨਾ ਰੁਹਬ ਪੈਣਾ ਹੈ ਕਿ ਉਸ ਨੂੰ ਚੈਕ ਦੇ ਲੱਮੇ ਹੋ ਜਾਣ ਦਾ ਖਿਆਲ ਹੀ ਨਹੀਂ ਆਉਣਾ। ਹੈ ਨਾ, ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ ਹੋਏ।

# ਸਿੱਖਾਂ/ਮੁਸਲਮਾਨਾਂ ਦੀ ਸਿਧਾਂਤਕ ਨੇੜਤਾ ਦਾ ਇਤਿਹਾਸ

ਖਾਲਸਾ ਪੰਥ

**ਹਰਿੰਦਰ ਸਿੰਘ ਯੂ.ਕੇ.**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੁਸਲਮਾਨ ਅੱਜ ਵੀ 'ਉੱਚ-ਪੈਗੰਬਰ' ਅਤੇ 'ਪੀਰ' ਦਾ ਦਰਜਾ ਦਿੰਦੇ ਹਨ। ਜਿਸ ਮੁਲਾਣੇ ਕੋਲ ਮਹਾਰਾਜ ਨੂੰ ਬਚਪਨ ਵਿਚ ਪੜ੍ਹਨ ਲਈ ਭੇਜਿਆ, ਉਸ ਨੇ ਆਖਿਆ ਕਿ 'ਇਹ ਬਾਲ ਪਹੁੰਚਿਆ ਹੋਇਆ ਖੁਦਾ ਦਾ ਰੂਪ ਹੈ। ਇਸ ਤੋਂ ਸਿੱਖਣ ਦੀ ਜ਼ਰੂਰਤ ਹੈ, ਸਿਖਾਉਣ ਦੀ ਨਹੀਂ।' ਜਦ ਕਿ ਦੂਜੇ ਪਾਸੇ ਪੰਡਿਤ ਤਿਲਕ ਜੰਞੂ ਚੁੱਕੀ ਫਿਰਦੇ ਸਨ ਕਿ ਕਿਸੇ ਤਰ੍ਹਾਂ ਇਸ ਬਾਲਕ ਨੂੰ ਬਿਪਰ ਸਿਸਟਮ ਵਿਚ ਗ੍ਰਸਤ ਕਰ ਲਿਆ ਜਾਵੇ। ਪਰ ਮੁਸਲਮਾਨਾਂ ਵਿਚੋਂ ਦੌਲਾਂ ਦਾਈ ਤੇ ਪਾਂਧੇ ਮੁਲਾਣੇ ਨੂੰ ਪਹਿਲਾਂ ਇਸ ਗੱਲ ਦੀ ਖਬਰ ਹੋ ਚੁੱਕੀ ਸੀ ਕਿ ਬਾਲ ਨਾਨਕ ਖੁਦਾ ਦਾ ਰੂਪ ਹੈ। ਫਿਰ ਵੀ ਉਨ੍ਹਾਂ ਗੁਰੂ ਸਾਹਿਬ ਜੀ ਨੂੰ ਆਪਣੇ ਧਰਮ ਵਿਚ ਪੱਕਾ ਕਰਨ ਲਈ ਸੁੰਨਤ ਕਰਨ ਨੂੰ ਨਹੀਂ ਸੀ ਆਖਿਆ।

ਚਾਰ ਗੁਰੂ ਸਾਹਿਬਾਨ ਦੇ ਸਮੇਂ ਤੱਕ ਮੁਸਲਮਾਨਾਂ ਨਾਲ ਕੋਈ ਕਿਸੇ ਕਿਸਮ ਦਾ ਮੱਤਭੇਦ ਨਹੀਂ ਸੀ। ਗੁਰੂ ਸਾਹਿਬ ਜੀ ਨੇ ਦਰਬਾਰ ਸਾਹਿਬ ਦੀ ਨੀਂਹ ਖੁਦਾ ਦੇ ਮਹਾਨ ਦਰਵੇਸ਼ ਸਾਈਂ ਮੀਆਂ ਮੀਰ ਤੋਂ ਰਖਵਾਈ ਸੀ, ਜਦ ਕਿ ਪੰਡਿਤ ਓਦੋਂ ਵੀ ਬਥੇਰੇ ਗੰਗਾ ਦੇ ਕੰਢੇ-ਕੰਢੇ ਦੁਕਾਨਾਂ ਪਾ ਕੇ ਬੈਠੇ ਸਨ।

ਸਿੱਖਾਂ ਦੀ ਮੁਸਲਮਾਨਾਂ ਨਾਲ ਧਾਰਮਿਕ ਸਾਂਝ ਜੋ ਸ਼ੁਰੂ ਤੋਂ ਹੀ ਹੈ, ਉਹ ਇਹ ਕਿ ਸਿੱਖ ਇੱਕੋ ਇਕ ਪ੍ਰਮਾਤਮਾ, ਅਕਾਲ ਪੁਰਖ ਨੂੰ ਮੰਨਦੇ ਹਨ ਤੇ ਮੁਸਲਮਾਨ ਵੀ ਓਸੇ ਤਰ੍ਹਾਂ ਇੱਕ ਅੱਲ੍ਹਾ ਨੂੰ ਮੰਨਦੇ ਹਨ। ਦੁਨੀਆ ਵਿਚ ਇਹ ਦੋ ਧਰਮਾਂ ਦਾ ਇਸ ਵਿਸ਼ੇ 'ਤੇ ਇਕੋ ਸੰਦੇਸ਼ ਹੈ, ਜੋ ਤੀਜੇ ਕਿਸੇ ਵੀ ਧਰਮ ਨਾਲ ਨਹੀਂ ਮਿਲਦਾ ਕਿਉਂਕਿ ਹਿੰਦੂਆਂ ਦੇ ਤੇਤੀ ਕਰੋੜ ਭਗਵਾਨ, ਰੱਬ ਹਨ। ਈਸਾਈ ਯਿਸੂ ਨੂੰ ਪ੍ਰਭੂ, ਲਾਰਡ ਤੇ ਗਾਡ ਮੰਨਦੇ ਹਨ। ਜਦ ਕਿ ਮੁਸਲਮਾਨਾਂ ਤੇ ਸਿੱਖਾਂ ਦਾ ਇਹ ਸਾਂਝਾ ਵਿਚਾਰ ਹੈ ਕਿ ਅਕਾਲ ਪੁਰਖ ਤੇ ਅੱਲ੍ਹਾ ਦਾ ਕੋਈ ਵੀ ਰੂਪ, ਜੂਨ ਜਾਂ ਚਿਹਰਾ ਨਹੀਂ ਹੈ। 'ਰੱਬ' ਨਾਂਅ ਦਾ ਸ਼ਬਦ ਸਿੱਖਾਂ ਮੁਸਲਮਾਨਾਂ ਲਈ ਇੱਕੋ ਜਿੰਨੀ ਮਹੱਤਤਾ ਰੱਖਦਾ ਹੈ। ਜਦੋਂ ਚੰਦੂ ਦੁਆਰਾ ਰਚੀ ਗਈ ਸਾਜ਼ਿਸ਼ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੰਦੀ ਬਣਾ ਲਿਆ ਗਿਆ ਤਾਂ ਗੁਰੂ ਘਰ ਦੇ ਪ੍ਰੇਮੀ ਮੁਸਲਮਾਨ ਵਜ਼ੀਰ ਖਾਨ, ਸਾਈਂ ਮੀਆਂ ਮੀਰ ਤੇ ਬੇਗਮ ਨੂਰਜਹਾਂ ਨੇ ਗੁਰੂ ਜੀ ਦੀ ਰਿਹਾਈ ਲਈ ਦਲੀਲਾਂ ਨਾਲ ਜਹਾਂਗੀਰ 'ਤੇ ਦਬਾਅ ਪਾਇਆ। ਜਹਾਂਗੀਰ ਦੀ ਪਤਨੀ ਨੂਰਜਹਾਂ ਆਪਣੇ ਪਤੀ ਨੂੰ ਸਮਝਾਉਂਦੀ ਹੈ ਕਿ 'ਫਕੀਰ ਕੀ ਜਾਤ, ਸਾਂਈ ਜੈਸੇ ਮਨੁੱਖ ਨੂੰ ਕੈਦ ਨਾ ਕਰੋ। ਨਹੀਂ ਤਾਂ ਫਕੀਰ ਦੀ ਮਾਰ ਤੋਂ ਅੱਲ੍ਹਾ ਨਹੀਂ ਬਚਾ ਸਕੇਗਾ।'

ਉਸ ਸਮੇਂ ਦਾ ਜ਼ਿਕਰ 'ਬੰਸਾਵਲੀ ਨਾਮਾ' ਵਿਚ ਦਰਜ ਹੈ:

'ਨੂਰ ਜਹਾਂ ਬੇਗਮ ਖਾਵੰਦ ਕੋ ਕਹਿਆ ਐਸ
ਫਕੀਰ ਕੀ ਜ਼ਾਤ ਹੈ ਸਾਈਂ ਕੀ ਸਾਈਂ ਜੈਸੇ
ਕੈਦ ਨਾ ਹੀ ਕਰੀਏ ਕਹੇ ਕਹਾਏ
ਫਕੀਰ ਕੀ ਮਾਰੀ ਕੋਈ ਨ ਹਠਾਏ'

ਜਦੋਂ ਜਹਾਂਗੀਰ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਸਿਰਫ਼ ਸੱਚ ਧਰਮ ਲਈ ਹੀ ਲੜਦੇ ਹਨ ਤੇ ਪ੍ਰਚਾਰ ਕਰਦੇ ਹਨ, ਇਸਲਾਮ ਤੇ ਕਿਸੇ ਹੋਰ ਧਰਮ ਦੇ ਖਿਲਾਫ ਨਹੀਂ ਹਨ, ਤਦ ਉਸ ਨੇ ਗੁਰੂ ਸਾਹਿਬ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਗੁਰੂ ਜੀ ਦੀ ਇੱਛਾ ਮੁਤਾਬਿਕ ਉਨ੍ਹਾਂ 52 ਹਿੰਦੂ ਰਾਜਿਆਂ ਨੂੰ ਵੀ ਛੱਡ ਦਿੱਤਾ, ਪਰ ਇਸ ਸ਼ਰਤ ਉੱਤੇ ਕਿ ਇਹ ਗੁਰੂ ਸਾਹਿਬ ਜੀ ਦੇ ਚੋਲੇ ਦੀ ਜਿੰਨੀਆਂ ਕਲੀਆਂ ਹੋਣ ਓਨੇ ਹੀ ਇੱਕ-ਇੱਕ ਕਲੀ ਫੜ ਕੇ ਬਾਹਰ ਆ ਸਕਦੇ ਹਨ। ਤਦ ਗੁਰੂ ਸਾਹਿਬ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਬਣਾ ਕੇ ਸਾਰੇ ਦੇ ਸਾਰੇ ਬਵੰਜਾ ਹਿੰਦੂ ਰਾਜਪੂਤ ਰਾਜੇ ਵੀ ਰਿਹਾਅ ਕਰਾਏ ਸਨ।

ਉਸ ਸਮੇਂ ਬਵੰਜਾ ਰਾਜੇ ਗੁਰੂ ਸਾਹਿਬ ਜੀ ਨੂੰ 'ਬੰਦੀ ਛੋੜ ਦਾਤਾ' ਦੇ ਨਾਂਅ ਨਾਲ ਪੁਕਾਰਨ ਲੱਗ ਪਏ ਸਨ। ਇਸ ਤੋਂ ਬਾਅਦ ਜਦੋਂ ਜਹਾਂਗੀਰ ਨੂੰ ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਬਾਰੇ ਸਚਾਈ ਪਤਾ ਲੱਗੀ ਤਾਂ ਉਸ ਨੇ ਚੰਦੂ ਨੂੰ ਗੁਰੂ ਸਾਹਿਬ ਜੀ ਦੇ ਹਵਾਲੇ ਆਪ ਕਰ ਦਿੱਤਾ। ਜਹਾਂਗੀਰ ਨੇ ਕਿਹਾ ਕਿ ਤੁਸੀਂ ਜੋ ਵੀ ਸਜ਼ਾ ਮੁਨਾਸਬ ਸਮਝ ਸਕਦੇ ਹੋ, ਇਸ ਨੂੰ ਦਿਓ। ਗੁਰੂ ਜੀ ਨੇ ਚੰਦੂ ਦੇ ਸਾਰੇ ਪਰਿਵਾਰ ਨੂੰ ਮੁਆਫੀ ਲਈ ਛੱਡ ਦਿੱਤਾ। ਪਰ ਗੁਰੂ ਕੀ ਸੰਗਤ ਨੇ ਚੰਦੂ ਨੂੰ ਨੱਕ ਨਕੇਲ ਪਾ ਕੇ ਕੁੱਤਿਆਂ ਵਾਂਗ ਬੱਧਾ ਸੀ। ਸਾਰੇ ਲਾਹੌਰ ਸ਼ਹਿਰ ਦੀਆਂ ਗਲੀਆਂ ਬਾਜ਼ਾਰਾਂ 'ਚ ਘੁਮਾਇਆ ਘੜੀਸਿਆ ਸੀ। ਆਖਰ ਗੁਰਦਿੱਤੇ ਭੜਭੂੰਜੇ ਨੇ ਉਸ ਕੜਛੇ ਨਾਲ ਹੀ ਚੰਦੂ ਨੂੰ ਪਰਲੋਕ ਤੋਰਿਆ, ਜਿਸ ਕੜਛੇ ਨਾਲ ਉਸ ਨੇ ਗੁਰਾਂ ਦੇ ਸਰੀਰ, ਸੀਸ 'ਤੇ ਤੱਤੀ ਰੇਤ ਪਾਈ ਸੀ।

ਇਸ ਤੋਂ ਅੱਗੇ ਜਹਾਂਗੀਰ ਦਾ ਪੁੱਤਰ ਖੁਰਮ (ਸ਼ਾਹ ਜਹਾਨ) ਸੀ, ਉਸ ਨੇ ਸਿੱਖਾਂ ਨਾਲ ਪੰਗਾ ਪਾ ਕੇ ਤਿੰਨ ਵਾਰ ਮੂੰਹ ਦੀ ਖਾਧੀ। ਅੱਗੋਂ ਉਸ ਦਾ ਲੜਕਾ ਦਾਰਾ ਸ਼ਿਕੋਹ ਜੋ ਜਹਾਂਗੀਰ ਦਾ ਪੋਤਾ ਤੇ ਅਕਬਰ ਬਾਦਸ਼ਾਹ ਦਾ ਪੜਪੋਤਾ ਸੀ, ਉਹ ਗੁਰੂ ਘਰ ਨਾਲ ਬਹੁਤ ਸ਼ਰਧਾ ਰੱਖਦਾ ਸੀ, ਪਰ ਔਰੰਗਜ਼ੇਬ ਵੀ ਉਸ ਦਾ ਭਰਾ ਸੀ, ਜਿਸ ਨੇ ਦਾਰਾ ਸ਼ਿਕੋਹ ਨੂੰ ਮਾਰਨ ਲਈ ਸ਼ੇਰ ਦੀ ਮੁੱਛ ਦਾ ਵਾਲ ਖੁਆ ਕੇ ਬਿਮਾਰ ਪਾ ਦਿੱਤਾ। ਉਸ ਦਾਰਾ ਸ਼ਿਕੋਹ ਦਾ ਇਲਾਜ ਗੁਰੂ ਹਰਿ ਰਾਏ ਜੀ ਨੇ ਕੀਤਾ ਸ਼ੀ। ਉਹ ਗੁਰੂ ਸਾਹਿਬ ਬਾਰੇ ਅਕਸਰ ਆਖਦਾ 'ਵੋ ਫਕੀਰ ਰੱਬ ਕੀ ਜਾਤ, ਬੇਖਾਹਿਸ਼ ਜ਼ਾਹਿਰ ਕਰਾਮਾਤ'। ਭਾਵ ਕਿ ਉਹ ਫਕੀਰ ਬਿਨਾਂ ਕਿਸੇ ਖਾਹਸ਼ ਦੇ ਕਰਾਮਾਤ ਜ਼ਾਹਿਰ ਕਰ ਦਿੰਦਾ ਹੈ। ਉਸ ਦਾ ਇਸ਼ਾਰਾ ਬਿਨਾਂ ਕੁਝ ਮੰਗੇ ਗੁਰੂ ਸਾਹਿਬ ਦੁਆਰਾ ਇਲਾਜ ਕਰਨ ਵਲ ਸੀ, ਕਿਉਂਕਿ ਉਸ ਦਾ ਇਲਾਜ ਹੋਣਾ ਉਸ ਵਕਤ ਬਹੁਤ ਵੱਡੀ ਕਰਾਮਾਤ ਹੀ ਸੀ। ਉਨ੍ਹਾਂ ਸਮਿਆਂ ਵਿਚ ਹਕੀਮ ਮੂੰਹ ਮੰਗਿਆ ਪੈਸਾ ਲੈਂਦੇ ਸਨ।

ਏਸੇ ਤਰ੍ਹਾਂ ਅਕਬਰ ਬਾਦਸ਼ਾਹ ਨੂੰ ਵੀ ਪਹਿਲਾਂ ਭੜਕਾਇਆ ਗਿਆ ਸੀ ਕਿ ਸਿੱਖ ਗੁਰੂ ਤੁਹਾਡੇ ਧਰਮ ਬਾਰੇ ਮੰਦਾ-ਚੰਗਾ ਲਿਖਦੇ ਬੋਲਦੇ ਹਨ। ਤਦ ਜਦੋਂ ਬਾਦਸ਼ਾਹ ਅਕਬਰ ਨੇ ਚੰਗੀ ਤਰ੍ਹਾਂ ਬਾਣੀ 'ਤੇ ਵਿਚਾਰ ਕੀਤਾ, ਉਸ ਨੇ ਝੂਠੀਆਂ ਸ਼ਿਕਾਇਤਾਂ ਨੂੰ ਖਾਰਜ ਕਰਦੇ ਹੋਏ ਸਤਿਕਾਰ ਵਜੋਂ 51 ਮੋਹਰਾਂ ਭੇਟ ਕਰ ਕੇ ਸੀਸ ਨਿਵਾਇਆ ਸੀ। ਇਸ ਬਾਰੇ ਕਿਤਾਬ ਹਿਸਟਰੀ ਆਫ਼ ਦੀ ਸਿਖਸ ਦੇ ਪੰਨਾ 143-44 'ਤੇ ਵੀ ਦਰਜ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਗੜ੍ਹੀ ਤੋਂ ਵੈਰੀ ਨਾਲ ਜੂਝਦੇ ਬਚ ਨਿਕਲੇ ਤਾਂ ਉਨ੍ਹਾਂ ਨੂੰ ਕਿਸੇ ਵੀ ਹਿੰਦੂ 'ਤੇ ਭਰੋਸਾ ਨਹੀਂ ਸੀ ਰਿਹਾ। ਇਸ ਕਰਕੇ ਗੁਰੂ ਸਾਹਿਬ ਜੀ ਜ਼ਿਲ੍ਹਾ ਲੁਧਿਆਣਾ ਤਹਿਸੀਲ ਸਮਰਾਲਾ ਦੇ ਪਿੰਡ ਬਹਿਲੋਲਪੁਰ ਵਿਖੇ ਪੀਰ ਮੁਹੰਮਦ ਮੁਸਲਮਾਨ ਦੇ ਘਰ ਠਹਿਰੇ ਸਨ। ਆਪ ਨੇ ਓਥੇ ਭੋਜਨ ਛਕਿਆ ਤੇ ਸਿੰਘਾਂ ਨੂੰ ਆਖਿਆ ਕਿ ਮੁਸਲਮਾਨਾਂ ਨਾਲ ਰੋਟੀ ਦੀ ਸਾਂਝ ਬਣਾਈ ਰੱਖਣ। ਪਰ ਅੱਜ ਸਾਨੂੰ ਏਨੇ ਭੁਲੇਖਿਆ ਵਿਚ ਪਾਇਆ ਗਿਆ ਹੈ ਕਿ ਸਾਨੂੰ ਮੁਸਲਮਾਨਾਂ ਦੇ ਘਰੋਂ ਪਾਣੀ ਪੀਣਾ ਵੀ ਮਨ੍ਹਾਂ ਦੱਸਿਆ ਜਾਂਦਾ ਹੈ। ਇਕ ਹੋਰ ਬਾਂਹ ਨੂੰ ਤੇਲ ਲਾ ਕੇ ਤਿਲਾਂ ਦੀ ਬੋਰੀ 'ਚ ਪਾਉਣ ਵਾਲੀ ਕਹਾਣੀ ਵੀ ਮੁਸਲਮਾਨਾਂ ਨਾਲ ਸਿੱਖਾਂ ਦਾ ਵਿਵਹਾਰ ਕੌੜਾ-ਕਸੈਲਾ, ਭੈੜਾ ਤੇ ਸ਼ੱਕੀ ਬਣਾ ਰਹੀ ਹੈ, ਜਦ ਕਿ ਸਿੱਖ ਇਤਿਹਾਸ ਵਿਚ ਕਿਤੇ ਵੀ ਅਜਿਹੀ ਕਹਾਣੀ ਨਹੀਂ ਹੈ। ਗੁਰੂ ਸਾਹਿਬਾਨ ਨੇ ਅੱਜ ਤਕ ਕਿਤੇ ਵੀ ਬਾਣੀ ਅੰਦਰ ਜਾਂ ਇਤਿਹਾਸ ਅੰਦਰ ਸਾਨੂੰ ਕਿਸੇ ਧਰਮ ਬਾਰੇ ਮਾੜਾ ਨਹੀਂ ਆਖਿਆ। ਇਸ ਦਾ ਕਾਰਨ ਅਸੀਂ ਸਾਰੇ ਜਾਣਦੇ ਹਾਂ ਕਿ ਚੰਗੇ ਵੀ ਤੇ ਮਾੜੇ ਵੀ ਹਰ ਧਰਮ ਵਿਚ ਇਨਸਾਨ ਤੇ ਸ਼ੈਤਾਨ ਹੈਵਾਨ ਹੁੰਦੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਮੁਸਲਮਾਨਾਂ ਨੂੰ ਇਸ ਗੱਲ ਦਾ ਯਕੀਨ ਦਿਵਾਇਆ ਕਿ ਉਨ੍ਹਾਂ ਦੇ ਧਰਮ ਵਿਚ ਕੋਈ ਵੀ ਦਖਲ ਅੰਦਾਜ਼ੀ ਨਹੀਂ ਕੀਤੀ ਜਾਵੇਗੀ, ਜੋ ਸਿੱਖ ਧਰਮ ਨਾਲ ਛੇੜ-ਛਾੜ ਨਹੀਂ ਕਰਨਗੇ। ਇਸ ਲਈ ਮੁਗਲਾਂ ਦੇ ਪ੍ਰਤੀ ਲੜੀ ਜਾਣ ਵਾਲੀ ਜੰਗ ਵਿਚ ਕੁਝ ਮੁਸਲਮਾਨਾਂ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ ਸੀ। ਇਹ ਮੁਸਲਮਾਨ ਲਸ਼ਕਰ ਛੇ ਹਜ਼ਾਰ ਤੋਂ ਵੱਧ ਸਨ। ਇਸ ਗੱਲ ਦੀ ਪ੍ਰਸ਼ਟੀ ਅਖ਼ਬਾਰ-ਏ-ਦਰਬਾਰ-ਏ-ਮੁਅੱਲਾ (ਜੈਪੁਰ), ਬਹਾਦਰਸ਼ਾਹੀ (ਅਪ੍ਰੈਲ 28, 1711), ਰੁਕਾਤਿ ਏ ਆਮੀਨ-ਉਲ ਦੌਲਾ (ਜਿਲਦ 3) ਅੰਤ ਮਿਤੀ 21 ਰੱਬੀ-ਉਲ-ਅੱਵਲ ਵਿਚ ਦਰਜ ਹੈ।

ਗੁਰਬਾਣੀ ਅੰਦਰ 'ਮੁਗਲਾਂ' ਅਤੇ 'ਪਠਾਣਾਂ' ਦੀ ਆਪਸੀ ਲੜਾਈ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ, ਜੋ ਕਿ ਦੋਵੇਂ ਹੀ ਭਾਵੇਂ ਇਸਲਾਮ ਧਰਮ ਦੇ ਸਨ। ਇਸੇ ਤਰ੍ਹਾਂ ਤੁਰਕੀ ਵਾਲੇ ਪਾਸਿਓਂ ਅਰਬ ਦੇਸ਼ਾਂ ਵਿਚੋਂ ਆਉਣ ਵਾਲਿਆਂ ਨੂੰ 'ਤੁਰਕ' ਆਖਿਆ ਗਿਆ ਹੈ। ਇਸ ਕਰਕੇ ਕਈ ਮੁਸਲਮਾਨਾਂ ਨੇ ਮੁਗਲਾਂ ਵਿਰੁਧ ਲੜਾਈ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਕਿਉਂਕਿ ਮੁਗਲ ਰਾਜੇ ਮੁਸਲਮਾਨਾਂ ਤੇ ਪਠਾਣਾਂ ਨੂੰ ਵੀ ਤੰਗ ਕਰਦੇ ਤੇ ਮਾਰਦੇ ਸਨ। ਕਈ ਹਿੰਦੂ ਰਾਜੇ ਅਕਬਰ ਵਰਗਿਆਂ ਰਾਜਿਆਂ ਨੂੰ ਆਪਣੀਆਂ ਧੀਆਂ ਭੈਣਾਂ ਵਿਆਹੁੰਦੇ ਰਹੇ ਹਨ, ਖਾਸ ਕਰ ਰਾਜਪੂਤ ਪਹਾੜੀ ਰਾਜੇ, ਜਦ ਕਿ ਮੁਸਲਮਾਨ ਪਠਾਣ 'ਦੁੱਲਾ ਭੱਟੀ' ਦੀਆਂ ਭੈਣਾਂ ਤਖ਼ਤੇ-ਬਖ਼ਤੇ ਨੂੰ ਜਦੋਂ ਮੁਗਲ ਅਕਬਰ ਬੰਨ੍ਹ ਕੇ ਲੈ ਗਿਆ ਸੀ, ਤਦ ਦੁੱਲੇ ਭੱਟੀ ਨੇ ਨਿਜ਼ਾਮੁਦੀਨ ਹੱਥ ਸੁਨੇਹਾ ਭੇਜ ਕੇ ਬਾਦਸ਼ਾਹ ਅਕਬਰ ਨੂੰ ਵੰਗਾਰਿਆ ਸੀ:

ਮੈਂ ਭੰਨਾਂ ਦਿੱਲੀ ਦੇ ਕਿੰਗਰੇ
ਦੇਵਾਂ ਸ਼ੱਕਰ ਵਾਂਙੂੰ ਭੋਰ'
ਮੈਂ ਲਿਆਵਾਂ ਅਕਬਰ ਦੀਆਂ ਰਾਣੀਆਂ
ਬੰਨ੍ਹ ਕੇ ਖੋਤੀਆਂ ਵਾਂਗੂੰ ਤੋਰ।

ਸ਼ੇਰ ਸ਼ਾਹ ਸੂਰੀ ਜੋ ਕਿ ਬਹਾਦਰ ਪਠਾਣ ਰਾਜਾ ਹੋਇਆ ਹੈ। ਮੁਗਲਾਂ ਨੂੰ ਆਪਣੇ ਸਮੇਂ ਵਿਚ ਉਸ ਨੇ ਵੀ ਭਜਾਇਆ ਸੀ। ਏਸੇ ਤਰ੍ਹਾਂ ਹੀ ਕਿਸੇ ਸ਼ਾਇਰ ਨੇ ਪਠਾਣਾਂ ਤੇ ਮੁਗਲਾਂ ਵਿਚ ਅੰਤਰ ਕਰਦੇ ਹੋਏ ਦੱਸਿਆ ਹੈ ਕਿ- 'ਪਠਾਣ ਗੁਲਾਬ ਦਾ ਫੁੱਲ ਤੇ ਮੁਗਲ ਧਤੂਰੇ ਦੀਆਂ ਪੱਤੀਆਂ ਹਨ।' ਦੁੱਲਾ ਭੱਟੀ ਪਿੰਡ 'ਪਿੰਡੀ' ਦਾ ਰਹਿਣਾ ਵਾਲਾ ਇਕ ਐਸਾ ਸੂਰਬੀਰ ਯੋਧਾ ਮਾਂ ਲੱਧੀ ਨੇ ਜੰਮਿਆ ਸੀ ਕਿ ਉਸ ਨੇ ਬਾਦਸ਼ਾਹ ਅਕਬਰ ਅੱਗੇ ਸੀਸ ਨਹੀਂ ਸੀ ਝੁਕਾਇਆ, ਕਟਵਾ ਜ਼ਰੂਰ ਲਿਆ ਸੀ। ਇਸ ਦਾ ਭਰਾ ਮੇਹਰੂ ਪੋਸਤੀ ਵੀ ਮੁਗਲਾਂ ਨਾਲ ਲੜਿਆ ਸੀ।



ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮੁਗਲਾਂ ਤੇ ਪਠਾਣਾਂ ਦੀ ਲੜਾਈ ਬਾਰੇ ਆਖਦੇ ਹਨ ਕਿ ਮੁਗਲਾਂ ਨੇ ਤੋਪਾਂ ਤਾਣ ਲਈਆਂ ਤੇ ਪਠਾਣਾਂ ਨੇ ਹਾਥੀਆਂ ਨਾਲ ਚੜ੍ਹਾਈ ਕੀਤੀ। ਜਿਨ੍ਹਾਂ ਨੂੰ ਮੌਤ ਦੀ ਗੱਡੀ ਚੜ੍ਹਨ ਲਈ ਚਿੱਠੀ ਧੁਰ ਦਰਗਾਹੋਂ ਆ ਗਈ ਉਨ੍ਹਾਂ ਨੂੰ ਮਰਨਾ ਪੈਣਾ ਹੈ।

ਮੁਗਲ ਪਠਾਣਾ ਭਈ ਲੜਾਈ
ਰਣ ਮਹਿ ਤੇਗ ਵਗਾਈ॥
ਓਨੇ ਤੁਪਕ ਤਾਣਿ ਚਲਾਈ
ਓਨੇ ਹਸਤਿ ਚਿੜਾਈ॥
ਜਿਨੇ ਕੀ ਚੀਰੀ ਦਰਗਹ
ਪਾਟੀ ਤਿਨਾ ਮਰਣਾ ਭਾਈ॥

ਇਸੇ ਤਰ੍ਹਾਂ ਹੀ ਬਾਬਰ ਮੁਗਲ ਦੇ ਹਮਲੇ ਵਿਚ ਮੁਸਲਮਾਨੀਆਂ ਪਠਾਣੀਆਂ ਨੇ ਕਸ਼ਟਾਂ ਵਿਚ ਖੁਦਾ ਨੂੰ ਯਾਦ ਕੀਤਾ।

ਮੁਸਲਮਾਨੀਆਂ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥

ਮਈ 1930 ਵਿਚ ਜਦੋਂ ਸਿਵਲ-ਨਾ-ਫੁਰਮਾਨੀ ਲਹਿਰ ਵਿਚ ਹਿੱਸਾ ਲੈ ਰਹੇ ਇਕ ਸਿੱਖ ਪਰਿਵਾਰ ਦੇ ਸਾਰੇ ਜੀਆਂ ਨੂੰ ਫਰੰਗੀਆਂ ਨੇ ਗੋਲੀਆਂ ਮਾਰ-ਮਾਰ ਮੌਤ ਦੀ ਘਾਟ ਉਤਾਰ ਦਿੱਤਾ, ਤਦ ਉਨ੍ਹਾਂ ਦੀਆਂ ਲਾਸ਼ਾਂ ਨੂੰ ਪੇਸ਼ਾਵਰ ਦੇ ਪਠਾਣਾਂ ਨੇ ਇਕ ਜਲੂਸ ਦੀ ਸ਼ਕਲ ਵਿਚ ਸਾਰੇ ਸ਼ਹਿਰ ਵਿਚ ਘੁਮਾਇਆ ਤੇ ਇਸ ਕਾਰਵਾਈ ਦੀ ਨਿਖੇਧੀ ਕੀਤੀ। ਜਵਾਬ ਵਿਚ ਕਈ ਪਠਾਣਾਂ ਨੂੰ ਵੀ ਫਰੰਗੀਆਂ ਨੇ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਮਾਰਿਆ। ਉਨ੍ਹਾਂ ਪਠਾਣਾਂ ਦਾ ਖੂਨ ਪੇਸ਼ਾਵਰ ਦੀਆਂ ਸੜਕਾਂ 'ਤੇ ਇਸ ਗੱਲ ਦੀ ਗਵਾਹੀ ਕਈ ਦਿਨਾਂ ਤਕ ਭਰਦਾ ਰਿਹਾ ਕਿ ਨਬੀ ਖਾਨ ਤੇ ਗਨੀ ਖਾਨ ਦਾ ਵੰਸ਼ ਅਜੇ ਚੱਲਦਾ ਹੈ। ਸਿੱਖਾਂ ਪ੍ਰਤੀ ਮੁਸਲਮਾਨਾਂ ਦਾ ਹਮਦਰਦੀ ਪ੍ਰਗਟ ਕਰਨਾ ਇਹ ਪਹਿਲੀ ਵਾਰ ਨਹੀਂ ਸੀ, ਗੁਰੂ ਸਾਹਿਬ ਦੇ ਸਮੇਂ ਤੋਂ ਹੀ ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਗੁਰੂ ਘਰ ਦੇ ਸੇਵਕ ਚੱਲੇ ਆ ਰਹੇ ਹਨ।

ਪਠਾਣਾਂ ਦੁਆਰਾ ਸਿੱਖਾਂ ਲਈ ਖੂਨ ਵਹਾਉਣ ਬਾਰੇ ਮਾਸਟਰ ਤਾਰਾ ਸਿੰਘ ਵੀ ਲਿਖਦਾ ਹੈ। ਜਿਵੇਂ 1846 ਨੂੰ ਹੋਏ ਸਿੱਖ-ਫਰੰਗੀ ਯੁੱਧ ਵਿਚ ਸਿੱਖ ਮੁਸਲਮਾਨ ਭਰਾ ਇਕੱਠੇ ਲੜਦੇ ਰਹੇ ਹਨ, ਜਿਸ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:-

'ਆਈਆਂ ਪੜਤਾਲਾਂ ਬੀੜ ਕੇ ਤੋਪਖਾਨੇ
ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ
ਹੱਲੇ ਤਿੰਨੋਂ ਫਰੰਗੀ ਦੇ ਤੋੜ ਸੁੱਟੇ
ਸ਼ਾਮ ਸਿੰਘ ਅਟਾਰੀ ਵਾਲੇ
ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂ ਲਹੂ ਨਿਚੋੜ ਸੁੱਟੇ'

ਇਤਿਹਾਸ ਗਵਾਹ ਹੈ ਕਿ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ 'ਰਹਿੜੇ ਦੇ ਘੱਲੂਘਾਰੇ' ਸਮੇਂ ਅਬਦਾਲੀ ਦੇ ਸਿਪਾਹੀ ਕੁਝ ਕੀਮਤੀ ਸਾਮਾਨ ਲੁੱਟ ਕੇ ਕਾਬਲ ਨੂੰ ਲੈ ਗਏ ਸਨ। ਇਹ ਪਿੰਡ ਲੁਧਿਆਣਾ-ਧੂਰੀ ਰੇਲਵੇ ਲਾਈਨ ਤੇ ਮੰਡੀ ਅਹਿਮਦਗੜ੍ਹ ਤੇ ਮਲੇਰਕੋਟਲਾ ਸਟੇਸ਼ਨਾਂ ਦੇ ਵਿਚਕਾਰ ਹੈ। ਜਦ ਉਨ੍ਹਾਂ ਵੇਖਿਆ ਕਿ ਲੁੱਟ ਦੇ ਸਮਾਨ ਵਿਚ ਇਕ ਬੀੜ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਆ ਗਿਆ ਹੈ, ਤਾਂ ਉਸ ਵਕਤ ਉਨ੍ਹਾਂ ਨੇ ਉਹ ਬੀੜ ਸਹੀ ਸਲਾਮਤ ਅਦਬ ਸਤਿਕਾਰ ਸਹਿਤ ਕਾਬਲ ਦੇ ਸਿੱਖਾਂ ਨੂੰ ਦੇ ਦਿੱਤੀ ਸੀ, ਜੋ ਅੱਜ ਵੀ ਕਾਬਲ ਵਿਚ ਅਫਗਾਨਿਸਤਾਨ ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਚ ਮੌਜੂਦ ਹੈ। ਜਿਸ ਗੁਰਦੁਆਰਾ ਸਾਹਿਬ ਦੀ ਧਰਤੀ 'ਤੇ ਗੁਰੂ ਤੇਗ ਬਹਾਦਰ ਨੌਂਵੇ ਪਾਤਸ਼ਾਹ ਜੀ ਗਏ ਸਨ।

ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਦੇ ਫੜਾਉਣ 'ਤੇ ਨੀਹਾਂ ਵਿਚ ਚਿਣਨ ਦਾ ਹੁਕਮ ਹੋਇਆ, ਤਦ ਕਾਜ਼ੀ ਨੇ ਮਨ੍ਹਾ ਕੀਤਾ ਕਿ ਇਹ ਸ਼ਰ੍ਹਾ ਦੇ ਮੁਤਾਬਿਕ ਠੀਕ ਨਹੀਂ ਹੈ। ਫਿਰ ਸੁੱਚਾ ਨੰਦ ਖੱਤਰੀ ਨੇ ਆਖਿਆ- ''ਸ਼ੇਰ ਮੁਹੰਮਦ, ਇਨ੍ਹਾਂ ਦੇ ਬਾਪ ਨੇ ਤੇਰੇ ਭਰਾ ਨੂੰ ਮਾਰਿਆ ਹੈ, ਤੂੰ ਇਨ੍ਹਾਂ ਪਾਸੋਂ ਬਦਲਾ ਲੈ ਲਾ।'' ਤਦ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਨੇ ਆਖਿਆ- ''ਆਪਣੇ ਭਰਾ ਦਾ ਬਦਲਾ ਅਸੀਂ ਇਨ੍ਹਾਂ ਦੇ ਬਾਪ ਤੋਂ ਲਵਾਂਗੇ, ਸਾਨੂੰ ਖੁਦਾ ਇਨ੍ਹਾਂ- ਬੱਚਿਆਂ ਦੇ ਕਤਲ ਕਰਨ ਵਾਲੇ ਪਾਪ ਤੋਂ ਬਚਾਈ ਰੱਖੇ।''

'ਬਦਲਾ ਹੀ ਲੇਨਾ ਹੈ ਤੋ ਹਮ ਲੇਂਗੇ ਬਾਪ ਸੇ
ਮਹਿਫੂਜ਼ ਰਖੇ ਹਮਕੋ ਖੁਦਾ ਐਸੇ ਪਾਪ ਸੇ'
'ਬਾਲਕ ਸ਼ੀਰ ਖੋਰ ਕਿਆ ਦੋਸ਼,
ਹਾਣ ਲਾਭ ਕੀ ਇਨਹੇ ਨਾ ਹੋਸ਼'

ਇਸੇ ਕਰਕੇ ਹੀ ਸਾਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਖਿਆ ਸੀ ਕਿ ਸਾਰੇ ਮੁਗਲਾਂ ਵਿਚੋਂ ਸਿਰਫ ਮਲੇਰਕੋਟਲੇ ਦੇ ਮੁਗਲਾਂ ਤੇ ਮੁਸਲਮਾਨਾਂ ਨੂੰ ਕਦੀ ਵੀ ਬਿਪਤਾ ਸਮੇਂ ਸਾਥ ਦੇਣਾ ਹੈ।

ਅਗਰ ਤੁਰਕ ਸਭ ਹੀ ਜਰ ਦਹੈ।।
ਏਕ ਮਲੇਰੀਅਨ ਕੀ ਜੜ ਰਹੈ॥

ਜੇਕਰ ਅਸੀਂ ਤੋਸ਼ਾਖਾਨਾ ਸ੍ਰੀ ਹਰਿਮੰਦਰ ਸਾਹਿਬ ਜਾਈਏ ਤਾਂ ਓਥੇ ਇਕ ਚੌਰ ਸਾਹਿਬ ਮਿਲੇਗਾ, ਜਿਸ ਨੂੰ 'ਚੌਰ ਚੰਦਨ' ਵੀ ਆਖਿਆ ਜਾਂਦਾ ਹੈ ਕਿਉਂਕਿ ਕਿਸੇ ਮੁਸਲਮਾਨ ਫਕੀਰ ਹਾਜੀ ਮਸਕੀਨ ਨੇ ਇਹ ਦੋ ਚੌਰ ਨੌਂ-ਮਣ ਚੌਦਾਂ ਸੇਰ ਪੱਕੇ ਦੀ ਲੱਕੜ ਨਾਲੋਂ ਵਾਲ ਤਰਾਸ਼ ਕੇ ਬਣਾਏ ਸਨ। ਇਨ੍ਹਾਂ ਦੋਹਾਂ ਵਿਚੋਂ ਦਰਬਾਰ ਸਾਹਿਬ ਵਿਖੇ ਮੌਜੂਦਾ ਚੌਰ ਦੇ ਵਾਲਾਂ (ਰੇਸ਼ਿਆਂ) ਦੀ ਗਿਣਤੀ ਇਕ ਲੱਖ ਪੰਜਤਾਲੀ ਹਜ਼ਾਰ ਹੈ। ਦੂਜਾ ਚੌਰ ਇਸ ਹਾਜੀ ਮਸਕੀਨ ਨੇ ਮੱਕੇ ਭੇਟ ਕੀਤਾ ਸੀ। ਕਿਉਂਕਿ ਖੁਦਾ ਦਾ ਦਰਵੇਸ਼ ਇਹ ਫਕੀਰ ਹਰ ਖੁਦਾ ਦੀ ਜਗ੍ਹਾ 'ਤੇ ਜ਼ਿਆਰਤ ਕਰਨ ਲਈ ਗਿਆ ਸੀ। ਜਦੋਂ ਮੱਕੇ ਪਹੁੰਚਿਆ ਤਾਂ ਉਸ ਨੂੰ ਗੁਰੂ ਨਾਨਕ ਦੇਵ ਜੀ ਬਾਰੇ ਕਥਾ ਕਹਾਣੀ ਦਾ ਪਤਾ ਲੱਗਾ ਫਿਰ ਇਹ ਅੰਮ੍ਰਿਤਸਰ ਸਾਹਿਬ ਵਿਖੇ ਜਦੋਂ ਦਰਬਾਰ ਸਾਹਿਬ ਆਇਆ ਤਾਂ ਇਸ ਨੇ ਵੇਖਿਆ ਕਿ ਇਥੇ ਜਾਤ-ਪਾਤ ਜਾਂ ਧਰਮ ਮਜ਼ਬ ਦਾ ਕੋਈ ਵਿਤਕਰਾ ਨਹੀਂ ਹੈ, ਸਭ ਧਰਮਾਂ ਦੇ ਸ਼ਰਧਾਲੂ ਸੇਵਕ ਸੰਗਤ ਰੂਪ ਵਿਚ ਇਕੱਠੇ ਇਕ ਪੰਗਤ ਵਿਚ ਲੰਗਰ ਛਕਦੇ ਹਨ, ਤਦ ਇਸ ਨੇ ਇਹ ਚੌਰ ਸਾਹਿਬ ਦਸੰਬਰ 1925 ਵਿਚ ਦਰਬਾਰ ਸਾਹਿਬ ਭੇਟ ਕੀਤਾ ਤੇ ਆਖਿਆ ਕਿ 'ਜੇਕਰ ਮੈਂ ਪਹਿਲਾਂ ਏਥੇ ਆ ਜਾਂਦਾ ਤਾਂ ਦੋਵੇਂ ਚੌਰ ਇਥੇ ਭੇਟ ਕਰ ਦੇਣੇ ਸਨ।'

ਉਸ ਵਕਤ ਪ੍ਰਬੰਧਕ ਕਮੇਟੀ ਨੇ ਇਸ ਹਾਜੀ ਫਕੀਰ ਨੂੰ ਇਕੱਤਰ ਸੌ ਪੌਂਡ ਤੇ ਗਰਮ ਸ਼ਾਲ ਸਿਰੋਪਾਓ ਵਾਂਗ ਬਖਸ਼ਿਸ਼ ਕੀਤਾ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ 'ਉੱਚ ਦੇ ਪੀਰ' ਦਾ ਬਾਣਾ ਪਹਿਨਾ ਕੇ ਦੁਸ਼ਮਣ ਮੁਗਲਾਂ ਦੇ ਘੇਰੇ 'ਚੋਂ ਬਾਹਰ ਲੈ ਕੇ ਆਉਣ ਵਾਲੇ ਮੁਸਲਮਾਨ ਨਬੀ ਖਾਨ ਤੇ ਗਨੀ ਖਾਨ ਸਨ, ਜੋ ਕਿ ਪੀਰ ਬੁੱਧੂ ਸ਼ਾਹ ਦੇ ਵੰਸ਼ ਵਿਚੋਂ ਹੋਏ ਹਨ। ਜਿਨ੍ਹਾਂ ਗੁਰੂ ਸਾਹਿਬ ਜੀ ਨੂੰ ਮੁਗਲਾਂ ਨਾਲ ਯੁੱਧ ਕਰਨ ਲਈ ਪੰਜ ਸੌ ਸਿਪਾਹੀ ਦਿੱਤੇ ਸਨ। ਜਦ ਸਿਪਾਹੀ ਯੁੱਧ ਛੱਡ ਕੇ ਵਾਪਸ ਘਰਾਂ ਨੂੰ ਆ ਗਏ, ਓਦੋਂ ਪੀਰ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਗੁਰੂ ਸਾਹਿਬ ਜੀ ਨੂੰ ਪੰਜ ਸੌ ਸਿਪਾਹੀ ਆਪਣੇ ਪੁੱਤਰਾਂ ਸਮੇਤ ਦੇ ਦਿੱਤੇ।

ਇਕ ਵਾਰੀ ਲੜਾਈ ਦੌਰਾਨ ਜ਼ਖ਼ਮੀ ਹੋਇਆ ਯੋਧਾ ਬਚਿੱਤਰ ਸਿੰਘ, ਨਿਹੰਗ ਖਾਨ ਨਾਉਂ ਦੇ ਮੁਸਲਮਾਨ ਪਠਾਣ ਦੇ ਘਰ ਆ ਗਿਆ। ਇਹ ਮੁਸਲਮਾਨ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਭਾਈ ਬਚਿੱਤਰ ਸਿੰਘ ਪਿੱਛੇ ਦੁਸ਼ਮਣ ਮੁਗਲ ਆ ਰਹੇ ਸਨ। ਜਦੋਂ ਮੁਗਲ ਸਿਪਾਹੀ ਬਚਿੱਤਰ ਸਿੰਘ ਦਾ ਪਿੱਛਾ ਕਰਦੇ ਹੋਏ ਨਿਹੰਗ ਖਾਂ ਦੇ ਘਰ ਪਹੁੰਚੇ, ਤਦ ਉਸ ਨੇ ਬਚਿੱਤਰ ਸਿੰਘ ਨੂੰ ਆਪਣੀ ਲੜਕੀ ਮੁਮਤਾਜ਼ ਦੇ ਕਮਰੇ ਵਿਚ ਪਲੰਘ 'ਤੇ ਲਿਟਾ ਦਿੱਤਾ। ਮੁਗਲਾਂ ਨੇ ਜਦ ਬਚਿੱਤਰ ਸਿੰਘ ਬਾਰੇ ਪੁੱਛਿਆ ਤਾਂ ਨਿਹੰਗ ਖਾਂ ਨੇ ਆਖਿਆ- ''ਤੁਸੀਂ ਸਾਰੇ ਘਰ ਦੀ ਤਲਾਸ਼ੀ ਲੈ ਸਕਦੇ ਹੋ, ਉਸ ਕਮਰੇ ਵਿਚ ਮੇਰੀ ਧੀ ਤੇ ਜਵਾਈ ਆਰਾਮ ਫਰਮਾ ਰਹੇ ਨੇ।'' ਤਦ ਮੁਗਲ ਸਾਰੇ ਘਰ ਨੂੰ ਤਲਾਸ਼ ਕੇ ਚਲੇ ਗਏ। ਕੋਟਲਾ ਨਿਹੰਗ ਖਾਂ ਦੀ ਲੜਕੀ ਬੀਬੀ ਮੁਮਤਾਜ਼ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਇਹ ਮੁਸਲਮਾਨ ਬੀਬੀ ਦੀ ਬਹਾਦਰੀ ਤੇ ਜਤ-ਸਤ ਸੀ। ਉਸ ਨੇ ਆਪਣੇ ਅੱਬਾ ਦੁਆਰਾ ਕਹੇ ਬਚਨਾਂ ਤੋਂ ਮੁੜ ਕੇ ਸਾਰੀ ਉਮਰ ਵਿਆਹ ਕਰਵਾਉਣਾ ਠੀਕ ਨਾ ਸਮਝਿਆ।

ਪਾਕਿਸਤਾਨ ਦੇ ਜ਼ਿਲ੍ਹਾ ਗੁੱਜਰਾਂਵਾਲਾ ਵਿਚ ਪਿੰਡ ਅਰੂਪ ਪੈਂਦਾ ਹੈ। ਇਸ ਵਿਚ ਇੱਕੋ ਗੋਤ 'ਭਿੰਡਰ' ਦੇ ਬਾਸ਼ਿੰਦੇ ਮੁਸਲਮਾਨ ਵੀ ਨੇ ਤੇ ਸਿੱਖ ਵੀ ਹਨ। ਓਥੇ ਪੰਜਾਬ ਦੇ ਸਾਬਕਾ ਵਜ਼ੀਰ-ਏ-ਆਲਾ ਚੌਧਰੀ ਪ੍ਰਵੇਜ਼ ਇਲਾਹੀ ਹਨ। ਇਨ੍ਹਾਂ ਦਾ ਜੱਦੀ ਪਿੰਡ ਅਰੂਪ ਹੈ। ਸੰਨ 1982 ਵਿਚ ਸਿੱਖਾਂ ਦਾ ਜਥਾ ਜੋ ਪਾਕਿਸਤਾਨ ਗਿਆ ਸੀ, ਉਸ ਨੂੰ ਅੱਖਾਂ 'ਤੇ ਚੁੱਕ ਪ੍ਰਵੇਜ਼ ਇਲਾਹੀ ਦੇ ਤਾਇਆ ਸ੍ਰੀ ਚੌਧਰੀ ਜ਼ਹੂਰ ਇਲਾਹੀ ਨੇ ਐਲਾਨ ਕਰ ਦਿੱਤਾ ਸੀ ਕਿ ਭਾਰਤ ਵਿਚੋਂ ਜਿੰਨੇ ਵੀ ਸਿੱਖ ਭਰਾ ਜਥੇ ਵਿਚ ਆਏ ਹਨ, ਲਾਹੌਰ ਤੋਂ ਕੁਝ ਵੀ ਖਰੀਦ ਕੇ ਲੈ ਜਾਣ, ਮੈਂ ਬਿੱਲਾਂ ਦਾ ਭੁਗਤਾਨ ਕਰਾਂਗਾ। ਸਾਢੇ ਬਾਈ ਲੱਖ ਰੁਪਏ ਦਾ ਭੁਗਤਾਨ ਉਸ ਵਕਤ ਇਲਾਹੀ ਨੇ ਅੱਜ ਤੋਂ 26 ਸਾਲ ਪਹਿਲਾਂ ਕੀਤਾ ਸੀ। ਇਸੇ ਸਾਲ ਪਾਕਿਸਤਾਨ ਦੇ ਵਜ਼ੀਰੇ ਆਲਾ ਚੌਧਰੀ ਪ੍ਰਵੇਜ਼ ਇਲਾਹੀ ਨੇ ਐਲਾਨ ਕੀਤਾ ਕਿ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹੀਦੀ ਨੂੰ ਮੁੱਖ ਰੱਖ ਕੇ ਚਿੱਠੀਆਂ 'ਤੇ ਲਾਉਣ ਵਾਲੀ ਟਿਕਟ ਪਾਕਿਸਤਾਨ ਸਰਕਾਰੀ ਜਾਰੀ ਕਰੇਗੀ। ਫਿਰ ਸੰਨ 2006 ਦੇ ਏਸੇ ਸ਼ਹੀਦੀ ਪੁਰਬ ਉੱਪਰ ਇਹ ਟਿਕਟ ਰਿਲੀਜ਼ (ਸ਼ੁਰੂ) ਵੀ ਕੀਤੀ ਗਈ।

ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦੁਆਰਾ ਕੀਤੇ ਬਚਨਾਂ ਅਤੇ ਗੁਰਬਾਣੀ ਦੇ ਪ੍ਰਚਾਰ ਕਾਰਨ ਇਕ ਮੁਸਲਿਮ ਬੀਬੀ ਮਾਤਾ ਕੌਲਾਂ ਗੁਰ ਘਰ ਦੀ ਗੁਰਸਿੱਖ ਬੀਬੀ ਬਣ ਗਈ। ਇਹ ਬੀਬੀ ਰੁਸਤਮ ਖਾਂ ਦੀ ਦਾਸੀ ਸੀ। ਪਰ ਮੀਆਂ ਮੀਰ ਜੀ ਵਾਂਗ ਉਨ੍ਹਾਂ ਦੇ ਮੁਤਾਬਕ ਹੀ ਸਿੱਖ ਧਰਮ ਦਾ ਸਤਿਕਾਰ ਕਰਨ ਲੱਗੀ ਅਤੇ ਗੁਰਸਿੱਖ ਬਣ ਗਈ। ਇਸ ਨੂੰ ਰੁਸਤਮ ਖਾਂ ਮਾਰਦਾ ਕੁੱਟਦਾ ਰਹਿੰਦਾ ਸੀ। ਇਸ ਕਰਕੇ ਬੀਬੀ ਨੇ ਮੁਰੀਦ ਸ਼ਾਹ ਨੂੰ ਬੇਨਤੀ ਕੀਤੀ ਕਿ ਮੈਨੂੰ ਅੰਮ੍ਰਿਤਸਰ ਸਾਹਿਬ ਗੁਰੂ ਘਰ ਦੀ ਸੇਵਾ ਲਈ ਛੱਡ ਆਵੇ। ਇਸ ਬੀਬੀ ਦੀ ਯਾਦ ਵਿਚ ਹੀ ਗੁਰਦੁਆਰਾ ਕੌਲਸਰ ਹੈ। ਗੁਰੂ ਸਾਹਿਬ ਨੇ ਇਸ ਬੀਬੀ ਦੀ ਯਾਦਗਾਰ ਲਈ ਇਹ ਗੁਰਦੁਆਰਾ ਬਣਵਾਇਆ ਸੀ। ਮਾਤਾ ਕੌਲਾਂ ਜੀ ਦੇ ਨਾਂ ਹੇਠ ਹੁਣ ਅੰਮ੍ਰਿਤਸਰ ਹਸਪਤਾਲ ਵੀ ਬਣਾਇਆ ਜਾ ਚੁੱਕਾ ਹੈ।

# ਖੋਜ ਦੀ ਬਿਰਤੀ ਹੀ ਇਤਿਹਾਸਕਾਰੀ ਵਲ ਲੈ ਗਈ

ਗੱਲ-ਬਾਤ

## ਇਤਿਹਾਸਕਾਰ ਜੇ.ਐਸ.ਗਰੇਵਾਲ ਨਾਲ ਮੁਲਾਕਾਤ

***ਡਾ. ਜਗਤਾਰ ਸਿੰਘ ਗਰੇਵਾਲ ਪੰਜਾਬੀ ਖਾਸ ਕਰਕੇ ਸਿੱਖ ਇਤਿਹਾਸਕਾਰੀ ਨੂੰ ਆਧੁਨਿਕ ਲੀਹਾਂ 'ਤੇ ਢਾਲਣ ਦੇ ਖੇਤਰ ਵਿਚ ਡਾ. ਗੰਡਾ ਸਿੰਘ ਅਤੇ ਪ੍ਰੋ. ਹਰੀ ਰਾਮ ਗੁਪਤਾ ਤੋਂ ਅਗਲੇ ਪੜਾਅ ਦਾ ਨਾਂ ਹੈ। ਉਹ ਸਾਡੇ ਸਮਿਆਂ 'ਚ ਪੰਜਾਬ ਦੇ ਸਭ ਤੋਂ ਪ੍ਰਬੁੱਧ ਇਤਿਹਾਸਕਾਰ ਹਨ। ਇਤਿਹਾਸ ਲੇਖਣ ਵਿਚ ਉਨ੍ਹਾਂ ਨੇ ਨਵੀਆਂ ਪੈੜਾਂ ਪਾਈਆਂ।ਸਿੱਖ ਇਤਿਹਾਸਕਾਰੀ ਦੇ ਖੇਤਰ ਵਿਚ ਉਨ੍ਹਾਂ ਦੇ ਕੰਮ ਦੀ ਅਹਿਮੀਅਤ ਨੂੰ ਤਸਲੀਮ ਕਰਦੇ ਹੋਏ ਕੈਂਬਰਿਜ ਯੂਨੀਵਰਸਿਟੀ ਪ੍ਰੈਸ ਵਲੋਂ 30 ਜਿਲਦਾਂ ਵਿਚ 'ਦਾ ਨਿਊ ਕੈਂਬਰਿਜ ਹਿਸਟਰੀ ਆਫ ਇੰਡੀਆ' ਸਿਰਲੇਖ ਹੇਠ ਤਿਆਰ ਕਰਵਾਏ ਜਾ ਰਹੇ ਪ੍ਰਾਜੈਕਟ ਦੇ ਸਬੰਧ ਵਿਚ ਉਨ੍ਹਾਂ ਕੋਲੋਂ ਪੰਜਾਬ ਦੇ ਸਿੱਖਾਂ ਬਾਰੇ 'ਦਾ ਸਿਖਸ ਆਫ ਪੰਜਾਬ' ਪੁਸਤਕ ਲਿਖਵਾਈ ਗਈ ਜੋ 1994 ਵਿਚ ਪ੍ਰਕਾਸ਼ਤ ਹੋਈ। ਅਗਲੇ ਵਰ੍ਹੇ ਉਨ੍ਹਾਂ ਅਕਾਲੀ ਪਾਰਟੀ ਦਾ ਇਤਿਹਾਸ ਲਿਖਿਆ ਜੋ ਪਹਿਲਾਂ ਅੰਗਰੇਜ਼ੀ ਵਿਚ ਛਪਿਆ ਅਤੇ ਫਿਰ ਪੰਜਾਬੀ ਅਨੁਵਾਦ। ਇਥੇ ਪੇਸ਼ ਹੈ ਉਨ੍ਹਾਂ ਨਾਲ ਇਕ ਮੁਲਾਕਾਤ। -ਸੰਪਾਦਕ***

**ਗੁਰਦਿਆਲ ਸਿੰਘ ਬੱਲ**

ਸਵਾਲ-ਇਤਿਹਾਸ ਲਿਖਣ ਵਲ ਤੁਹਾਡੀ ਰੁਚੀ ਕਿਵੇਂ ਪੈਦਾ ਹੋਈ?

-ਡਾ. ਗਰੇਵਾਲ-ਸ਼ੁਰੂ ਵਿਚ ਸਿੱਧੇ ਤੌਰ 'ਤੇ ਮੇਰੀ ਇਸ ਕਿਸਮ ਦੀ ਕੋਈ ਰੁਚੀ ਨਹੀਂ ਸੀ ਬਲਕਿ ਜ਼ਿਆਦਾ ਰੁਚੀ ਫੁਟਬਾਲ ਖੇਡਣ ਵਿਚ ਸੀ। ਐਫ.ਸੀ.ਕਾਲਜ, ਲਾਹੌਰ ਵਿਚ ਬੀ.ਏ. ਕਰਦਿਆਂ ਮੈਂ ਟੀਮ ਦਾ ਮੈਂਬਰ ਸਾਂ। ਸਾਡੀ ਟੀਮ ਉਸ ਸਮੇਂ ਪੰਜਾਬ ਦੀਆਂ ਤਕੜੀਆਂ ਟੀਮਾਂ ਵਿਚੋਂ ਸੀ। ਮੇਰੀ ਰੁਚੀ ਅੰਗਰੇਜ਼ੀ ਅਤੇ ਉਰਦੂ ਸਾਹਿਤ ਦੇ ਅਧਿਐਨ ਵਿਚ ਵੀ ਸੀ। ਵੰਡ ਸਮੇਂ ਮੈਂ ਅੰਗਰੇਜ਼ੀ ਦੀ ਐਮ.ਏ. ਕਰ ਰਿਹਾ ਸਾਂ ਜੋ ਕਿ ਇਧਰ ਆਉਣ ਕਰਕੇ ਵਿਚਾਲੇ ਰਹਿ ਗਈ। ਪ੍ਰੰਤੂ ਇਧਰ ਆ ਕੇ ਮੈਂ ਲੁਧਿਆਣਾ ਦੇ ਸਰਕਾਰੀ ਕਾਲਜ ਵਿਚੋਂ ਦੁਬਾਰਾ ਅੰਗਰੇਜ਼ੀ ਦੀ ਐਮ.ਏ. ਸ਼ੁਰੂ ਕਰਕੇ ਇਕੋ ਸਾਲ ਅੰਦਰ (1949) ਪਾਸ ਕਰ ਲਈ। ਫੁਟਬਾਲ ਖੇਡਣਾ ਵੀ ਜਾਰੀ ਰੱਖਿਆ ਅਤੇ ਉਸ ਵਰ੍ਹੇ ਮੈਂ ਆਪਣੇ ਕਾਲਜ ਦੀ ਟੀਮ ਦੀ ਕਪਤਾਨੀ ਵੀ ਕੀਤੀ। ਅਗਲੇ ਵਰ੍ਹੇ ਜੁਗਰਾਫੀਏ ਦੀ ਐਮ.ਏ. ਕਰਨ ਤੋਂ ਬਾਅਦ ਰਿਵਾਜ਼ ਅਨੁਸਾਰ ਮੈਂ ਸਿਵਲ ਸਰਵਿਸਿਜ਼ ਦਾ ਇਮਤਿਹਾਨ ਪਾਸ ਕੀਤਾ। ਕ੍ਰਿਪਾਲ ਸਿੰਘ ਢਿੱਲੋਂ ਜੋ 1985 ਵਿਚ ਪੰਜਾਬ ਦੇ ਡੀ.ਜੀ.ਪੀ ਬਣੇ, ਨੇ ਵੀ ਉਸ ਸਮੇਂ ਮੇਰੇ ਨਾਲ ਆਈ.ਪੀ.ਐਸ. ਕੀਤੀ ਸੀ। ਪਰੰਤੂ ਮੇਰੀ ਪੁਲੀਸ ਦੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਸੀ। ਚੋਣਕਾਰਾਂ ਨੇ ਉਸੇ ਇਮਤਿਹਾਨ ਦੇ ਆਧਾਰ 'ਤੇ ਆਡਿਟ ਐਂਡ ਅਕਾਊਂਟਸ ਸਰਵਿਸਿਜ਼ ਲਈ ਚੁਣ ਲਿਆ। ਮੈਂ ਨਾਗਪੁਰ ਜਾ ਕੇ ਟਰੇਨਿੰਗ ਵੀ ਕਰਨੀ ਸ਼ੁਰੂ ਕਰ ਦਿੱਤੀ। ਪਰੰਤੂ ਦੋ ਕੁ ਮਹੀਨਿਆਂ ਵਿਚ ਹੀ ਮੈਨੂੰ ਪਤਾ ਲਗ ਪਿਆ ਕਿ ਮੈਂ ਬਹੁਤ ਕਸੂਤਾ ਫਸ ਗਿਆ ਹਾਂ। ਅਜਿਹੇ ਕੰਮ ਵਿਚ ਮੇਰੀ ਕੋਈ ਦਿਲਚਸਪੀ ਨਹੀਂ। ਨਾਲ ਹੀ ਮਨ ਵਿਚ ਇਹ ਸਵਾਲ ਉਠਣ ਲਗ ਪਿਆ ਕਿ ਫਿਰ ਦਿਲਚਸਪੀ ਹੈਗੀ ਕਿਸ ਗੱਲ ਵਿਚ। ਇਸੇ ਸਮੇਂ ਦੌਰਾਨ ਮਨ ਅੰਦਰ ਪੁਰਾਣੀਆਂ ਇਤਿਹਾਸਕ ਅਤੇ ਪ੍ਰਾਚੀਨ ਸਭਿਆਚਾਰਕ ਅਹਿਮੀਅਤ ਵਾਲੀਆਂ ਥਾਂਵਾਂ ਨੂੰ ਵੇਖਣ ਦੀ ਲਲਕ ਪੈਦਾ ਹੋਣ ਲਗੀ ਅਤੇ ਮੈਂ ਘਰੋਂ ਜੋ ਚਾਰ ਪੈਸੇ ਮਿਲਦੇ ਸਨ, ਉਨ੍ਹਾਂ ਵਿਚ ਹੀ ਸੰਗ ਸਰਫੇ ਨਾਲ ਅਜੰਤਾ, ਐਲੋਰਾ, ਐਲੀਫੈਂਟਾ ਆਦਿ ਗੁਫਾਵਾਂ, ਅਮਰਾਵਤੀ ਅਤੇ ਹੋਰ ਅਨੇਕਾਂ ਥਾਂਵਾਂ ਦਾ ਭ੍ਰਮਣ ਕੀਤਾ। ਫਿਰ ਟਰੇਨਿੰਗ ਸੈਂਟਰ ਵਾਲਿਆਂ ਨੂੰ ਅਲਵਿਦਾ ਆਖਕੇ ਵਾਪਸ ਘਰੇ ਆ ਗਿਆ। ਇਹੋ ਉਹ ਸਮਾਂ ਸੀ ਜਦੋਂ ਮੇਰੇ ਮਨ ਅੰਦਰ ਪਹਿਲਾਂ ਪ੍ਰਾਚੀਨ ਅਤੇ ਫਿਰ ਮੱਧਕਾਲੀ ਭਾਰਤ ਦੇ ਇਤਿਹਾਸ ਨੂੰ ਜਾਨਣ ਸਮਝਣ ਵਾਸਤੇ ਗਹਿਰਾ ਰੁਮਾਂਸ ਪੈਦਾ ਹੋਣਾ ਸ਼ੁਰੂ ਹੋਇਆ ਜੋ ਅੱਜ ਵੀ ਉਸੇ ਤੀਖਣਤਾ ਨਾਲ ਤਾਰੀ ਹੈ।

? ਤੁਹਾਡੇ ਉਸ ਅਹਿਮ ਕੈਰੀਅਰ ਛੱਡ ਕੇ ਘਰ ਆ ਜਾਣ 'ਤੇ ਘਰ ਦੇ ਲੋਕਾਂ ਮਿੱਤਰਾਂ ਯਾਰਾਂ ਨੇ ਕਿਵੇਂ ਮਹਿਸੂਸ ਕੀਤਾ?

-ਸ਼ੌਕ ਕੋਈ ਵੀ ਹੋਵੇ ਅਤੇ ਉਹ ਕਿਸੇ ਨੂੰ ਵੀ ਹੋਵੇ, ਉਸ ਨੂੰ ਪਾਲਣ ਲਈ ਦਿਲ ਲਹੂ ਕਰਨਾ ਹੀ ਪੈਂਦਾ ਹੈ। ਉਜਾੜੇ ਪਿਛੋਂ ਇਧਰ ਆਉਣ ਤੋਂ ਬਾਅਦ 1950-52 ਦੇ ਇਨ੍ਹਾਂ ਵਰ੍ਹਿਆਂ ਵਿਚ ਸਾਡੇ ਵਰਗੇ ਰਿਫਿਊਜੀ ਪਰਿਵਾਰਾਂ ਦੀ ਮਾਇਕ ਹਾਲਤ ਅਜੇ ਕਾਫੀ ਖਸਤਾ ਸੀ। ਘਰਦਿਆਂ ਅਤੇ ਹੋਰ ਹਮਦਰਦ ਲੋਕਾਂ ਨੂੰ ਮੇਰਾ ਏਨਾ ਚੰਗਾ ਕੈਰੀਅਰ ਛੱਡ ਕੇ ਆ ਜਾਣਾ ਚੰਗਾ ਨਾ ਲਗਿਆ। ਘਰ ਤੋਂ ਮਦਦ ਬੰਦ ਹੋ ਗਈ। ਅਗਲੇ ਪੂਰੇ 10 ਵਰ੍ਹੇ ਕਠਿਨਾਈਆਂ ਦਾ ਸਮਾਂ ਸੀ। ਪ੍ਰੰਤੂ ਮੈਂ ਆਪਣੇ ਖੁਦ ਸਹੇੜੇ ਸ਼ੌਕ ਨੂੰ ਪਾਲ ਰਿਹਾ ਸਾਂ। ਮੈਨੂੰ ਅੱਜ ਤੱਕ ਆਪਣੀ ਚੋਣ 'ਤੇ ਕੋਈ ਗਿਲਾ ਨਹੀਂ ਹੈ ਬਲਕਿ ਬੇਹੱਦ ਤਸੱਲੀ ਹੈ। ਜ਼ਿੰਦਗੀ ਮੇਰੇ 'ਤੇ ਬੇਹੱਦ ਮਿਹਰਬਾਨ ਰਹੀ ਹੈ।

? ਇਤਿਹਾਸ ਅਧਿਐਨ ਦੀ ਸ਼ੁਰੂਆਤ ਕਿਵੇਂ ਹੋਈ ਅਤੇ ਤੁਹਾਡੇ ਪਹਿਲੇ ਰਹਿਨੁਮਾ ਕੌਣ ਬਣੇ?

-ਵੇਖੋ ਉਸ ਸਮੇਂ ਪੰਜਾਬ ਯੂਨੀਵਰਸਿਟੀ ਦਾ ਇਤਿਹਾਸ ਵਿਭਾਗ ਅਜੇ ਹੁਸ਼ਿਆਰਪੁਰ ਗੌਰਮਿੰਟ ਕਾਲਜ ਵਿਚ ਸੀ। ਮੈਂ ਜੇਬ ਵਿਚ ਉਥੋਂ ਤਕ ਪੁੱਜਣ ਅਤੇ ਦੋ ਚਾਰ ਡੰਗਾਂ ਦੀ ਰੋਟੀ ਜੋਗੇ ਪੈਸੇ ਜੇਬ ਵਿਚ ਪਾ ਕੇ ਐਮ.ਏ. (ਇਤਿਹਾਸ) ਵਿਚ ਦਾਖਲਾ ਲੈਣ ਲਈ ਪ੍ਰਿੰਸੀਪਲ ਕਠਪਾਲੀਆ ਨੂੰ ਜਾ ਸਲਾਮ ਕੀਤੀ। ਪਰਿਵਾਰ ਦੇ ਮੈਂਬਰਾਂ ਵਾਂਗ ਹੀ ਉਹ ਵੀ ਹੈਰਾਨ ਹੋਏ ਪ੍ਰੰਤੂ ਉਨ੍ਹਾਂ ਮੈਨੂੰ ਵਿਭਾਗ ਦੇ ਮੁਖੀ ਪ੍ਰੋ. ਹਰੀ ਰਾਮ ਗੁਪਤਾ ਕੋਲ ਭੇਜ ਦਿੱਤਾ।

? ਪ੍ਰੋ. ਹਰੀ ਰਾਮ ਗੁਪਤਾ ਖੁਦ ਵਧੀਆ ਇਤਿਹਾਸਕਾਰ ਸਨ। ਉਨ੍ਹਾਂ ਨਾਲ ਤੁਹਾਡਾ ਮੁਢਲਾ ਸੰਪਰਕ ਕਿਵੇਂ ਰਿਹਾ?

-ਵੇਖੋ, ਉਨ੍ਹਾਂ ਨੇ ਵੀ ਪਿਛੋਕੜ ਪੁਛਿਆ ਜੋ ਕਿ ਦੱਸਣਾ ਹੀ ਪੈਣਾ ਸੀ। ਮੈਨੂੰ ਅੱਜ ਤੱਕ ਯਾਦ ਹੈ-ਗੱਲ ਸੁਣਨ ਤੋਂ ਬਾਅਦ ਉਨ੍ਹਾਂ ਨੇ ਤੁਰੰਤ ਕਿਹਾ ਸੀ ਕਿ "ਆਪ ਬੜੇ ਬੇਵਕੂਫ ਆਦਮੀ ਹੈਂ ਜੀ।" ਉਨ੍ਹਾਂ ਦਾ ਲਹਿਜਾ ਬੜਾ ਬੇਬਾਕ ਪ੍ਰੰਤੂ ਨਰਮ ਸੀ ਅਤੇ ਉਹ ਕਹਿਣ ਲਗੇ ਕਿ ਤੈਨੂੰ ਪਤਾ ਹੈ ਕਿ ਜੋ ਨੌਕਰੀ ਤੂੰ ਛੱਡ ਆਇਆ-ਨੌਜਵਾਨ ਤਾਂ ਉਸ ਕਿਸਮ ਦੀਆਂ ਨੌਕਰੀਆਂ ਪਿੱਛੇ ਤਰਸਦੇ ਹਨ। ਯਾਦ ਰੱਖ, ਐਮ.ਏ. ਇਤਿਹਾਸ ਦੀ ਕਰਨ ਪਿੱਛੋਂ ਤੈਨੂੰ ਨੌਕਰੀ ਕੋਈ ਕੰਮ ਦੀ ਨਹੀਂ ਮਿਲਣੀ। ਉਨ੍ਹਾਂ ਦੀ ਗੱਲ ਵਿਚਾਲਿਓਂ ਹੀ ਟੋਕ ਕੇ ਮੈਂ ਕਿਹਾ ਕਿ ਮੈਂ ਤਾਂ ਇਤਿਹਾਸ ਦੀ ਖੋਜ ਕਰਨੀ ਹੈ। ਇਕ ਪਲ ਵਿਚ ਉਨ੍ਹਾਂ ਨੂੰ ਸਮਝ ਆ ਗਈ ਅਤੇ ਉਹ ਕਹਿਣ ਲੱਗੇ ਪਹਿਲਾਂ ਕਿਉਂ ਨਹੀਂ ਦੱਸਿਆ। ਫਿਰ, ਉਨ੍ਹਾਂ ਨੇ ਉਸੇ ਵਕਤ ਮੈਨੂੰ ਦਾਖਲ ਕਰ ਲਿਆ।

? ਪ੍ਰੋ. ਗੁਪਤਾ ਨਾਲ ਕੰਮ ਕਰਨ ਜਾਂ ਉਨ੍ਹਾਂ ਕੋਲੋਂ ਸਿੱਖਣ ਦਾ ਅਨੁਭਵ ਕਿਵੇਂ ਰਿਹਾ?

-ਮੈਂ ਤੁਹਾਨੂੰ ਦੱਸਿਆ ਹੀ ਹੈ ਕਿ ਰਿਫਿਊਜੀਆਂ ਦੇ ਪਰਿਵਾਰ ਅਜੇ ਸੈਟ ਨਹੀਂ ਸਨ ਹੋਏ। ਘਰ ਤੋਂ ਮਾਇਕ ਸਹਾਇਤਾ ਦਾ ਕੋਈ ਜੁਗਾੜ ਨਹੀਂ ਸੀ। ਦੋ ਕੁ ਮਹੀਨਿਆਂ ਵਿਚ ਹੀ ਹੱਥ ਬਹੁਤ ਜ਼ਿਆਦਾ ਤੰਗ ਹੋ ਗਿਆ ਅਤੇ ਮੈਨੂੰ ਜੇਬ ਖਰਚੇ ਵਾਸਤੇ ਖਾਲਸਾ ਕਾਲਜ ਲੁਧਿਆਣਾ ਵਿਚ ਪੜ੍ਹਾਉਣ ਦੀ ਨੌਕਰੀ ਕਰਨੀ ਪੈ ਗਈ। ਮੈਂ ਹੁਸ਼ਿਆਰਪੁਰ ਛੱਡ ਕੇ ਲੁਧਿਆਣਾ ਵਿਚ ਆ ਗਿਆ। ਐਮ.ਏ. (ਇਤਿਹਾਸ) ਮੈਂ ਉਸੇ ਵਰ੍ਹੇ ਪ੍ਰਾਈਵੇਟ ਤੌਰ 'ਤੇ ਕੀਤੀ। ਉਂਜ, ਮੈਨੂੰ ਅੱਜ ਤਕ ਅਫਸੋਸ ਹੈ ਕਿ ਮੈਂ ਪ੍ਰੋ. ਗੁਪਤਾ ਦੇ ਗਿਆਨ ਅਤੇ ਤਜਰਬੇ ਦਾ ਬਹੁਤਾ ਫਾਇਦਾ ਨਾ ਉਠਾ ਸਕਿਆ।

? ਐਮ.ਏ. ਇਤਿਹਾਸ ਦਾ ਮੁੱਢ ਹੀ ਸੀ, ਗੱਲ ਅੱਗੇ ਕਿਵੇਂ ਤੁਰੀ। ਲੰਡਨ ਜਾਣ ਦਾ ਜੁਗਾੜ ਕਿਵੇਂ ਬਣਿਆ?

-ਉਹਨੀਂ ਦਿਨੀਂ ਹੁਸ਼ਿਆਰਪੁਰ ਵਿਚ ਹੀ ਪ੍ਰੋ. ਰਾਜ ਕੌਲ ਆਕਸਫੋਰਡ ਤੋਂ ਪੜ੍ਹ ਕੇ ਆਏ ਹੋਏ ਸਨ। ਉਨ੍ਹਾਂ ਦੇ ਅਧਿਆਪਕ ਪ੍ਰੋ. ਫਜ਼ਲ-ਉਲ-ਰਹਿਮਾਨ ਇੰਗਲੈਂਡ ਵਿਚ ਡਰਹਮ ਵਿਚ ਇਸਲਾਮੀ ਫਿਲਾਸਫੀ ਅਤੇ ਰਹੱਸਵਾਦ ਦੇ ਅਧਿਆਪਕ ਸਨ। ਮੈਂ ਪ੍ਰੋ. ਕੌਲ ਨੂੰ ਆਪਣੀ ਸਮੱਸਿਆ ਦੱਸੀ ਅਤੇ ਉਨ੍ਹਾਂ ਨੇ ਹਮਦਰਦੀ ਪ੍ਰਗਟਾਉਂਦਿਆਂ ਮੈਨੂੰ ਪ੍ਰੋ. ਰਹਿਮਾਨ ਦੇ ਨਾਂ ਚਿੱਠੀ ਲਿਖ ਕੇ ਦੇ ਦਿੱਤੀ। ਔਖਾ ਸੌਖਾ ਕਿਰਾਏ ਭਾੜੇ ਦਾ ਜੁਗਾੜ ਕਰਕੇ ਮੈਂ 1957 ਵਿਚ ਇੰਗਲੈਂਡ ਪਹੁੰਚ ਗਿਆ। ਪ੍ਰੋ. ਰਹਿਮਾਨ ਦੇ ਨਾਲ ਮੈਂ ਮੱਧਕਾਲੀ ਭਾਰਤ ਦੇ ਸਮਾਜਿਕ ਇਤਿਹਾਸ 'ਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਮਾੜੀ ਮੋਟੀ ਨੌਕਰੀ ਦੇ ਨਾਲ ਨਾਲ ਮੈਂ ਪਹਿਲੇ 8-9 ਮਹੀਨਿਆਂ ਵਿਚ ਹੀ ਉਨ੍ਹਾਂ ਨੂੰ 3-4 ਚੈਪਟਰ ਲਿਖ ਕੇ ਦਿਖਾ ਦਿੱਤੇ। ਪ੍ਰੰਤੂ ਇਸੇ ਸਮੇਂ ਹੀ ਪ੍ਰੋ. ਰਹਿਮਾਨ ਇੰਗਲੈਂਡ ਛੱਡ ਕੇ ਮਾਂਟਰੀਅਲ (ਕੈਨੇਡਾ) ਪੜ੍ਹਾਉਣ ਚਲੇ ਗਏ ਅਤੇ ਮੇਰਾ ਪ੍ਰਾਜੈਕਟ ਮੁੜ ਡਗਮਗਾ ਜਿਹਾ ਗਿਆ। ਇਤਫਾਕਵੱਸ ਲੰਡਨ ਯੂਨੀਵਰਸਿਟੀ ਲਾਇਬਰੇਰੀ ਵਿਚ ਬੈਠਿਆਂ ਮੈਂ ਮੱਧਕਾਲੀ ਭਾਰਤ ਦੇ ਇਤਿਹਾਸਕਾਰਾਂ ਬਾਰੇ ਪੀਟਰ ਹਾਰਡੀ ਦੀ ਲਿਖੀ ਕਿਤਾਬ ਦੇ ਕੁਝ ਪੰਨ੍ਹੇ ਪੜ੍ਹੇ। ਅਹਿਸਾਸ ਹੋਇਆ ਇਹੋ ਮੇਰੀ ਅਸਲ ਦਿਲਚਸਪੀ ਦਾ ਵਿਸ਼ਾ ਹੈ, ਇਹੋ ਹੀ ਉਹ ਆਦਮੀ ਹੈ ਜਿਸ ਦੀ ਮੈਨੂੰ ਤਲਾਸ਼ ਸੀ। ਮੈਨੂੰ ਪਤਾ ਲੱਗਿਆ ਕਿ ਉਹ ਨਜ਼ਦੀਕ ਹੀ ਸਕੂਲ ਆਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਵਿਚ ਅਧਿਆਪਕ ਸਨ। ਇਕ ਹੋਰ ਨਾਮੀ ਇਤਿਹਾਸਕਾਰ ਪ੍ਰੋ. ਬੈਸ਼ਮ ਉਥੇ ਮੁਖੀ ਸਨ। ਮੈਂ ਉਨ੍ਹਾਂ ਨਾਲ ਜਾ ਗੱਲ ਕੀਤੀ।ਉਹ ਕਹਿਣ ਲਗੇ ਕਿ ਤੇਰੇ ਲਈ ਅਸਲ ਜਗ੍ਹਾ ਹੀ ਲੰਡਨ ਹੈ। ਉਨ੍ਹਾਂ ਹੀ ਮੈਨੂੰ ਪ੍ਰੋ. ਪੀਟਰ ਹਾਰਡੀ ਕੋਲ ਭੇਜਿਆ ਜੋ ਕਿ ਮੇਰੇ ਸੁਪਰਵਾਇਜ਼ਰ ਬਣ ਗਏ। ਪਰੰਤੂ ਮੇਰੇ ਅਧਿਐਨ ਦੇ ਘੇਰੇ ਬਾਰੇ ਸੁਣ ਕੇ ਉਹ ਹੱਸਣ ਲਗੇ ਅਤੇ ਉਨ੍ਹਾਂ ਕਿਹਾ ਕਿ ਇਹ ਵਿਸ਼ਾ ਤਾਂ ਤੇਰੀ ਪੂਰੀ ਜ਼ਿੰਦਗੀ ਖਾ ਜਾਵੇਗਾ। ਉਨ੍ਹਾਂ ਵਲੋਂ ਡਾਕਟਰੇਟ ਦੇ ਥੀਸਿਜ਼ ਨੂੰ ਸੰਕੋਚਣ ਲਈ ਕਹੇ ਜਾਣ 'ਤੇ ਮੈਂ ਸੂਫੀ ਕਾਲ ਦਾ ਅਧਿਐਨ ਕਰਨ ਦਾ ਨਿਰਣਾ ਲਿਆ।

? ਇਤਿਹਾਸ ਅਤੇ ਫੇਰ ਅੱਗੋਂ ਸੂਫੀ ਰਹੱਸਵਾਦ-ਇਹ ਸਬੰਧ ਕੀ ਬਣਿਆ? ਅਜਿਹੀ ਤੁਹਾਡੀ ਦਿਲਚਸਪੀ ਦਾ ਪਿਛੋਕੜ ਕੀ ਸੀ?

-ਸੰਸਕਾਰ ਤਾਂ ਹੁੰਦੇ ਹੀ ਹਨ ਅਤੇ ਆਦਮੀ ਦੇ ਆਲੇ ਦੁਆਲੇ 'ਚੋਂ ਟੋਲੇ ਵੀ ਜਾ ਸਕਦੇ ਹਨ। ਖੈਰ ਤੁਸੀਂ ਪੁੱਛ ਹੀ ਲਿਆ ਹੈ। ਮੇਰੇ ਪਿਤਾ ਸਰਦਾਰ ਮਹਿੰਗਾ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਸਾਰਾ ਜ਼ਬਾਨੀ ਯਾਦ ਸੀ ਅਤੇ ਉਹ ਮਹਾਂ ਭਾਰਤ ਰਮਾਇਣ ਅਤੇ ਯੋਗ ਵਸ਼ਿਸ਼ਟ ਦੇ ਉਰਦੂ ਅਨੁਵਾਦ ਵੀ ਅਕਸਰ ਪੜ੍ਹਦੇ ਰਹਿੰਦੇ ਸਨ। ਲਾਇਲਪੁਰ ਜ਼ਿਲੇ ਵਿਚ ਸਾਡੇ ਪਿੰਡ ਧਾਂਦਰਾ ਵਿਚ ਘਰ ਦੇ ਨਾਲ ਹੀ ਸਾਡਾ ਇਕ ਨਿੱਕਾ ਜਿਹਾ ਬਗੀਚਾ ਸੀ। ਉਸਦੇ ਨਾਲ ਰਜਬਾਹਾ ਲੰਘਦਾ ਸੀ। ਖੂਹੀ ਸੀ ਜਿਸਦਾ ਠੰਢਾ ਪਾਣੀ ਮੈਨੂੰ ਅੱਜ ਤਕ ਯਾਦ ਹੈ। ਉਥੇ ਸੱਥ ਲਗੀ ਰਹਿੰਦੀ ਸੀ। ਮੇਰੇ ਪਿਤਾ ਜੀ ਅਕਸਰ ਪਿੰਡ ਦੇ ਲੋਕਾਂ ਨੂੰ ਮਹਾਂਭਾਰਤ ਅਤੇ ਸਿੱਖ ਗੁਰੂਆਂ ਬਾਰੇ ਗੱਲਾਂ ਸੁਣਾਉਂਦੇ ਰਹਿੰਦੇ। ਉਹ ਪ੍ਰਵਚਨ ਮੈਂ ਵੀ ਸੁਣੇ ਅਤੇ ਸਿੱਧੇ ਤਾਂ ਨਹੀਂ ਪਰ ਅਸਿੱਧੇ ਰੂਪ ਵਿਚ ਉਨ੍ਹਾਂ ਦਾ ਪ੍ਰਭਾਵ ਲਾਜ਼ਮੀ ਤੌਰ 'ਤੇ ਮੇਰੀ ਮਾਨਸਿਕਤਾ ਵਿਚ ਗਿਆ ਹੋਵੇਗਾ। ਗੁਰੂ ਨਾਨਕ ਦੀ ਸ਼ਖਸੀਅਤ ਪ੍ਰਤੀ ਅਨਿੰਨ ਸਤਿਕਾਰ ਮੇਰੇ ਅੰਦਰ ਸ਼ੁਰੂ ਤੋਂ ਹੀ ਹੈ। ਬਾਕੀ ਮੇਰਾ ਇਕ ਜਮਾਤੀ ਅਤੇ ਜਿਗਰੀ ਯਾਰ ਨਜ਼ਰ ਹੁਸੈਨ ਇਕ ਪੀਰ ਦਾ ਲੜਕਾ ਸੀ। ਸਾਡੇ ਮੁਸਲਮਾਨਾਂ ਨਾਲ ਸਬੰਧ ਬਹੁਤ ਹੀ ਮੋਹ ਖੋਰੇ ਸਨ। ਇਸੇ ਕਾਰਨ 47 ਦੇ ਘੱਲੂਘਾਰੇ ਨੇ ਮੇਰੀ ਜਜ਼ਬਾਤੀ ਜ਼ਿੰਦਗੀ ਦੀ ਤੰਦ ਬੁਰੀ ਤਰ੍ਹਾਂ ਹਿਲਾ ਦਿੱਤੀ ਸੀ। ਮੈਨੂੰ ਸਮਝ ਨਹੀਂ ਸੀ ਲਗ ਰਿਹਾ ਕਿ ਇਹ ਹੋ ਕੀ ਰਿਹਾ ਹੈ। ਸੋ ਜੋ ਸਵਾਲ ਤੁਸੀਂ ਕੀਤਾ ਸੀ ਮੈਨੂੰ ਲਗਦੈ ਮੇਰੇ ਇਤਿਹਾਸ ਅਧਿਐਨ ਵਲ ਜਾਣ ਪਿੱਛੇ ਇਸ ਕਿਸਮ ਦੇ ਪਿਛੋਕੜ ਦਾ ਵੀ ਕੁਝ ਨਾ ਕੁਝ ਰੋਲ ਜ਼ਰੂਰ ਰਿਹਾ ਹੋਵੇਗਾ।

? ਸੂਫੀਆ ਬਾਰੇ ਕੰਮ ਤੁਸੀਂ ਫਿਰ ਵਿਚਾਲੇ ਹੀ ਛੱਡ ਦਿੱਤਾ ਅਤੇ ਇਤਿਹਾਸਕ ਵਿਧੀ ਦੀ ਤਲਾਸ਼ ਵੱਲ ਮੁੜ ਪਏ?

-ਇੰਗਲੈਂਡ ਵਿਚ ਇੰਡੀਆ ਆਫਿਸ ਲਾਇਬਰੇਰੀ ਅਤੇ ਬ੍ਰਿਟਿਸ਼ ਮਿਊਜ਼ੀਅਮ ਵਿਚ ਸੂਫੀਆਂ ਬਾਰੇ ਫਾਰਸੀ ਜ਼ਬਾਨ ਵਿਚ ਅਨੇਕਾਂ ਖਰੜੇ ਸਾਂਭੇ ਪਏ ਸਨ। ਮੈਨੂੰ ਫਾਰਸੀ ਜ਼ਬਾਨ ਆਉਂਦੀ ਸੀ ਅਤੇ ਮੈਂ ਦਿਨ ਰਾਤ ਇਕ ਕਰਕੇ ਉਨ੍ਹਾਂ ਵਿਚੋਂ ਬਹੁਤ ਸਾਰੇ ਖਰੜੇ 5-4 ਮਹੀਨਿਆਂ ਵਿਚ ਹੀ ਪੜ੍ਹ ਮਾਰੇ।

ਮੈਂ ਸੂਫੀਆਂ ਬਾਰੇ ਲਿਖੀਆਂ ਪਈਆਂ ਕਈ ਪੁਸਤਕਾਂ ਦਾ ਵੀ ਅਧਿਐਨ ਕੀਤਾ। ਸਾਲ ਕੁ ਬਾਅਦ ਮੇਰੇ ਉਸਤਾਦ ਪੀਟਰ ਹਾਰਡੀ ਨੇ ਮੈਨੂੰ ਵੱਖ-ਵੱਖ ਵਿਦਵਾਨਾਂ ਦੀ ਸੂਫੀਆਂ ਵਲ ਪਹੁੰਚ ਬਾਰੇ ਸੈਮੀਨਾਰ ਦੇਣ ਲਈ ਆਖਿਆ। ਮੈਂ ਸੈਮੀਨਾਰ ਤਾਂ ਦੇ ਦਿੱਤਾ। ਪ੍ਰੰਤੂ ਮੈਨੂੰ ਪਤਾ ਲਗਾ ਕਿ ਉਸ ਸਮੇਂ ਤਕ ਸੂਫੀਆਂ ਬਾਰੇ ਜੋ ਕੁਝ ਖੋਜ ਦਾ ਕੰਮ ਕੀਤਾ ਗਿਆ ਸੀ ਅਲੀਗੜ੍ਹ ਵਾਲੇ ਖਲੀਕ ਅਹਿਮਦ ਨਿਜ਼ਾਮੀ ਨੂੰ ਛੱਡ ਕੇ ਬਾਕੀ ਸਾਰਾ ਪੱਛਮੀ ਵਿਦਵਾਨਾਂ ਜਾਂ ਲੇਖਕਾਂ ਵਲੋਂ ਹੀ ਕੀਤਾ ਗਿਆ ਸੀ। ਇਸ ਪ੍ਰਕਾਰ ਇਹ ਮੋੜ ਸੀ ਜਿਸ ਤੇ ਮੇਰੇ ਮਨ ਅੰਦਰ ਇਸ ਵਿਸ਼ੇ 'ਤੇ ਵੱਖ-ਵੱਖ ਪੱਛਮੀ ਵਿਦਵਾਨਾਂ ਵਲੋਂ ਅਪਣਾਈ ਜਾ ਰਹੀ ਵਿਧੀ ਦੇ ਅੰਤਰਾਂ ਅਤੇ ਇਨ੍ਹਾਂ ਪਿਛੇ ਕੰਮ ਕਰ ਰਹੇ ਮਨੋਰਥਾਂ ਨੂੰ ਜਾਨਣ ਦੀ ਜਗਿਆਸਾ ਪੈਦਾ ਹੋਈ। ਮੇਰਾ ਇਹ ਜਾਨਣ ਤੇ ਜੀਅ ਕੀਤਾ ਕਿ ਵੱਖ-ਵੱਖ ਪੱਛਮੀ ਇਤਿਹਾਸਕਾਰ ਮੱਧਕਾਲੀ ਭਾਰਤ ਦੇ ਸਮੁੱਚੇ ਇਤਿਹਾਸ ਨੂੰ ਵੇਖ ਕਿਵੇਂ ਰਹੇ ਸਨ। ਸੈਮੀਨਾਰ ਦੇਣ ਤੋਂ ਤੁਰੰਤ ਬਾਅਦ ਮੈਂ ਪ੍ਰੋ. ਪੀਟਰ ਹਾਰਡੀ ਨੂੰ ਆਪਣੀ ਖੋਜ ਦਾ ਵਿਸ਼ਾ ਬਦਲਣ ਦੀ ਆਗਿਆ ਦੇਣ ਲਈ ਕਿਹਾ। ਤੁਰੰਤ ਸਹਿਮਤ ਹੋ ਗਏ। ਇਸ ਪ੍ਰਕਾਰ ਮੈਂ ਬਰਤਾਨੀਆ ਵਿਚ ਉਸ ਸਮੇਂ ਪ੍ਰਚਲਤ ਇਤਿਹਾਸਕਾਰੀ ਦੀਆਂ ਚਾਰ ਮੁੱਖ ਧਾਰਾਵਾਂ ਨਾਲ ਸਬੰਧਤ ਇਤਿਹਾਸਕਾਰਾਂ-ਖਾਸ ਕਰਕੇ ਮੱਧਕਾਲੀ ਭਾਰਤ 'ਤੇ ਕੰਮ ਕਰਨ ਵਾਲੇ ਇਤਿਹਾਸਕਾਰਾਂ ਦੀਆਂ ਲਿਖਤਾਂ ਵੇਖੀਆਂ ਅਤੇ ਉਨ੍ਹਾਂ ਦੇ ਇਤਿਹਾਸ ਦ੍ਰਿਸ਼ਟੀਕੋਣਾਂ ਦੀ ਨਿਸ਼ਾਨਦੇਹੀ ਕੀਤੀ। ਇਸੇ ਅਧਿਐਨ ਤੇ ਮੁਲਾਂਕਣ ਤੇ ਅਖੀਰੀ ਮੈਂ ਆਪਣਾ ਡਾਕਟਰੇਟ ਦਾ ਥੀਸਿਜ਼ ਮੁਕੰਮਲ ਕੀਤਾ।

? ਇੰਗਲੈਂਡ ਵਿਚ ਪੜ੍ਹਾਈ ਮੁਕੰਮਲ ਕਰਨ ਪਿਛੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਸਮਾਂ ਕਿਵੇਂ ਰਿਹਾ?

-1963 ਵਿਚ ਪ੍ਰਿੰਸੀਪਲ ਸਰੂਪ ਸਿੰਘ ਦੇ ਸੱਦੇ ਨੂੰ ਪ੍ਰਵਾਨ ਕਰਦਿਆਂ ਅਧਿਆਪਕ ਵਜੋਂ ਕੰਮ ਦੀ ਸ਼ੁਰੂਆਤ ਤਾਂ ਕਰੋੜੀ ਮੱਲ ਕਾਲਜ ਦਿੱਲੀ ਤੋਂ ਕੀਤੀ ਪ੍ਰੰਤੂ ਜਲਦੀ ਬਾਅਦ ਮੈਂ ਪੰਜਾਬ ਯੂਨੀਵਰਸਿਟੀ ਵਿਚ ਚੰਡੀਗੜ੍ਹ ਆ ਗਿਆ। ਇਥੇ ਹੀ ਯੂਨੀਵਰਸਿਟੀ ਵਾਲਿਆਂ ਦੇ ਕਹਿਣ 'ਤੇ ਮੈਂ ਪਹਿਲਾਂ ਆਪਣੇ ਸਹਿਯੋਗੀ ਸੁਰਜੀਤ ਸਿੰਘ ਬੱਲ ਨਾਲ ਮਿਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਲਿਖੀ। ਫਿਰ 1969 ਵਿਚ 'ਇਤਿਹਾਸ ਵਿਚ ਗੁਰੂ ਨਾਨਕ ਨਾਂ ਦੀ ਪੁਸਤਕ ਲਿਖ ਕੇ ਛਪਵਾਈ।

? ਤੁਹਾਡਾ ਦ੍ਰਿਸ਼ਟੀਕੋਣ ਇਤਿਹਾਸਕ ਹੈ ਅਤੇ ਕਿਸੇ ਕਿਸਮ ਦੀਆਂ ਗੈਬੀ ਵਿਆਖਿਆ ਪ੍ਰਣਾਲੀਆਂ ਜਾਂ ਉਨ੍ਹਾਂ ਉਤੇ ਆਧਾਰਤ ਵਿਸ਼ਵਾਸ ਪ੍ਰਬੰਧਾਂ ਨੂੰ ਤੁਸੀਂ ਆਪਣੀ ਰਚਨਾ ਦਾ ਆਧਾਰ ਬਣਾ ਨਹੀਂ ਸੀ ਸਕਦੇ। ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀ ਘਾਲ ਕਮਾਈ ਬਾਰੇ ਅਜਿਹੇ ਸੋਮੇ ਮੌਜੂਦ ਨਹੀਂ ਹਨ ਜਿਨ੍ਹਾਂ ਦੀ ਕਿ ਆਧੁਨਿਕ ਇਤਿਹਾਸਕਾਰੀ ਵਿਚ ਵਰਤੋਂ ਕੀਤੀ ਜਾਂਦੀ ਹੈ। 1968 ਵਿਚ ਮੈਕਲੋਡ ਦੀ ਅਜਿਹੀ ਹੀ ਪਹਿਲੀ ਪੁਸਤਕ ਬਾਹਰ ਆ ਚੁੱਕੀ ਸੀ ਜਿਸਨੇ ਜਨਮ ਸਾਖੀਆਂ ਦੀ ਸ਼ਹਾਦਤ ਨੂੰ ਮੁੱਖ ਆਧਾਰ ਬਣਾਇਆ ਗਿਆ ਸੀ। ਉਹ ਪੁਸਤਕ ਤਿੱਖੇ ਵਿਵਾਦ ਦੇ ਘੇਰੇ ਵਿਚ ਆਈ ਹੋਈ ਸੀ। ਇਸ ਸਾਰੀ ਸਮੱਸਿਆ ਨੂੰ ਤੁਸੀਂ ਕਿਵੇਂ ਨਜਿੱਠਿਆ?

-ਤੁਸੀਂ ਬਿਲਕੁਲ ਬੁਨਿਆਦੀ ਸਵਾਲ ਉਠਾ ਦਿੱਤਾ ਹੈ। ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਮੈਕਲੋਡ ਦੀ ਵਿਧੀ ਅਤੇ ਪਹੁੰਚ ਨੂੰ ਦਰੁਸਤ ਨਹੀਂ ਮੰਨਦਾ। ਉਹ ਗੁਰੂ ਸਾਹਿਬ ਨੂੰ ਮੱਧਕਾਲੀ ਭਾਰਤ ਵਿਚ ਚਲ ਰਹੀ ਸੰਤ ਭਗਤੀ ਧਾਰਾ ਦੇ ਅੰਗ ਵਜੋਂ ਵੇਖਦੇ ਹਨ। ਨਿਰਸੰਦੇਹ ਮੇਰੀ ਜਾਚੇ ਉਹ ਮੁੱਢ ਵਿਚ ਹੀ ਟਪਲਾ ਖਾ ਜਾਂਦੇ ਹਨ। ਜਦੋਂ ਤੁਹਾਡੀ ਬੁਨਿਆਦੀ ਮਨੌਤ ਹੀ ਗੜਬੜਾ ਜਾਵੇ ਉਹ ਅਗਲੇ ਸਿੱਟੇ ਸਹੀ ਹੋ ਨਹੀਂ ਸਕਦੇ। ਪ੍ਰੰਤੂ ਨਾਲ ਹੀ ਮੈਂ ਮੈਕਲੋਡ ਨੂੰ ਗੈਰਜ਼ਿੰਮੇਵਾਰ ਕਹਿਣ ਲਈ ਵੀ ਤਿਆਰ ਨਹੀਂ। ਸਾਨੂੰ ਇਹ ਤਾਂ ਪਤਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਵਿਚ ਹੋਇਆ ਅਤੇ ਉਹ 1539 ਵਿਚ ਜੋਤੀ ਜੋਤ ਸਮਾਏ।

ਇਹ ਵੀ ਪਤਾ ਹੈ ਕਿ ਗੁਰੂ ਸਾਹਿਬ ਫਲਾਂ ਫਲਾਂ ਸਾਲਾ ਦੌਰਾਨ ਸੁਲਤਾਨਪੁਰ ਲੋਧੀ ਦੇ ਮੋਦੀਖਾਨੇ ਵਿਚ ਕੰਮ ਕਰਦੇ ਰਹੇ। ਇਹ ਵੀ ਪਤਾ ਹੈ ਸ਼ਹਿਰ ਦਾ ਹਾਕਮ ਉਸ ਸਮੇਂ ਦੌਲਤ ਖਾਨ ਸੀ। ਅਗਲੀ ਗੱਲ ਸਭ ਤੋਂ ਵਧ ਪ੍ਰਮਾਣਿਕ ਗਵਾਹੀ ਦੇ ਰੂਪ ਵਿਚ ਸਾਡੇ ਕੋਲ ਗੁਰੂ ਸਾਹਿਬ ਦੀ ਬਾਣੀ ਮੌਜੂਦ ਹੈਗੀ। ਵੇਖ ਸਕਦੇ ਹਾਂ ਕਿ ਭਾਰਤ ਅਤੇ ਖਾਸ ਕਰਕੇ ਸੁਲਤਾਨਪੁਰ ਵਿਚ ਉਸ ਸਮੇਂ ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਜੀਵਨ ਕਿਸ ਪ੍ਰਕਾਰ ਦਾ ਸੀ-ਦੌਲਤ ਖਾਨ ਕਿਸ ਕਿਸਮ ਦਾ ਹਾਕਮ ਸੀ। ਇਸ ਤੋਂ ਸਹਿਜੇ ਹੀ ਪਤਾ ਲਗ ਜਾਵੇਗਾ ਕਿ ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਕਿਸ ਕਿਸਮ ਦੇ ਇਤਿਹਾਸਕ ਸੰਦਰਭ ਦੇ ਵਿਚ ਆਪਣਾ ਮਹਾਨ ਰੂਹਾਨੀ ਪ੍ਰਵਚਨ ਸਿਰਜ ਰਹੇ ਸਨ।

? ਪੰਜਾਬ ਯੂਨੀਵਰਸਿਟੀ ਪਿਛੋਂ ਤੁਸੀਂ ਜ਼ਿਆਦਾ ਸਮਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਕਟਿਆ। ਉਸ ਸਮੇਂ ਦਾ ਕੰਮ ਤੇ ਅਨੁਭਵ ਕਿਵੇਂ ਰਿਹਾ?

-ਉਥੇ ਜਾ ਕੇ ਵੀ ਉਹੋ ਮੱਧਕਾਲੀ ਪੰਜਾਬ ਦਾ ਸਮਾਜਿਕ ਇਤਿਹਾਸਕ ਸਮਝਣ, ਸਮਝਾਉਣ ਦਾ ਕੰਮ ਜਾਰੀ ਰਿਹਾ। ਅਸੀਂ ਆਪਣੇ ਵਿਦਿਆਰਥੀਆਂ ਨੂੰ ਪੁਰਾਣੇ ਕਾਨੂੰਨੀ ਅਤੇ ਮਾਲੀਆ ਰਿਕਾਰਡਾਂ ਦੇ ਆਧਾਰ 'ਤੇ ਕੰਮ ਕਰਵਾਉਣਾ ਜਾਰੀ ਰੱਖਿਆ। ਮੇਰੀ ਵਿਦਿਆਰਥਣ ਅਤੇ ਬਾਅਦ ਵਿਚ ਸਹਿਯੋਗੀ ਇੰਦੂ ਬਾਂਗਾ ਨੇ ਮੇਰੇ ਨਾਲ ਹੀ 18ਵੀਂ ਸਦੀ ਵਿਚ ਸਿੱਖਾਂ ਦੀ 'ਜ਼ਰੱਈ ਪ੍ਰਣਾਲੀ' ਵਿਸ਼ੇ 'ਤੇ ਡਾਕਟਰੇਟ ਕੀਤੀ। ਇਸ ਤੋਂ ਪਹਿਲਾਂ ਇਰਫਾਨ ਮੁਹੰਮਦ ਨੇ 'ਮੁਗਲਾਂ ਦਾ ਜ਼ਰਈ ਸਿਸਟਮ' ਵਿਸ਼ੇ 'ਤੇ ਕੰਮ ਜ਼ਰੂਰ ਕੀਤਾ ਸੀ ਪਰ ਪੰਜਾਬ ਵਿਚ ਮੱਧਕਾਲੀ ਸਮਿਆਂ ਦੇ ਸਮਾਜਿਕ-ਆਰਥਿਕ ਪ੍ਰਬੰਧ ਬਾਰੇ ਕੋਈ ਪੁਸਤਕ ਮੌਜੂਦ ਨਹੀਂ ਸੀ। ਮੈਨੂੰ ਲਗਦਾ ਮੈਡਮ ਬਾਂਗਾ ਨੇ ਇਸ ਨਾਲ ਪੰਜਾਬੀ ਇਤਿਹਾਸਕਾਰੀ ਵਿਚ ਨਿਸ਼ਚੇ ਹੀ ਨਹੀਂ ਸ਼ੁਰੂਆਤ ਕੀਤੀ। ਬਤੌਰ ਗਾਈਡ ਮੈਨੂੰ ਨਿਜੀ ਤੌਰ 'ਤੇ ਵੀ ਇਸ ਕੰਮ ਉਤੇ ਬਹੁਤ ਤਸੱਲੀ ਹੈ। ਅੰਮ੍ਰਿਤਸਰ ਵਿਚ ਹੀ ਅਸੀਂ 'ਜਰਨਲ ਆਫ ਰਿਜਨਲ ਹਿਸਟਰੀ' ਕੱਢਣਾ ਸ਼ੁਰੂ ਕੀਤਾ ਅਤੇ ਮੇਰੇ ਹੁੰਦਿਆਂ ਉਸਦੇ ਪੰਜ ਅੰਕ ਪ੍ਰਕਾਸ਼ਤ ਹੋਏ। ਪੰਜਾਬ ਵਿਚ ਸ਼ਹਿਰੀਕਰਨ ਦੇ ਇਤਿਹਾਸ ਬਾਰੇ ਪਹਿਲੀ ਵਾਰ ਨਵਾਂ ਕੰਮ ਸ਼ੁਰੂ ਕਰਵਾਇਆ। ਇਸੇ ਸਮੇਂ ਮੈਂ 'ਪ੍ਰੇਮ ਸੁਮਾਰਗ' ਰਹਿਤਨਾਮਿਆਂ ਅਤੇ ਹੀਰ ਰਾਂਝਾ ਆਦਿ ਪੰਜਾਬੀ ਟੈਕਸਟ ਦਾ ਇਤਿਹਾਸਕ ਗਵਾਹੀਆਂ ਵਜੋਂ ਅਧਿਐਨ ਪੇਸ਼ ਕੀਤਾ। ਇਸੇ ਪ੍ਰਸੰਗ ਵਿਚ ਪ੍ਰੋ. ਸੁਰਜੀਤ ਹਾਂਸ ਦਾ ਕੰਮ ਵੀ ਬਹੁਤ ਵਡਮੁੱਲਾ ਹੈ। ਇਸੇ ਹੀ ਸਮੇਂ ਮੇਰੇ ਵਿਦਿਆਰਥੀਆਂ ਪ੍ਰੋ. ਦਿਲਜਿੰਦਰ ਸਿੰਘ ਵਲੋਂ 1750 ਤੋਂ 1800 ਤਕ ਦੇ ਪੰਜਾਬੀ ਸਾਹਿਤ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ। ਹਰੀਸ਼ ਸ਼ਰਮਾ, ਸੁਖਵੰਤ ਅਤੇ ਸੁਖਦੇਵ ਸਿੰਘ ਜੌਹਲ ਅਤੇ ਮੈਡਮ ਰੀਟਾ ਦੇ ਖੋਜ ਕੰਮ ਵੀ ਪੰਜਾਬ ਤੇ ਸਿੱਖ ਇਤਿਹਾਸਕ ਅਧਿਐਨ ਦੀ ਲੜੀ ਵਿਚ ਰਖੇ ਜਾ ਸਕਦੇ ਹਨ।

?-ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਵਜੋਂ ਕਾਰਜਕਾਲ ਤੋਂ ਬਾਅਦ ਦੇ ਸਮੇਂ ਬਾਰੇ ਕੀ ਕਹਿਣਾ ਚਾਹੋਗੇ?

-ਮੇਰਾ ਇਹ ਸਮਾਂ ਹੋਰ ਵੀ ਵਧ ਤਸੱਲੀ ਭਰਿਆ ਰਿਹਾ। ਇਸ ਅਰਸੇ ਵਿਚ ਮੈਂ ਸ਼ਿਮਲਾ ਇੰਸਟੀਚਿਊਟ ਵਿਚ ਕੰਮ ਕੀਤਾ। 'ਕੈਂਬਰਿਜ ਹਿਸਟਰੀ ਆਫ ਸਿੱਖਸ' ਲਿਖੀ ਅਤੇ ਕਈ ਸੈਮੀਨਾਰ ਤੇ ਗੋਸ਼ਟੀਆਂ ਕਾਰਵਾਈਆਂ। ਸਿੱਖ ਇਤਿਹਾਸ ਦੇ ਅਧਿਐਨ ਦਾ ਮੇਰਾ ਕੰਮ ਇਕ ਮਿਸ਼ਨ ਵਾਂਗੂ ਹੈ। ਇਹ ਅਜੇ ਵੀ ਜਾਰੀ ਹੈ। ਮੈਂ ਸੀਨੀਅਰ ਅਕਾਲੀ ਨੇਤਾਵਾਂ ਪ੍ਰਕਾਸ਼ ਸਿੰਘ ਬਾਦਲ ਅਤੇ ਜ. ਗੁਰਚਰਨ ਸਿੰਘ ਟੌਹੜਾ ਦੇ ਕਹਿਣ 'ਤੇ ਪਿਛਲੇ ਸਾਲ 'ਅਕਾਲੀ ਪਾਰਟੀ ਦਾ ਇਤਿਹਾਸ' ਸਿਰਲੇਖ ਹੇਠਲੀ ਪੁਸਤਕ ਲਿਖੀ ਸੀ। ਉਹ ਅਕਾਲੀ ਦਲ ਦੀ ਮੋਗਾ ਕਾਨਫਰੰਸ ਵਿਚ ਰਿਲੀਜ਼ ਕੀਤੀ ਜਾਣੀ ਸੀ ਕੁਝ ਕਾਰਨਾਂ ਕਰਕੇ ਅਜਿਹਾ ਨਾ ਹੋਇਆ। ਪ੍ਰੰਤੂ ਮੈਨੂੰ ਇਸ ਦਾ ਕੋਈ ਸ਼ਿਕਵਾ ਨਹੀਂ ਹੈ। ਬਾਕੀ ਮੇਰੇ ਪ੍ਰਤੀ ਸਨੇਹ ਵਿਖਾਉਂਦਿਆਂ ਮੈਡਮ ਇੰਦੂ ਬਾਂਗਾ ਅਤੇ ਹੋਰ ਸ਼ਾਗਿਰਦਾਂ/ ਸਹਿਯੋਗੀਆਂ ਵਲੋਂ ਪੰਜਾਬ ਦੇ ਪੰਜ ਸਦੀਆਂ ਦੇ ਇਤਿਹਾਸ ਦੇ ਵੱਖ-ਵੱਖ ਪੱਖਾਂ ਬਾਰੇ ਲੇਖਾਂ ਦੀ ਜੋ ਪੁਸਤਕ ਪਿਛਲੇ ਦਿਨੀਂ ਰਿਲੀਜ਼ ਕਰਵਾਈ ਗਈ ਹੈ, ਮੈਂ ਉਨ੍ਹਾਂ ਦਾ ਤਾਂ ਰਿਣੀ ਹਾਂ ਹੀ।

ਸਵਾਲ- 'ਸਿੱਖ ਇਨਕਲਾਬ' ਦੇ ਰਚੇਤਾ ਸ੍ਰੀ ਜਗਜੀਤ ਸਿੰਘ ਅਤੇ 'ਸਿੱਖ ਰਹੱਸਵਾਦ' ਦੇ ਲੇਖਕ ਸ੍ਰੀ ਦਲਜੀਤ ਸਿੰਘ ਦੀ ਪਿਛਲੇ ਦੋ ਤਿੰਨਾਂ ਦਹਾਕਿਆਂ ਦੌਰਾਨ ਪਰੋ. ਮੈਕਲੋਡ ਨਾਲ ਤਿੱਖੀ ਬਹਿਸ ਚਲਦੀ ਰਹੀ ਹੈ ਅਤੇ ਉਸ ਵਿਚ ਅਕਸਰ ਤੁਹਾਡਾ ਜ਼ਿਕਰ ਵੀ ਆਉਂਦਾ ਰਿਹਾ ਹੈ। ਉਹ ਕਹਾਣੀ ਕੀ ਹੈ?

-ਵੇਖੋ ਪਹਿਲੀ ਅਤੇ ਸਭ ਤੋਂ ਜ਼ੋਰ ਨਾਲ ਜਿਹੜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਇਨ੍ਹਾਂ ਦੋਵਾਂ ਵਿਦਵਾਨਾਂ ਨੇ ਆਪਣੇ ਆਪਣੇ ਨੁਕਤਾ ਨਿਗਾਹ ਤੋਂ ਪੂਰੀ ਪ੍ਰਤੀਬੱਧਤਾ ਅਤੇ ਪੂਰੀ ਲਗਨ ਨਾਲ ਕੰਮ ਕੀਤਾ ਹੈ।

ਆਖਰੀ ਸਵਾਲ-ਕੁਝ ਸਿੱਖ ਬੁੱਧੀਜੀਵੀ ਹਲਕਿਆਂ ਵਿਚ ਪਿਛਲੇ ਕੁਝ ਵਰ੍ਹਿਆਂ ਤੋਂ 'ਸਹਿਜੇ ਰਚਿਓ ਖਾਲਸਾ' ਦੇ ਲੇਖਕ ਹਰਿੰਦਰ ਸਿੰਘ ਮਹਿਬੂਬ ਕਾਫੀ ਚਰਚਿਤ ਰਹੇ ਹਨ। ਉਨ੍ਹਾਂ ਨੇ ਡਾ. ਗੰਡਾ ਸਿੰਘ, ਫੌਜਾ ਸਿੰਘ, ਹਰੀ ਰਾਮ ਗੁਪਤਾ, ਮੈਕਲਡ ਅਤੇ ਤੁਹਾਡੀ ਸਾਰਿਆਂ ਦੀ ਹੀ ਤਿਖੀ ਆਲੋਚਨਾ ਕੀਤੀ ਹੈ। ਸਾਡੇ ਸੈਕੂਲਰ ਇਤਿਹਾਸਕਾਰਾਂ ਨੂੰ ਸਤਹੀ-ਤੱਥਪੂਰਨ ਇਤਿਹਾਸਕਾਰ ਦਸਿਆ ਹੈ। ਤੁਹਾਡੀ ਉਨ੍ਹਾਂ ਦੇ ਅਜਿਹੇ ਵਿਚਾਰਾਂ ਬਾਰੇ ਕੀ ਰਾਏ ਹੈ?

-ਇਸ ਸੱਜਣ ਦਾ ਨਾਂ ਤਾਂ ਮੈਂ ਕਿਧਰੇ ਸੁਣਿਆ ਹੋਇਆ ਹੈ ਪਰ ਇਨ੍ਹਾਂ ਦੀ ਕਿਸੇ ਲਿਖਤ ਬਾਰੇ ਮੈਨੂੰ ਕੁਝ ਪਤਾ ਨਹੀਂ।

# ਸਤਿੰਦਰ ਸਰਤਾਜ ਦੀਆਂ 'ਬੇਤੁਕੀਆਂ'!

***ਗਾਇਕ ਸਤਿੰਦਰ ਸਰਤਾਜ ਇਨ੍ਹੀਂ ਦਿਨੀਂ ਵੱਡੀ ਚਰਚਾ ਵਿਚ ਹੈ। ਉਹ ਅਮਰੀਕਾ ਦੇ ਦੌਰੇ 'ਤੇ ਵੀ ਹੈ ਪਰ ਉਸ ਦੀ ਸ਼ਾਇਰੀ ਕਿਹੋ ਜਿਹੀ ਹੈ ਇਸ ਬਾਰੇ ਖ਼ੁਦ ਇਕ ਸਮਰਥ ਕਵੀ ਸੁਰਿੰਦਰ ਸੋਹਲ ਦੀ ਇਕ ਟਿਪਣੀ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

ਅੱਜ-ਕੱਲ੍ਹ ਸਤਿੰਦਰ ਸਰਤਾਜ ਬੇਹੱਦ ਚਰਚਿਤ ਗਾਇਕ ਹੈ। ਉਸਦੇ ਚਰਚਿਤ ਹੋਣ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਲੋਕ ਗਾਇਕੀ ਦੇ ਸ਼ੋਰੀਲੇ ਤੇ ਭੜਕੀਲੇ ਟਰੈਂਡ ਤੋਂ ਅੱਕ ਗਏ ਸਨ ਤੇ ਸਰਤਾਜ ਨੇ ਪੰਜਾਬੀ ਗਾਇਕੀ ਵਿਚ ਬੈਠ ਕੇ ਗਾਉਣ ਦਾ ਰਿਵਾਜ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਕ ਠਰੰਮਾ ਲਿਆਉਣ ਦਾ ਯਤਨ ਕੀਤਾ ਹੈ। ਉਸਨੇ ਵਾਰਿਸ ਸ਼ਾਹ ਦੀ ਹੀਰ ਬਹੁਤ ਹੀ ਮੋਹ ਲੈਣੇ ਅੰਦਾਜ਼ ਵਿਚ ਗਾਈ ਹੈ।

ਪਰ ਉਸਦਾ ਨਵਾਂ ਗੀਤ ਸੁਣ ਕੇ ਹਰ ਕੋਈ ਸੋਚਣ ਲਈ ਮਜਬੂਰ ਹੋ ਸਕਦਾ ਹੈ ਕਿ ਪੰਜਾਬੀ ਗਾਇਕਾਂ ਵਲੋਂ ਗੀਤਾਂ ਦੀ ਚੋਣ ਸੰਜੀਦਗੀ ਨਾਲ ਕਰਨ ਦਾ ਜ਼ਮਾਨਾ ਕਦੋਂ ਆਵੇਗਾ? ਕਈ ਸਾਲ ਪਹਿਲਾਂ ਦਿਲਸ਼ਾਦ ਅਖ਼ਤਰ ਨਾਂ ਦੇ ਇਕ ਗਾਇਕ ਨੇ 'ਤੂੰ ਗੜਵਾ ਮੈਂ ਤੇਰੀ ਡੋਰ ਵੇ ਮਾਹੀਆ' ਵਰਗਾ

**ਸੁਰਿੰਦਰ ਸੋਹਲ***

ਸੰਜੀਦਾ ਗੀਤ ਗਾ ਕੇ ਇਕ ਔਰਤ ਦੇ ਮਨੋਭਾਵਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਸੀ। ਕੁਝ ਮਹੀਨਿਆਂ ਬਾਦ ਉਸੇ ਗਾਇਕ ਨੇ ਗੀਤ ਗਾਇਆ ਸੀ, 'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮੁੰਡਿਓ'। ਇੰਜ ਹੀ ਸਰਦੂਲ ਸਿਕੰਦਰ ਨੇ 'ਫੁੱਲਾਂ ਦੀਏ ਕੱਚੀਏ ਵਪਾਰਨੇ' ਵਰਗਾ ਬਹੁਤ ਮਕਬੂਲ ਤੇ ਸੰਜੀਦਾ ਗੀਤ ਵੀ ਗਾਇਆ ਅਤੇ 'ਸਾਨੂੰ ਗਿਟਕਾਂ ਗਿਣਨ 'ਤੇ ਹੀ ਰੱਖ ਲੈ ਨੀ ਬੇਰੀਆਂ ਦੇ ਬੇਰ ਖਾਣੀਏਂ' ਵਰਗਾ ਗੀਤ ਗਾ ਕੇ ਪੰਜਾਬੀ ਸਾਹਿਤ ਵਿਚ ਇਸ਼ਕ ਮਜਾਜ਼ੀ ਦੀ ਅਮੀਰ ਪਰੰਪਰਾ ਨੂੰ ਹਾਸੋਹੀਣਾ ਬਣਾਇਆ। ਪੰਜਾਬੀ ਦੇ ਗਾਇਕ ਗੀਤਾਂ ਦੀ ਚੋਣ ਵੇਲੇ ਆਪਣੇ ਮਿਆਰ ਨੂੰ ਕਾਇਮ ਕਿਉਂ ਨਹੀਂ ਰੱਖ ਸਕਦੇ? ਪੈਸੇ ਜਾਂ ਸ਼ੋਹਰਤ ਦੀ ਹੋੜ ਵਿਚ ਇਹ ਸੋਚਣ ਦਾ ਵਕਤ ਸ਼ਾਇਦ ਗਾਇਕਾਂ ਕੋਲ ਹੈ ਹੀ ਨਹੀਂ (ਜਾਂ ਸਮਰੱਥਾ ਹੀ ਨਹੀਂ। ਉਂਜ ਉਹ ਸਫ਼ਾਈ ਵਿਚ ਕਹਿ ਦਿੰਦੇ ਹਨ ਕਿ ਅਸੀਂ ਤਾਂ ਉਹੋ ਕੁਝ ਹੀ ਪਰੋਸਦੇ ਹਾਂ, ਜੋ ਲੋਕ ਸੁਣਨਾ ਚਾਹੁੰਦੇ ਹਨ। ਜੇ ਇਹ ਗੱਲ ਹੈ ਤਾਂ ਫਿਰ ਜਗਜੀਤ ਸਿੰਘ, ਗੁਲਾਮ ਅਲੀ, ਮਹਿੰਦੀ ਹਸਨ ਆਦਿ ਦੀਆਂ ਕੈਸਿਟਾਂ ਕਿਉਂ ਵਿਕਦੀਆਂ ਹਨ। ਪੰਜਾਬੀ ਦੇ ਗਾਇਕ ਆਪਣਾ ਮਿਆਰ ਨੀਵਾਂ ਕਰ ਕੇ ਸਰੋਤਿਆਂ ਦੀ ਪੱਧਰ 'ਤੇ ਕਿਉਂ ਆਉਂਦੇ ਹਨ, ਕਿਉਂ ਨਹੀਂ ਉਚ-ਪੱਧਰ ਦੇ ਗੀਤ ਗਾ ਕੇ ਸਰੋਤਿਆਂ ਦਾ ਮਿਆਰ ਉਚਾ ਚੁੱਕਣ ਦੀ ਕੋਸ਼ਿਸ਼ ਕਰਦੇ)। ਉਂਜ ਵੀ ਜੇਕਰ ਕਿਸੇ ਨੂੰ ਅਫ਼ੀਮ ਖਾਣ ਜਾਂ ਡੋਡੇ ਪੀਣ ਦੀ ਆਦਤ ਪੈ ਜਾਵੇ ਤਾਂ ਕੀ ਅਸੀਂ ਅਫ਼ੀਮ-ਡੋਡੇ ਉਸਦੇ ਸਾਹਮਣੇ ਸਜਾ ਸਜਾ ਕੇ, ਪਰੋਸ ਪਰੋਸ ਕੇ ਰੱਖਾਂਗੇ?

ਸਤਿੰਦਰ ਸਰਤਾਜ ਦਾ ਨਾਮ ਅੱਜ-ਕੱਲ੍ਹ ਹਰ ਇਕ ਦੀ ਜ਼ਬਾਨ ਉਤੇ ਹੈ। ਉਹ ਸ਼ਾਇਰੀ ਵੀ ਖ਼ੁਦ ਕਰਦਾ ਹੈ। ਉਸਦੇ ਆਪਣੇ ਸ਼ਬਦਾਂ ਵਿਚ ਉਹ 'ਮਹਿਫਲੇ-ਸਰਤਾਜ' ਵਿਚ ਆਪਣੀ ਹੀ ਸ਼ਾਇਰੀ ਪੇਸ਼ ਕਰਦਾ ਹੈ। ਉਹ ਕਿਹੋ ਜਿਹੀ ਕੱਚ-ਘਰੜ ਸ਼ਾਇਰੀ ਕਰਦਾ ਹੈ, ਉਸਦਾ ਨਮੂਨਾ ਦੇਖਿਆ ਜਾ ਸਕਦਾ ਹੈ। ਜਿਸ ਗੀਤ ਦੀ ਚਰਚਾ ਅਸੀਂ ਕਰਨ ਜਾ ਰਹੇ ਹਾਂ, ਉਸ ਬਾਰੇ ਉਸਨੇ 'ਮਹਿਫ਼ਲੇ-ਸਰਤਾਜ' ਦੌਰਾਨ ਇਸ ਤਰ੍ਹਾਂ ਦੀਆਂ ਬੇਥਵੀਆਂ ਮਾਰੀਆਂ ਹਨ:

'ਮੈਂ ਇਕ ਵਾਕਿਆ ਤੁਹਾਡੇ ਨਾਲ ਸਾਂਝਾ ਕਰਦਾਂ। ਮੈਂ, ਦੇਖੋ ਮੇਰਾ ਸਾਜ਼ ਮੇਰੇ ਹੱਥ 'ਚ ਐ, ਮੈਂ ਜਿਹੜੇ ਵਾਕੇ ਤੁਹਾਡੇ ਨਾਲ ਏਥੇ ਸਟੇਜ 'ਤੇ ਸਾਂਝੇ ਕਰ ਰਿਹਾਂ ਉਹ ਦਰਅਸਲ ਸੱਚੇ ਹੁੰਦੇ ਨੇ ਜੀ। ਇਹ ਮੇਰੀ ਖ਼ੁਸ਼ਨਸੀਬੀ ਐ, ਕਿਸੇ ਛੋਟੀ ਛੋਟੀ ਗੱਲ 'ਤੇ ਗੀਤ ਔੜ੍ਹ ਜਾਂਦੈ। ਇਕ ਵਾਰੀ ਦੀ ਗੱਲ ਆ, ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਕਾਫੀ ਦੇਰ ਤੋਂ ਪੜ੍ਹਿਆਂ ਵੀ ਆਂ ਹੁਣ ਛੇ ਸਾਲ ਤੋਂ ਉਥੇ ਪੜ੍ਹਾ ਰਿਹਾਂ। ਪਿਛਲੇ ਦਸੰਬਰ ਦੀ ਗੱਲ ਆ ਕਿ ਦੋ ਨੰਬਰ ਹੋਸਟਲ 'ਚ ਅਸੀਂ ਰਹਿੰਦੇ ਸੀ ਤੇ ਉਪਰੋਂ ਮੈਂ ਥੱਲੇ ਉਤਰਿਆਂ ਤੇ ਮੇਰੇ ਕੋਲ ਯਾਮਾ ਸੀਗਾ ਜੀ ਠੰਨਵੇਂ ਮਾਡਲ। ਸੈਕੰਡ ਹੈਂਡ ਈ ਲਿਆ ਸੀ ਵਿਚਾਰਾ, ਪਰ ਲਿਆ ਤਾਂ ਸੀ ਕਿ ਉਹਦਾ ਨੰਬਰ ਗੋਆ ਦਾ ਸੀ। ਸਾਡੇ ਚੰਡੀਗੜ੍ਹ ਗੋਆ ਦੀ ਕਰੇਜ਼ ਬਹੁਤ ਆ। ਨੰਬਰ ਮੈਂ ਦੱਸ ਦਿੰਨਾਂ ਮੋਟਰ ਸੈਕਲ ਮੇਰੇ ਘਰੋਂ ਚੋਰੀ ਹੋਇਆ ਜਿਹੜਾ ਕੋਈ ਇੰਡੀਆ ਜਾਵੇ ਤਾਂ ਦੱਸ ਦਿਉ- ਜੀ ਏ ਜ਼ੀਰੋ ਵਨ ਕਹੱਤਰ ਠਾਸੀ। ਜਿਸ ਕਿਸੇ ਨੂੰ ਵੀ ਮਿਲੇ ਉਹਨੂੰ ਲੋੜੀਂਦਾ ਇਨਾਮ ਵੀ ਦਿੱਤਾ ਜਾਏਗਾ। ਸੋ ਅੱਛਾ ਮੈਂ ਦੱਸ ਰਿਹਾ ਸੀਗਾ ਕਿ ਮੈਂ ਥੱਲੇ ਆਇਆਂ। ਦਸੰਬਰ ਦਾ ਮਹੀਨਾ ਤੁਹਾਨੂੰ ਪਤਾ ਇੰਡੀਆ ਪੰਜਾਬ ਵਿਚ ਬਹੁਤ ਜ਼ਿਆਦਾ ਠੰਢ ਹੁੰਦੀ ਆ। ਥੱਲੇ ਬਾਹਰ ਮੋਟਰ ਸੈਕਲ ਖੜ੍ਹਾ। ਐਨ ਕੜਾਕੇ ਦੀ ਠੰਢ। ਮੈਂ ਆ ਕੇ ਚਾਬੀ ਲਾਈ, ਕਿੱਕ ਮਾਰੀ ਅੱਧੀ ਕਿੱਕ 'ਤੇ ਸਟਾਰਟ ਹੋ ਗਿਆ। ਮੈਂ ਕਿਹਾ ਯਾਰ ਕਮਾਲ ਹੋ ਗਈ ਇਹ ਤਾਂ। ਪੁਰਾਣਾ ਵਿਚਾਰਾ ਮੇਰੇ ਅਰਗਾ ਮੋਟਰ ਸੈਕਲ ਤੇ ਸਟਾਟ ਹੋ ਗਿਆ ਤੇ ਓਥੇ ਮੈਨੂੰ ਓਸੇ ਵਕਤ ਆਮਦ ਹੋਈ, ਇਕ ਸ਼ਾਇਰਾਨਾ ਆਮਦ ਜਿਹੜੀ ਹੋਈ ਤੁਹਾਡੇ ਪੇਸ਼-ਏ-ਖ਼ਿਦਮਤ ਐ-

ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਾ
ਨੀ ਹੋਰ ਦਸ ਕੀ ਭਾਲਦੀ
ਪਾ ਲਈ ਜੀਨ ਪਰਾਂ ਰੱਖਤਾ ਪਜਾਮਾ
ਨੀ ਹੋਰ ਦਸ ਕੀ ਭਾਲਦੀ।

ਜੋ ਲੋਕ ਪੰਜਾਬ ਯੂਨੀਵਰਸਿਟੀ ਵਿਚ ਰਹੇ ਹਨ ਉਹ ਜਾਣਦੇ ਹਨ ਕਿ ਸਰਤਾਜ ਨੇ ਇਹ ਕਿੱਡੀ ਵੱਡੀ ਯੱਬਲੀ ਮਾਰੀ ਹੈ। ਜਿਥੋਂ ਤੱਕ ਗੀਤ ਦਾ ਸਵਾਲ ਹੈ, ਪਹਿਲੀ ਨਜ਼ਰੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਸੰਜੀਦਾ ਗੀਤ ਦੀ ਤੀਸਰੇ ਦਰਜੇ ਦੀ 'ਪੈਰੋਡੀ' ਹੋਵੇ। (ਕਾਸ਼ ਏਦਾਂ ਵੀ ਹੁੰਦਾ) ਪਰ ਨਹੀਂ, ਇਹ ਤਾਂ ਸਰਤਾਜ ਦਾ ਮੌਲਿਕ ਗੀਤ ਹੈ। ਇਸ ਦੇ ਅਰਥ ਕੀ ਨਿਕਲਦੇ ਹਨ, ਇਹ ਗੀਤ ਕਿਸ ਨੂੰ ਸੰਬੋਧਿਤ ਹੈ, ਇਹ ਗੀਤ ਕੀ ਸੰਦੇਸ਼ ਦਿੰਦਾ ਹੈ ਰੱਬ ਜਾਣੇ। (ਵੈਸੇ ਵੀ ਅਸੀਂ ਤਾਂ ਤੂਤਕ ਤੂਤੀਆਂ ਨੂੰ ਗਿਨੀਜ਼ ਬੁੱਕ ਤੱਕ ਲਿਜਾ ਸਕਦੇ ਹਾਂ, ਸਾਨੂੰ ਅਰਥਾਂ ਅਤੇ ਉਦੇਸ਼ ਨਾਲ ਕੀ?) ਪਰ ਇਥੇ ਅਸੀਂ ਜਿਸ ਗਾਇਕ ਦਾ ਜ਼ਿਕਰ ਕਰ ਰਹੇ ਹਾਂ ਉਸਨੂੰ ਸੁਰ ਅਤੇ ਸ਼ਾਇਰੀ ਦਾ ਸੁਮੇਲ ਕਿਹਾ ਜਾ ਰਿਹਾ ਹੈ। ਉਸਦੇ ਆਪਣੇ ਸ਼ਬਦਾਂ ਵਿਚ ਉਸਨੇ ਬੀ.ਏ. 'ਚ ਸੰਗੀਤ ਆਨਰਜ਼ ਵਜੋਂ ਲਿਆ। ਐਮ. ਏ., ਐਮ ਫਿਲ, ਪੀ ਐਚ ਡੀ. ਸੰਗੀਤ ਵਿਚ ਕੀਤੀ ਹੈ ਅਤੇ ਛੇ ਸਾਲ ਤੋਂ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਹੈ।

ਇਸ ਗੀਤ ਦਾ ਅਗਲਾ ਬੰਦ ਹੈ:
ਬੂਟ ਲੈ ਨਈਂ ਹੁੰਦੇ ਮੈਂ
ਬੁਲਟ ਕਿਥੋਂ ਲੈ ਲਵਾਂ।
ਸਾਡਾ ਤਾਂ ਕੋਈ ਅੰਕਲ ਵੀ ਹੈ ਨਈਂ
ਜਿਹਨੂੰ ਕਹਿ ਲਵਾਂ।
ਨਾਲੇ ਪੰਪ ਵਾਲਾ ਕਿਹੜਾ ਸਾਡਾ ਮਾਮਾ
ਨੀ ਹੋਰ ਦੱਸ ਕੀ ਭਾਲਦੀ
ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਾ
ਨੀ ਹੋਰ ਦਸ ਕੀ ਭਾਲਦੀ।

ਗਾਇਕ ਸਰੋਤਿਆਂ ਦੀ ਜਾਣਕਾਰੀ ਵਿਚ ਵਾਧਾ ਕਰਨ ਜਾਂ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਆਖਦਾ ਹੈ 'ਬੂਟ' ਤੇ 'ਬੁਲਟ' ਇਹ ਵੀ ਅਨੁਪ੍ਰਾਸ ਅਲੰਕਾਰ ਹੈ। (ਕਿਉਂਕਿ ਦੋਹਾਂ ਸ਼ਬਦਾਂ ਵਿਚ ਪਹਿਲਾਂ 'ਬੱਬਾ' ਆਉਂਦਾ ਹੈ) ਉਸਨੂੰ ਇਹ ਵੀ ਨਹੀਂ ਪਤਾ ਕਿ ਅਨੁਪ੍ਰਾਸ ਅਲੰਕਾਰ ਉਦੋਂ ਬਣਦਾ ਹੈ ਜਦੋਂ ਲਗਾਤਾਰ ਤਿੰਨ ਸ਼ਬਦਾਂ ਦੇ ਪਹਿਲੇ ਅੱਖਰ ਇਕ ਹੋਣ ਅਤੇ ਇਹ ਤਿੰਨੇ ਸ਼ਬਦ ਲਗਾਤਾਰ ਮਿਸਰੇ ਵਿਚ ਆਉਣ। (ਜਿਵੇਂ-'ਦਰਦ ਦਿਲੇ ਦਾ ਕਿੱਦਾਂ ਕਹੀਏ' ਵਿਚ ਪਹਿਲੇ ਤਿੰਨਾਂ ਸ਼ਬਦਾਂ ਦੇ ਮੁੱਢ ਵਿਚ 'ਦੱਦਾ' ਆਉਂਦਾ ਹੈ)। ਜੇਕਰ ਪਹਿਲੇ ਅੱਖਰਾਂ ਵਾਲੇ ਦੋ ਸ਼ਬਦਾਂ ਨੂੰ ਅਨੁਪ੍ਰਾਸ ਦਾ ਭੇਦ ਮੰਨ ਵੀ ਲਈਏ ਤਾਂ ਸ਼ਰਤ ਇਹ ਹੈ ਕਿ ਇਹ ਸ਼ਬਦ ਕੋਲ ਕੋਲ (ਮੇਰਾ ਮਹਿਰਮ, ਸੋਹਣਾ ਸੱਜਣ) ਆਉਣੇ ਚਾਹੀਦੇ ਹਨ। ਜਦਕਿ ਗੀਤ ਵਿਚ 'ਬੂਟ ਤੇ ਬੁਲਟ' ਵਿਚ ਸ਼ਬਦਾਂ ਦਾ ਨਹੀਂ ਪੂਰੀ ਸਤਰ ਦਾ ਫਰਕ ਹੈ। ਹਾਂ, ਇਨ੍ਹਾਂ ਨਾਲ ਸ਼ਾਬਦਿਕ ਖ਼ੂਬਸੂਰਤੀ ਜ਼ਰੂਰ ਪੈਦਾ ਹੁੰਦੀ ਹੈ।

ਫਿਰ ਸ਼ਾਇਰ+ਗਾਇਕ ਆਖਦਾ ਹੈ-
ਨਾਲੇ ਪੰਪ ਵਾਲਾ ਕਿਹੜਾ ਸਾਡਾ ਮਾਮਾ
ਨੀ ਹੋਰ ਦਸ ਕੀ ਭਾਲਦੀ।

'ਨੀ ਹੋਰ ਦਸ ਕੀ ਭਾਲਦੀ' ਵਾਰ ਵਾਰ ਆਉਣ ਕਰਕੇ ਇਥੇ ਵੀ ਉਹ ਮਜਬੂਰੀ ਵਸ ਲਾ ਤਾਂ ਦਿੰਦਾ ਹੈ, ਪਰ ਅਰਥ ਕੋਈ ਨਹੀਂ ਨਿਕਲਦਾ। ਜੇ ਇਸ ਦੀ ਵਾਰਤਕ ਬਣਾਉਣੀ ਹੋਵੇ ਤਾਂ ਇੰਜ ਬਣੇਗੀ-ਪੰਪ (ਗੈਸ ਸਟੇਸ਼ਨ) ਵਾਲਾ ਸਾਡਾ ਕੋਈ ਮਾਮਾ ਨਹੀਂ ਹੈ, ਨੀ ਤੂੰ ਹੋਰ ਦਸ ਕੀ ਭਾਲਦੀ ਏਂ।

ਬਿਲਕੁਲ ਜਿਵੇਂ 'ਯਾਰਾਂ ਦਾ ਟਰੱਕ ਬੱਲੀਏ' ਵਿਚ ਆਉਂਦਾ ਹੈ-

ਜਿੱਥੋਂ ਮਰਜ਼ੀ ਪਰੌਂਠੇ ਖਾਵੇ, ਨੀ ਯਾਰਾਂ ਦਾ ਟਰੱਕ ਬਲੀਏ।

(ਟਰੱਕ ਨੇ ਪਰੌਂਠੇ ਥੋੜ੍ਹੋ ਖਾਣੇ ਹਨ!)

ਸਰੋਤਿਆਂ ਨੂੰ ਸੰਬੋਧਨ ਕਰਦਾ ਗਾਇਕ ਆਖਦਾ ਹੈ- 'ਵਿਦਿਆਰਥੀ ਜੀਵਨ ਦੀ ਆਰਥਿਕ ਮੰਦਹਾਲੀ ਦਾ ਵਰਨਣ।' (ਇਸ ਗੱਲ 'ਤੇ ਸਰੋਤੇ ਹੱਸਦੇ ਹੀ ਨਹੀਂ ਤਾੜੀਆਂ ਵੀ ਮਾਰਦੇ ਹਨ। ਗਾਇਕ ਦਾ ਚਿਹਰਾ ਵੀ ਬਾਗੋ-ਬਾਗ ਹੋ ਜਾਂਦਾ ਹੈ) ਇਹ ਨਿਰਾ ਗ਼ਰੀਬ ਵਿਦਿਆਰਥੀਆਂ ਦਾ ਮਜ਼ਾਕ ਉਡਾਇਆ ਗਿਆ ਹੈ। ਜਿਹੜੇ ਲੋਕ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੁੰਦੇ ਹਨ, ਉਹ 'ਬੂਟ' ਦੀ ਥਾਂ 'ਬੁਲਿਟ' ਲੈਣ ਦੀ ਨਹੀਂ ਸੋਚਦੇ, ਉਨ੍ਹਾਂ ਨੂੰ ਤਾਂ ਫੀਸਾਂ ਤਾਰਨ ਦੀ ਚਿੰਤਾ ਹੁੰਦੀ ਹੈ।

ਆਖਰੀ ਬੰਦ ਹੈ
ਗਾਇਕ ਕਹਿੰਦਾ ਹੈ- 'ਗ਼ੌਰ ਕਰਿਓ'-
ਬਦਲੇ ਨੇ ਨੇਤਾ ਸ਼ਾਇਦ
ਦਿਨ ਚੰਗੇ ਆਉਣਗੇ।
ਚਿੱਟੀ ਜਿਹੀ ਲੈਂਸਰ 'ਤੇ
ਯਾਰ ਗੇੜੀ ਲਾਉਣਗੇ
ਲਾਹ ਕੇ ਬੁਸ਼ ਮੈਂ ਜਤਾਇਆ ਹੈ ਉਬਾਮਾ
ਨੀ ਹੋਰ ਦਸ ਕੀ ਭਾਲਦੀ।
ਅੱਧੀ ਕਿੱਕ 'ਤੇ ਸਟਾਰਟ ਮੇਰਾ ਯਾਮਾ
ਨੀ ਹੋਰ ਦਸ ਕੀ ਭਾਲਦੀ।

ਇਹ ਗੀਤ ਪੈਰੋਡੀ ਹੈ, ਵਿਅੰਗ ਹੈ, ਹਾਸ-



ਰਸ ਹੈ, ਟਾਈਮ ਪਾਸ ਹੈ ਜਾਂ ਕੁਝ ਹੋਰ? ਸਾਡੀ ਸਮਝੋਂ ਬਾਹਰਾ ਹੈ। ਜੇ ਗਾਇਕ ਇਹ ਸੋਚਦਾ ਹੈ ਕਿ ਲੋਕ ਇਹੋ ਜਿਹਾ ਹਲਕਾ-ਫੁਲਕਾ ਸੁਣਨਾ ਪਸੰਦ ਕਰਦੇ ਹਨ, ਤਾਂ ਸਰੋਤਿਆਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਬਣਦੀ ਹੈ ਕਿ ਸਚਮੁੱਚ ਉਨ੍ਹਾਂ ਦਾ 'ਮਿਆਰ' ਏਨਾ ਨੀਵਾਂ ਹੈ? ਉਂਜ ਵੀ ਜਦੋਂ ਲੇਖਕ ਵਿਅੰਗ ਜਾਂ ਹਾਸ-ਰਸ ਲਿਖ ਰਿਹਾ ਹੁੰਦਾ ਹਾਂ ਤਾਂ ਲੇਖਕ ਦਾ ਕਰਤਵ ਦੁਗਣਾ ਹੋ ਜਾਂਦਾ ਹੈ। ਉਸਨੇ ਲੋਕਾਂ ਨੂੰ ਹਸਾਉਣਾ ਵੀ ਹੁੰਦਾ ਹੈ ਅਤੇ ਸਮਾਜਿਕ ਕੁਰੀਤੀਆਂ, ਅਮਾਨਵੀ ਕਦਰਾਂ-ਕੀਮਤਾਂ ਦੀ ਚੀਰ-ਫਾੜ ਕਰਕੇ ਪਾਠਕਾਂ ਨੂੰ ਸੋਚਣ ਲਈ ਮਜਬੂਰ ਵੀ ਕਰਨਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਉਪਰੋਕਤ ਗੀਤ ਕਿੰਨਾ ਕੁ ਕਾਮਯਾਬ ਹੈ, ਪਾਠਕ ਖ਼ੁਦ ਫ਼ੈਸਲਾ ਕਰ ਸਕਦੇ ਹਨ।

ਜਦੋਂ ਬੰਦਾ ਸ਼ਾਇਰੀ ਅਰੰਭ ਕਰਦਾ ਹੈ ਤਾਂ ਉਸਦੇ ਜੀਵਨ ਦਾ ਪਹਿਲਾ ਪੜਾਅ 'ਅਭਿਆਸੀ ਦੌਰ' ਅਖਵਾਉਂਦਾ ਹੈ, ਜਦੋਂ ਉਹ ਤੁਕ-ਬੰਦੀ ਕਰਨ ਦਾ ਅਭਿਆਸ ਕਰਦਾ ਹੈ, ਹੌਲੀ ਹੌਲੀ ਤੁਕ-ਬੰਦੀ ਵਿਚ ਖ਼ਿਆਲ ਫੜ੍ਹਨ ਦਾ ਯਤਨ ਕਰਦਾ ਹੈ। ਹੌਲੀ ਹੌਲੀ ਉਹ ਅਭਿਆਸੀ ਦੌਰ ਦੀ ਅੱਗ ਵਿਚ ਪੱਕਦਾ ਜਾਂਦਾ ਹੈ। ਲੈਅ, ਤੋਲ ਉਸਦੇ ਖ਼ੂਨ ਵਿਚ ਰਚਦਾ ਜਾਂਦਾ ਹੈ। ਬੁਲੰਦ ਤਖ਼ਲੀਅਲ ਆਪਣੇ ਆਪ ਬਹਿਰ-ਵਜ਼ਨ ਵਿਚ ਢਲਣ ਲੱਗ ਪੈਂਦਾ ਹੈ। ਅਭਿਆਸੀ ਦੌਰ ਦੀ ਭੱਠੀ ਵਿਚ ਪੱਕਣ ਤੋਂ ਬਾਦ ਸ਼ਾਇਰ (ਜੇ ਉਸਦੇ ਅੰਦਰ ਸੱਚਮੁੱਚ ਲਿਖਣ ਦੀ ਚਿਣਗ ਹੈ ਤਾਂ) ਸ਼ਾਇਰੀ ਵਿਚ ਨਵੇਂ ਆਯਾਮ ਪੈਦਾ ਕਰਦਾ ਹੈ।

ਪੰਜਾਬੀ ਦੇ 'ਸੂਫ਼ੀ' ਪ੍ਰਭਾਵ ਵਾਲੇ ਗਾਇਕ (+ਗੀਤਕਾਰ) ਸਤਿੰਦਰ ਸਰਤਾਜ ਨੇ 'ਯਾਮਾ' ਵਾਲਾ ਗੀਤ ਉਦੋਂ ਗਾਇਆ ਹੈ, ਜਦੋਂ ਉਹ ਚਰਚਿਤ ਹੋ ਚੁੱਕਾ ਹੈ। (ਯੂਨੀਵਰਸਿਟੀ ਦੀ ਪੜ੍ਹਾਈ ਖ਼ਤਮ ਕਰ ਚੁੱਕਾ ਹੈ। ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗ ਪਿਆ ਹੈ। ਉਸਦੇ ਆਪਣੇ ਬਿਆਨ ਮੁਤਾਬਕ ਇਹ ਗੀਤ ਉਸਨੇ ਪਿਛਲੇ ਸਾਲ ਲਿਖਿਆ ਸੀ। ਜਦੋਂ ਇਹ ਗੀਤ ਲਿਖਿਆ ਗਿਆ, ਉਸਨੂੰ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਨੂੰ ਪੰਜ ਸਾਲ ਹੋ ਚੁੱਕੇ ਸਨ।) ਪਰ ਇਹ ਗੀਤ ਨਿਰਾਰਥਕ ਹੀ ਨਹੀਂ, ਅਭਿਆਸੀ ਦੌਰ ਤੋਂ ਵੀ ਪਹਿਲੀ ਸਟੇਜ (ਜੇ ਕੋਈ ਹੁੰਦੀ ਹੈ ਤਾਂ) ਦਾ ਹੈ। ਕਿੱਥੇ ਖੜ੍ਹਾ ਹੈ ਸਾਡਾ ਮਿਆਰ, ਪੰਜਾਬੀਓ ਜ਼ਰਾ ਸੋਚੋ!

—

ਅਸਲ ਵਿਚ ਅੱਜ ਕੱਲ੍ਹ ਸਾਰਾ ਕੁਝ ਹੀ ਵਪਾਰਕ ਹੋ ਰਿਹਾ ਹੈ। ਮੰਡੀ ਐਨ ਸਾਡੀਆਂ ਬਰੂਹਾਂ 'ਤੇ ਲਿਆ ਕੇ ਸਜਾਈ ਜਾਂਦੀ ਹੈ। ਮਸ਼ਹੂਰੀਆਂ ਦੀ ਚਕਾਚੌਂਧ ਅੱਖਾਂ ਚੁੰਧਿਆਉਂਦੀ ਹੈ। ਖਪਤਕਾਰ ਦੀ ਸਵੈ-ਨਿਰਣੈ ਕਰਨ ਦੀ ਸਮੱਰਥਾ ਖੁੱਸਦੀ ਹੈ। ਫਾਸਟ ਫੂਡ ਦੇ ਇਸ ਜ਼ਮਾਨੇ ਵਿਚ ਜੋ ਕੁਝ ਪਰੋਸਿਆ ਜਾਂਦਾ ਹੈ, ਖਾ ਲਿਆ ਜਾਂਦਾ ਹੈ। ਵੈਸੇ ਸੰਜੀਦਾ ਤੇ ਸੁਰੀਲੇ ਗਾਉਣ ਵਾਲਿਆਂ ਦੀ ਅੱਜ ਵੀ ਕੋਈ ਕਮੀ ਨਹੀਂ। ਲੋੜ ਹੈ ਸਿਰਫ਼ ਉਨ੍ਹਾਂ ਨੂੰ ਅੱਗੇ ਲੈ ਕੇ ਆਉਣ ਦੀ। ਇਸ ਵਾਸਤੇ ਸਾਨੂੰ ਆਪਣੇ ਸਵਾਦ ਬਦਲਣੇ ਪੈਣਗੇ। ਦੂਜਾ, ਹਲਕਾ ਗਾਉਣ ਵਾਲਿਆਂ ਨੂੰ ਉਤਸ਼ਾਹਿਤ ਕਰਨ ਤੋਂ ਤੌਬਾ ਕਰਨੀ ਪਵੇਗੀ। ਤੀਜਾ, ਸੰਗੀਤ ਦੇ ਵੱਡੇ ਉਸਤਾਦਾਂ ਨੂੰ ਉਸਾਰੂ ਆਲੋਚਨਾ ਕਰਨ ਲਈ ਅੱਗੇ ਆਉਣਾ ਪਵੇਗਾ। ਸੰਗੀਤ ਆਲੋਚਨਾ ਦਾ ਖੇਤਰ ਬਿਲਕੁਲ ਖ਼ਾਲੀ ਪਿਆ ਹੈ। ਪੰਜਾਬ ਵਿਚ ਖੁੰਬਾਂ ਵਾਂਗ ਉਗੇ ਗਾਇਕਾਂ ਦਾ ਇਕ ਕਾਰਨ ਇਹ ਵੀ ਹੈ ਕਿ ਉਥੇ ਪੁਛਣ ਵਾਲਾ ਹੀ ਕੋਈ ਨਹੀਂ। ਪਾਕਿਸਤਾਨੀ ਪੰਜਾਬ ਵਿਚ ਵੀ ਬੇਸੁਰੇ ਹਨ, ਪਰ ਉਨ੍ਹਾਂ ਦੀ ਗਿਣਤੀ ਘੱਟ ਹੈ। ਪਾਕਿਸਤਾਨੀਆਂ ਨੇ ਇਕ ਤਾਂ ਸੰਜੀਦਾ ਗੀਤ-ਸੰਗੀਤ ਸੁਣਨ ਦਾ ਸ਼ੌਕ ਨਹੀਂ ਤਿਆਗਿਆ। ਦੂਸਰਾ, ਉਸਤਾਦ ਅਜਿਹੇ ਲੋਕਾਂ ਦੀ ਆਲੋਚਨਾ ਹੀ ਏਨੀ ਤਿੱਖੀ ਕਰ ਦਿੰਦੇ ਹਨ ਕਿ ਉਹ ਮੈਦਾਨ ਵਿਚ ਟਿਕ ਨਹੀਂ ਸਕਦੇ। ਉਹ ਬੰਦੇ ਨੂੰ ਟਿੱਚਰਾਂ ਕਰ ਕਰ ਕੇ ਹੀ ਮਾਰ ਦਿੰਦੇ ਹਨ। (ਉਸਦੇ ਮੁਕਾਬਲੇ ਅਸੀਂ ਹਲਕਾ ਫੁਲਕਾ ਗਾਉਣ ਵਾਲੇ ਬੇਗੁਰੇ ਤੇ ਬੇਸੁਰੇ ਗਾਇਕਾਂ ਨਾਲ ਫੋਟੋਆਂ ਖਿਚਵਾਉਣ ਵਿਚ ਮਾਣ ਮਹਿਸੂਸ ਕਰਦੇ ਹਾਂ) ਪਾਕਿਸਤਾਨ ਵਿਚ ਉਸਤਾਦੀ-ਸ਼ਾਗਿਰਦੀ ਦੀ ਮਹਾਨ ਪਰੰਪਰਾ ਅਜੇ ਵੀ ਕਾਇਮ ਹੈ।

ਸਾਡੇ ਕਈ ਗਾਇਕਾਂ ਨੂੰ ਪੁੱਛੋ ਕਿ ਤੁਸੀਂ ਕਿਸ ਉਸਤਾਦ ਤੋਂ ਕਿੰਨਾ ਚਿਰ ਸਿੱਖਿਆ? ਉਹ ਬੜੇ ਮਾਣ ਨਾਲ ਕਹਿੰਦੇ ਹਨ, 'ਜੀ ਬਸ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ।' ਕਈ ਕੈਸਿਟਾਂ ਪਹਿਲਾਂ ਕਢਾਉਂਦੇ ਹਨ, ਉਸਤਾਦ ਬਾਦ ਵਿਚ ਧਾਰਦੇ ਹਨ। ਸਤਿੰਦਰ ਸਰਤਾਜ ਨੇ ਵੀ 'ਯੂ ਟਿਊਬ ਦੀ ਇਕ ਇੰਟਰਵਿਊ ਦੌਰਾਨ ਦੱਸਿਆ ਕਿ ਉਸਨੇ ਯੂਨੀਵਰਸਿਟੀ ਤੱਕ ਦੀ ਸੰਗੀਤ ਵਿਦਿਆ ਤਾਂ ਹਾਸਿਲ ਕੀਤੀ ਹੈ, ਪਰ ਬਾਕਾਇਦਾ ਕਿਸੇ ਨੂੰ ਉਸਤਾਦ ਨਹੀਂ ਧਾਰਿਆ। ਜੇ ਇਕੱਲੀਆਂ ਡਿਗਰੀਆਂ ਵਾਲਿਆਂ ਨੂੰ ਹੀ ਵੱਡੇ ਗਾਇਕ ਮੰਨ ਲਿਆ ਜਾਵੇ ਤਾਂ ਸੰਗੀਤ ਦੇ ਉਨ੍ਹਾਂ ਵੱਡੇ ਵੱਡੇ ਮਹਾਂਪੁਰਸ਼ਾਂ ਦੀ ਤੌਹੀਨ ਹੋਵੇਗੀ, ਜਿੰਨਾਂ ਸਾਰੀ ਉਮਰ ਸੰਗੀਤ ਨੂੰ ਅਰਪਣ ਕਰ ਦਿੱਤੀ ਸੀ, ਪਰ ਕੋਈ ਵੀ ਅਕਾਦਮਿਕ ਡਿਗਰੀ ਹਾਸਿਲ ਨਹੀਂ ਸੀ ਕੀਤੀ। ਨਾਵਾਂ ਦੀ ਲਿਸਟ ਬਹੁਤ ਲੰਮੀ ਹੈ।

ਰਸੂਲ ਹਮਜ਼ਾਤੋਵ ਲਿਖਦਾ ਹੈ-

ਇਕ ਵਾਰੀ ਮੁਰੀਦ ਆਪਣੀਆਂ ਤਲਵਾਰਾਂ ਦੇ ਫਾਲਾਂ ਦੀ ਪਾਨ ਬਾਰੇ ਇਕ ਦੂਜੇ ਅੱਗੇ ਸ਼ੇਖੀਆਂ ਮਾਰ ਰਹੇ ਸਨ।... ਮੁਰੀਦਾਂ ਵਿਚ ਵੱਡੇ ਸ਼ਮੀਲ ਦਾ ਨਾਇਬ ਹਾਜੀ ਮੁਰਾਦ ਵੀ ਸੀ। ਉਹ ਬੋਲਿਆ- 'ਦਰਖ਼ਤ ਦੀ ਠੰਢੀ ਛਾਂ ਹੇਠ ਬੈਠੇ ਤੁਸੀਂ ਕੀ ਬਹਿਸਾਂ ਕਰ ਰਹੇ ਹੋ? ਭਲਕੇ ਪਹੁ ਫੁੱਟਦੀ ਨੂੰ ਹੋਣ ਵਾਲੀ ਲੜਾਈ ਵਿਚ ਤੁਹਾਡੀਆਂ ਤਲਵਾਰਾਂ ਆਪਣੇ ਬਾਰੇ ਆਪ ਦੱਸਣਗੀਆਂ।' ਸੰਗੀਤ ਤਾਂ ਇਬਾਦਤ ਹੈ, ਸਾਧਨਾ ਹੈ, ਤਪੱਸਿਆ ਹੈ। ਕਿਸੇ ਨੇ ਨੁਸਰਤ ਫ਼ਤਹਿ ਅਲੀ ਖ਼ਾਨ ਨੂੰ ਪੁਛਿਆ ਸੀ, 'ਤੁਸੀਂ ਰਿਆਜ਼ ਦਾ ਏਨਾ ਵਕਤ ਕਿਵੇਂ ਕੱਢ ਲੈਂਦੇ ਹੋ?' ਉਹ ਕਹਿਣ ਲੱਗੇ, 'ਜਿਵੇਂ ਸਾਹ ਲੈਣ ਲਈ।'

ਸਤਿੰਦਰ ਸਰਤਾਜ ਸਿਰ 'ਤੇ ਪੱਗ ਬੰਨ੍ਹਦਾ ਹੈ। ਵਾਲ ਵਾਰਿਸ ਸ਼ਾਹ ਵਾਂਗੂੰ ਪਿਛਾਂਹ ਨੂੰ ਪੱਗ ਦੇ ਥੱਲਿਓਂ ਦੀ ਕੱਢ ਕੇ ਰੱਖਦਾ ਹੈ। (ਇੰਟਰਨੈੱਟ 'ਤੇ ਉਸਨੂੰ 'ਅੱਜ ਦਾ ਵਾਰਿਸ ਸ਼ਾਹ' ਲਿਖਿਆ ਵੀ ਮਿਲਦਾ ਹੈ)। ਉਸਦੀ ਇਹ ਸੂਰਤ ਦੇਖ ਕੇ 'ਮੇਰਾ ਦਾਗ਼ਿਸਤਾਨ' ਦੀਆਂ ਪ੍ਰਸਿੱਧ ਲਾਈਨਾਂ ਯਾਦ ਆ ਜਾਂਦੀਆਂ ਹਨ-ਉਸਨੇ ਟਾਲਸਟਾਏ ਦੇ ਟੋਪ ਵਰਗਾ ਟੋਪ ਤਾਂ ਲੈ ਲਿਆ ਹੈ, ਉਹ ਉਸੇ ਤਰ੍ਹਾਂ ਦਾ ਸਿਰ ਕਿੱਥੋਂ ਖ਼ਰੀਦ ਸਕਦਾ ਹੈ?

ਕਹਾਵਤ ਹੈ-ਉਸਨੂੰ ਚੰਗਾ ਨਾਂ ਤਾਂ ਦੇ ਦਿੱਤਾ ਗਿਆ ਹੈ। ਉਹ ਆਦਮੀ ਕਿਸ ਤਰ੍ਹਾਂ ਦਾ ਬਣੇਗਾ? (ਅਸੀਂ ਵੀ ਸਰਤਾਜ ਨੂੰ 'ਸੂਫ਼ੀ' ਕਹਿਣਾ ਸ਼ੁਰੂ ਕਰ ਦਿੱਤਾ ਹੈ। ਬੈਠ ਕੇ ਗਾਉਣ ਨਾਲ ਕੋਈ ਸੂਫ਼ੀ ਜਾਂ ਵਧੀਆ ਗਾਇਕ ਨਹੀਂ ਬਣ ਜਾਂਦਾ, ਇਹ ਵੀ ਦੇਖਣਾ ਬਣਦਾ ਹੈ ਕਿ ਬੈਠ ਕੇ ਉਹ ਗਾ ਕੀ ਰਿਹਾ ਹੈ? )

ਉਂਜ ਇਸ ਵਿਚ ਕੋਈ ਸ਼ੱਕ ਨਹੀਂ, ਸਤਿੰਦਰ ਸਰਤਾਜ ਅੱਜ ਬਹੁਤ ਚਰਚਿਤ ਗਾਇਕ ਹੈ। ਉਸਦੀ ਗਾਇਕੀ ਅਤੇ ਸ਼ਾਇਰੀ ਦਾ ਚਮਕਾਰਾ ਇਕ ਵਾਰ ਤਾਂ ਸਰੋਤੇ ਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕਰ ਜਾਂਦਾ ਹੈ। ਪਰ ਇਹ ਚਮਕਾਰਾ ਖ਼ਾਲਿਸ ਸੋਨੇ ਦੀ ਚਮਕ ਦਾ ਨਹੀਂ, ਮੁਲੰਮੇ ਦਾ ਹੈ। ਸਾਡਾ ਮਕਸਦ ਸੋਨੇ ਦੀ ਚਮਕ ਅਤੇ ਮੁਲੰਮੇ ਦੀ ਚਮਕ ਵਿਚ ਅੰਤਰ ਕਰਨਾ ਹੀ ਹੈ। ਉਸਦੀ ਗਾਇਕੀ ਇਕ ਵਾਰ ਤਾਂ ਸਰੋਤੇ ਨੂੰ ਸੰਮੋਹਿਤ ਕਰਨ ਦੀ ਤਾਕਤ ਰੱਖਦੀ ਹੈ, ਪਰ ਜਦੋਂ ਸਰੋਤਾ ਰਤਾ ਕੁ ਸੁਚੇਤ ਹੋ ਕੇ ਉਸ ਸੰਮੋਹਨ 'ਚੋਂ ਬਾਹਰ ਆਉਂਦਾ ਹੈ ਤਾਂ ਉਸ ਅੱਗੇ ਸਤਿੰਦਰ ਸਰਤਾਜ ਦੀ ਗਾਇਕੀ ਤੇ ਸ਼ਾਇਰੀ ਦਾ ਖੋਖਲਾਪਨ ਝੱਟ ਜ਼ਾਹਰ ਹੋ ਜਾਂਦਾ ਹੈ। ਜੇਕਰ ਸਰੋਤੇ ਉਸਦੇ ਬਾਕੀ ਗੀਤਾਂ ਨੂੰ ਵੀ ਜ਼ਰਾ ਧਿਆਨ ਨਾਲ ਦੇਖਣ ਤਾਂ ਇਕ ਸਤਰ ਦਾ ਦੂਸਰੀ ਸਤਰ ਨਾਲ ਕੋਈ ਸੰਬੰਧ ਬਣਦਾ ਨਜ਼ਰ ਨਹੀਂ ਆਉਂਦਾ। ਖ਼ੂਬਸੂਰਤ ਫੁੱਲ ਤਾਂ ਕੋਈ ਵੀ ਚੁਣ ਸਕਦਾ ਹੈ, ਉਨ੍ਹਾਂ ਨੂੰ ਸਲੀਕੇ ਨਾਲ ਪਰੋ ਕੇ ਜਾਂ ਸਲੀਕੇ ਨਾਲ ਬੰਨ੍ਹ ਕੇ ਹਾਰ ਜਾਂ ਗੁਲਦਸਤਾ ਕੋਈ ਕੋਈ ਹੀ ਬਣਾ ਸਕਦਾ ਹੈ। ਸਰਤਾਜ ਨੇ ਸਤਰਾਂ ਤਾਂ ਇਕੱਠੀਆਂ ਕਰਨ ਲਈਆਂ ਹਨ, ਪਰ ਉਨ੍ਹਾਂ ਨੂੰ ਥਾਂ ਸਿਰ ਪਰੋਣ ਦਾ ਕਲਾਮਈ ਤਰੀਕਾ ਉਸ ਕੋਲ ਲਗਪਗ ਨਾਂਹ ਦੇ ਬਰਾਬਰ ਹੈ।

ਸਤਿੰਦਰ ਸਰਤਾਜ ਚਰਚਿਤ ਤਾਂ ਹੈ, ਪਰ ਚਰਚਿਤ ਹੋਣ ਅਤੇ ਮਿਆਰੀ ਹੋਣ ਵਿਚ ਬਹੁਤ ਫ਼ਰਕ ਹੁੰਦਾ ਹੈ। ਚਰਚਿਤ ਤਾਂ ਕਿਸੇ ਜ਼ਮਾਨੇ ਵਿਚ ਚਮਕੀਲਾ ਵੀ ਬਹੁਤ ਰਿਹਾ ਸੀ। ਇਹ ਗੱਲ ਸਾਨੂੰ ਪੰਜਾਬੀਆਂ ਨੂੰ ਹਰ ਖੇਤਰ ਵਿਚ ਸਮਝਣ ਦੀ ਲੋੜ ਹੈ ਜੇ ਉਨ੍ਹਾਂ ਨੇ ਆਪਣਾ ਕੁਝ ਬਣਾਉਣਾ ਹੈ ਤਾਂ। ਹਰ ਇਕ ਚੀਜ਼ ਦਾ ਅੰਤ ਹੁੰਦਾ ਹੈ। ਹੁਣ ਸ਼ੋਰ-

ਸ਼ਰਾਬੇ ਤੇ ਨੱਚਣ-ਭੜਕਣ ਵਾਲੇ ਗਾਇਕਾਂ ਦਾ ਸਮਾਂ ਲੱਗਦਾ ਨਜ਼ਰ ਆਉਂਦਾ ਹੈ। ਸ਼ੋਅ ਖ਼ਾਲੀ ਜਾਣ ਲੱਗ ਪਏ ਹਨ। ਗਾਇਕ ਅਤੇ ਪ੍ਰੋਮੋਟਰਾਂ ਦੀ ਆਰਥਿਕਤਾ ਵੀ ਡਾਵਾਂਡੋਲ ਹੋ ਰਹੀ ਹੈ। ਇਸ ਲਈ ਉਨ੍ਹਾਂ ਨੂੰ ਇਸ ਮੰਡੀ ਵਿਚ ਕੋਈ ਨਵਾਂ ਬਦਲ ਚਾਹੀਦਾ ਹੈ, ਪਰ ਉਹ ਬਦਲ ਸਤਿੰਦਰ ਸਰਤਾਜ ਹਰਗਿਜ਼ ਨਹੀਂ।

ਇਹ ਲੇਖ ਲਿਖਣ ਦਾ ਸਾਡਾ ਮਕਸਦ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਣਾ ਨਹੀਂ ਹੈ। ਅਸੀਂ ਚੌਲਾਂ ਦੀ ਦੇਗ਼ ਵਿਚੋਂ ਇਕ ਦਾਣਾ ਹੀ ਚੁਗਿਆ ਹੈ। ਇਸ ਦਾ ਉਦੇਸ਼ ਸਿਰਫ਼ ਪੰਜਾਬੀ ਗਾਇਕੀ ਬਾਰੇ ਸੰਜੀਦਾ ਬਹਿਸ ਛੇੜਨ ਦਾ ਹੈ।

### ਪੋਸਟ ਸਕ੍ਰਿਪਟ

*ਦੀਪ ਜਗਦੀਪ, ਜਿਸ ਦਾ ਸੰਬੰਧ ਸ਼ੁਰੂ ਤੋਂ ਹੀ ਪੱਤਰਕਾਰੀ ਨਾਲ ਰਿਹਾ ਹੈ, ਦੇ ਕਹਿਣ ਮੁਤਾਬਕ, ਸਤਿੰਦਰ ਸਰਤਾਜ ਨੂੰ ਜਦੋਂ ਕੋਈ ਸੰਜੀਦਾ, ਆਲੋਚਨਾਤਮਕ ਜਾਂ ਤਿੱਖਾ ਸਵਾਲ ਪੁੱਛਿਆ ਜਾਂਦਾ ਹੈ ਤਾਂ, ਇਸ ਦਾ ਬਣਦਾ ਜਵਾਬ ਦੇਣ ਦੀ ਥਾਂ ਉਸਨੇ ਇਕ ਵਖਰਾ ਹੀ ਤਰੀਕਾ ਅਪਣਾਇਆ ਹੋਇਆ ਹੈ। ਉਹ ਸ਼ਾਇਰੀ ਕਰਨੀ ਸ਼ੁਰੂ ਕਰਨ ਦਿੰਦਾ ਹੈ। ਉਸਦੀ ਸ਼ਾਇਰੀ ਦੀਆਂ ਭੁੱਲ-ਭੁਲੱਈਆ ਵਿਚ ਗੰਭੀਰ ਸਵਾਲ, ਦਮ ਘੁੱਟ ਕੇ ਮਰ ਜਾਂਦਾ ਹੈ ਅਤੇ ਸਾਧਾਰਨ ਸਰੋਤਾ ਸਰਤਾਜ ਦੇ ਕਾਵਿਮਈ ਅੰਦਾਜ਼ ਵਿਚ ਮੰਤਰ-ਮੁਗਧ ਹੋਇਆ, ਅਸਲੀ ਨਿਸ਼ਾਨੇ ਤੋਂ ਭਟਕ ਜਾਂਦਾ ਹੈ। ਸਵਾਲ-ਕਰਤਾ ਕਦੇ ਤੜਫਦੇ ਸਵਾਲ ਵੱਲ ਅਤੇ ਕਦੇ ਸਰਤਾਜ ਦੇ ਚਿਹਰੇ 'ਤੇ ਫੈਲ ਰਹੀ ਮਸਨੂਈ ਜਿੱਤ ਦੀ ਬਨਾਵਟੀ ਮੁਸਕਰਾਹਟ ਵੱਲ ਦੇਖਦਾ ਰਹਿ ਜਾਂਦਾ ਹੈ।

*ਅਮਰੀਕ ਸਿੰਘ ਨੇ ਪੁਛਿਆ, 'ਯਾਰ, ਇਹ ਸਤਿੰਦਰ ਸਰਤਾਜ ਪਗੜੀ 'ਤੇ ਘੁੰਗਰੂ ਬੰਨ੍ਹਦੈ?

ਮੈਂ ਕਿਹਾ, 'ਪਤਾ ਨਹੀਂ ਪਰ ਲਗਦੈ ਘੁੰਗਰੂ?'

ਅਮਰੀਕ ਨੇ ਕਿਹਾ, 'ਮੈਨੂੰ ਇਸ ਗੱਲ ਨਾਲ ਤਾਂ ਕੁਝ ਨਹੀਂ ਕਿ ਉਹ ਗਿੱਟੇ 'ਤੇ ਬੰਨ੍ਹਣ ਵਾਲੀ ਚੀਜ਼ ਪਗੜੀ 'ਤੇ ਬੰਨ੍ਹਦੈ, ਮੈਨੂੰ ਤਾਂ ਡਰ ਇਸ ਗੱਲ ਦੈ ਕਿਤੇ ਪੱਗ ਥੱਲੇ ਬੰਨ੍ਹਣ ਵਾਲੀ ਫਿਫਟੀ ਗਿੱਟੇ ਨਾਲ ਨਾ ਬੰਨ੍ਹ ਲਵੇ।'

ਮੈਂ ਕਿਹਾ, 'ਯਾਰ ਘੁੰਗਰੂ ਨਹੀਂ ਇਹ ਤਾਂ ਜੁਗਨੀ ਲੱਗਦੀ ਐ?'

ਅਮਰੀਕ ਬੋਲਿਆ, 'ਫਿਰ ਕੀ ਐ, ਜੁਗਨੀ ਵੀ ਗਲ 'ਚ ਪਾਈਦੀ ਐ। ਆਪਾਂ ਫਿਫਟੀ ਗਿੱਟੇ ਨਾਲੋਂ ਖੋਲ੍ਹ ਕੇ ਗਲ਼ 'ਚ ਪਾ ਦਿੰਨੇ ਆਂ।'

ਦੀਪ ਜਗਦੀਪ ਨੇ ਦੱਸਿਆ ਅਸਲ ਵਿੱਚ ਇਸਦਾ ਨਾਮ 'ਸਰਤੇਚ' ਹੈ ਜੋ ਇਰਾਨੀ ਮੁਸਲਮਾਨ ਸੂਫ਼ੀਆਂ ਦੇ ਸੱਭਿਆਚਾਰ ਨਾਲ ਸੰਬੰਧਤ ਹੈ।

ਹਰਪਾਲ ਸਿੰਘ ਭਿੰਡਰ ਨੇ ਕਿਹਾ ਜਦੋਂ ਕਿਸੇ ਕੌਮ ਦੇ 'ਸਰ' ਤੋਂ 'ਤਾਜ' ਡਿੱਗਦਾ ਫਿਰ ਉਥੇ ਬੇਗਾਨੇ 'ਸਰਤੇਚ' ਹੀ ਸੱਜਦੇ ਹੁੰਦੇ ਆ।



### ਪਿੱਛੇ ਲੱਗ ਕੇ ਸਰਤਾਜ ਦੇ

ਲਾਈ ਲੱਗ ਪਿੱਛੇ ਲੱਗ ਜਾਣੇ ਆਂ ਹਰੇਕ ਦੇ
ਗੁਰੂ ਘਰ ਛੱਡ ਮੱਥੇ ਪੀਰਾਂ ਦਰ ਟੇਕਦੇ
ਜਾਵਾਂ ਸਦਕੇ ਆਹ ਨਵੇਂ ਹੀ ਰਵਾਜ ਦੇ,
ਪੱਗਾਂ ਤੇ ਤਵੀਤ ਨਾ ਬੰਨਣ ਲੱਗ ਜਾਣ
ਪਿੱਛੇ ਲੱਗ ਕੇ ਪੰਜਾਬੀ ਸਰਤਾਜ ਦੇ।
ਗਲ 'ਚ ਪਾ ਲੈ ਚਾਹੇ ਸੋਨੇ ਦੀਆਂ ਗਾਨੀਆਂ
ਪੱਗ ਸਾਡੀ ਨਾਲ ਨਾ ਤੂੰ ਕਰ ਛੇੜਖਾਨੀਆਂ
ਅਸੀਂ ਆਸ਼ਿਕ ਹਾਂ ਤੇਰੀ ਏਹ ਆਵਾਜ਼ ਦੇ
ਪੱਗਾਂ ਤੇ ਤਵੀਤ ਨਾ ਬੰਨਣ ਲੱਗ ਜਾਣ
ਪਿੱਛੇ ਲੱਗ ਕੇ ਪੰਜਾਬੀ ਸਰਤਾਜ ਦੇ।
ਬੰਨੇਂ ਦਸਤਾਰ ਕਰੇਂ ਗੱਲ ਅੱਲ੍ਹਾ ਤੇ ਫਕੀਰਾਂ ਦੀ
ਕਰੇਂ ਨਾ ਤੂੰ ਗੱਲ ਬਾਜਾਂ ਵਾਲੇ ਦਿਆਂ ਤੀਰਾਂ ਦੀ
ਵਿਸ਼ੇ ਹੋਰ ਵੀ ਨੇ ਗੁਰੂ ਮਹਾਰਾਜ ਦੇ...
ਪੱਗਾਂ ਤੇ ਤਵੀਤ ਨਾ ਬੰਨਣ ਲੱਗ ਜਾਣ
ਪਿੱਛੇ ਲੱਗ ਕੇ ਪੰਜਾਬੀ ਸਰਤਾਜ ਦੇ।
ਕਦੇ ਜੀਨ ਕਦੇ ਗੱਲ ਕਰੇਂ ਤੂੰ ਪਜਾਮੇ ਦੀ
ਦੂਜਾ ਵਾਰਿਸ ਸ਼ਾਹ ਕਹਾਵੇਂ, ਗੱਲ ਗੀਤਾਂ 'ਚ ਯਾਮੇ ਦੀ
ਇਹ ਤਾਂ ਔਖੀ ਘੱਟਾ ਸੋਹਣਿਆਂ ਸਮਾਜ ਦੇ
ਪੱਗਾਂ ਤੇ ਤਵੀਤ ਨਾ ਬੰਨਣ ਲੱਗ ਜਾਣ
ਪਿੱਛੇ ਲੱਗ ਕੇ ਪੰਜਾਬੀ ਸਰਤਾਜ ਦੇ।

*-ਗੁਰਮੁਖ ਸਿੰਘ ਭੁੱਲਰ*

*ਸਰਤਾਜ ਦਾ ਉਪਰੋਕਤ ਗੀਤ ਸੁਣ ਕੇ ਸੁਰਤ ਪਿਛਾਂਹ ਵੱਲ ਪਰਤ ਗਈ। ਜਦੋਂ ਪ੍ਰਯੋਗਸ਼ੀਲ ਦੇ ਨਾਂ 'ਤੇ ਪੰਜਾਬੀ ਵਿਚ ਬੇਹੂਦਾ ਕਵਿਤਾ ਲਿਖ ਹੋਣ ਲੱਗ ਪਈ ਤਾਂ ਕੁਝ ਕਵਿਤਾਵਾਂ ਦ੍ਰਿਸ਼ਟੀਗੋਚਰ ਹੋਈਆਂ। ਇਹ ਪਤਾ ਨਹੀਂ ਕਿਸ ਨੇ, ਕਦੋਂ ਲਿਖੀਆਂ ਸਨ। ਉਸਤਾਦ ਸ਼ਾਇਰ ਉਲਫ਼ਤ ਬਾਜਵਾ ਮਖੌਲ ਵਜੋਂ ਸਾਨੂੰ ਇਹ ਕਵਿਤਾਵਾਂ ਸੁਣਾਉਂਦੇ ਹੋਏ ਆਖਦੇ ਸਨ ਕਿ ਪ੍ਰਯੋਗਵਾਦੀ ਕਵਿਤਾ ਦਾ ਕੀ ਐ, ਇਕ ਸਤਰ ਏਥੋਂ ਫੜ੍ਹ ਲਓ, ਇਕ ਓਥੋਂ।-

ਨੈਣ ਤੇਰੇ ਇੰਜ ਗੋਰੀਏ
ਜਿਉਂ ਬੂਰੀ ਮੱਝ ਦੇ ਸਿੰਗ
ਹਵਾ ਆਈ ਝਟ ਜਾਣਗੇ
ਪਵੇਂਗੀ ਕਿਹੜੇ ਰਾਹ।
ਜਾਂ
ਨਦੀ ਕਿਨਾਰੇ ਝੋਟਾ ਚਰਦਾ
ਮੈਂ ਸਮਝਿਆ ਚੱਕੀਰਾਹਾ
ਧੌਣੋਂ ਫੜ੍ਹ ਕੇ ਦੇਖਣ ਲੱਗੇ
ਪਰਸੋਂ ਨੂੰ ਸੰਗਰਾਂਦ
ਜਾਂ
ਉਠ 'ਤੇ ਚੜ੍ਹਦੀ ਦਾ
ਚੈਨ 'ਚ ਫਸ ਗਿਆ ਪੌਂਚਾ

*ਹਰਪਾਲ ਸਿੰਘ ਭਿੰਡਰ ਕਹਿੰਦਾ ਹੈ, 'ਬੰਦਾ ਪਿੱਤਲ ਨੂੰ ਪਿੱਤਲ ਕਹਿ ਕੇ ਵੇਚੀ ਜਾਵੇ, ਸਾਨੂੰ ਕੋਈ ਇਤਰਾਜ਼ ਨਹੀਂ, ਪਰ ਇਹ ਤਾਂ ਸੋਨਾ ਕਹਿ ਕੇ ਪਿੱਤਲ ਵੇਚ ਰਿਹਾ ਹੈ। ਲੋਕਾਂ ਨੂੰ ਪ੍ਰਭਾਵ ਸੂਫ਼ੀਵਾਦ ਦਾ ਦੇ ਰਿਹਾ ਹੈ ਤੇ ਸੁਣਾ ਬੇਸਿਰ-ਪੈਰ ਗੀਤ ਰਿਹਾ ਹੈ। ਹੋਕਾ ਕਸਤੂਰੀ ਦਾ ਤੇ ਵੇਚ ਹਿੰਗ ਰਿਹਾ ਹੈ। ਇਸ ਲਈ ਇਹ ਮਿਸ ਪੂਜਾ ਅਤੇ ਬਠਿੰਡਾ-ਨੁਮਾ ਗਾਇਕੀ ਨਾਲੋਂ ਵੀ ਵੱਧ ਖ਼ਤਰਨਾਕ ਰੁਝਾਨ ਹੈ। ਸੂਫ਼ੀ ਤੇ ਸੰਜੀਦਾ ਗਾਇਕੀ ਦੇ ਨਾਂ 'ਤੇ ਧੱਬਾ ਹੈ। ਸੂਫ਼ੀ ਸੰਤਾਂ ਤੇ ਫ਼ਕੀਰਾਂ ਦੀ ਤੌਹੀਨ ਹੈ। ਜੇ ਵਾਕਿਆ ਹੀ ਕਿਸੇ ਨੂੰ ਸੂਫ਼ੀ ਸੰਗੀਤ ਸੁਣਨ ਦਾ ਸ਼ੌਕ ਚੜ੍ਹੇ ਤਾਂ ਉਹ ਹਾਮਦ ਅਲੀ ਬੇਲਾ, ਮੁਹੰਮਦ ਇਕਬਾਲ ਬਾਹੂ, ਆਬਿਦਾ ਪਰਵੀਨ ਜਾਂ ਸਾਈਂ ਜ਼ਹੂਰ ਵਰਗੇ ਗਾਇਕਾਂ ਨੂੰ ਸੁਣੇ। ਵਾਲ ਖਿਲਾਰ ਕੇ ਤੇ ਸਿਰ ਮਾਰ ਕੇ ਕੋਈ ਸੂਫ਼ੀ ਨਹੀਂ ਬਣਦਾ। ਸੂਫ਼ੀਅਤਾ ਦਾ ਘਰ ਬਹੁਤ ਦੂਰ ਹੈ।

*ਕੈਲੇਫੋਰਨੀਆ ਵਿਚ ਵਸਦਾ ਅੰਬੇਦਕਰਵਾਦੀ ਸੋਚ ਰੱਖਣ ਵਾਲਾ ਨੌਜਵਾਨ ਸੋਢੀ ਸੁਲਤਾਨ ਸਿੰਘ ਆਖਦਾ ਹੈ, 'ਸਰਤਾਜ ਪੰਜਾਬੀ ਗਾਇਕੀ ਦਾ ਸ਼ੇਖਚਿਲੀ ਹੈ।'

*ਕਾਰਟਰੇਟ ਵਸਦਾ ਹਰਜੀਤ ਸਿੰਘ ਕਹਿੰਦਾ ਹੈ, 'ਮੈਨੂੰ ਮੇਰੇ ਪੋਤੂ ਨੇ ਸਰਤਾਜ ਦੀ ਕੈਸਿਟ ਖਰੀਦਣ ਲਈ ਕਿਹਾ। ਮੈਂ ਦਸ ਡਾਲਰ ਖਰਚ ਕੇ ਸੁਣੀ ਤੇ ਆਪਣੇ ਪੋਤੂ ਨੂੰ ਫੋਨ ਕੀਤਾ, 'ਤੂੰ ਯਾਰ ਮੇਰੇ ਦਸ ਡਾਲਰ ਖੂਹ ਵਿਚ ਸੁਟਵਾ ਦਿੱਤੇ।'

*ਮੈਂ ਅਮਰੀਕ ਸਿੰਘ ਨੂੰ ਕਿਹਾ, 'ਯਾਰ ਸਰਤਾਜ ਦਾ ਗੀਤ ਹੈ-

ਇਹ ਜੋ ਥੋਨੂੰ ਨਜ਼ਰੀ ਆਉਂਦੇ
ਚੋਬਰ ਚੌੜੇ ਸੀਨੇ
ਯਾਰ ਨਗੀਨੇ
ਮਾਂ ਦੇ ਦੀਨੇ...

ਉਹ 'ਮਾਂ ਦੇ ਦੀਨੇ' ਗਾਲ੍ਹ ਕੱਢ ਹੀ ਕੱਢ ਗਿਆ। ਗਾਲ੍ਹ ਵੀ ਅਜਿਹੀ ਕਿ ਪਿੰਡ ਵਿਚ ਕਿਸੇ ਨੂੰ 'ਮਾਂ ਦਾ ਦੀਨਾ' ਕਹਿ ਦਿਉ ਅਗਲਾ ਸਿਰ ਪਾੜ ਦਿੰਦੈ। ਉਂਝ ਵੀ ਸ਼ਾਇਰੀ ਵਰਗੀ ਕੋਮਲ ਕਲਾ ਵਿਚ 'ਗਾਲ੍ਹ' ਦਾ ਜਦੋਂ ਇਸਤੇਮਾਲ ਹੋਇਆ ਹੋਵੇਗਾ ਤਾਂ ਕਵਿਤਾ ਨੂੰ ਕਿੰਨੀ ਪੀੜ ਹੋਈ ਹੋਵੇਗੀ। ਖ਼ੈਰ! ਇਹ ਗਾਲ੍ਹ ਕਿਹਨੂੰ ਜਾਂਦੀ ਹੈ?'

ਅਮਰੀਕ ਸਿੰਘ ਨੇ ਕਿਹਾ,'ਦੇਖੋ ਸਰੋਤੇ ਤਾਂ ਰੱਬ ਵਰਗੇ ਹੁੰਦੇ ਹਨ, ਗਾਇਕ ਉਨ੍ਹਾਂ ਨੂੰ ਤਾਂ ਗਾਲ ਕੱਢ ਨਹੀਂ ਸਕਦਾ। ਫਿਰ ਤਾਂ ਵਾਪਸ ਗਾਇਕ ਨੂੰ ਹੀ ਚਲੇ ਗਈ।'

ਹਰਪਾਲ ਸਿੰਘ ਭਿੰਡਰ ਨੇ ਗੱਲ ਅਗਾਂਹ ਤੋਰੀ, 'ਪੰਜਾਬੀ ਸਰੋਤੇ ਵਾਕਿਆ ਹੀ 'ਰੱਬ ਵਰਗੇ' ਹੁੰਦੇ ਹਨ। ਜਿਵੇਂ ਰੱਬ ਚੋਰਾਂ, ਠਗਾਂ, ਕਾਤਲਾਂ, ਜ਼ਾਲਮਾਂ, ਧੋਖੇਬਾਜ਼ਾਂ, ਕਮੀਨਿਆਂ ਆਦਿ ਸਾਰਿਆਂ ਦੀ ਬਿਨਾਂ ਕਿਸੇ ਦੂਈ-ਦਵੈਤ ਦੇ ਪਾਲਣਾ ਕਰਦਾ ਹੈ, ਇਵੇਂ ਹੀ ਸਾਡੇ ਇਹ 'ਰੱਬ ਵਰਗੇ' ਸਰੋਤੇ ਬਿਨਾਂ ਕਿਸੇ ਦੂਈ-ਦਵੈਤ ਦੇ ਇਨ੍ਹਾਂ ਊਟ-ਪਟਾਂਗ ਤੇ ਬੇਸੁਰਾ ਗਾਉਣ ਵਾਲੇ ਗਾਇਕਾਂ ਦੇ ਮੇਲੇ ਅਤੇ ਸ਼ੋਅ ਭਰ ਕੇ, ਨੋਟਾਂ ਦੀ ਬਰਖਾ ਕਰਕੇ, ਇਨ੍ਹਾਂ ਨਿਮਾਣੇ ਜਿਹੇ ਕਲਾਕਾਰਾਂ ਨੂੰ 'ਮਾਣ' ਬਖ਼ਸ਼ਦੇ ਹਨ। ਇਹੋ ਜਿਹੀ ਫ਼ਰਾਖ਼-ਦਿਲੀ ਤਾਂ ਫਿਰ ਰੱਬ ਹੀ ਵਿਖਾ ਸਕਦਾ ਹੈ।'

*ਲੰਬਾ ਸਮਾਂ ਹਰਵਲਭ ਸੰਗੀਤ ਸੰਮੇਲਨ ਦਾ ਆਨੰਦ ਮਾਣਨ ਵਾਲੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਹਰਭਜਨ ਸਿੰਘ ਬੈਂਸ ਦਾ ਕਥਨ ਹੈ- 'ਇਸ ਮੁੰਡੇ ਨੂੰ ਨਾ ਗਾਇਕੀ ਦੀ ਸਮਝ ਹੈ ਨਾ ਸ਼ਾਇਰੀ ਦੀ।'

*ਪੰਜਾਬੀ ਸ਼ਾਇਰ ਉਂਕਾਰਪ੍ਰੀਤ ਨੇ 'ਸਾਈਂ' ਵਾਲਾ ਗੀਤ ਸੁਣ ਕੇ ਕਿਹਾ-'ਇਸ ਗੀਤ ਵਿਚ ਇਨ੍ਹਾਂ ਸਤਰਾਂ ਦੀ ਕਮੀ ਹੈ-

ਉਏ ਸਾਈਂ, ਮੈਨੂੰ ਗਾਉਣਾ ਵੀ ਸਿਖਾਈਂ,
ਉਏ ਸਾਈਂ, ਮੈਨੂੰ ਲਿਖਣਾ ਸਿਖਾਈਂ,
ਉਏ ਸਾਈਂ, ਮੈਨੂੰ ਚੋਰੀ ਤੋਂ ਬਚਾਈਂ...।

(ਜ਼ਿਕਰਯੋਗ ਹੈ ਕਿ ਮਿਊਜ਼ਿਕ ਟਾਈਮਜ਼ ਆਨ ਲਾਈਨ ਡਾਟ ਕਾਮ, ਅੰਕ ਅਪ੍ਰੈਲ 2010 (ਪੰਨਾ 7) ਦੇ ਮੁਤਾਬਿਕ ਸਰਤਾਜ ਨੇ ਉਸਤਾਦ ਦਾਮਨ, ਗੁਰਚਰਨ ਰਾਮਪੁਰੀ, ਤਰਲੋਕ ਜੱਜ ਆਦਿ ਸ਼ਾਇਰਾਂ ਦੀ ਸ਼ਾਇਰੀ, ਕਥਿਤ ਤੌਰ 'ਤੇ ਸਿੱਧੀ ਨਕਲ ਕਰਕੇ ਜਾਂ ਭੰਨ-ਤੋੜ ਕਰਕੇ, ਇਸ ਤਰੀਕੇ ਨਾਲ ਗਾਈ ਹੈ, ਜਿਵੇਂ ਉਹ ਸਰਤਾਜ ਦੀ ਆਪਣੀ ਸ਼ਾਇਰੀ ਹੋਵੇ। ਤਰਲੋਕ ਜੱਜ ਨੇ ਤਾਂ (ਅਜੀਤ ਜਲੰਧਰ 09 ਅਪ੍ਰੈਲ 2010 ਵਿਚ) ਸਰਤਾਜ 'ਤੇ ਉਸਦੀ ਸ਼ਾਇਰੀ ਬਿਨਾਂ ਇਜਾਜ਼ਤ ਅਤੇ ਬਿਨਾਂ ਕਰੈਡਿਟ ਦਿੱਤੇ, 'ਮਹਿਫ਼ਲੇ-ਸਰਤਾਜ' ਵਿਚ ਗਾਉਣ ਦਾ ਦੋਸ਼ ਲਾਉਂਦਿਆਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਵੀ ਕੀਤੀ ਹੈ।)

*ਤਿਰਛੀ ਨਜ਼ਰ ਦਾ ਲੇਖਕ ਜਸਵੰਤ ਸ਼ਾਦ ਕਹਿੰਦਾ ਹੈ, 'ਅਜੇ ਤਾਂ ਰੋਮੀਓ (ਜੈਜ਼ੀ ਬੀ) ਦੇ ਸੂਲਾਂ ਵਰਗੇ ਤਿੱਖੇ ਵਾਲ ਵੀ ਠਾਂਹ ਨਹੀਂ ਹੋਏ ਕਿ ਇਹ ਇਕ ਨਵਾਂ ਕੋਝਾ ਫੈਸ਼ਨ ਪੰਜਾਬ ਵਿਚ ਚਲਾਵੇਗਾ। ਆਖਰ ਇਹ ਪੱਗ ਥੱਲਿਓਂ ਦੀ ਵਾਲ ਖਿਲਾਰ ਕੇ ਸਿੱਧ ਕੀ ਕਰਨਾ ਚਾਹੁੰਦਾ ਹੈ?' ਉਸਨੇ ਦੱਸਿਆ ਕਿ ਇਕ ਦਿਨ ਸਰਤਾਜ ਨੂੰ ਦੇਖ ਕੇ ਉਸਦੇ ਚਾਰ ਕੁ ਸਾਲ ਦੇ ਬੇਟੇ ਨੇ ਉਸਨੂੰ ਸਵਾਲ ਕੀਤਾ- 'ਪਾਪਾ ਏਨੂੰ 'ਜੂੜੀ' ਨਹੀਂ ਕਰਨੀ ਆਉਂਦੀ?'

...ਓਧਰ ਬੱਚੇ ਦਾ ਮਾਸੂਮ ਸਵਾਲ ਹਵਾ ਵਿੱਚ ਲਟਕ ਰਿਹਾ ਸੀ ਅਤੇ ਏਧਰ ਅਸੀਂ ਸੁਰ ਤੇ ਸ਼ਾਇਰੀ ਦੀ 'ਖੁੱਲ੍ਹੀ ਜੂੜੀ' ਬਾਰੇ ਸੋਚ ਰਹੇ ਸਾਂ...!!!

***(ਵਿਸ਼ੇਸ਼ ਧੰਨਵਾਦ ਹਰਪਾਲ ਸਿੰਘ ਭਿੰਡਰ ਦਾ ਜਿਸਨੇ ਇਸ ਲੇਖ ਦਾ ਅੱਧਾ ਹਿੱਸਾ ਲਿਖਣ ਵਿਚ ਯੋਗਦਾਨ ਪਾਇਆ)***

---

## ਸਾਥ ਤੋਂ ਬਿਨਾਂ ਕਈ ਵਾਰ ਔਰਤ ਭਟਕ ਜਾਂਦੀ



**-ਹਰਦੇਵ ਸਿੰਘ ਧਾਲੀਵਾਲ**

ਜਨਵਰੀ, 1974 ਵਿਚ ਮੈਨੂੰ, ਮੁੱਖ ਅਫ਼ਸਰ ਬੋਹਾ ਤੋਂ ਸੀ. ਟੀ. ਡੀ. ਐਸ. ਕੋਰਸ ਲਈ ਹੈਦਰਾਬਾਦ ਭੇਜ ਦਿੱਤਾ ਗਿਆ। ਉਥੇ 100 ਦਿਨਾਂ ਦਾ ਕੋਰਸ ਸੀ। ਉਹ ਤਫਤੀਸ਼ ਵਿਚ ਮੁਲਾਹਜ਼ੇ ਮੌਕੇ ਨੂੰ ਬਹੁਤ ਮਹੱਤਤਾ ਦਿੰਦੇ ਸਨ। ਸਾਡਾ ਹੋਸਟਲ ਇਕ ਬਹੁਤ ਵੱਡੀ ਕੋਠੀ ਵਿਚ ਸੀ। ਮੇਰੇ ਨਾਲ ਕਮਰੇ ਵਿਚ ਮਹਾਰਾਸ਼ਟਰ ਦਾ ਜੇ. ਏ. ਵਾਲਾਵਾਲਕਰ ਅਤੇ ਸੰਸਥਾ ਦਾ ਸਾਥੀ ਤਾਮਿਲਨਾਡੂ ਦਾ ਰਾਜ ਗੋਪਾਲਮ ਰਹਿੰਦੇ ਸਨ। ਉਥੇ ਰਵਾਇਤ ਸੀ ਕਿ ਹਰ ਸਨਿਚਰਵਾਰ ਨੂੰ ਰਾਤ ਦੇ ਖਾਣੇ 'ਤੇ ਕੋਈ ਨਾ ਕੋਈ ਪ੍ਰੋਫੈਸਰ (ਅਫਸਰ) ਆਉਂਦਾ ਸੀ। ਬੀ. ਏ. ਪਾਸ ਨੂੰ ਹੀ ਉਸ ਕੋਰਸ ਵਿਚ ਭੇਜਿਆ ਜਾਂਦਾ ਸੀ ਕਿਉਂਕਿ ਉਥੇ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੀ ਸੀ। ਸਵੇਰ ਸਮੇਂ ਪੀ. ਟੀ. ਅਤੇ ਸ਼ਾਮ ਵੇਲੇ ਵਾਲੀਬਾਲ ਖੇਡੀ ਜਾਂਦੀ ਸੀ। 5-6 ਦਿਨਾਂ ਬਾਅਦ ਮੈਂ ਇਕੱਲਾ ਹੀ ਬਾਹਰ ਚਲਾ ਗਿਆ। ਸਾਹਮਣੇ ਵਾਲੀ ਲਾਈਨ ਦੀ ਇਕ ਕੋਠੀ ਦੇ ਬਾਹਰ, ਮੇਰੀ ਉਮਰ ਦਾ ਇਕ ਹੱਟਾ-ਕੱਟਾ ਨੌਜਵਾਨ ਖੜ੍ਹਾ ਸੀ। ਉਸ ਨੇ ਬੜੇ ਪਿਆਰ ਨਾਲ ਮੈਨੂੰ ਬੁਲਾਇਆ ਤੇ ਮੈਂ ਵੀ ਪਿਆਰ ਨਾਲ ਉਸ ਦਾ ਹਾਲ-ਚਾਲ ਪੁੱਛਿਆ। ਸਰਦਾਰ ਹੋਣ ਕਰਕੇ ਉਹ ਮੈਨੂੰ ਇੱਜ਼ਤ-ਮਾਣ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਨੂੰ ਆਪਣੀ ਕੋਠੀ ਅੰਦਰ ਲੈ ਗਿਆ। ਚਾਹ ਪਿਲਾਈ। ਉਸ ਦੇ ਦੋ ਬੱਚੇ ਸਨ, ਇਕ 7 ਕੁ ਸਾਲ ਦੀ ਕੁੜੀ ਤੇ 4 ਕੁ ਸਾਲ ਦਾ ਮੁੰਡਾ। ਉਸ ਦੀ ਘਰ ਵਾਲੀ ਸੁਘੜ ਸਿਆਣੀ, ਪੂਰੀ ਫੈਸ਼ਨੇਬਲ ਔਰਤ ਕਹੀ ਜਾ ਸਕਦੀ ਸੀ। ਉਹ ਆਪ ਪਾਇਲਟ ਸੀ ਅਤੇ ਇਕ ਰੱਜੇ-ਪੁੱਜੇ ਘਰ ਦਾ ਸੀ। ਗੱਲੀਂਬਾਤੀਂ ਉਨ੍ਹਾਂ ਨੇ ਆਪ ਹੀ ਦੱਸ ਦਿੱਤਾ ਕਿ ਉਨ੍ਹਾਂ ਦੋਹਾਂ ਦਾ ਪ੍ਰੇਮ ਵਿਆਹ ਹੋਇਆ ਹੈ ਤੇ ਦੋਹਾਂ ਦੇ ਮਾਪਿਆਂ ਨੇ ਇਸ ਨੂੰ ਮਾਨਤਾ ਨਹੀਂ ਸੀ ਦਿੱਤੀ। ਉਹ ਪੂਰੇ ਕੱਟੜ ਸਨ। ਪਾਇਲਟ ਨੇ ਮੇਰੇ ਰੋਕਣ ਦੇ ਬਾਵਜੂਦ ਬਰਾਂਡੀ ਦੀ ਬੋਤਲ ਮੇਰੇ ਅੱਗੇ ਰੱਖ ਦਿੱਤੀ ਪਰ ਮੈਂ ਨਾਹ ਕਰ ਦਿੱਤੀ ਅਤੇ ਦੂਜੇ ਦਿਨ ਦਾ ਵਾਅਦਾ ਕਰਕੇ ਮੈਂ ਖਹਿੜਾ ਛੁਡਾ ਲਿਆ।

ਦੂਜੇ ਦਿਨ ਉਹ ਆਪਣੇ ਆਪ ਹੀ ਹੋਸਟਲ ਆ ਗਿਆ। ਮੈਂ ਟਾਲਣਾ ਚਾਹੁੰਦਾ ਸੀ ਪਰ ਉਸ ਦੇ ਲਿੰਘ ਅੱਗੇ ਲਾਚਾਰ ਹੋ ਗਿਆ। ਦੋ ਟੁੱਕ ਜਵਾਬ ਦੇਣ ਦਾ ਮੇਰੇ ਵਿਚ ਹੌਸਲਾ ਨਾ ਪਿਆ ਕਿਉਂਕਿ ਪਾਇਲਟ ਦੀ ਹਰ ਗੱਲ ਵਿਚ ਅਪਣੱਤ ਭਰੀ ਹੋਈ ਸੀ। ਟੁਰਨ ਲੱਗਿਆਂ ਉਸ ਨੇ ਸਾਡੀ ਮੈਸ ਇੰਚਾਰਜ ਨੂੰ ਆਪਣੇ ਆਪ ਹੀ ਕਹਿ ਦਿੱਤਾ ਕਿ ਕਿ ਮਿਸਟਰ ਸਿੰਘ ਖਾਣਾ ਖਾ ਕੇ ਹੀ ਆਉਣਗੇ। ਉਨ੍ਹਾਂ ਨੇ ਪਹਿਲਾਂ ਹੀ ਵਿਸਕੀ ਮੰਗਵਾ ਕੇ ਰੱਖੀ ਹੋਈ ਸੀ। ਅਸੀਂ ਆਪਸ ਵਿਚ ਪੂਰੇ ਖੁੱਲ੍ਹ ਗਏ ਅਤੇ ਆਪਣੀਆਂ ਘਰੇਲੂ ਗੱਲਾਂ ਵੀ ਕਰਦੇ ਰਹੇ। ਮੇਰੇ ਰੋਕਣ ਦੇ ਬਾਵਜੂਦ, ਉਹ ਮੇਰੇ ਕਮਰੇ ਤਕ ਆਏ। ਜਿਸ ਦਿਨ ਪਾਇਲਟ ਸਾਹਿਬ ਵਿਹਲੇ ਹੁੰਦੇ, ਅਸੀਂ ਜ਼ਰੂਰ ਇਕੱਠੇ ਹੋ ਜਾਂਦੇ।

ਕਦੇ-ਕਦੇ ਪਾਇਲਟ ਦੀ ਪਤਨੀ ਵੀ 1-2 ਪੈਗ ਲਾ ਲੈਂਦੀ ਸੀ। ਸਾਡੀ ਥੋੜ੍ਹੇ ਸਮੇਂ ਵਿਚ ਹੀ ਪਈ ਦੋਸਤੀ ਦੇ ਚਰਚੇ ਮੇਰੇ ਸਾਥੀਆਂ ਅਤੇ ਸਟਾਫ ਤਕ ਪਹੁੰਚ ਗਏ। ਉਹ ਸਾਰੇ ਹੈਰਾਨ ਸਨ ਕਿ ਇਹ, ਇਕ ਦੂਜੇ ਦੇ ਐਨੇ ਥੋੜ੍ਹੇ ਸਮੇਂ ਵਿਚ ਨੇੜੇ ਕਿਵੇਂ ਹੋ ਗਏ ਜਦਕਿ ਸਾਡੀ ਦੋਹਾਂ ਦੀ ਬੋਲੀ ਵੱਖੋ-ਵੱਖਰੀ ਸੀ।

ਅਚਾਨਕ ਉਸ ਪਰਿਵਾਰ 'ਤੇ ਕਹਿਰ ਟੁੱਟ ਪਿਆ। ਪਾਇਲਟ ਦਾ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਉਸ ਘਰ ਵਿਚ ਮਾਤਮ ਪਸਰ ਗਿਆ। ਦੋਹਾਂ ਦੇ ਮਾਪੇ ਅੰਤਮ ਸੰਸਕਾਰ 'ਤੇ ਤਾਂ ਆਏ ਪਰ ਕੋਈ ਖਾਸ ਸਹਿਯੋਗ ਨਾ ਦਿੱਤਾ। ਉਸ ਘਰ ਦੀ ਹਾਲਤ ਦੇਖਣ ਵਾਲੀ ਨਹੀਂ ਸੀ ਰਹੀ। ਘਰ ਦਾ ਬਜ਼ੁਰਗ ਨੌਕਰ ਆਪਣੀ ਵਫ਼ਾਦਾਰੀ ਪੁਗਾ ਰਿਹਾ ਸੀ। ਮਹਿਕਮੇ ਨੇ ਤੁਰੰਤ ਪਰਿਵਾਰ ਨੂੰ ਵਿੱਤੀ ਰਾਹਤ ਦਿੱਤੀ। ਪਾਇਲਟਾਂ ਦੇ ਕਈ ਤਰ੍ਹਾਂ ਦੇ ਨਾਤੇ ਹੁੰਦੇ ਹਨ। ਉਸ ਦੇ ਵੀ ਸਨ। ਮਹਿਕਮੇ ਦੀ ਹਿੰਮਤ ਕਰਕੇ ਪਰਿਵਾਰ ਨੂੰ ਛੇਤੀ ਹੀ ਹੋਰ ਵਿੱਤੀ ਰਾਹਤ ਮਿਲਣ ਲੱਗ ਗਈ।

ਪੈਸੇ ਦੀ ਆਮਦ ਨੇ ਉਸ ਘਰ ਵਿਚ ਇਕ ਹੋਰ ਰੋਗ ਪੈਦਾ ਕਰ ਦਿੱਤਾ, ਜਿਸ ਦੀ ਕਿਸੇ ਨੂੰ ਆਸ ਨਹੀਂ ਸੀ। ਪਤਾ ਨਹੀਂ ਗਮ ਵਿਚ ਪਾਇਲਟ ਦੀ ਪਤਨੀ ਲਛਮੀ ਨੇ ਬਰਾਂਡੀ ਅਤੇ ਵਿਸਕੀ ਪੀਣ ਦੀ ਆਦਤ ਵਿਚ ਵਾਧਾ ਕਿਵੇਂ ਕਰ ਲਿਆ। ਸਮਝਾਉਣ ਦੇ ਬਾਵਜੂਦ ਉਸ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਗੱਡੀ ਲੈ ਕੇ ਉਹ ਘੁੰਮਣ-ਫਿਰਨ ਲੱਗ ਗਈ ਸੀ। ਪਹਿਲਾਂ ਉਹ ਕਲੱਬ ਘੱਟ ਜਾਂਦੀ ਸੀ ਪਰ ਹੁਣ ਉਹ ਅਕਸਰ ਹੀ ਕਲੱਬ ਜਾਣ ਲੱਗ ਪਈ। ਕਈ ਵਾਰ ਤਾਂ ਉਸ ਨੇ ਏਨੀ ਸ਼ਰਾਬ ਪੀਤੀ ਹੁੰਦੀ ਕਿ ਗੱਡੀ ਵਿਚੋਂ ਉਤਰ ਵੀ ਨਹੀਂ ਸੀ ਸਕਦੀ। ਇਕ-ਦੋ ਵਾਰ ਤਾਂ ਉਸ ਦੀ ਕੁੜੀ ਮੈਨੂੰ ਬੁਲਾ ਕੇ ਲਿਜਾਂਦੀ ਰਹੀ ਤੇ ਮੈਂ ਅਤੇ ਉਨ੍ਹਾਂ ਦੀ ਬਜ਼ੁਰਗ ਔਰਤ, ਬੜੀ ਮੁਸ਼ਕਲ ਨਾਲ ਉਸ ਨੂੰ ਗੱਡੀ ਵਿਚੋਂ ਉਤਾਰਦੇ।

ਇਕ ਸ਼ਨਿਚਰਵਾਰ ਸਾਡੇ ਪ੍ਰਿੰਸੀਪਲ, ਰਾਤ ਦੇ ਖਾਣੇ 'ਤੇ ਸਨ ਤਾਂ ਸ਼ਰਾਬੀ ਹਾਲਤ ਵਿਚ ਲਛਮੀ ਸਾਡੇ ਡਾਈਨਿੰਗ ਰੂਮ ਵਿਚ ਆ ਗਈ। ਉਸ ਨੇ ਹੱਥ ਵਿਚ ਇਕ ਲਿਫਾਫਾ ਫੜਿਆ ਹੋਇਆ ਸੀ, ਜਿਸ ਵਿਚ 80 ਹਜ਼ਾਰ ਰੁਪਏ ਸਨ। ਉਸ ਨੇ ਲਿਫਾਫਾ ਮੇਰੇ ਅੱਗੇ ਸੁੱਟ ਦਿੱਤਾ ਤੇ ਕਿਹਾ, ''ਯੇਹ ਆਪ ਕੇ ਲੀਏ ਹੈਂ।'' ਉਸ ਦੇ ਪਿੱਛੇ ਪਿੱਛੇ ਬਜ਼ੁਰਗ ਨੌਕਰ ਵੀ ਆ ਗਿਆ। ਅਸੀਂ ਬੜੀ ਮੁਸ਼ਕਲ ਨਾਲ ਉਸ ਨੂੰ ਕੋਠੀ ਤਕ ਲੈ ਕੇ ਗਏ। ਦੂਜੇ ਦਿਨ ਮੈਂ ਪ੍ਰਿੰਸੀਪਲ ਸਾਹਿਬ ਨੂੰ ਨਾਲ ਲੈ ਕੇ ਉਹ ਪੈਸੇ ਮਿਆਦੀ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਅਤੇ ਪਾਇਲਟ ਦੇ ਪਿਉ ਨੂੰ ਮੈਂ ਇਕ ਕਰੜੀ ਚਿੱਠੀ ਵੀ ਲਿਖਵਾਈ। ਥੋੜ੍ਹੇ ਚਿਰ ਵਿਚ ਹੀ ਮੈਂ ਉਸ ਘਰ ਦੇ ਤਿੰਨ ਰੰਗ ਵੇਖੇ। ਮੇਰੇ ਪੰਜਾਬ ਵਾਪਸ ਆਉਣ 'ਤੇ ਉਸ ਦੇ ਪਿਤਾ ਉਸ ਕੋਲ ਆ ਗਏ ਤੇ ਪੋਤੇ-ਪੋਤੀ ਦਾ ਜ਼ਿੰਮਾ ਚੁੱਕ ਲਿਆ। ਲਛਮੀ ਨੇ ਮੈਨੂੰ ਲਿਖਿਆ ਕਿ ਉਸ ਨੂੰ ਕਾਲਜ ਵਿਚ ਨੌਕਰੀ ਮਿਲ ਗਈ ਹੈ। ਉਸ ਦਾ ਇਹ ਪੱਤਰ ਇਕ ਤਰ੍ਹਾਂ ਨਾਲ ਧੰਨਵਾਦੀ ਪੱਤਰ ਸੀ, ਜਿਸ ਵਿਚ ਉਹ ਭਟਕਣ ਦੀ ਗਲਤੀ ਨੂੰ ਮਹਿਸੂਸ ਕਰਦੀ ਸੀ।

ਮੈਂ ਇਕ ਵਾਰ ਬਹੁਤ ਹੀ ਸੀਨੀਅਰ ਅਹੁਦੇ 'ਤੇ ਬੈਠੀ ਔਰਤ ਨੂੰ ਪੁੱਛਿਆ, ''ਮੈਡਮ, ਤੁਸੀਂ ਅਜੇ ਤਕ ਵਿਆਹ ਨਹੀਂ ਕਰਵਾਇਆ? ਤੁਹਾਨੂੰ ਕੋਈ ਘਰੇਲੂ ਝੰਜਟ ਨਹੀਂ, ਕੋਈ ਫਿਕਰ ਨਹੀਂ। ਆਜ਼ਾਦ ਹੋ ਤੇ ਵਧੀਆ ਜ਼ਿੰਦਗੀ ਜਿਉਂਦੇ ਹੋ।'' ਮੈਂ ਵੇਖਿਆ ਕਿ ਉਸ ਦੀਆਂ ਅੱਖਾਂ ਨਮ ਸਨ ਤੇ ਦਬੀ ਆਵਾਜ਼ ਵਿਚ ਕਹਿਣ ਲੱਗੀ, ''ਔਰਤ ਨੂੰ ਵਿਆਹ ਜ਼ਰੂਰ ਕਰਵਾਉਣਾ ਚਾਹੀਦਾ ਹੈ। ਵਧਦੀ ਉਮਰ ਵਿਚ ਸਾਥ ਦੀ ਬਹੁਤ ਲੋੜ ਮਹਿਸੂਸ ਹੁੰਦੀ ਹੈ। ਇਕੱਲੀ ਔਰਤ ਨੂੰ ਅਕਸਰ ਸੀਨੀਅਰ ਅਤੇ ਸਾਥੀ ਅਧਿਕਾਰੀ ਨਿਗਲਣਾ ਹੀ ਚਾਹੁੰਦੇ ਹਨ। ਆਦਮੀ ਜ਼ਰੂਰ ਚਾਹੀਦਾ ਹੈ, ਭਾਵੇਂ ਉਹ ਮਿੱਟੀ ਦਾ ਹੀ ਹੋਵੇ।'' ਉਸ ਦਾ ਜਵਾਬ ਸੁਣ ਕੇ ਮੈਂ ਲਾਜਵਾਬ ਹੋ ਗਿਆ ਸੀ।

## ਪੁਰਾਣਾ ਮਾਖਿਓਂ

# ਪੇਮੀ ਦੇ ਨਿਆਣੇ



**ਪ੍ਰੋ. ਸੰਤ ਸਿੰਘ ਸੇਖੋਂ**

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ, ਮੈਂ ਸੱਤ ਵਰ੍ਹੇ ਦਾ ਸੀ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਸਾਡਾ ਖੇਤ ਘਰੋਂ ਮੀਲ ਕੁ ਦੀ ਵਿਥ ’ਤੇ ਸੀ। ਅੱਧ ਵਿਚਕਾਰ ਇਕ ਜਰਨੈਲੀ ਸੜਕ ਲੰਘਦੀ ਸੀ, ਜਿਸ ਵਿਚੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪਰਦੇਸੀਆਂ ਦਾ ਕਾਫੀ ਲਾਂਘਾ ਸੀ। ਅਸੀਂ ਸਭ ਇੰਵਾਣੇ, ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਵੀ ਡਰ ਆਉਂਦਾ ਸੀ, ਇਸ ਸੜਕ ਵਿਚੋਂ ਦੀ ਕਿਸੇ ਸਿਆਣੇ ਤੋਂ ਬਗੈਰ ਲੰਘਣ ਤੋਂ ਬਹੁਤ ਭੈ ਖਾਂਦੇ ਸਾਂ। ਪਰ ਟੰਟਾ ਇਹ ਸੀ ਕਿ ਦਿਨੇ ਇਕ ਦੋ ਵੇਲੇ ਸਾਨੂੰ ਖੇਤ ਬਾਪੂ ਤੇ ਕਾਮੇ ਦੀ ਰੋਟੀ ਫੜਾਣ ਜ਼ਰੂਰ ਜਾਣਾ ਪੈਂਦਾ ਸੀ ਤੇ ਸਾਡੀ ਅਵਸਥਾ ਹਰ ਰੋਜ਼ ਇਕ ਮੁਸ਼ਕਲ ਘਾਟੀ ਲੰਘਣ ਵਾਲੀ ਹੁੰਦੀ ਸੀ।

ਅਸੀਂ ਆਮ ਤੌਰ ’ਤੇ ਘਰੋਂ ਤਾਂ ਹੌਂਸਲਾ ਕਰ ਕੇ ਇਕੱਲੇ ਹੀ ਤੁਰ ਪੈਂਦੇ, ਪਰ ਜਦ ਸੜਕ ਦੋ ਤਿੰਨ ਘੁਮਾਂ ਦੀ ਵਿਥ ਉਤੇ ਰਹਿ ਜਾਂਦੀ ਤਾਂ ਨਹਿਰ ਸੂਆ ਟੱਪਣ ਲਗੇ ਪਠੋਰਿਆਂ ਵਾਂਗ ਖਲੋ ਕੇ ਆਸੇ-ਪਾਸੇ ਤੱਕਣ ਲੱਗ ਜਾਂਦੇ, ਤਾਂ ਜੁ ਕਿਸੇ ਪਿੰਡੋਂ ਆਉਂਦੇ ਜਾਂਦੇ ਸਿਆਣੇ ਦੀ ਸ਼ਰਨ ਲੈ ਕੇ ਇਸ ਭੈ-ਸਾਗਰ ਨੂੰ ਤਰਨ ਜੋਗੇ ਹੋ ਜਾਈਏ।

ਸਾਡੀ ਮਜ਼ਹਬੀ ਤਬੀਅਤ ਵੀ ਕੁਝ ਇਸ ਕਿਸਮ ਦੀ ਸੀ ਕਿ ਅਜਿਹੇ ਡਰ ਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਅਸੀਂ ਘਰ ਸਿਆਣਿਆਂ ਕੋਲੋਂ ਨਰਕ ਸਵਰਗ ਦੀਆਂ ਕਹਾਣੀਆਂ ਹਰ ਰੋਜ਼ ਸ਼ਾਮ ਨੂੰ ਸੁਣਦੇ। ਸਵਰਗ ਤਾਂ ਸਾਨੂੰ ਖੇਡ ਤੋਂ ਬਾਹਰ ਕਿਤੇ ਘਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁਲ੍ਹੇ ਗੱਫੇ ਮਿਲਦੇ। ਸਭ ਤੋਂ ਵੱਡਾ ਨਰਕ ਮਦਰਸਾ ਸੀ ਤੇ ਜੇ ਉਸਤੋਂ ਕਿਸੇ ਦਿਨ ਛੁਟ ਜਾਂਦੇ ਤਾਂ ਖੇਤ ਰੋਟੀ ਦੇਣ ਜਾਣ ਦਾ ਨਰਕ ਪੇਸ਼ ਆ ਜਾਂਦਾ। ਗੱਲ ਕੀ ਸਾਡੇ ਇੰਵਾਣੇ ਰਾਹ ਦੇ ਹਰ ਇਕ ਮੋੜ ਤੇ ਜਾਣੋ ਨਰਕ ਘਾਤ ਲਾਈ ਖਲੋਤੇ ਹੁੰਦੇ। ਖ਼ਬਰੇ ਇਸ ਸੜਕ ਦਾ ਭੈ-ਸਾਗਰ ਲੰਘਣ ਕਰਕੇ ਸਾਨੂੰ ਖੇਤ ਜਾਣਾ ਨਰਕ ਲਗਦਾ ਸੀ ਜਾਂ ਖੇਤ ਰੋਟੀ ਲੈ ਜਾਣ ਲਗੇ ਇਸ ਸੜਕ ਨੂੰ ਲੰਘਣਾ ਸਾਨੂੰ ਭੈ ਸਾਗਰ ਦਿਖਾਈ ਦਿੰਦਾ ਸੀ, ਮੈਂ ਇਸ ਦੀ ਬਾਬਤ ਯਕੀਨ ਨਾਲ ਕੁਝ ਨਹੀਂ ਕਹਿ ਸਕਦਾ। ਇਹ ਮੈਨੂੰ ਪਤਾ ਹੈ ਕਿ ਖੇਤ ਸਵਰਗ ਸੀ ਤੇ ਖੇਤ ਰੋਟੀ ਲੈ ਜਾਣ ਦੀ ਖੇਚਲ ਨਰਕ ਅਤੇ ਉਹ ਜਰਨੈਲੀ ਸੜਕ ਵਿਚਕਾਰਲਾ ਭੈ-ਸਾਗਰ।

ਸਿਆਲ ਦੇ ਦਿਨ ਸਨ। ਅਸੀਂ ਦੋਵੇਂ ਭੈਣ-ਭਰਾ ਦੁਪਹਿਰ ਦੀ ਰੋਟੀ ਲੈ ਕੇ ਖੇਤ ਨੂੰ ਚਲ ਪਏ। ਨਿੱਘੀ ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਟੁਰੇ ਜਾਂਦੇ ਵੀ ਜਾਣੋ ਸਿਆਲ ਦੀ ਧੁੱਪ ਦੀ ਨੀਂਦ ਦਾ ਨਿੱਘ ਲੈ ਰਹੇ ਸਾਂ, ਪਰ ਦਿਲ ਵਿਚ ਸੜਕ ਲੰਘਣ ਦਾ ਡਰ ਚੂਹੇ ਵਾਂਗਰ ਕੁਤਰ ਰਿਹਾ ਸੀ।

ਅਸੀਂ ਡਰ ਨੂੰ ਦਬਾਣ ਦਾ ਇਕ ਆਮ ਤਰੀਕਾ ਵਰਤਣਾ ਚਾਹਿਆ। ਭੈਣ ਮੈਨੂੰ ਇਕ ਕਹਾਣੀ ਸੁਣਾਨ ਲਗ ਪਈ। ‘‘ਇਕ ਸੀ ਰਾਜਾ, ਉਹਦੀ ਰਾਣੀ ਮਰ ਗਈ। ਮਰਨ ਲੱਗੀ ਰਾਣੀ ਨੇ ਰਾਜੇ ਨੂੰ ਕਿਹਾ, ‘ਤੂੰ ਮੈਨੂੰ ਇਕ ਕਰਾਰ ਦੇਹ।’ ਰਾਜੇ ਨੇ ਪੁੱਛਿਆ, ‘ਕੀ’?

ਮੈਂ ਕਹਾਣੀ ਵਲੋਂ ਧਿਆਨ ਮੋੜ ਕੇ ਪਿਛਾਂਹ ਪਿੰਡ ਵਲ ਨੂੰ ਦੇਖਿਆ ਕਿ ਕਿਤੇ ਕੋਈ ਆਦਮੀ ਸਾਡੇ ਰਾਹ ਜਾਣ ਵਾਲਾ ਆ ਰਿਹਾ ਹੋਵੇ।

‘‘ਤੂੰ ਸੁਣਦਾ ਨਹੀਂ, ਬੀਰ!’’ ਭੈਣ ਨੇ ਮੇਰੇ ਮੋਢੇ ਨੂੰ ਹਲੂਣ ਕੇ ਆਖਿਆ।

‘‘ਨਹੀਂ, ਮੈਂ ਸੁਣਦਾਂ’’, ਮੈਂ ਭਰਾਵਾਂ ਵਾਲੀ ਗੁਸਤਾਖ਼ੀ ਨਾਲ ਜਵਾਬ ਦਿੱਤਾ।

‘‘ਅੱਛਾ, ਜਦ ਉਹ ਰਾਣੀ ਮਰਨ ਲੱਗੀ ਤਾਂ ਉਸਨੇ ਰਾਜੇ ਨੂੰ ਸੱਦ ਕੇ ਕਿਹਾ, ਤੂੰ ਮੇਰੇ ਨਾਲ ਕਰਾਰ ਕਰ। ਰਾਜੇ ਨੇ ਪੁੱਛਿਆ, ‘ਕੀ?’ ਰਾਣੀ ਨੇ ਕਿਹਾ, ‘‘ਤੂੰ ਹੋਰ ਵਿਆਹ ਨਾ ਕਰਾਈਂ।’ ਸੱਚ, ਦੱਸਣਾ ਭੁਲ ਗਈ, ਰਾਣੀ ਦੇ ਦੋ ਪੁੱਤ ਤੇ ਇਕ ਧੀ ਸੀਗੇ।

ਸਾਨੂੰ ਰਾਜਾ ਤੇ ਰਾਣੀ ਆਪਣੇ ਮਾਂ ਪਿਉ ਵਰਗੇ ਹੀ ਭਾਸਦੇ ਸਨ। ਜੇ ਸਾਡੀ ਮਾਂ ਮਰਨ ਲੱਗੇ ਤਾਂ ਅਸਾਡੇ ਪਿਉ ਨੂੰ ਵੀ ਇਹ ਬਚਨ ਦੇਣ ਲਈ ਆਖੇ-ਇਹ ਖ਼ਿਆਲ ਸਾਡੇ ਅਚੇਤ ਮਨ ਵਿਚ ਕੰਮ ਕਰ ਰਿਹਾ ਹੋਵੇਗਾ। ਮੈਨੂੰ ਉਹ ਧੀ ਆਪਣੀ ਭੈਣ ਲੱਗੀ ਤੇ ਉਹ ਦੋ ਪੁੱਤ ਮੇਰਾ ਆਪਣਾ ਆਪ।

ਮੇਰੀ ਭੈਣ ਪਿੰਡ ਵਲ ਦੇਖ ਰਹੀ ਸੀ। ‘‘ਸੁਣਾ ਵੀ ਗਾਹਾਂ’’, ਮੈਂ ਉਸਨੂੰ ਪਹਿਲੀ ਤਰ੍ਹਾਂ ਖਰ੍ਹਵੇ ਬੋਲ ਨਾਲ ਆਖਿਆ।

‘‘ਰਾਣੀ ਨੇ ਕਿਹਾ, ਬਈ ਮੇਰੇ ਪੁੱਤਾਂ ਤੇ ਧੀ ਨੂੰ ਮਤ੍ਰੇਈ ਦੁਖ ਦੇਊਗੀ’’, ਭੈਣ ਨੇ ਹੋਰ ਵੀ ਮਿੱਠੀ ਤੇ ਹੋਰ ਵੀ ਤ੍ਰੀਮਤ ਬਣ ਕੇ ਦਸਿਆ। ‘‘ਇਸ ਕਰਕੇ ਉਸਨੇ ਰਾਜੇ ਤੋਂ ਇਹ ਕਰਾਰ ਮੰਗਿਆ। ਰਾਜੇ ਨੇ ਕਿਹਾ, ‘ਚੰਗਾ ਮੈਂ ਕਰਾਰ ਦਿੰਨਾ।’’

ਜਿਵੇਂ ਕਿਤੇ ਜੇ ਰਾਜਾ ਇਹ ਇਕਰਾਰ ਨਾ ਦੇਂਦਾ ਤਾਂ ਰਾਣੀ ਮਰਨ ਤੋਂ ਨਾਂਹ ਕਰ ਦੇਂਦੀ।

‘‘ਹੂੰ!’’

ਭਾਵੇਂ ਸਾਨੂੰ ਦੋਹਾਂ ਨੂੰ ਪਤਾ ਸੀ ਕਿ ਦਿਨੇ ਕਹਾਣੀਆਂ ਪਾਣ ਨਾਲ ਰਾਹੀ ਰਾਹ ਭੁਲ ਜਾਂਦੇ ਹਨ, ਅਸਾਂ ਇਕ ਦੂਜੇ ਨੂੰ ਇਹ ਚੇਤਾਵਨੀ ਨਾ ਕਰਵਾਈ, ਤੇ ਇਸ ਸੂਝ ਨੂੰ ਆਪਣੇ ਦਿਲਾਂ ਤੇ ਵਿਚਾਰਾਂ ਉਤੇ ਅਸਰ ਨਾ ਕਰਨ ਦਿੱਤਾ।

‘‘ਪਰ ਰਾਜੇ ਨੇ ਝਟ ਹੀ ਦੂਜਾ ਵਿਆਹ ਕਰਵਾ ਲਿਆ।’’

‘‘ਹੂੰ!’’

ਪਿਛਲੇ ਮੋੜ ਤੇ ਸਾਨੂੰ ਇਕ ਆਦਮੀ ਆਉਂਦਾ ਦਿਸਿਆ। ਅਸਾਂ ਸੁਖ ਦਾ ਸਾਹ ਭਰਿਆ ਤੇ ਉਸਦੇ ਨਾਲ ਰਲਣ ਲਈ ਖਲੋ ਗਏ। ਸਾਡੀ ਬਾਤ ਵੀ ਖਲੋ ਗਈ। ਪਰ ਉਹ ਆਦਮੀ ਕਿਸੇ ਹੋਰ ਪਾਸੇ ਨੂੰ ਜਾ ਰਿਹਾ ਸੀ ਤੇ ਸਾਡੇ ਵਲ ਨਾ ਮੁੜਿਆ।

ਜਿਸ ਮੰਤਵ ਨੂੰ ਪੂਰਾ ਕਰਨ ਲਈ ਅਸਾਂ ਇਹ ਬਾਤ ਦਾ ਪਖੰਡ ਰਚਿਆ ਸੀ, ਉਹ ਪੂਰਾ ਨਾ ਹੋ ਸਕਿਆ। ਸਾਡਾ ਖ਼ਿਆਲ ਸੀ, ਬਾਤ ਦੇ ਰੁਝੇਵੇਂ ਵਿਚ ਅਸੀਂ ਅਚੇਤ ਹੀ ਸੜਕ ਪਾਰ ਹੋ ਜਾਵਾਂਗੇ। ਪਰ ਹੁਣ ਜਦ ਸੜਕ ਥੋੜ੍ਹੀ ਕੁ ਦੂਰ ਰਹਿ ਗਈ ਤਾਂ ਸਾਡੀ ਕਹਾਣੀ ਵੀ ਠਠੰਬਰ ਕੇ ਖਲੋ ਗਈ ਤੇ ਕਿਸੇ ਸਿਆਣੇ ਸਾਥੀ ਦੇ ਆ ਰਲਣ ਦੀ ਆਸ ਵੀ ਟੁੱਟ ਗਈ, ਅਸੀਂ ਦੋਵੇਂ ਸਹਿਮ ਕੇ ਖਲੋ ਗਏ।

ਦਸ ਵੀਹ ਕਦਮ ਹੋਰ ਪੁਟੇ ਤਾਂ ਸਾਡਾ ਡਰ ਹੋਰ ਵਧ ਗਿਆ। ਸੜਕ ਵਿਚ ਇਕ ਪਾਸੇ ਇਕ ਕਾਲੇ ਸੂਟ ਦੀ ਵਾਸਕਟ ਤੇ ਪਠਾਣਾਂ ਵਰਗੀ ਖੁਲ੍ਹੀ ਸਲਵਾਰ ਵਾਲਾ ਆਦਮੀ ਲੰਮਾ ਪਿਆ ਸੀ।

‘‘ਔਹ ਦੇਖ ਬੀਬੀ! ਰਾਸ਼ਾ ਪਿਆ।’’

ਉਸ ਆਦਮੀ ਨੇ ਪਾਸਾ ਪਰਤਿਆ।

‘‘ਇਹ ਤਾਂ ਹਿਲਦੈ, ਜਾਗਦੈ’’, ਮੇਰੀ ਭੈਣ ਨੇ ਸਹਿਮ ਕੇ ਆਖਿਆ, ‘‘ਹੁਣ ਕੀ ਕਰੀਏ?’’

‘‘ਇਹ ਆਪਾਂ ਨੂੰ ਫੜ ਲਊ?’’

‘‘ਹੋਰ ਕੀ?’’ ਉਸਨੇ ਜਵਾਬ ਦਿੱਤਾ।

ਅਸੀਂ ਰਾਤ ਘਰੋਂ ਬਾਹਰ ਤਾਂ ਘਟ ਹੀ ਕਦੀ ਨਿਕਲੇ ਸਾਂ, ਪਰ ਇਹ ਸੁਣਿਆ ਹੋਇਆ ਸੀ ਕਿ ਜੇ ਡਰ ਲਗੇ ਤਾਂ ਵਾਹਿਗੁਰੂ ਦਾ ਨਾਮ ਲੈਣਾ ਚਾਹੀਦਾ ਹੈ, ਫਿਰ ਡਰ ਹਟ ਜਾਂਦਾ ਹੈ। ਸਾਡੀ ਮਾਂ ਸਾਨੂੰ ਮਾਮੇ ਦੀ ਗੱਲ ਸੁਣਾਂਦੀ ਹੁੰਦੀ ਸੀ। ਇਕ ਵਾਰੀ ਸਾਡਾ ਮਾਮਾ ਤੇ ਇਕ ਬ੍ਰਾਹਮਣ ਕਿਤੇ ਰਾਤ ਨੂੰ ਕਿਸੇ ਪਿੰਡ ਦਿਆਂ ਸਿਵਿਆਂ ਵਿਚੋਂ ਲੰਘ ਰਹੇ ਸਨ ਕਿ ਉਨ੍ਹਾਂ ਦੇ ਪੈਰਾਂ ਵਿਚ ਵੱਡੇ ਵੱਡੇ ਦਗਦੇ ਅੰਗਿਆਰ ਡਿਗਣ ਲਗ ਪਏ। ਬ੍ਰਾਹਮਣ ਨੇ ਸਾਡੇ ਮਾਮੇ ਨੂੰ ਪੁਛਿਆ, ‘ਕੀ ਕਰੀਏ?’ ਉਸਨੇ ਕਿਹਾ, ‘ਪੰਡਤ ਜੀ, ਰੱਬ ਰੱਬ ਕਰੋ।’ ਸਾਡਾ ਮਾਮਾ ‘ਵਾਹਿਗੁਰੂ ਵਾਹਿਗੁਰੂ’ ਕਰਨ ਲੱਗ ਪਿਆ, ਪੰਡਤ ‘ਰਾਮ, ਰਾਮ’। ਅੰਗਿਆਰ ਡਿਗਦੇ ਤਾਂ ਰਹੇ, ਪਰ ਉਨ੍ਹਾਂ ਤੋਂ ਦੂਰ। ਸਾਨੂੰ ਇਸ ਗੱਲ ਕਰਕੇ ਆਪਣੇ ਮਾਮੇ ਉਤੇ ਬੜਾ ਮਾਣ ਸੀ।

‘‘ਆਪਾਂ ਵਾਹਿਗੁਰੂ ਵਾਹਿਗੁਰੂ ਕਰੀਏ’’, ਮੈਂ ਦੱਸਿਆ।

‘‘ਵਾਹਿਗੁਰੂ ਤੋਂ ਤਾਂ ਭੂਤ ਪਰੇਤ ਈ ਡਰਦੇ ਨੇ, ਆਦਮੀ ਨੀ ਡਰਦੈ’’, ਮੇਰੀ ਭੈਣ ਨੇ ਕਿਹਾ।

ਮੈਂ ਮੰਨ ਗਿਆ। ਸੜਕ ਵਿਚ ਪਿਆ ਰਾਸ਼ਾ ਤਾਂ ਆਦਮੀ ਸੀ, ਉਹ ਰੱਬ ਤੋਂ ਕਦ ਡਰਨ ਲੱਗਾ ਸੀ?

‘‘ਤਾਂ ਫੇਰ ਹੁਣ ਕੀ ਕਰੀਏ?’’

ਅਸੀਂ ਪੰਜ ਸੱਤ ਮਿੰਟ ਸਹਿਮ ਕੇ ਖਲੋਤੇ ਰਹੇ। ਹਾਲੇ ਵੀ ਸਾਡੇ ਦਿਲਾਂ ਵਿਚ ਆਸ ਸੀ ਕਿ ਕੋਈ ਆਦਮੀ ਇਸ ਰਾਸ਼ੇ ਆਦਮੀ ਨੂੰ ਡਰਾਣ ਵਾਲਾ ਸਾਡੇ ਨਾਲ ਆ ਮਿਲੇਗਾ। ਪਰ ਇਹ ਆਸ ਪੂਰੀ ਹੁੰਦੀ ਨਾ ਦਿਸੀ।

ਅਸੀਂ ਇਕ ਦੂਜੇ ਦੇ ਮੂੰਹ ਵਲ ਤਕਦੇ ਰਹੇ, ਪਰ ਮੈਨੂੰ ਯਾਦ ਹੈ ਕਿ ਅਸੀਂ ਉਸ ਵੇਲੇ ਇਕ ਦੂਜੇ ਦੇ ਚਿਹਰਿਆਂ ਵਿਚ ਕੁਝ ਲੱਭ ਨਹੀਂ ਸਾਂ ਸਕਦੇ। ਸਾਡਾ ਭਰੱਪਣ, ਸਾਡੀ ਏਕਤਾ, ਬੇਕਾਰ ਹੋਏ ਖਲੋਤੇ ਸਨ। ਕੁਝ ਮਿੰਟਾਂ ਤਕ ਮੇਰਾ ਰੋਣ ਨਿਕਲ ਗਿਆ।

ਮੇਰੀ ਭੈਣ ਨੇ ਪੱਲੇ ਨਾਲ ਮੇਰੇ ਅੱਥਰੂ ਪੂੰਝਦਿਆਂ ਆਖਿਆ, ‘‘ਨਾ ਬੀਰ! ਰੋਂਦਾ ਕਿਉਂ ਐਂ? ਆਪਾਂ ਇਥੇ ਖੜੋਨੇ ਹਾਂ, ਹੁਣੇ ਪਿੰਡੋਂ ਕੋਈ ਆ ਜਾਊ।’’

ਮੈਂ ਚੁਪ ਕਰ ਗਿਆ।

ਅਸਾਂ ਕੁਝ ਕਦਮ ਸੜਕ ਵਲ ਪੁਟੇ, ਪਰ ਖਲੋ ਗਏ ਤੇ ਫਿਰ ਉਹ ਹੀ ਪੰਜ ਕਦਮ ਮੁੜ ਆਏ।

ਅੰਤ ਮੇਰੀ ਭੈਣ ਨੇ ਕੁਝ ਵਿਚਾਰ ਬਾਅਦ ਕਿਹਾ, ‘‘ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ ਹਾਂ, ਸਾਨੂੰ ਨਾ ਫੜ।’’

ਉਸਦੇ ਮੂੰਹੋਂ ਪੇਮੀ ਸ਼ਬਦ ਬੜਾ ਮਿੱਠਾ ਨਿਕਲਦਾ ਹੁੰਦਾ ਸੀ ਤੇ ਹੁਣ ਤਾਂ ਜਦ ਉਹ ਮੇਰੇ ਵਲ ਝੁਕ ਕੇ ਮੈਨੂੰ ਤੇ ਆਪਣੇ ਆਪ ਨੂੰ ਦਿਲਾਸਾ ਦੇ ਰਹੀ ਸੀ, ਉਹ ਖ਼ੁਦ ਪੇਮੀ ਬਣੀ ਹੋਈ ਸੀ।

ਮੇਰੇ ਦਿਲ ਨੂੰ ਢਾਰਸ ਬਝ ਗਈ। ਰਾਸ਼ੇ ਨੂੰ ਜਦ ਪਤਾ ਲਗੇਗਾ ਕਿ ਅਸੀਂ ਪੇਮੀ ਦੇ ਨਿਆਣੇ ਹਾਂ ਤਾਂ ਉਹ ਸਾਨੂੰ ਕੁਝ ਨਹੀਂ ਆਖੇਗਾ, ਨਹੀਂ ਫੜੇਗਾ।

ਜਿਵੇਂ ਕੰਬਦਾ ਹਿਰਦਾ ਤੇ ਥਿੜਕਦੇ ਪੈਰ ਰੱਬ ਰੱਬ ਕਰਦੇ ਸ਼ਮਸ਼ਾਨ ਭੂਮੀ ਵਿਚੋਂ ਗੁਜ਼ਰ ਜਾਂਦੇ ਹਨ, ਜਿਵੇਂ ਹਿੰਦੂ ਗਊ ਦੀ ਪੂਛ ਫੜ ਕੇ ਭਵ-ਸਾਗਰ ਤਰ ਜਾਂਦਾ ਹੈ, ਅਸੀਂ ਪੇਮੀ ਦਾ ਨਾਮ ਲੈ ਕੇ ਸੜਕ ਪਾਰ ਹੋ ਗਏ। ਰਾਸ਼ਾ ਉਸੇ ਤਰ੍ਹਾਂ ਉਥੇ ਹੀ ਪਿਆ ਰਿਹਾ।

*(‘ਸਮਾਚਾਰ’ ਵਿਚੋਂ)*

# ਪੁਆਧੀ ਛੋਕਰੇ ਕਾ ਮਲਵੈਣ ਕੁੜੀ ਗੈਲ ਵਿਆਹ

**ਗੁਰਦੇਵ ਸਿੰਘ ਭੁੱਲਰ**

ਕਾਲਜ ਮਾ ਪੜ੍ਹਦੇ ਉਹ ਪੱਕੇ ਆੜੀ ਬਣਗੇ। ਕਾਲਜ ਕੀ ਪੜ੍ਹਾਈ ਖਤਮ ਕਰਕੇ ਨੌਕਰੀਆਂ ਲੱਗਗੇ। ਇਸੀ ਟੈਮ ਮਾ ਉਹ ਰਿਸ਼ਤੇਦਾਰਾਂ ਮਾ ਬਦਲਗੇ। ਮਲਵਈ ਛੋਕਰੇ ਕਾ ਪੁਆਧੀ ਕੇ ਘਰਾਂ ਗੌਂ (ਗਾਉਂ) ਪਹਿਲਾਂ ਆਣ-ਜਾਣ ਹੋਣ ਕਰਕੇ ਉਸ ਨੇ ਆਪਣੇ ਘਰਦਿਆਂ ਨੂੰ ਆਪਣੀ ਭੈਣ ਕਾ ਰਿਸ਼ਤਾ ਬੈਦਵਾਣਾਂ ਕੇ ਇਕ ਗੌਂ ਮਾ ਕਰ ਦਿਆ। ਜਦ ਵਿਆਹ ਕੀ ਤਰੀਕ ਪੱਕੀ ਕਰਨੀ ਤੀ ਤਾਂ ਕੁੜੀ ਕਾ ਭਾਈ ਛੋਕਰੇ ਕੇ ਗੌਂ ਮਾ ਆਇਆ। ਚਾਹ-ਪਾਣੀ ਪੀ ਕੇ ਉਹ ਬਾਹਰ ਅੰਬਾਂ ਕੇ ਬਾਗ ਮਾ ਬਾਬਿਆਂ ਕੋਲ ਜਾ ਬੈਠੇ।

‘‘ਆ ਬਈ...। ਹੋਰ ਥਾਰੇ ਬਾਪੂ ਚਾਚੇ ਉਨਕਾ ਕਿਆ ਹਾਲ ਐ? ਫਸਲ ਬਾੜੀ ਠੀਕ ਐ।’’ ਬਾਬੇ ਉਸ ਤੋਂ ਪੁੱਛਿਆ ਨਾਲੇ ਸਿਰ ‘ਤੇ ਪਿਆਰ ਦਿਆ।

‘‘ਬਾਬਾ ਜੀ ਸਭ ਠੀਕ ਐ।’’ ਮਲਵਈ ਛੋਕਰਾ ਬੋਲਿਆ।

ਕੁਛ ਦੇਰ ਰਸਮੀ ਗੱਲਾਂਬਾਤਾਂ ਹੋਈਆਂ। ਫੇਰ ਅਸਲੀ ਬਾਤ ਪੁੱਛੀ।

‘‘ਬਾਬਾ ਜੀ ਵਿਆਹ ਕਦੋਂ ਕਰੀਏ?’’

‘‘ਮਾਰ੍ਹਾ ਵਿਚਾਰ ਤਾਂ ਠੰਢ ਮਾ ਤਾ ਸਾਊ’’ ਬਾਬੇ ਨੇ ਜੁਆਬ ਦਿਆ। ਉਨ੍ਹਾਂ ਹਿਸਾਬ ਕਿਤਾਬ ਲਾ ਕੇ ਫਰਵਰੀ ਮਾ ਤਰੀਕ ਪੱਕੀ ਕਰ ’ਤੀ।

ਵਿਆਹੀ ਆਈ ਨਵੀਂ ਮਲਵੈਣ ਕੁੜੀ ਨੂੰ ਜਦੋਂ ਉਸ ਕੀ ਨਣਦ ਨੇ ਸਵੇਰੇ ਸਵੇਰੇ ਚਾਹ ਕਾ ਭਰ ਕੇ ਗਲਾਸ ਫੜਾਇਆ ਤਾਂ ਮੂਹਰੇ ‘ਤੇ ਵਿਆਂਹਦੜ ਬੋਲੀ, ‘‘ਬਾਹਲੀ ਐ।’’

ਪੁਆਧਣ ਨਣਦ ਚਾਹ ਕਾ ਗਲਾਸ ਮੋੜ ਕੇ ਝਲਿਆਨੀ (ਰਸੋਈ) ਮਾ ਚਲੀ ਗਈ। ਉਸਨੇ ਚਾਹ ਨੂੰ ਪਤੀਲੀ ਮਾ ਪਾਇਆ, ਲੱਗਗੀ ਉਬਾਲਣ। ਪੰਦਰਾਂ ਮਿੰਟਾਂ ਬਾਅਦ ਉਸੀ ਚਾਹ ਨੂੰ ਉਸੀ ਗਲਾਸ ਮਾ ਪਾ ਕੇ ਮੁੜ ਭਾਬੀ ਨੂੰ ਜਾ ਫੜਾਈ। ਨਵੀਂ ਭਾਬੀ ਹੱਕੀ-ਬੱਕੀ। ਚਾਹ ਤਾਂ ਉਤਨੀ ਈ ਐ। ਪੁਆਧੀ ਲਾੜਾ ਸਭ ਕੁਝ ਦੇਖ ਰਿਹਾ ਤਾ। ਸਮੱਸਿਆ ਉਲਝਦੀ ਦੇਖ ਉਸਨੇ ਆਪਣੀ ਭੈਣ ਨੂੰ ਕਿਹਾ, ‘‘ਸਾਊ ਚਾਹ ਬਹੁਤੀ ਹੈ। ਇਸ ਮਾ ਤੇ ਕੱਢ ਕੇ ਘੱਟ ਕਰਦੇ। ਯੌਂ ਮਾਲਵੇ ਮਾ ਬਹੁਤੀ ਚੀਜ਼ ਨੂੰ ‘‘ਬਾਹਲੀ’’ ਕਹਾਂਗੇ। ਅੱਗੋਂ ਭੈਣ ਨੇ ਕਿਹਾ, ‘‘ਬਾਈ ਮੈਂ ਤਾਂ ਸਮਝੀ ਤੀ ਭਾਬੀ ਨੇ ਕਿਹਾ ਚਾਹ ‘ਬਾਲਣੀ ਹੈ। ਮੈਂ ਤਾਂ ਪਤੀਲੀ ਮਾ ਪਾ ਕੇ ਇਸ ਨੂੰ ਦੇ ਦੀਆਂ ਦਸ ਉਬਾਲੀਆਂ।

ਇਸੀ ਤਰ੍ਹਾਂ ਦੋ ਤਿੰਨ ਦਿਨ ਬਾਅਦ ਜਦ ਨਵੀਂ ਬਹੂ ਤਿਆਰ ਹੋਣ ਲੱਗੀ ਉਸਨੇ ਆਪਣੀ ਨਣਦ ਨੂੰ ਕਿਹਾ, ‘‘ਭੈਣ ਪਰਲੀ ਸਬਾਤ ਵਿਚੋਂ ਕਰੇਲਾ ਤਾਂ ਲਿਆਈਂ।’’

ਭੈਣ, ਭਾਬੀ ਦਾ ਕਰਿਆ ਇਸ਼ਾਰਾ ਸਮਝ ਕੇ ਦੂਜੇ ਦਲਾਨ ਵਿਚ ਗਈ। ਉਥੇ ਇਧਰ ਉਧਰ ਦੇਖੇ। ਕਾਫੀ ਚਿਰ ਬਾਅਦ ਕਰੇਲਾ ਟੋਲ੍ਹਦੀ ਰਹੀ। ਉਸਨੇ ਆਪਣੀ ਛੋਟੀ ਭਾਬੀ ਜਿਹੜੀ ਪੁਆਧਣ ਤੀ ਉਸ ਨੂੰ ਬਾਤ ਕਹੀ, ‘ਏ ਭਾਬੀ, ਬੜੀ ਭਾਬੀ ਕਰੇਲਾ ਮੰਗਾ।’’ ਉਹ ਕਾਸ ਨੂੰ ਕਰੇਲਾ ਕਹਾ।’’ ਛੋਟੀ ਭਾਬੀ ਨੇ ਨਣਦ ਨੂੰ ਪੁੱਛਿਆ, ‘‘ਉਹ ਕਿਆ ਕਰ ਰਹੀ ਐ।’’

ਨਣਦ ਨੇ ਜੁਆਬ ਦਿਆ, ‘‘ਸਿਰ ਬਾਹ ਲਿਆ ਤਿਆਰ ਹੋ ਰਹੀ ਐ।’’

‘‘ਅੱਛਾ! ਭੈਣ ਐਂ ਕਰ ਤੌਂ ਉਸ ਕਾ ਯੌਂ ਛੋਟਾ ਟਰੰਕ ਜਾ ਲੈ ਜਾ ਉਸ ਪਾ। ਆਪੇ ਲੈ ਲੂ ਜੋ ਲੈਣਾ ਉਸ ਨੇ। ਮਾਰ੍ਹੀ ਸਮਝ ਮਾ ਨਾ ਆਵਾ ਹਾਲੀ ਉਸ ਕੀ ਹਮਕੋ ਤਮਕੋ।’’ ਛੋਟੀ ਭਾਬੀ ਕਾ ਕਿਹਾ ਮੰਨ ਕੇ ਨਣਦ ਬੜੀ ਭਾਬੀ ਦਾ ਛੋਟਾ ਟਰੰਕ (ਸੂਟਕੇਸ) ਚੱਕ ਕੇ ਲੈ ਗਈ।



‘‘ਲੈ ਭਾਬੀ ਲੇ ਲੈ ਇਸ ਮਾ ਤੇ, ਜੋ ਲੈਣਾ। ਮਿੰਨੂ ’ਨੀਂ ਮਿਲਿਆ ਕਰੇਲਾ ਕੁਰੂਲਾ।’’ ਨਣਦ ਨੇ ਸੂਟਕੇਸ ਉਸ ਕੋਲ ਰੱਖ ਆਪ ਵੀ ਮੰਜੇ ਪਰ ਬੈਠ ਗਈ।

ਨਵੀਂ ਭਾਬੀ ਨੇ ਸੂਟਕੇਸ ਖੋਲ੍ਹਿਆ। ਉਸ ਮਾ ‘ਤੇ ਸੁਰਮੇਦਾਨੀ ਕੱਢੀ। ਸੂਟਕੇਸ ਬੰਦ ਕਰਿਆ। ਨਾਲ ਕਿਹਾ, ‘‘ਭੈਣ ਸਾਡੇ ਇਸਨੂੰ ਆਖਦੇ ਐਂ ਕਰੇਲਾ।’’ ਨਣਦ, ਸੱਸ, ਦਰਾਣੀ, ਬੜੀ ਬੇਬੇ (ਦਾਦੀ) ਜਿਹੜੀਆਂ ਉਥੇ ਈ ਬੈਠੀਆਂ ਤੀਆਂ ਸਭ ਹੱਸ ਹੱਸ ਕੇ ਲੋਟ ਪੋਟ ਹੋ ਗਈਆਂ, ‘‘ਮਾਰ੍ਹੇ ਤਾਂ ਇਸਨੂੰ ਸੁਰਮੇਦਾਨੀ ਕਹਾਂ ਬਾਈ। ਜੇ ਤੌਂ ਸੁਰਮਚੂ ਆਲੀ ਵੀ ਕਹਿ ਦੰਦੀ ਤਾਂ ਛੇਤੀ ਟੋਲ ਲੈਣੀ ਤੀ’’ ਨਣਦ ਨੇ ਜੁਆਬ ਦਿਆ।

ਦਾਦੀ ਅੰਮਾ ਨੇ ਕਿਹਾ, ‘‘ਕੁੜੇ ਫੇਰ ਸੁਰਮੇਦਾਨੀ ਲਿਆ ਕਹਾਂ।’’

‘‘ਬੇ ਜੀ ਸਾਡੇ ਵਲ ਚਾਰ ਲੱਤਾਂ ਵਾਲੀ ਪਿੱਤਲ ਦੀ ਛੋਟੀ ਡੱਬੀ ਦੀ ਹੁੰਦੀ ਐ। ਉਸਨੂੰ ਆਂਹਦੇ ਨੇ ਸੁਰਮੇਦਾਨੀ। ਨਵੀਂ ਬਹੂ ਦਾ ਜੁਆਬ ਤਾ।

‘‘ਅੱਛਾ ਬਾਈ ਬੋਲੀ ਬੋਲੀ ਮਾ ਫਰਕ ਐ। ਦਾਦੀ ਮਾਂ ਜੋ ਘਾੜ ਕੇ ਇਲਾਕੇ ਕੀ ਤੀ ਉਸਨੇ ਜੁਆਬ ਦਿਆ, ‘ਕੋਈ ਨੀ ਪੁੱਤ ਬੋਲੀ ਤਾਂ ਚਾਰ ਕੋਹ ਬਾਅਦ ਬਦਲ ਜਾਂਦੀ ਐ।’ ਮੇਰੀ ਬੋਲੀ ਵੀ ਤੇਰੇ ਬਾਬੇ ਨਾਲ ਨ੍ਹੀਂ ਮਿਲਦੀ ਤੀ। ਮੈਂ ਵੀ ਪਹਿਲਾਂ-ਪਹਿਲਾਂ ਇਨਕੀ ‘ਉਚਰੋ ਕੀ ਮੁਚਰੋ’ ਸਮਝ ਨਹੀਂ ਸਕੇ ਤੀ।’’

ਹਾਲੀ ਸੁਰਮੇਦਾਨੀ ਆਲਾ ਮਸਲਾ ਮੁੱਕਿਆ ਈ ਤਾ ‘ਮਾਂਜੇ’ ਆਲਾ ਮੁਦਾ ਆਣ ਖੜ੍ਹਾ ਹੋਇਆ। ਹੋਇਆ ਇਸ ਤਰ੍ਹਾਂ ਕਿ ਦੁਪਹਿਰੇ ਕੇ ਬਾਅਦ ਗੌਂ ਮਾ ਤੇ ਲਾਗਣ ਆਈ। ਉਸ ਨੇ ਕਿਹਾ, ‘‘ਏ ਬੜੀ ਲਾਣੇਦਾਰਨੀ, ਫਲਾਣੇ ਕੇ ਛੋਕਰੇ ਕੀ ਜੰਨ ਚੜ੍ਹਨੀ ਐ ਸਵੇਰ ਨੂੰ। ਨਾਲੇ ਥਮੇ ਕੱਪੜੇ ਦੇਖ ਆਇਓ ਨਾਲੇ ਮਾਂਜੇ ਦੇ ਆਇਓ।’’

ਦਾਦੀ ਅੰਮਾ ਨੇ ਕਿਹਾ, ‘‘ਕੁੜੇ ਕਿਰਪੀ ਚਾਹ ਤਾਂ ਪੀ ਜਾ।’’

‘‘ਨਾ ਲਾਣੇਦਾਰਨੀ ਹਾਲੀ ਤਾਂ ਕਈ ਘਰਾਂ ਮਾ ਕਹਿਣਾ। ਫੇਰ ਆਊਂਗੀ ਕਿਦਣੀਂ ਨਾਲੇ ਚਾਹ ਪਿਊਂਗੀ ਨਾਲੇ ਨਵੀਂ ਬਹੂ ਦੇਖ ਕੇ ਜਾਊਂਗੀ।’’ ਲਾਗਣ ਤਾਂ ਇਤਨਾ ਕਹਿ ਕੇ ਚਲੀ ਗਈ। ਨਵੀਂ ਬਹੂ ਨੇ ਹੌਲੀ ਦੇ ਕੇ ਆਪਣੀ ਨਣਦ ਨੂੰ ਪੁੱਛਿਆ, ‘‘ਭੈਣ ਇਧਰਲੇ ਪਾਸੇ ਜਿਸ ਮਾਂਜੇ ਕਾ ਵਿਆਹ ਹੁੰਦਾ ਉਨ੍ਹਾਂ ਦੇ ਕੱਪੜੇ ਦੇਖਣੇ ਗਏ ਝਾੜੂ ਵੀ ਦੇ ਕੇ ਆਉਂਦੇ ਐਂ।’’

‘‘ਨਹੀਂ ਭਾਬੀ, ਨਹੀਂ, ਝਾੜੂ ‘ਨੀ ਦੇ ਕੇ ਆਂਦੇ। ਨਾਲੇ ਤਾਂ ਘਰਦਿਆਂ ਕੇ ਕੱਪੜੇ ਦੇਖ ਕੇ ਆਵਾਂ ਨਾਲੇ ਥਾਲ ਦਾਣਿਆਂ ਕਾ, ਨਾਲ ਥੋੜ੍ਹੇ ਜੇ ਸ਼ਗਨ ਕੇ ਪੈਸੇ। ਇਸਨੂੰ ਮਾਰ੍ਹੇ ਮਾਂਜਾ ਕਹਾਂ।’’ ਨਣਦ ਨੇ ਜੁਆਬ ਦਿਆ। ਨਾਲੇ ਪੁੱਛਿਆ, ‘‘ਅੱਛਾ ਭਾਬੀ ਐਂ ਦੱਸ ਮਾਂਜਾ ਕਾਸ ਨੂੰ ਕਹਾਂ।’’

‘‘ਸਾਡੇ ਤਾਂ ਪਿੜਾਂ ਵਿਚ ਕਣਕ ‘ਕੱਠੀ ਕਰਨ ਵਾਲੇ ਬੌਹਕਰ ਨੂੰ ਆਂਹਦੇ ਆਂ।’’ ਭਾਬੀ ਨੇ ਜੁਆਬ ਦਿੱਤਾ ਨਾਲ ਵਿਹੜੇ ਕੇ ਇਕ ਕੋਨੇ ਮਾ ਪਏ ਝਾੜੂ ਵਲ ਇਸ਼ਾਰਾ ਕਰ ਕੇ ਕਿਹਾ, ‘‘ਉਹ ਪਿਆ ਐ ਬੌਹਕਰ।’’

ਹੌਲੇ-ਹੌਲੇ ਸੱਸ, ਨਣਦ, ਦਾਦੀ ਮਾਂ ਅਤੇ ਦੋਵੇਂ ਨੂੰਹਾਂ ਆਪਸ ਵਿਚ ਬੋਲੀ ਦੀ ਸ਼ਬਦਾਵਲੀ ਤੇ ਅਰਥਾਂ ਨੂੰ ਸਮਝਣ ਲੱਗੀਆਂ। ਹੁਣ ਵੀ ਤੀਹ ਸਾਲਾਂ ਬਾਅਦ ਜਦੋਂ ਦੋਹੇਂ ਸਾਲਾ-ਭਣੋਈਆ ਕਿਧਰੇ ਪਰਿਵਾਰ ਸਮੇਤ ਇਕੱਠੇ ਹੁੰਦੇ ਹਨ ਤਾਂ ਮਜ਼ਾਕ ਸ਼ੁਰੂ। ‘‘ਫੇਰ ਮਾਰ੍ਹਾ ਵਿਚਾਰ ਤਾਂ ਠੰਢ ਮਾ ਤਾ।...’’

ੴ ਸਤਿਗੁਰ ਪ੍ਰਸਾਦਿ ॥

## ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸ਼ੂਸਾਂ ਜ਼ਿਲਾ ਹੁਸ਼ਿਆਰਪੁਰ ਵਾਲਿਆਂ ਦਾ

# ਸੱਤਵਾਂ ਸਲਾਨਾ ਜੋੜ ਮੇਲਾ

ਬੀ-ਸਟਰੀਟ ਗੁਰਦੁਆਰਾ ਸਾਹਿਬ ਲਿਵਿੰਗਸਟਨ ਵਿਖੇ
14, 15 ਅਤੇ 16 ਮਈ 2010 ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ ।
ਤਿੰਨੇ ਦਿਨ ਇਸ ਮੌਕੇ ਆਪਣੇ ਪਰਿਵਾਰ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ ਅਤੇ
ਇਸ ਜੋੜ ਮੇਲੇ ਦੀਆਂ ਰੌਣਕਾਂ ਵਧਾਓ ਅਤੇ
ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

## ਪ੍ਰੋਗਰਾਮ

**14 ਮਈ 2010 ਦਿਨ ਸ਼ੁਕਰਵਾਰ**

ਆਰੰਭ ਸ੍ਰੀ ਆਖੰਡ ਪਾਠ ਸਾਹਿਬ .......................... ਸਵੇਰੇ 10:00 ਵਜੇ

**15 ਮਈ 2010 ਦਿਨ ਸ਼ਨੀਵਾਰ**

ਕੀਰਤਨ ਦਰਬਾਰ, ਪੰਥਕ ਵਿਚਾਰਾਂ, ਢਾਡੀ ਵਾਰਾਂ .......... ਸ਼ਾਮ 5:00 ਤੋਂ 9:00 ਵਜੇ ਤੱਕ

**16 ਮਈ 2010 ਦਿਨ ਐਤਵਾਰ**

ਭੋਗ ਸ੍ਰੀ ਆਖੰਡ ਪਾਠ ਸਾਹਿਬ .............................. ਸਵੇਰੇ 10:00 ਵਜੇ

ਉਪਰੰਤ ਦੀਵਾਨ ਸਜਣਗੇ
ਜਿਸ ਵਿੱਚ ਗੁਰੂ ਕੇ ਕੀਰਤਨੀਏ, ਕਥਾ ਵਾਚਕ, ਗੁਣੀ ਗਿਆਨੀ, ਢਾਡੀ ਅਤੇ
ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ ।




ਗੁਰੂ ਪੰਥ ਦੇ ਸੇਵਾਦਾਰ

| | | | |
|---|---|---|---|
| ਦਲਵਿੰਦਰ ਸਿੰਘ ਸ਼ਾਹੀ | ਹਰਦੀਪ ਸਿੰਘ ਰਾਏ | ਹਰਜਿੰਦਰ ਸਿੰਘ ਸੁਚ (ਹੈਪੀ) | ਭਾਈ ਜਸਵੰਤ ਸਿੰਘ |
| 209.648.4406 | 209.678.6176 | 209.535.0294 | 209.394.3160 |

Design By: Quik Signs www.quiksigns.us *661-703-8795 *661-900-7357 singh_tanjit@yahoo.com or manmit5020@yahoo.com

# ਬਾਲੀਵੁਡ ਦੀਆਂ ਹੀਰੋਇਨਾਂ ਦੇ ਵਧ ਰਹੇ ਰੇਟਾਂ ਦੀ ਅਸਲੀਅਤ





ਹਿੰਦੀ ਫ਼ਿਲਮ ਇੰਡਸਟਰੀ ਵਿਚ ਬੜਾ ਕੁਝ ਚਲਦਾ ਹੈ। ਸਿਤਾਰਿਆਂ ਦੇ ਪ੍ਰਚਾਰਕ ਕਈ ਤਰ੍ਹਾਂ ਦੀਆਂ ਗੱਲਾਂ ਆਪਣੇ ਸਿਤਾਰਿਆਂ ਬਾਰੇ ਉਡੀਕਦੇ ਰਹਿੰਦੇ ਹਨ। ਮਕਸਦ ਉਨ੍ਹਾਂ ਦਾ ਇਹੀ ਹੁੰਦਾ ਹੈ ਕਿ ਜਿਸ ਸਿਤਾਰੇ ਲਈ ਉਹ ਕੰਮ ਕਰਦੇ ਹਨ, ਉਸਨੂੰ ਬੂਸਟ ਮਿਲੇ। ਇਨ੍ਹਾਂ ਪ੍ਰਚਾਰਕਾਂ ਦੀ ਖਾਸੀਅਤ ਇਹ ਹੈ ਕਿ ਉਹ ਕਿਸੇ ਵੀ ਅਜਿਹੀ ਪ੍ਰਚਾਰ ਸਮੱਗਰੀ ਨੂੰ ਆਊਟ ਨਹੀਂ ਕਰਦੇ, ਜਿਸ ਨਾਲ ਉਨ੍ਹਾਂ ਦੇ ਸਿਤਾਰੇ ਦੀ ਸਾਖ ਨੂੰ ਧੱਕਾ ਪਹੁੰਚਦਾ ਹੋਵੇ। ਅੱਜਕਲ ਹੀਰੋਇਨਾਂ ਬਾਰੇ ਇਕ ਆਮ ਚਰਚਾ ਪੜ੍ਹਨ 'ਚ ਮਿਲਦੀ ਹੈ ਕਿ ਉਨ੍ਹਾਂ ਦੇ ਰੇਟ ਬਹੁਤ ਵਧ ਗਏ ਹਨ। ਇਹ ਤਿੰਨ-ਪੰਜ ਕਰੋੜ ਤੋਂ ਹੁੰਦੇ ਹੋਏ ਹੁਣ 11 ਕਰੋੜ ਤੱਕ ਵੀ ਪੁੱਜ ਗਏ ਹਨ। ਆਓ, ਜ਼ਰਾ ਝਾਤੀ ਮਾਰਦੇ ਹਾਂ ਇਨ੍ਹਾਂ ਸੁੰਦਰੀਆਂ ਦੇ ਵਧਦੇ ਰੇਟਾਂ 'ਤੇ ਅਤੇ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਆਖਿਰ ਇਸ ਪਿੱਛੇ ਸੱਚ ਹੈ ਕੀ?

ਫ਼ਿਲਮੀ ਸੁੰਦਰੀਆਂ ਦੇ ਪ੍ਰਚਾਰਕ ਇਹ ਖ਼ਬਰ ਪੱਤਰਕਾਰਾਂ ਨੂੰ ਦਿੰਦੇ ਹਨ ਕਿ ਫਲਾਣੀ ਹੀਰੋਇਨ ਦਾ ਰੇਟ ਫਲਾਣਾ ਹੋ ਗਿਆ ਹੈ। ਤੁਸੀਂ ਅਜਿਹੇ ਰੇਟਾਂ ਦੀ ਖ਼ਬਰ ਜਦੋਂ ਸਵੇਰੇ ਚਾਹ ਦਾ ਕੱਪ ਪੀਂਦਿਆਂ ਅਖ਼ਬਾਰ 'ਚ ਪੜ੍ਹਦੇ ਹੋ ਤਾਂ ਤ੍ਰਬਕ ਜਾਂਦੇ ਹੋ। ਤੁਹਾਡੇ ਸਾਹਮਣੇ ਖ਼ਬਰ ਹੁੰਦੀ ਹੈ ਕਿ ਪ੍ਰਿਯੰਕਾ ਚੋਪੜਾ ਨੂੰ ਫ਼ਿਲਮ 'ਪਿਆਰ ਇੰਪਾਸੀਬਲ' 'ਚ ਕੰਮ ਕਰਨ ਦੇ 6 ਕਰੋੜ ਰੁਪਏ ਦਿੱਤੇ ਗਏ ਹਨ ਜਾਂ ਫਿਰ ਕੰਗਣਾ ਰਣਾਉਤ ਵਰਗੀ ਹੀਰੋਇਨ, ਜੋ ਇਕ ਮੰਤਰੀ ਦੇ ਪੁੱਤਰ ਨਾਲ ਇਕ ਫ਼ਿਲਮ 'ਚ ਕੰਮ ਕਰ ਰਹੀ ਹੈ, ਨੂੰ 5 ਕਰੋੜ 'ਚ ਸਾਈਨ ਕੀਤਾ ਗਿਆ ਹੈ। ਇਕ ਹੋਰ ਖ਼ਬਰ ਇਹ ਵੀ ਹੈ ਕਿ ਕਰੀਨਾ ਕਪੂਰ ਨੂੰ 'ਗੋਲਮਾਲ-3' ਫ਼ਿਲਮ ਲਈ 10 ਕਰੋੜ 'ਚ ਸਾਈਨ ਕੀਤਾ ਗਿਆ ਹੈ। ਹਾਲਾਂਕਿ ਬਾਅਦ 'ਚ ਇਹ ਖ਼ਬਰ ਆਈ ਕਿ ਇਹ ਰਾਸ਼ੀ 7 ਕਰੋੜ ਹੈ। ਕੈਟਰੀਨਾ ਕੈਫ ਨੂੰ 7 ਕਰੋੜ ਰੁਪਏ ਅੱਬਾਸ ਮਸਤਾਨ ਦੀ ਫ਼ਿਲਮ 'ਦਿ ਇਟਾਲੀਅਨ ਜੌਬ' ਲਈ ਦਿੱਤੇ ਜਾਣੇ ਹਨ। ਜਦੋਂ ਇਹ ਸਾਰੀਆਂ ਖ਼ਬਰਾਂ ਤੁਹਾਡੇ ਆਲੇ-ਦੁਆਲੇ ਮੰਡਰਾਉਂਦੀਆਂ ਹਨ ਤਾਂ ਅਚਾਨਕ ਐਸ਼ਵਰਿਆ ਰਾਏ ਬੱਚਨ, ਜਿਸਦੀ ਮੰਗ ਅੱਜ ਵੀ ਓਸੇ ਤਰ੍ਹਾਂ ਕਾਇਮ ਹੈ, ਦੇ ਰੇਟ ਦੀ ਗੱਲ ਪਹੁੰਚਦੀ ਹੈ, ਜੋ ਤੁਹਾਨੂੰ ਬਿਲਕੁਲ ਹੈਰਾਨ ਕਰ ਜਾਂਦੀ ਹੈ। ਇਹ ਰਾਸ਼ੀ ਉਪਰਲੀਆਂ ਸਾਰੀਆਂ ਹੀਰੋਇਨਾਂ ਨੂੰ ਮਿਲਣ ਵਾਲੀ ਰਾਸ਼ੀ ਦਾ ਜੋੜ ਬਣ ਕੇ ਸਾਡੇ ਸਾਹਮਣੇ ਆਉਂਦੀ ਹੈ।

ਕੀਮਤ ਨੂੰ ਲੈ ਕੇ ਅਜਿਹੀਆਂ ਅਫਵਾਹਾਂ ਦਾ ਉਡਾਇਆ ਜਾਣਾ ਆਮ ਜਿਹੀ ਗੱਲ ਹੈ। ਟਰੇਡ ਕੰਸਲਟੈਂਟ ਮਿਸਟਰ ਅਮੋਦ ਮਹਿਰਾ ਦੱਸਦੇ ਹਨ, ''ਸੱਚ ਅਜਿਹੀਆਂ ਅਫਵਾਹਾਂ ਤੋਂ ਕੋਹਾਂ ਦੂਰ ਹੁੰਦਾ ਹੈ।'' ਹੀਰੋਇਨਾਂ ਨੂੰ ਅਸਲ ਵਿਚ ਉਹ ਰੇਟ ਨਹੀਂ ਮਿਲ ਰਹੇ, ਜਿਨ੍ਹਾਂ ਦਾ ਉਹ ਪ੍ਰਚਾਰ ਕਰ ਰਹੀਆਂ ਹਨ।'' ਮਿਸਟਰ ਮਹਿਰਾ ਇਸ ਦਾ ਕਾਰਨ ਬੜਾ ਸਾਧਾਰਨ ਜਿਹਾ ਦੱਸਦੇ ਹਨ। ਤੁਸੀਂ ਕੋਈ ਆਇਨਸਟਾਈਨ ਤਾਂ ਹੋ ਨਹੀਂ ਕਿ ਇਹ ਜਾਣਨ ਦੀ ਕੋਸ਼ਿਸ਼ ਕਰੋ ਕਿ ਬਾਲੀਵੁੱਡ ਹੀਰੋਇਨ ਕਰਕੇ ਫ਼ਿਲਮਾਂ ਵਿਕਦੀਆਂ ਹਨ ਜਾਂ ਨਹੀਂ। ਇਸ ਲਈ ਕੋਈ ਨਿਰਮਾਤਾ, ਜੋ ਕਿਸੇ ਹੀਰੋਇਨ ਨੂੰ ਵੱਡੀ ਰਕਮ ਦਿੰਦਾ ਹੈ ਤਾਂ ਉਸਨੂੰ ਇਸਦਾ ਮੁੱਲ ਤਾਰਨਾ ਪੈਂਦਾ ਹੈ। ਤੁਸੀਂ ਔਰਤ ਮੁਖੀ ਵਿਸ਼ੇ 'ਤੇ ਬਣੀ ਫ਼ਿਲਮ 'ਤੋ ਬਾਤ ਪੱਕੀ' ਦੀ ਉਦਾਹਰਣ ਲੈ ਲਓ। ਤੱਬੂ ਇਸ ਫ਼ਿਲਮ ਦੀ ਹੀਰੋਇਨ ਹੈ, ਜੋ ਦੋ ਵਾਰ ਐਕਟਿੰਗ 'ਚ ਨੈਸ਼ਨਲ ਐਵਾਰਡ ਜਿੱਤ ਚੁੱਕੀ ਹੈ, ਨੂੰ ਨਿਰਮਾਤਾ ਨੇ 1 ਕਰੋੜ ਰੁਪਏ 'ਚ ਸਾਈਨ ਕੀਤਾ। ਫ਼ਿਲਮ ਭੋਰਾ ਵੀ ਬਿਜ਼ਨੈਸ ਨਹੀਂ ਕਰ ਸਕੀ। ਤੱਬੂ ਨੂੰ ਇਕ ਕਰੋੜ ਦਿੱਤਾ, ਵਾਪਸ ਨਹੀਂ ਮੁੜਿਆ।


ਬਾਲੀਵੁੱਡ ਦੇ ਟਰੇਡ ਗੁਰੂ ਅਤੇ ਟੈਲੀਵਿਜ਼ਨ ਐਂਕਰ ਤਰਨ ਆਦਰਸ਼ ਇਸ ਬਾਰੇ ਕਹਿੰਦੇ ਹਨ, ''ਫ਼ਿਲਮ ਦੇ ਟੋਟਲ ਬਜਟ ਦਾ 40 ਤੋਂ 45 ਫੀਸਦੀ ਹਿੱਸਾ ਸਟਾਰ ਕਾਸਟ 'ਤੇ ਖਰਚ ਕੀਤਾ ਜਾਂਦਾ ਹੈ। ਇਸ 'ਚੋਂ ਸਭ ਤੋਂ ਵੱਡੀ ਰਾਸ਼ੀ 25 ਫੀਸਦੀ ਹੀਰੋ ਦੇ ਖਾਤੇ 'ਚ ਚਲੀ ਜਾਂਦੀ ਹੈ, ਬਾਕੀ ਦੇ 20 ਫੀਸਦੀ ਬਜਟ 'ਚ ਹੀਰੋਇਨ ਅਤੇ ਸਟਾਰ ਕਾਸਟ ਨੂੰ ਸਾਈਨ ਕੀਤਾ ਜਾਂਦਾ ਹੈ। ਇਸ ਵਿਚ ਸੈਕਿੰਡ ਲੀਡ ਵਾਲੇ ਕਲਾਕਾਰ ਵੀ ਸ਼ਾਮਲ ਹੁੰਦੇ ਹਨ। ਜਦੋਂ ਕੁੜੀਆਂ ਤੁਹਾਨੂੰ ਆਪਣੀ ਰਾਸ਼ੀ ਨੂੰ ਵਧਾ-ਚੜ੍ਹਾ ਕੇ ਦੱਸਦੀਆਂ ਹਨ ਤਾਂ ਉਹ ਸਿਰਫ ਆਪਣੇ ਆਪ ਨੂੰ ਖੁਸ਼ਫਹਿਮੀ 'ਚ ਰੱਖਣ ਲਈ ਅਜਿਹਾ ਕਰਦੀਆਂ ਹਨ। ਅਜਿਹੀਆਂ ਅਫਵਾਹਾਂ ਸੁੰਦਰੀਆਂ ਬਾਰੇ ਲੋਕਾਂ 'ਚ ਅਜਿਹੀਆਂ ਧਾਰਨਾਵਾਂ ਪੈਦਾ ਕਰਦੀਆਂ ਹਨ, ਜਿਨ੍ਹਾਂ ਨਾਲ ਉਨ੍ਹਾਂ ਦਾ ਸਤਿਕਾਰ ਵਧਦਾ ਹੈ। ਇਸ ਨਾਲ ਉਨ੍ਹਾਂ ਨੂੰ 'ਐਡਵਰਟਾਈਜ਼ਿੰਗ' ਲਈ ਕੀਤੀ ਜਾਂਦੀ ਮਾਡਲਿੰਗ ਲਈ ਰੇਟ ਵਧਾਉਣਾ ਸੌਖਾ ਹੋ ਜਾਂਦਾ ਹੈ।''

ਸਾਡੇ ਵਿਚਾਰ ਅਨੁਸਾਰ ਤਰਨ ਠੀਕ ਹੀ ਕਹਿ ਰਿਹਾ ਹੈ। ਅੰਦਰਲੀ ਖ਼ਬਰ ਦੇਣ ਵਾਲੇ ਇਕ ਵਿਅਕਤੀ ਦਾ ਕਹਿਣਾ ਹੈ ਕਿ ਇਕ ਅੱਧ ਲੀਡਿੰਗ ਲੇਡੀ ਨੂੰ ਛੱਡ ਕੇ ਕਿਸੇ ਵੀ ਸੁੰਦਰੀ ਨੂੰ ਇੰਨੇ ਜ਼ਿਆਦਾ ਪੈਸੇ ਨਹੀਂ ਦਿੱਤੇ ਜਾਂਦੇ। ਕਿਸੇ ਵੀ ਹੀਰੋਇਨ ਨੂੰ ਮਿਲਣ ਵਾਲੀ ਮਿਹਨਤਾਨੇ ਦੀ ਰਾਸ਼ੀ 5 ਕਰੋੜ ਦੇ ਮਾਰਕ ਤੋਂ ਅੱਗੇ ਨਹੀਂ ਵਧੀ। ਇਸ ਦੇ ਨਾਲ ਤਰਨ ਇਹ ਵੀ ਕਹਿੰਦਾ ਹੈ, ''ਵਿਸ਼ਵ ਮੰਦੇ ਦੇ ਚੱਲਦਿਆਂ ਲੀਡਿੰਗ ਸਿਤਾਰਿਆਂ ਦੇ ਰੇਟਾਂ 'ਚ ਫਰਕ ਪਿਆ ਹੈ। ਸਿਰਫ ਸਾਡੇ ਹੀਰੋ ਹੀ ਆਪਣੇ ਰੇਟ ਵਧਾਂਦੇ ਹਨ। ਸ਼ਾਹਰੁਖ ਖ਼ਾਨ, ਆਮਿਰ ਖ਼ਾਨ, ਰਿਤਿਕ ਰੋਸ਼ਨ, ਅਕਸ਼ੈ ਕੁਮਾਰ ਅਤੇ ਰਣਬੀਰ ਕਪੂਰ ਇਨ੍ਹਾਂ 'ਚ ਅੱਗੇ ਹਨ।

ਬਾਲੀਵੁੱਡ 'ਚ ਇਕ ਲੀਜੈਂਡ ਸਿਤਾਰਾ ਹੈ, ਜਿਸ ਨੂੰ ਇਕ ਫ਼ਿਲਮ ਲਈ 11 ਕਰੋੜ ਰੁਪਏ ਮਿਲੇ ਪਰ ਫ਼ਿਲਮ ਚੱਲੀ ਨਹੀਂ। ਇਸੇ ਤਰ੍ਹਾਂ ਇਕ ਕਾਮਿਕ ਫ਼ਿਲਮ ਲਈ ਹੀਰੋ ਨੂੰ 8 ਕਰੋੜ ਰੁਪਏ ਦਿੱਤੇ ਗਏ, ਇਹ ਫ਼ਿਲਮ ਵੀ ਫੇਲ੍ਹ ਸਾਬਤ ਹੋਈ, ਸਿਤਾਰਿਆਂ 'ਚ ਇਹ ਕਲਾਕਾਰ ਵਿਲੱਖਣ ਹਨ ਜੋ ਅਜਿਹੇ ਰੇਟਾਂ ਦੀ ਮੰਗ ਕਰਦੇ ਹਨ।

ਜੇ ਆਪਾਂ ਸੁੰਦਰੀਆਂ ਦੀ ਗੱਲ ਕਰੀਏ, ਕੰਗਣਾ ਰਣਾਉਤ ਇਕ ਮੰਤਰੀ ਦੇ ਹੀਰੋ ਪੁੱਤਰ ਨਾਲ ਰੋਲ ਕਰ ਰਹੀ ਹੈ, ਜਿਸ ਵਿਚ ਰੋਲ ਕਰਨ ਲਈ ਉਹ ਮੋਟੇ ਪੈਸੇ ਲੈ ਰਹੀ ਹੈ। ਇਸ ਲਈ ਕੰਗਨਾ ਨੇ ਇਨ੍ਹਾਂ ਪੈਸਿਆਂ ਨੂੰ ਉਸਦਾ ਮਾਰਕੀਟ ਰੇਟ ਨਹੀਂ ਸਮਝਿਆ ਜਾਣਾ ਚਾਹੀਦਾ। ਇਸੇ ਤਰ੍ਹਾਂ ਕਰੀਨਾ ਕਪੂਰ ਨੇ ਫ਼ਿਲਮ ਕਾਰਪੋਰੇਸ਼ਨ ਤੋਂ ਇਕ ਫ਼ਿਲਮ ਲਈ ਮੋਟੀ ਰਾਸ਼ੀ ਦੀ ਮੰਗ ਕੀਤੀ ਹੈ ਕਿ ਪਰ ਇਹ 7 ਕਰੋੜ ਨਹੀਂ ਹੈ, ਜਿਵੇਂ ਕਿ ਕਿਹਾ ਜਾ ਰਿਹਾ ਹੈ।

ਫ਼ਿਲਮ ਇੰਡਸਟਰੀ ਨਾਲ ਜੁੜੇ ਇਕ ਵਿਅਕਤੀ ਦਾ ਕਹਿਣਾ ਹੈ ਕਿ ਇਨ੍ਹਾਂ ਅਭਿਨੇਤਰੀਆਂ ਦੇ ਪਬਲੀਸਿਟੀ ਵਿੰਗ ਵਿਚ ਹੀ ਉਨ੍ਹਾਂ ਦੇ ਰੇਟਾਂ ਨੂੰ ਵਧਾ-ਚੜ੍ਹਾ ਕੇ ਪ੍ਰਚਾਰਦੇ ਹਨ। ਕੋਈ ਨਹੀਂ ਜਾਣਦਾ ਕਿ ਇਹ ਹੀਰੋਇਨਾਂ ਅਸਲ ਰਕਮ ਕਿੰਨੀ ਲੈਂਦੀਆਂ ਹਨ। ਸਿਰਫ 2 ਵਿਅਕਤੀ ਹੀ ਇਸ ਸੱਚ ਨੂੰ ਜਾਣਦੇ ਹਨ ਕਿ ਫ਼ਿਲਮ ਨਿਰਮਾਤਾ ਤੇ ਦੂਜਾ ਹੈ ਫ਼ਿਲਮ ਦੀ ਹੀਰੋਇਨ। ਦੋਵਾਂ 'ਚੋਂ ਕੋਈ ਵੀ ਸੱਚ ਦੱਸਣ ਲਈ ਤਿਆਰ ਨਹੀਂ।





## ਸੰਨੀ-ਸ਼ਿਲਪਾ ਦੀ 'ਦਿ ਮੈਨ' ਅੱਧਵਾਟੇ ਅਟਕੀ

ਸੰਨੀ ਦਿਓਲ ਅਤੇ ਸ਼ਿਲਪਾ ਸ਼ੈਟੀ ਦੀ ਅਦਾਕਾਰੀ ਵਾਲੀ ਫ਼ਿਲਮ 'ਦਿ ਮੈਨ' ਕਰੀਬ ਇਕ ਸਾਲ ਪਹਿਲਾਂ ਮੁਕੰਮਲ ਹੋ ਜਾਣੀ ਸੀ ਪਰ ਨੀਰਜ ਪਾਠਕ ਨਿਰਦੇਸ਼ਿਤ ਫਿਲਮ ਕਈ ਵਾਰ ਲੇਟ ਹੁੰਦੀ ਰਹੀ ਹੈ। ਸੂਤਰਾਂ ਨੇ ਖੁਲਾਸਾ ਕੀਤਾ ਹੈ ਕਿ ਸ਼ਿਲਪਾ ਨੇ ਖਿੱਝ ਕੇ ਪ੍ਰਾਜੈਕਟ ਤੋਂ, ਇਸ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਦਿੱਤਾ ਹੈ। ਫ਼ਿਲਮ ਬਣਨ ਨੂੰ ਵੀ 3 ਸਾਲ ਲੱਗ ਗਏ ਸਨ। ਸੰਨੀ ਅਤੇ ਨੀਰਜ ਦੋਵੇਂ ਹੀ ਇਸ ਦੇ ਸਹਿ-ਨਿਰਦੇਸ਼ਕ ਹਨ, ਜਿਸ ਨੂੰ 'ਬਾਡੀ ਗਾਰਡ' ਦਾ ਹੀ ਰੀਮੇਕ ਕਿਹਾ ਜਾਂਦਾ ਹੈ। ਸਾਲ 2008 ਦੇ ਸ਼ੁਰੂ ਵਿਚ ਜਦੋਂ ਸ਼ਿਲਪਾ ਨੂੰ ਦੋਸਤਾਨਾ ਲਈ ਇਕ ਆਈਟਮ ਗੀਤ ਕਰਨ ਲਈ ਸਾਈਨ ਕੀਤਾ ਸੀ ਤਾਂ ਸੰਨੀ ਨੇ ਕਰਨ ਨੂੰ ਫੋਨ ਕਰਕੇ ਆਪਣੀ ਚਿੰਤਾ ਜ਼ਾਹਿਰ ਕੀਤੀ ਸੀ ਕਿ ਜੇ ਉਸਦੀ ਲੀਡਿੰਗ ਲੇਡੀ ਇਕ ਹੋਰ ਫਿਲਮ ਵਿਚ ਆਈਟਮ ਗਰਲ ਦਾ ਰੋਲ ਕਰੇਗੀ ਤਾਂ ਉਸਦੀ ਆਪਣੀ ਫ਼ਿਲਮ ਦੀਆਂ ਉਮੀਦਾਂ 'ਤੇ ਅਸਰ ਪਵੇਗਾ। ਉਸ ਨੇ ਕਰਨ ਜੌਹਰ ਨੂੰ ਬੇਨਤੀ ਕੀਤੀ ਸੀ ਕਿ ਰਿਲੀਜ਼ ਨੂੰ ਮੁਲਤਵੀ ਕਰ ਦੇਵੇ, ਜਦਕਿ ਦੋਸਤਾਨਾ ਦਾ ਰਿਲੀਜ਼ ਨਵੰਬਰ 2008 ਵਿਚ ਤੈਅ ਸੀ ਪਰ 'ਦਿ ਮੈਨ' ਦੀ ਕਿਸਮਤ ਅਜੇ ਅੱਧਵਾਟੇ ਹੀ ਹੈ। ਪਿਛਲੇ ਸਾਲ ਜਦੋਂ ਸ਼ਿਲਪਾ ਵਿਆਹੀ ਜਾ ਰਹੀ ਸੀ ਤਾਂ ਵੀ ਸੰਨੀ ਨੇ ਬੇਨਤੀ ਕੀਤੀ ਸੀ ਕਿ ਫਿਲਮ ਦੇ ਰਿਲੀਜ਼ ਤਕ ਵਿਆਹ ਅੱਗੇ ਪਾ ਦਿੱਤਾ ਜਾਵੇ। ਇਹ ਗੱਲ 3 ਮਹੀਨੇ ਪੁਰਾਣੀ ਹੈ। ਖਬਰ ਮੁਤਾਬਿਕ ਸ਼ਿਲਪਾ ਫਿਲਮ ਲਈ ਹੋਰ ਤਰੀਕਾਂ ਦੇਣ ਦੇ ਰਉਂ ਵਿਚ ਨਹੀਂ ਹੈ ਕਿਉਂਕਿ ਪਹਿਲਾਂ ਹੀ ਬਹੁਤ ਸਮਾਂ ਹੋ ਚੁੱਕਾ ਹੈ। ਉਸਨੇ ਕਿਹਾ ਕਿ ਇਹ ਸਿਰਫ ਬਕਵਾਸ ਹੈ ਕਿ ਮੈਂ 'ਦਿ ਮੈਨ' ਲਈ ਤਰੀਕਾਂ ਨਹੀਂ ਦੇ ਰਹੀ। ਮੈਂ ਸੋਚਿਆ ਕਿ ਸ਼ਾਇਦ ਫਿਲਮ ਬੰਦ ਹੀ ਹੋ ਗਈ ਹੈ ਕਿਉਂਕਿ ਦੂਜੇ ਪਾਸਿਓਂ ਤਰੀਕਾਂ ਲਈ ਮੇਰੇ ਤਕ ਕਿਸੇ ਨੇ ਪਹੁੰਚ ਹੀ ਨਹੀਂ ਕੀਤੀ।





## ਕਰੀਨਾ ਕਪੂਰ ਬਣੇਗੀ ਮਾਰਲਿਨ ਮੁਨਰੋ

ਬਾਲੀਵੁਡ ਅਦਾਕਾਰਾ ਕਰੀਨਾ ਕਪੂਰ ਹਾਲੀਵੁਡ ਦੀ ਵਿਵਾਦਤ ਅਦਾਕਾਰਾ ਮਾਰਲਿਨ ਮੁਨਰੋ ਦੇ ਕਿਰਦਾਰ ਵਿਚ ਜਾਨ ਪਾਵੇਗੀ। ਮਧੁਰ ਭੰਡਾਰਕਰ ਮਾਰਲਿਨ ਮੁਨਰੋ ਨੂੰ ਲੈ ਕੇ ਇਕ ਫ਼ਿਲਮ ਬਣਾ ਰਹੇ ਹਨ ਜਿਸ ਵਿਚ ਕਰੀਨਾ ਮੁਨਰੋ ਦਾ ਕਿਸਦਾਰ ਨਿਭਾਵੇਗੀ। ਮੁਨਰੋ ਦਾ ਜੀਵਨ ਕਾਫ਼ੀ ਪ੍ਰੇਸ਼ਾਨੀ ਨਾਲ ਭਰਿਆ ਹੋਇਆ ਸੀ। ਉਨ੍ਹਾਂ ਦੀ ਮੌਤ ਸਿਰਫ਼ 36 ਸਾਲ ਦੀ ਉਮਰ ਵਿਚ ਵਧ ਡਰੱਗ ਲੈਣ ਨਾਲ ਹੋ ਗਈ ਸੀ ਜਦਕਿ ਉਨ੍ਹਾਂ ਦੇ ਕਤਲ ਦੇ ਵੀ ਕਿਆਫੇ ਲਗਾਏ ਗਏ। ਸੂਤਰਾਂ ਅਨੁਸਾਰ ਕਾਫ਼ੀ ਸਮੇਂ ਤੋਂ ਇਸ ਬਾਰੇ ਸੋਧ ਕਰ ਰਹੇ ਮਧੁਰ ਨੇ ਇਸ ਫ਼ਿਲਮ ਲਈ ਬੇਬੋ ਨੂੰ ਚੁਣਿਆ ਕਿਉਂਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਕਰੀਨਾ ਹੀ ਇਹ ਭੂਮਿਕਾ ਕਰ ਸਕਦੀ ਹੈ। ਇਸ ਫ਼ਿਲਮ ਦੇ ਹੀਰੋ ਦੀ ਭਾਲ ਜਾਰੀ ਹੈ।

## ਤਨੂਸ਼੍ਰੀ ਦੱਤਾ ਨੇ ਬਦਲਿਆ ਆਪਣਾ ਰੰਗ-ਢੰਗ

ਦੱਤਾ 'ਚ ਤਬਦੀਲੀ ਆ ਰਹੀ ਹੈ। ਹੁਣ ਉਹ 'ਆਸ਼ਿਕ ਬਨਾਯਾ ਆਪਨੇ' ਜਾਂ 'ਚਾਕਲੇਟ' ਵਾਲੀ ਸਿਰਫ ਜਿਸਮ ਦਿਖਾਊ ਅਦਾਕਾਰਾ ਨਹੀਂ ਰਹੀ। ਬਾਲੀਵੁੱਡ 'ਚ ਸਥਾਨ ਬਣਾਉਣ ਲਈ ਉਸ ਨੇ ਆਪਣੇ ਰਸਤੇ ਬਦਲ ਲਏ ਹਨ। ਉਹ ਲੀਕ ਤੋਂ ਹਟ ਕੇ ਕਿਰਦਾਰ ਕਰ ਰਹੀ ਹੈ।

ਸਾਬਕਾ ਮਿਸ ਇੰਡੀਆ ਤਨੁਸ਼੍ਰੀ ਦੱਤਾ ਨੇ ਆਪਣੀਆਂ ਹੁਣ ਤਕ ਦੀਆਂ ਲੱਗਭਗ ਸਾਰੀਆਂ ਫ਼ਿਲਮਾਂ 'ਚ ਇੰਨੇ ਗਰਮਾ-ਗਰਮ ਸੀਨ ਦਿੱਤੇ ਹਨ ਅਤੇ ਖੂਬ ਅੰਗ ਪ੍ਰਦਰਸ਼ਨ ਕੀਤਾ ਹੈ ਕਿ ਤਨੁਸ਼੍ਰੀ ਦੱਤਾ ਦੇ ਨਾਂ ਨਾਲ 'ਸੈਕਸੀ ਗਰਲ' ਦਾ ਤਮਗਾ ਲੱਗ ਗਿਆ ਹੈ। ਆਪਣੀ ਬਿੰਦਾਸ ਅਤੇ ਸੈਕਸੀ ਇਮੇਜ ਦਾ ਤਨੁਸ਼੍ਰੀ ਨੇ ਖੂਬ ਲਾਭ ਵੀ ਲਿਆ ਅਤੇ ਆਪਣੀ ਇਸ ਗਲੈਮਰਸ ਇਮੇਜ ਦੇ ਦਮ 'ਤੇ ਤਨੁਸ਼੍ਰੀ ਬਾਲੀਵੁੱਡ 'ਚ ਆਪਣਾ ਇਕ ਵੱਖਰਾ ਸਥਾਨ ਬਣਾਉਣ 'ਚ ਸਫਲ ਹੋਈ ਹੈ। ਆਪਣੀ ਹੌਟ ਅਤੇ ਸੈਕਸੀ ਇਮੇਜ ਦੇ ਦਮ 'ਤੇ ਹੀ ਆਪਣੇ ਕੈਰੀਅਰ ਦੀ ਗੱਡੀ ਅਗਾਂਹ ਵਧਾਉਣ ਵਾਲੀ ਤਨੁਸ਼੍ਰੀ ਬਾਰੇ ਹੁਣ ਕਿਹਾ ਜਾ ਰਿਹਾ ਹੈ ਕਿ ਤਨੁਸ਼੍ਰੀ ਨੇ ਹੁਣ ਗਲੈਮਰ ਅਤੇ ਚੁੰਮਣ ਦ੍ਰਿਸ਼ਾਂ ਤੋਂ ਤੌਬਾ ਕਰਨ ਦਾ ਮਨ ਬਣਾ ਲਿਆ ਹੈ। ਸੂਤਰਾਂ ਦਾ ਤਾਂ ਇਹ ਵੀ ਕਹਿਣੈ ਕਿ ਤਨੁਸ਼੍ਰੀ ਨੇ ਹੁਣ ਅਜਿਹੇ ਸੀਨ ਨਾ ਕਰਨ ਦੀ ਕਸਮ ਖਾ ਲਈ ਹੈ। ਤਨੁਸ਼੍ਰੀ ਦਾ ਕਹਿਣੈ ਕਿ ਉਸ ਨੇ ਹੁਣ ਅਸ਼ਲੀਲ ਦ੍ਰਿਸ਼ਾਂ ਵਾਲੀਆਂ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਠੁਕਰਾ ਦਿੱਤੀਆਂ ਹਨ। ਖੈਰ, ਤਨੁਸ਼੍ਰੀ ਭਾਵੇਂ ਗਲੈਮਰਸ ਦ੍ਰਿਸ਼ ਨਾ ਕਰਨ ਦੀਆਂ ਕਿੰਨੀਆਂ ਵੀ ਕਸਮਾਂ ਖਾਵੇ ਪਰ ਬਾਲੀਵੁੱਡ ਦਾ ਦਸਤੂਰ ਇਹੀ ਰਿਹਾ ਹੈ ਕਿ ਕੋਈ ਵੀ ਹੀਰੋਇਨ ਆਪਣੇ ਇਸ ਤਰ੍ਹਾਂ ਦੇ ਫੈਸਲਿਆਂ 'ਤੇ ਬਹੁਤੇ ਦਿਨਾਂ ਤੱਕ ਕਾਇਮ ਨਹੀਂ ਰਹਿ ਸਕਦੀ। ਉਂਝ ਤੁਹਾਨੂੰ ਦੱਸ ਦੇਈਏ ਕਿ ਅੱਜ-ਕਲ੍ਹ ਤਨੁਸ਼੍ਰੀ ਮਨਮੋਹਨ ਮੂੰਦੜਾ ਦੀ ਫ਼ਿਲਮ 'ਅਪਾਰਟਮੈਂਟ' ਤੋਂ ਇਲਾਵਾ ਸਾਊਥ ਦੀਆਂ ਕੁਝ ਫ਼ਿਲਮਾਂ ਕਰ ਰਹੀ ਹੈ। ਉਸ ਦਾ ਕਹਿਣੈ ਕਿ ਉਹ ਆਉਣ ਵਾਲੇ ਦਿਨਾਂ 'ਚ ਸਿਰਫ ਚੰਗੇ ਵਿਸ਼ੇ ਵਾਲੀਆਂ ਫ਼ਿਲਮਾਂ ਹੀ ਕਰਨਾ ਚਾਹੇਗੀ।




ਸੈਨ ਹੋਜ਼ੇ ਵਿਸਾਖੀ ਮੇਲਾ-2010
San Jose Vaisakhi Mela 2010
SATURDAY, May 8th, 9am To 7pm
FREE PARKING
Bhangra
Dhol
Gidha
PUNJABI FOLK SINGER
Akashdeep
BALJITMA
Narinder Mavi
Lali Sandhu
Rajinder Brar
Jatinder Jargia
SAN JOSE STATE WRESTLING
KABADDI OPEN, U21 & U18
KABADDI SHOW MATCH
Maninder
Inderdeep
Gurbinder
Sukhwinder
Harpreet
Harpal
Sandeep
Sukhdev
Manjit & Matab
Coach: Paramjit
Team from India
FOR
MERCHANT & FOOD BOOTHS
OR
GENERAL INFO:
CALL: 408-391-7013
lgsohal@yahoo.com
Santa Clara County Fairgrounds
344 Tully Road, San Jose CA. 95111
Bay Area Cultural & Sports Association
-BRINGING OUR COMMUNITY TOGETHER-
www.bayareaculturalandsports.com


ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ
TAFT
CHEVROLET BUICK
501 North St. Taft CA 93268
(661) 763-4201
AN AMERICAN REVOLUTION
ਸ਼ੈਵਰਲੈਟ ਦੇ ਹਰ ਕਿਸਮ ਦੇ ਟਰੱਕ ਅਤੇ ਕਾਰਾਂ ਲੈਣ ਲਈ ਸੰਪਰਕ ਕਰੋ
ਤੁਸੀਂ ਆਪਣੀ ਜ਼ੁਬਾਨ ਦੇ ਵਿੱਚ ਗੱਲ ਕਰਨ ਵਾਸਤੇ ਕਾਲ ਕਰੋ
ਦਵਿੰਦਰ ਸਿੰਘ ਬੈਂਸ (661) 428-2613
TAFT AUTO GROUP
ਵਾਹਿਗੁਰੂ ਦੀ ਮਿਹਰ ਦੇ ਨਾਲ ਟਾਫਟ ਵਿੱਚ ਸਫਲਤਾ ਤੋਂ ਬਾਅਦ ਆਪ ਜੀ ਦੀ ਸੇਵਾ ਲਈ
ਹੁਣ ਬੇਕਰਸਫੀਲਡ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ
ਹਰ ਕਿਸਮ ਦੀ ਕਾਰ ਜਾਂ ਟਰੱਕ ਲੈਣ ਲਈ ਸਾਡੇ ਨਾਲ ਸੰਪਰਕ ਕਰੋ
ਸਾਡੇ ਸਟਾਕ ਵਿੱਚ ਨਾਂ ਵੀ ਹੋਣ ਤੇ
ਅਸੀਂ ਤੁਹਾਨੂੰ 48 ਘੰਟਿਆਂ ਵਿੱਚ
ਆਪ ਜੀ ਦੀ ਮਨਪਸੰਦ ਗੱਡੀ
ਮੰਗਵਾ ਕੇ ਦੇ ਸਕਦੇ ਹਾਂ।
BMW roadster
ਸਸਤੀ ਅਤੇ ਭਰੋਸੇਮੰਦ ਸੇਵਾ ਲਈ ਕਾਲ ਕਰੋ
3101 Taft Hwy, Bakersfield CA 93313
Tel : 661-412-4972